'ਧੰਨ ਗੁਰੂ ਬਡ ਰਿਪੁ ਗਹਿ ਲਯੋ' ॥੧੮॥
ਸ੍ਰੀ ਹਰਿ ਗੋਬਿੰਦ ਊਚ ਉਚਾਰਾ।
'ਇਹ ਕੂਕਰ ਹੈ ਭਉਂਕਨ ਹਾਰਾ।
ਜਹਾਂ ਤੁਰੰਗ ਸਮੂਹ ਪਛਾਰੀ।
ਇਕ ਲਕਰੀ ਤਹਿਂ ਗਾਡਹੁ ਭਾਰੀ ॥੧੯॥
ਜੋ ਰਾਖਹਿ ਕੂਕਰ ਚੰਡਾਲ।
ਦਿਹੁ ਮਿਲਾਇ ਇਸ ਕੋ ਤਿਨ ਨਾਲ।
ਕੂਕਰ ਸਮ ਦਿਹੁ ਖਾਨ ਰੁ ਪਾਨਾ।
ਤਿਸ ਲਕਰੀ ਸਿਉਂ ਬਾਂਧ ਮਹਾਨਾ ॥੨੦॥
ਜੇਤਿਕ ਮਾਨਵ ਹਮਰੇ ਸੰਗ।
ਸਭਿ ਕੋ ਹੈ ਅਸ ਹੁਕਮ ਅਭੰਗ।
ਪਾਂਚ ਪਾਂਚ ਪਨਹੀ ਬਲ ਸਾਥੇ।
ਬਡੇ ਦੁਸ਼ਟ ਕੇ ਹਨਿਯਹਿ ਮਾਥੇ' ॥੨੧॥
ਇਮ ਸੁਨਿ ਕਰਿ ਸੈਨਾ ਨਰ ਸਾਰੇ।
ਨਿਜ ਨਿਜ ਬਾਰੀ ਕਰਤਿ ਪ੍ਰਹਾਰੇ।
ਪਨਹੀ ਹਨਤਿ ਮੂਰਛਾ ਪਾਈ।
ਧਰੇ ਮੌਨ ਸਭਿ ਲੇਹ ਸਜ਼ਾਈ ॥੨੨॥

ਲਾਤ ਪ੍ਰਹਾਰ ਪਰੇ ਪਰ ਕਰਹੀ[1]।

[1]ਲੱਤਾਂ ਦੀ ਮਾਰ (ਬੀ) ਉੱਪਰੋ ਥਲੀ ਕਰ ਰਹੇ ਹਨ (ਅ) ਲੱਤਾਂ ਮਾਰਦੇ (ਕਹਿ ਰਹੇ ਹਨ, ਕਿ) ਪਰੇ ਕਰੋ, ਪਰੇ ਕਰੋ (ਦੁਸ਼ਟ ਨੂੰ)।

'ਹਤਜੋ ਦੁਸ਼ਟ ਬਡ' ਬਾਕ ਉਚਰਿਹੀਂ।
'ਮੁਰਛਤਿ ਪਰਜੋ' ਸੁਨਜੋ ਇਮ ਜਬੈ।
ਦਯੋ ਹੁਕਮ ਗੁਰ 'ਹਤਹੁ ਨ ਅਬੈ ॥੨੩॥
ਮਰਹਿ ਨਹੀਂ ਜੀਵਤਿ ਇਸ ਰਾਖੋ।
ਬਹੁ ਪੁਰਿ ਮਹਿਂ ਫੇਰਨਿ ਅਭਿਲਾਖੋਂ।
ਸ੍ਵਾਨਨਿ ਸਾਥ ਦੇਹੁ ਤਿਹ ਖਾਨਾ।
ਰਾਖਿ ਬਚਾਵਹੁ ਤਨ ਮਹਿਂ ਪ੍ਰਾਨਾ' ॥੨੪॥
ਸੁਨਿ ਜੇਠੇ ਮੁਸ਼ਕਾਂ ਖੁਲਿਵਾਈ।
ਰਾਖੇ ਢਿਗ ਬਿਠਾਇ ਤਕਰਾਈ।
'ਗਹੇ ਸ਼ਸਤ੍ਰ ਇਕ ਠਾਂਢੋ ਰਹੈ।
ਅੱਗ੍ਰ ਬਿਲੋਚਨ ਕੇ ਇਸ ਲਹੈ ॥੨੫॥
ਇੱਤਜਾਦਿਕ ਕਹਿ ਕਰਿ ਸਭਿ ਬਾਤਿ।
ਦੇਖੀ ਆਨਿ ਪ੍ਰਵਿਰਤੀ ਰਾਤਿ।
ਗੁਰੂ ਸਹਤ ਕਰਿ ਖਾਨ ਰੁ ਪਾਨਾ।
ਟਿਕੇ ਸਕਲ ਨਰ ਨਿਜ ਨਿਜ ਥਾਨਾ ॥੨੬॥
ਸੁਪਤਿ ਜਥਾ ਸੁਖੁ ਗੁਰ ਅਭਿਰਾਮੂ।
ਤਜੀ ਨੀਂਦ ਜਬਿ ਜਾਮਨਿ ਜਾਮੂ।
ਸੌਚਿ ਸ਼ਨਾਨ ਕੀਨਿ ਸੁਖ ਪਾਏ।
ਥਿਰੇ ਅਡੋਲ ਸਮਾਧਿ ਲਗਾਏ ॥੨੭॥
ਆਸਾਵਾਰ ਰਬਾਬੀ ਗਾਵੈਂ।
ਬਹੁ ਰਾਗਨਿ ਕੇ ਸ਼ਬਦ ਸੁਨਾਵੈਂ।
ਰੌਣਕ ਅਤਿ ਹੋਈ ਸਭਿ ਡੇਰੇ।
ਜਾਗਤਿ ਹੋਤਿ ਅਨੰਦ ਬਡੇਰੇ ॥੨੮॥
ਭੇ ਇਕੱਤ੍ਰ ਸਭਿ ਨਰ ਜੁਰਿ[1†] ਆਜਿ।
ਸਿਖ ਸੰਗਤ ਅਰੁ ਸੈਨ ਸਮਾਜ।
ਦਿਨਕਰ ਉਦੈ ਭਯੋ ਜਿਸ ਕਾਲਾ।
ਬਿਕਸੇ ਗੁਰ ਦ੍ਰਿਗ ਕਮਲ ਬਿਸਾਲਾ ॥੨੯॥
ਤਜੀ ਸਮਾਧਿ ਬਸਤ੍ਰ ਮੰਗਵਾਏ।

[1]ਜੁੜਕੇ। †ਪਾ:—ਗੁਰ।

ਪਹਿਰ ਸਰਬ ਸਤਿਗੁਰੂ ਸੁਹਾਏ।
ਬੈਠੇ ਵਹਿਰ ਲਗਾਇ ਦਿਵਾਨ।
ਬੰਦਤਿ ਸਭਿ ਬ੍ਰਿਧ ਆਦਿਕ ਆਨਿ
॥੩੦॥
ਸਿਪਰ ਖੜਗ ਧਰਿ ਗਨ ਭਟ ਆਏ।
ਅਤਿ ਪ੍ਰਮੋਦ ਸਭਿ ਕੈ ਉਰ ਛਾਏ।
ਜੁਤਿ ਹਰਿਦਾਸ ਮਹੀਪਤਿ ਬਾਵਨ।
ਆਇ ਕਰਜੋ ਗੁਰ ਦਰਸ਼ਨ ਪਾਵਨ
॥੩੧॥
ਬੰਦਨ ਕਰਹਿਂ ਚਰਨ ਅਰਬਿੰਦੇ।
ਬੈਠਿ ਨਿਕਟਿ ਬਹੁ ਰਿਦੇ ਅਨੰਦੇ।
ਸਨਮੁਖ ਗੁਰਦ੍ਰੋਹੀ ਗਹਿ ਬਾਧਾ[1]। [1]ਬੰਨ੍ਹਿਆਂ।
ਬੀਚ ਚੰਡਾਲਨਿ ਕੇ ਲਹਿ ਬਾਧਾ[1] ॥੩੨॥ [1]ਪੀੜਾ।
ਸਤਿਗੁਰ ਨਿਕਟ ਬ੍ਰਿੱਧ ਨੇ ਭਾਖਾ।
'ਮਾਤ ਗੰਗ ਕੇ ਉਰ ਅਭਿਲਾਖਾ।
ਇਤਿ ਦਿਸ਼ਿ ਤੁਮਰੇ ਮਹਿਂ ਮਨ ਲਾਗਾ।
ਇਕਪੁੱਤ੍ਰਾ, ਦੀਰਘ ਅਨੁਰਾਗਾ ॥੩੩॥
ਪ੍ਰਥਮ ਬਿਛੁਰਨੋ ਨੰਦਨ ਪਜਾਰੋ।
ਜਨਨੀ ਕੀ ਇਮ ਦਸ਼ਾ ਬਿਚਾਰੋ।
ਸੁਧਿ ਸਭਿ ਲਿਖਿ ਭੇਜਹੁ ਤਤਕਾਲ।
ਸੁਨਿ ਉਪਜਹਿ ਉਰ ਮੋਦ ਬਿਸਾਲ'
॥੩੪॥
ਸ਼੍ਰੀ ਹਰਿ ਗੋਬਿੰਦ ਸੁਨਿ ਕਰਿ ਬਾਨੀ।
'ਬ੍ਰਿਧ ਸਾਹਿਬ ਇਹ ਨੀਕ ਬਖਾਨੀ।
ਲਿਖਿ ਕਰਿ ਪਠਹੁ ਤੁਰਤ ਹਲਕਾਰਾ।
ਕਰਹਿ ਕਰਾਹ ਜਾਇ ਦਰਬਾਰਾ ॥੩੫॥
ਪੂਰਨ ਸਰਬ ਕਾਮਨਾ ਹੋਈ।
ਗਹਜੋ ਮੰਦ ਮਤਿ ਸ਼ੱਤ੍ਰੂ ਜੋਈ।'
ਆਇਸੁ ਪਾਇ ਬ੍ਰਿੱਧ ਤਤਕਾਲਾ।
ਲਿਖਿ ਪੱਤ੍ਰੀ ਪਠਿ ਸ਼ੀਘ੍ਰ ਬਿਸਾਲਾ ॥੩੬॥
ਸ੍ਰੀ ਅੰਮ੍ਰਿਤਸਰ ਜਬਿ ਸੁਧਿ ਆਈ।
ਸੁਨਿ ਗੰਗਾ ਨਿਜ ਅੰਗ ਨ ਮਾਈ।

ਬਾਰਿ ਬਾਰਿ ਸ਼੍ਰੀ ਨਾਨਕ ਧਜਾਨ।
ਰਿਦੇ ਧਾਰਿ ਜੋਰਤਿ ਜੁਗ ਪਾਨ ॥੩੭॥
ਸਕਲ ਗੁਰਨਿ ਕੋ ਬੰਦਨ ਧਾਰੀ।
'ਮਮ ਸੁਤ ਕੇ ਸਦ ਹੀ ਰਖਵਾਰੀ।
ਦੁਰਗ ਕੈਦਿ ਕੋ ਤਹਿਂ[1] ਨਿਕਸਾਏ।
ਗੁਰਦ੍ਰੋਹੀ ਗਹਿ ਜਸੁ ਕੋ ਪਾਏ ॥੩੮॥
ਸਪਥ ਕਠਨ[†] ਸਭਿ ਪੂਰਨ ਭਈ।
ਚਿਤ ਚਿੰਤਾ ਅਬਿ ਸਗਲੀ ਛਈ[1]।'
ਬਡ ਉਤਸਾਹੁ ਕੀਨਿ ਸਭਿ ਭਾਂਤੀ।
ਸੁਤ ਕੀ ਸੁਧਿ ਸੁਨਿ ਸੀਤਲ ਛਾਤੀ ॥੩੯॥
ਗਨ ਧਨ ਦੇ ਕਰਾਹ ਕਰਵਾਯੋ।
ਸ਼੍ਰੀ ਹਰਿ ਮੰਦਰ ਜਾਇ ਬ੍ਰਤਾਯੋ।
ਬਾਰਿ ਬਾਰਿ ਬੰਦਨ ਕੋ ਕਰਤੀ।
ਤ੍ਰਿਯ ਗਨ ਅਨਿ ਬਧਾਈ ਰਰਤੀ ॥੪੦॥
ਮੰਗਤ ਜਨ ਸਮੁਦਾਇ ਜਿ ਦੀਨ।
ਜਥਾ ਉਚਿਤ ਸਭਿ ਕੋ ਧਨ ਦੀਨਿ।
'ਜਬਿ ਕੇ ਦੁਰਗ ਮਝਾਰ ਪ੍ਰਵੇਸ਼ੇ।
ਤਬਿ ਤੇ ਸੁਧਿ ਸੁਨਿ ਚਿੰਤ ਵਿਸ਼ੇਸ਼ੇ ॥੪੧॥
ਸੋ ਬਿਨਸੀ ਅਤਿ ਵਧਜੋ ਅਨੰਦ।
ਕਰੀ ਲਾਯਕੀ ਨੰਦਨ ਚੰਦੁ[1]।
ਪਿਤ ਬੈਰੀ ਕੋ ਗਹਜੋ ਬਿਲੰਦ।
ਜਿਸ ਹਿਤ ਚਿਤਵਤਿ ਜਤਨ ਜਿ ਬ੍ਰਿੰਦ' ॥੪੨॥
ਇਮ ਉਤਸਾਹ ਸੁਧਾਸਰ ਭਏ।
ਸਿਖ ਸੰਗਤਿ ਸਭਿਹਿਨਿ ਸੁਨਿ ਲਏ।
ਗੋਇੰਦਵਾਲ ਆਦਿ ਜੇ ਥਾਨ।
ਜਹਿਂ ਕਹਿਂ ਬਿਥਰੀ, ਕਰਤਿ ਬਖਾਨ ॥੪੩॥
ਬੇਦੀ ਤ੍ਰਿਹਣ ਸਕਲ ਹਰਖਾਏ।
ਸ਼੍ਰੀ ਹਰਿ ਗੋਬਿੰਦ ਕੋ ਜਸੁ ਗਾਏ।
'ਅਪਨੀ ਕਰੀ ਪ੍ਰਤੱਗਜਾ ਪੂਰਨ।

[1]ਤਿੱਥੋਂ।
[†]ਪਾ:—ਕਰਨ।
[1]ਦੂਰ ਹੋਈ।
[1]ਚੰਦ੍ਰਮਾ (ਜੈਸੇ ਉੱਜਲ ਜੱਸ ਵਾਲੇ) ਪੁੱਤ੍ਰ ਨੇ।

ਪਿਤ ਦ੍ਰੋਹੀ ਕੋ ਕੀਨਸਿ ਚੂਰਨ' ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਸੁਧਿ ਪਠਨਿ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

੫. [ਮਜਨੂੰ ਪ੍ਰਸੰਗ]

੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬

ਦੋਹਰਾ:
ਅਬਿ ਸ਼੍ਰੀ ਹਰਿਗੋਬਿੰਦ ਕੀ,
ਕਥਾ ਸੁਨਹੁ ਮਨ ਲਾਇ।
ਦਿੱਲੀ ਕੀ ਸੰਗਤਿ ਸਕਲ,
ਭਈ ਪ੍ਰਾਤ ਇਕ ਥਾਇੰ ॥੧॥
ਚੌਪਈ:
ਪੰਚਾਂ ਮ੍ਰਿਤ ਬਹੁਤੇ ਕਰਿਵਾਏ।
ਇਕਠੇ ਸਿਖ ਦਰਸ਼ਨ ਕੋ ਆਏ।
ਕੇਤਿਕ ਹੇਰਨਿ ਚੰਦੂ ਹੇਤੁ।
ਮਾਨਵ ਆਏ ਤਜੇ ਨਿਕੇਤ ॥੨॥
ਸਤਿਗੁਰ ਬੈਠੇ ਸਭਾ ਮਝਾਰੋ।
ਮਾਨੁਖ ਦਰਸ਼ਨ ਕਰਤਿ ਹਜ਼ਾਰੋਂ।
ਆਇ ਤਿਹਾਵਲ ਹੁਇ ਅਰਦਾਸ।
ਬਰਤਾਵੈਂ ਬੈਠੇ ਨਰ ਪਾਸ ॥੩॥
ਮੁੱਖਜ ਸਿੱਖ ਗੁਰ ਕੇ ਸੰਗ ਭਾਖੈਂ।
'ਆਜ ਭਈ ਪੂਰਨ ਅਭਿਲਾਖੈ।
ਨਾਂਹਿ ਤ ਜਬਿ ਕੀ ਤਜੀ ਸਗਾਈ।
ਕਰਤਿ ਰਹ੍ਯੋ ਬਡ ਦੁਸ਼ਟ ਖੁਟਾਈ ॥੪॥
ਹੇਰਿ ਹੇਰਿ ਹਿਰਦੇ ਪਛੁਤਾਵੈਂ।
-ਹਮ ਤੇ ਭਈ ਉਪਾਧਿ- ਲਖਾਵੈਂ।
ਇਸ ਨੇ ਕਹੇ ਕੁਵਾਕ ਪ੍ਰਕਾਸ਼।
ਹਮ ਸੁਧਿ ਪਠੀ ਸਕਲ ਗੁਰ ਪਾਸ ॥੫॥
ਲਿਖ੍ਯੋ ਹਮਾਰੋ ਗੁਰ ਨੇ ਮਾਨਾ।
ਤਜ੍ਯੋ ਸਾਕ ਕੀਨਸਿ ਅਪਮਾਨਾ।
ਤਬਿ ਤੇ ਕੁਟਿਲ ਦੁਸ਼ਟ ਨਿਜ ਬਲ ਤੇ।
ਕਰਤੋ ਰਹ੍ਯੋ ਅਵੱਗਜਾ ਛਲ ਤੇ ॥੬॥
ਕਰੇ ਕੁਕਰਮ ਮਹਾਂ ਅਪਰਾਧਾ।
ਤਿਨ ਕੋ ਫਲ ਸੰਕਟ ਅਬਿ ਲਾਧਾ।
ਆਜ ਨਿਚਿੰਤ ਭਏ ਹਮ ਸਾਰੇ।
ਗਹੇ ਗੁਰੂ ਦ੍ਰੋਹੀ ਹੱਤਜਾਰੇ'[1] ॥੭॥
ਸ਼੍ਰੀ ਹਰਿਗੋਬਿੰਦ ਜੀ ਤਬਿ ਕਹ੍ਯੋ।

[1]ਹੱਤਜਾਰੇ ਗੁਰਦ੍ਰੋਹੀ ਦੇ ਫੜੇ ਜਾਣ ਨਾਲ।

'ਸ਼੍ਰੀ ਗੁਰੁ ਕਰਜੋ' ਜਥਾ ਚਿਤ ਚਹਜੋ।
ਇਸ ਪਾਪੀ ਕੇ ਸੀਸ ਕਲੰਕ।
ਦੀਨਸਿ, ਸੋ ਫਲ ਕਸ਼ਟ ਅਤੰਕ[1] ॥੮॥

[1]ਉਸ ਦਾ ਫਲ ਕਸ਼ਟ ਤੇ ਭੈ (ਸੁਤੇ ਹੀ ਇਸ ਤੇ ਪੈਣਾ ਸੀ)।

ਪਾਂਚ ਪਾਂਚ ਪਨਹੀ ਗਿਨਿ ਮਾਰੋ।
ਦੇਖਿ ਦੁਸ਼ਟ ਪੁਨ ਸਦਨ ਸਿਧਾਰੋ।'
ਸੁਨਿ ਗੁਰ ਹੁਕਮ ਗਏ ਸਿਖ ਸਾਰੇ।
ਚੰਦੂ ਬੰਧਨ ਸਹਤ ਨਿਹਾਰੇ ॥੯॥
ਪਨਹੀ ਹਨਹਿਂ ਸੁ ਬਾਰੋ ਬਾਰੀ।
ਪੁਰਿ ਕੇ ਨਰ ਤਹਿਂ ਮਿਲੇ ਹਜ਼ਾਰੀ।
ਮਾਰਤਿ ਬਹੁਰ ਗਿਰਜੋ ਧਰ ਮਾਂਹੀ।
ਲਾਤ ਪ੍ਰਹਾਰਹਿਂ ਤਨ ਸੁਧਿ ਨਾਂਹੀ ॥੧੦॥
ਸੁਨਿ ਸਤਿਗੁਰ ਨੇ ਸਿੱਖ ਹਟਾਏ।
'ਹਤਹੁ ਨ, ਅਬਿ ਇਹ ਨਹਿਂ ਮਰਿ ਜਾਏ।'
ਜਾਮ ਦਿਵਸ ਲੌ ਸੰਗਤਿ ਆਈ।
ਕਰਿ ਕਰਿ ਦਰਸ਼ਨ ਸਦਨ ਸਿਧਾਈ ॥੧੧॥
ਖਾਨ ਪਾਨ ਕਰਿ ਕੈ ਗੁਰ ਪਾਛੇ।
ਬੈਠੇ ਬਹੁਰ ਸੁਹਾਵਤਿ ਆਛੇ।
ਜਹਾਂਗੀਰ ਹੁਇ ਅਨੰਦ ਬਿਲੰਦ।
ਆਯਹੁ ਗੁਰ ਢਿਗ ਜੁਤਿ ਨਰ ਬ੍ਰਿੰਦ ॥੧੨॥
ਗਨ ਉਮਰਾਵ ਸੰਗ ਜਿਸ ਕੇਰੇ।
ਬਸਤ੍ਰ ਬਿਭੂਖਨ ਮੋਲ ਬਡੇਰੇ।
ਜਬਰ ਜਵਾਹਰ ਕੰਚਨ ਜਰੇ।
ਸਭਿਨਿ ਸਰੀਰ ਬਿਖੇ ਸ਼ੁਭ ਧਰੇ ॥੧੩॥
ਨੰਦਨ, ਬਨਿਤਾ[1] ਚੰਦੂ ਜੋਇ।
ਆਨੇ ਸੰਗ ਪਕਰਿ ਕਰਿ ਸੋਇ।
ਬੈਠਜੋ ਸ਼ਾਹ ਬੰਦਨਾ ਕਰਿ ਕੈ।
ਬੋਲਜੋ ਮੁਖ ਤੇ ਸ਼ਰਧਾ ਧਰਿ ਕੈ ॥੧੪॥
'ਕਰੀ ਅਵੱਗਜਾ ਦੁਸ਼ਟ ਮਹਾਨੀ।
ਤਿਸ ਕੀ ਇਹ ਬਨਿਤਾ ਗਹਿ ਆਨੀ।

[1]ਇਸਤ੍ਰੀ।

ਪੁੱਤ੍ਰ ਹੁਤੋ ਇਕ, ਸੋ ਇਹ ਆਵਾ।
ਦਿਹੁ ਸਜ਼ਾਇ ਜੈਸੇ ਮਨ ਭਾਵਾ ॥੧੫॥
ਮਮ ਸਿਰ ਦੋਸ਼ ਰਹੈ ਨਹਿਂ ਕੋਈ।
ਕਸ਼ਟ ਸਹਹਿ ਅਪਰਾਧੀ ਜੋਈ।'
ਸ਼੍ਰੀ ਹਰਿ ਗੋਬਿੰਦ ਕਰੁਨਾ ਠਾਨੀ।
ਬਿਗਸਿ ਬਦਨ ਤੇ ਗਿਰਾ ਬਖਾਨੀ ॥੧੬॥
'ਦਸ਼ਾ ਚੰਦੁ ਕੀ ਇਨਹਿ ਦਿਖਾਵਹੁ।
ਬਿਨ ਦੋਸ਼ੇ ਲਖਿ ਬਹੁਰ ਛੁਟਾਵਹੁ।
ਕਰਹਿ ਕੁਕਰਮ ਭਰਹਿ ਦੁਖ ਸੋਇ।
ਤ੍ਯਾਗ ਦੀਜੀਏ ਤਿਯ ਸੁਤ ਦੋਇ' ॥੧੭॥
ਸੁਨਿ ਗੁਰ ਤੇ ਤਿਨ ਚੰਦੁ ਦਿਖਾਯੋ।
ਪਰਜੋ ਬਿਹਾਲ ਨਹੀਂ ਉਕਸਾਯੋ।
ਕੂਕਰ ਅਰੁ ਚੰਡਾਲਨਿ ਮਾਂਹੀ।
ਧੋਤੀ ਬਿਨਾ[1] ਅਪਰ ਪਟ ਨਾਂਹੀ ॥੧੮॥
ਲਿਪਟਜੋ ਧੂਲ ਸੰਗ ਤਨ ਸਾਰੋ।
ਤਿਯ ਸੁਤ ਦੇਖਿ ਨੈਨ ਜਲ ਡਾਰੋ।
ਪੁਨ ਦੇ ਤ੍ਰਾਸ ਨਿਕਾਸਨਿ ਕਰੇ[†]।
ਛੂਟਤਿ ਭਾਜ ਤੂਰਨ ਡਰੇ ॥੧੯॥
ਕ੍ਰਿਪਾ ਸਿੰਧੁ ਨੇ ਕਹਿ ਛੁਟਵਾਏ।
ਪੁਨ ਬਾਵਨ ਮਹਿਪਾਲ ਬੁਲਾਏ।
ਇਕ ਇਕ ਢਿਗ ਕਰਿ ਬੂਝਨਿ ਕੀਨਾ।
'ਕੌਨ ਦੇਸ਼ ਕੋ, ਕਹੁ ਕਿਮ ਛੀਨਾ?'
॥੨੦॥
ਸੋ ਨਰੇਸ਼ ਸੁਨਿ ਦੇਸ਼ ਬਤਾਵੈ।
ਕਰੀ ਅਵੱਗਜਾ ਕੋ ਬਖਸ਼ਾਵੈ।
ਸਿਰੇ ਪਾਉ ਅਰੁ ਚਪਲ ਤੁਰੰਗ।
ਸ਼੍ਰੀ ਹਰਿ ਗੋਬਿੰਦ ਦੇ ਕਰਿ ਸੰਗ ॥੨੧॥
ਰਾਜ ਤਿਲਕ ਕੌ ਕਰਿ ਨ੍ਰਿਪ ਮਾਥੇ।
ਬਾਹੁ ਗਹਾਇ ਸ਼ਾਹੁ ਕੈ ਹਾਥੇ।
ਪੁਨ ਸਿੱਖਜਾ ਕੋ ਭਲੇ ਸਿਖਾਵੈਂ।
'ਕਰਹਿ ਅਵੱਗਜਾ ਸੋ ਦੁਖ ਪਾਵੈ ॥੨੨॥
ਰਹਹੁ ਸ਼ਾਹ ਕੇ ਨਿਤ ਅਨੁਸਾਰੀ।

[1]ਸਿਵਾਏ (ਇਕ) ਧੋਤੀ ਦੇ।

[†]ਪਾ:—ਪੁਨ ਤ੍ਰਿਯ ਤੇ ਸੁਤ ਮੋਚਨ ਕਰੇ।

ਬਖਸ਼ ਦਿਯੋ ਤੁਮ ਕੋ ਇਕ ਵਾਰੀ।'
ਰੁਖ ਲਖਿ ਜਹਾਂਗੀਰ ਗੁਰ ਕੇਰਾ।
ਦਿਏ ਰਾਜ ਤਿਨ ਕੇ ਤਿਸ ਬੇਰਾ ॥੨੩॥
ਸੰਗ ਦਿਯੇ ਉਮਰਾਵ ਵਿਸ਼ੇਸ਼।
'ਕਰੋ ਸਥਾਪਨਿ ਜੋ ਜਿਸ ਦੇਸ਼।
ਅਬਿ ਕੇ ਸ਼੍ਰੀ ਸਤਿਗੁਰ ਕੀ ਕਰੁਨਾ।
ਛੁਟੇ, ਨਤੁਰ[1] ਕੈਦ ਮਹਿਂ ਮਰਨਾ' ॥੨੪॥
ਗੁਰੂ ਸ਼ਾਹੁ ਦੁਨਹੁਨਿ ਕਰਿ ਨਮੋ।
ਮਹਿਪਾਲਕ ਗਮਨੇ ਤਿਹ ਸਮੋ।
ਜਹਿਂ ਜਹਿਂ ਜਾਹਿਂ ਸੁਜਸੁ ਗੁਰ ਕਰੈਂ।
ਸ਼ਰਧਾ ਅਧਿਕ ਰਿਦੇ ਮਹਿਂ ਧਰੈਂ ॥੨੫॥
ਸ਼੍ਰੀ ਸਤਿਗੁਰ ਹਰਿਗੋਵਿੰਦ ਚੰਦੁ।
ਪਸਰੀ ਕੀਰਤਿ ਜੌਨ੍ਹ ਮਨਿੰਦ।
'ਧੰਨ ਧੰਨ' ਭਾਖਤਿ ਗੇ ਦੇਸ਼।
ਭੇ ਨਰੇਸ਼ ਲੇ ਰਾਜ ਅਸ਼ੇਸ਼ ॥੨੬॥
ਰਿਦੇ ਯਾਦਿ ਰਾਖਯੋ ਉਪਦੇਸ਼।
-ਸੱਤਿਨਾਮ ਕੋ ਜਪਨਿ ਹਮੇਸ਼।
ਦੁਤੀਏ ਰਹਹੁ ਸ਼ਾਹੁ ਅਨੁਸਾਰੀ-।
ਕਰਤਿ ਭਏ ਤਿਮ ਹੀ ਦ੍ਵੈ ਕਾਰੀ ॥੨੭॥
ਜਹਾਂਗੀਰ ਗੁਰ ਕੇ ਢਿਗ ਬੈਸੇ।
ਬੋਲਨਿ ਮਿਲਨਿ ਕਰਯੋ ਸ਼ੁਭ ਐਸੇ।
ਕਰਿ ਪ੍ਰਸੰਨ ਗੁਰ ਕੋ ਸਭਿ ਭਾਂਤੀ।
ਭਯੋ ਸ਼ਾਹੁ ਤਬਿ ਸੀਤਲ ਛਾਤੀ ॥੨੮॥
ਸ਼੍ਰੀ ਮੁਖ ਤੇ ਜਿਮ ਜਿਮ ਫੁਰਮਾਯੋ।
ਤਿਮ ਤਿਮ ਕਰਯੋ ਰਿਦੇ ਹਰਖਾਯੋ।
ਹਾਥ ਜੋਰਿ ਕਰਿ ਬਾਕ ਬਖਾਨਾ।
'ਉਪਕਾਰੀ ਤੁਮ ਕ੍ਰਿਪਾ ਨਿਧਾਨਾ!
॥੨੯॥
ਨਿਰਨੈ ਕਰਿ ਮਹਿਮਾ ਅਬਿ ਜਾਨੀ।
ਪੀਰ ਮਹਾਂ ਬ੍ਰਿਧ ਬਹੁਰ ਬਖਾਨੀ[1]।
ਬਡੋ ਤ੍ਰਾਸ ਤੇ ਮੋਹਿ ਬਚਾਯੋ।

[1]ਨਹੀਂ ਤਾਂ।

[1]ਫੇਰ ਬਹੁਤ ਬ੍ਰਿੱਧ ਪੀਰ (ਮੀਆਂ ਮੀਰ ਨੇ ਭੀ ਆਪ ਜੀ ਦੀ ਮਹਿਮਾ) ਕਹੀ ਸੀ।

ਜਬਿ ਸਿਮਰੌਂ ਹਾਜ਼ਰ ਦਰਸਾਯੋ ॥੩੦॥
ਨਿਤ ਰਾਖੇ[1] ਅਪਨੇ ਮੈਂ ਮਾਨੇ। [1]ਰੱਖਯਕ।
ਤ੍ਰਾਸ ਕਸ਼ਟ ਮੇਰੇ ਸਭਿ ਹਾਨੇ।
ਕਹੇ ਆਪ ਕੇ ਹਉਂ ਅਨੁਸਾਰਾ।
ਸ਼੍ਰੀ ਗੁਰ ! ਰਹੋ ਮੋਰਿ ਰਖਵਾਰਾ' ॥੩੧॥
ਸ਼੍ਰੀ ਹਰਿ ਗੋਬਿੰਦ ਕਹਿ 'ਸੁਨਿ ਸ਼ਾਹੂ !
ਸ਼ਰਧਾ ਧਰਹਿਂ ਜਿ ਗੁਰ ਘਰ ਮਾਂਹੂ।
ਤਿਨ ਕੇ ਸਦਾ ਸਹਾਇਕ ਅਹੈਂ।
ਲਾਜ ਆਪਨੀ ਕੋ ਨਿਰਬਹੈਂ ॥੩੨॥
ਜਾਨਹਿਂ, -ਪਰਯੋ ਆਸਰੇ ਆਇ[1]-। [1]ਜਾਣਦੇ ਹਾਂ (ਇਹ ਸਾਡੇ) ਆਸਰੇ ਆ ਪਿਆ ਹੈ।
ਜੁਗ ਲੋਕਨਿ ਮਹਿਂ ਬਨਹਿਂ ਸਹਾਇ।
ਸ਼੍ਰੀ ਨਾਨਕ ਅਰੁ ਬਾਬਰ ਸ਼ਾਹੂ।
ਪ੍ਰਥਮ ਮੇਲਿ ਭਾ ਆਪਸ ਮਾਹੂ ॥੩੩॥
ਤਬਿ ਤੇ ਸਿਦਕ ਧਰਤਿ ਤੁਮ ਰਹੇ।
ਕਰੇ ਪ੍ਰਸੰਨ ਭਲੇ ਬਰ ਲਹੇ।
ਹਮਰੀ ਤੁਮਰੀ ਸੰਧਿ ਸਦੀਵਾ।
ਗੁਰੂ ਸਹਾਇਕ ਸਿੱਖਨਿ ਥੀਵਾ' ॥੩੪॥
ਇਮ ਕਹਿ ਸੁਨਿ ਕੈ ਸੀਸ ਨਿਵਾਯੋ।
ਉਠਯੋ ਸ਼ਾਹੁ ਨਿਜ ਸਦਨ ਸਿਧਾਯੋ।
ਸਤਿਗੁਰ ਥਿਰੇ ਆਪਨੇ ਡੇਰੇ।
ਸੁੱਖਾ[†] ਪਾਨ ਕੀਨਿ ਤਿਸ ਬੇਰੇ[‡] ॥੩੫॥ [†]ਪਾ:-ਭੰਗ। [‡]ਦੇਖੋ ਰਾਸਿ ੪, ਅੰਸੂ ੪੪, ਅੰਕ ੧੧ ਦੀ ਹੇਟਲੀ ਟੂਕ।

ਚਢਿ ਤੁਰੰਗ ਪਰ ਗਮਨੇ ਸੈਲ।
ਤਟ ਤਟ ਜਮਨਾ ਕੇ ਚਲਿ ਗੈਲ।
ਸਨੇ ਸਨੇ ਹੇਰਤਿ ਜਲ ਜਾਤੇ।
ਤੀਰ ਹਰਿਤਤਾ[1] ਸੁੰਦਰ ਭਾਂਤੇ ॥੩੬॥ [1]ਕੰਢੇ ਦੀ ਹਰਿਆਵਲ।
ਦੂਰ ਜਾਇ ਕਰਿ ਉਤਰਿ ਤੁਰੰਗ।
ਥਿਹੇ ਤਹਾਂ ਕੇਤਿਕ ਨਰ ਸੰਗ।
ਨੰਦਾ[1] ਸੰਘੇੜਾ[2] ਤਿਸ ਠੌਰ। [1]ਨਾਮ।
ਜੇਠਾ[2] ਅਮੀਆ ਹੇਹਰਿ ਔਰਿ ॥੩੭॥
ਨਿੰਝਰ[2] ਹੁਤੋ ਰੰਧਾਵਾ[1] ਸੋਇ। [1]ਜਾਤ।
ਅਰੁ ਕ੍ਰਿਪਾਲ[2] ਜੱਲੂ ਕੋ ਜੋਇ।

ਸਿਖ ਲੰਗਾਹ[2], ਪਿਰਾਣਾ[2] ਧੀਰ।
ਸੌਚਿ ਸ਼ਨਾਨੇ ਸਰਬ ਸਰੀਰ ॥੩੮॥
ਥਿਰੇ ਤੀਰ ਪਰ ਪਿਖਹਿਂ ਪ੍ਰਵਾਹੂ।
ਸ਼ਜਾਮਲ ਰੰਗ ਤਰੰਗਨਿ ਤਾਹੂ[1]।
[1]ਤਿਸ ਨਦੀ ਦੀਆਂ ਲਹਿਰਾਂ ਦਾ।
ਗੁਰ ਸੋਂ ਬੂਝਨਿ ਕੀਨਿ ਪਿਰਾਣੇ।
'ਮਜਨੂ ਕੌਨ ਭਯੋ ਸਭਿ ਜਾਣੇਂ? ॥੩੯ ॥
ਜਹਾਂ ਹਮਾਰੋ ਡੇਰਾ ਅਹੈ।
ਤਿਸ ਕੇ ਨਾਮ ਥਾਨ ਸੋ ਕਹੈਂ।'
ਸੁਨਿ ਕਰਿ ਸ਼੍ਰੀ ਸਤਿਗੁਰੂ ਬਤਾਵਾ।
'ਭਯੋ ਪ੍ਰਥਮ ਚਿਰਕਾਲ ਬਿਤਾਵਾ ॥੪੦॥
ਲੇਲਾ ਹੁਤੀ ਸ਼ਾਹੁ ਕੀ ਤਨੀਆ।
ਰੂਪਵਤੀ ਅਤਿਸ਼ੈ ਤਿਨ ਸੁਨੀਯਾ।
ਹੇਰਤਿ ਚਿਤ ਕੋ ਪਰੇਮ ਲਗਾਵਾ।
ਅਪਰ ਨ ਸੁਧਿ ਮਨ ਤਹਾਂ ਟਿਕਾਵਾ ॥੪੧॥
-ਲੈਲਾ- ਲਵਪੁਰਿ ਵਿਖੈ ਚਿਤਾਰਤਿ[1]।
[1]ਮਜਨੂੰ) ਲੈਲਾਂ ਨੂੰ ਲਾਹੌਰ ਵਿਚ ਚਿਤਾਰਦਾ ਸੀ।
ਰਾਤਿ ਦਿਵਸ ਇਕਰਸ ਬ੍ਰਿਤਿ ਧਾਰਤਿ।
ਇਕ ਦਿਨ ਚਢਜੋ ਸੰਢਨੀ ਮਿਲਜੋ[1]।
[1]ਕੋਈ) ਸਾਂਢਣੀ ਤੇ ਚੜ੍ਹਿਆ ਜਾਂਦਾ ਮਿਲਿਆ ਜੋ।
ਹੁਇ ਤਜਾਰ ਦਿੱਲੀ ਪੁਰਿ ਚਲਜੋ ॥੪੨॥
ਤਿਸ ਕੋ ਲਾਗਜੋ ਦੇਨਿ ਸੰਦੇਸਾ।
ਕਹਤਿ ਕਹਤਿ ਇਹੁ ਪੰਥ ਅਸੇਸਾ।
ਸੰਗ ਸੰਢਣੀ ਕੇ ਚਲਿ ਆਯੋ।
ਸੁਧਿ ਬਿਨੁ ਧਰੇ ਬੇਗ ਅਸ ਧਾਯੋ[1] ॥੪੩॥
[1]ਸੋਝੀ ਧਾਰੇ ਤੋਂ ਬਿਨਾਂ ਛੇਤੀ ਛੇਤੀ ਐਡਾ ਦੌੜਿਆ।
ਦਿੱਲੀ ਬਿਖੈ ਆਨਿ ਕਰਿ ਹੇਰੀ।
ਲੈਲੀ ਮਿਲੀ ਜਬਹਿ ਇਕ ਬੇਰੀ।
ਕੀਨਸਿ ਮਜਨੂੰ ਸਾਥ ਬਖਾਨ।
- ਅਬਿ ਤੂੰ ਖਰੋ ਰਹੇ ਇਸ ਥਾਨ ॥੪੪॥
ਮਿਲੌਂ ਆਇ ਕਰਿ ਮੈਂ ਪੁਨ ਤੋਹੀ।
ਰਹੋ ਉਡੀਕਤਿ ਇਸ ਥਲ ਮੋਹੀ-।
ਇਮ ਕਹਿ ਗਈ ਖਰੋ ਇਹ ਰਹਜੋ।
ਲੈਲਾ ਕੋ ਸਿਮਰਤਿ ਚਿਤ ਚਹਜੋ ॥੪੫॥
ਠਾਂਢੇ ਕੇਤਿਕ ਸੰਮਤ ਬੀਤੇ।

ਨਹੀਂ ਦੇਹਿ ਕੀ ਸੁਧਿ ਕਬਿ ਲੀਤੇ।
ਕਾਸ਼ਟ ਸਮ ਸ਼ੁਸ਼ਕਜੋ[1] ਤਨ ਸਾਰੋ।
ਨਹਿਂ ਲੈਲਾ ਕਬਿ ਰਿਦੇ ਚਿਤਾਰੋ ॥੪੬॥
ਪ੍ਰੇਮ ਸ਼ਕਤਿ ਤੇ ਪ੍ਰਾਨ ਨ ਗਏ।
ਅਧਿਕ ਇਕਾਗਰਤਾ ਮਨ ਲਏ।
ਸ਼ੁਸ਼ਕ ਖੁੰਡ[1] ਸੋਂ ਲਗਿ ਕਰਿ ਠਾਂਢੋ।
ਲੈਲਾ ਪ੍ਰੇਮ ਭਯੋ ਦ੍ਰਿਗ ਗਾਢੋ ॥੪੭॥
ਇਕ ਬਾਢੀ[1] ਤਿਸ ਥਲ ਚਲਿ ਆਯੋ।
ਜਾਨਜੋ ਕਾਠ ਕੁਠਾਰ ਚਲਾਯੋ[1]।
ਲਗਜੋ ਦੇਹਿ ਮਹਿਂ ਤਬਿ ਸੁਧਿ ਪਾਈ।
-ਕਹੁ ਲੈਲਾ! ਤੂੰ ਹੈਂ ਅਬਿ ਆਈ? -
॥੪੮॥
ਪ੍ਰਥਮ ਤ੍ਰਾਸ ਕਰਿ ਪੁਨ ਤਿਸ ਜਾਨਾ।
ਹੈ ਮਜਨੂੰ ਠਾਂਢੋ ਇਸ ਥਾਨਾ।
ਦਈ ਸ਼ਾਹੁ ਕੇ ਸੁਧਿ, ਸੁਨਿ ਡਰਿਓ।
ਲੈਲਾ ਕੋ ਭੇਜਨਿ ਤਬਿ ਕਰਿਓ ॥੪੯॥
ਜਾਇ ਦਰਸ ਜਬਿ ਅਪਨੋ ਦੀਨੋ।
ਪ੍ਰੇਮ ਰੰਗ ਮਹਿਂ ਸਗਰੋ ਭੀਨੋ।
ਸਭਿ ਦਿਸ਼ਿ ਤੇ ਬ੍ਰਿਤਿ ਇਕਠੀ ਕਰਿ ਕੈ।
ਲਗਜੋ ਪ੍ਰਮੇਸ਼ੁਰ ਸੰਗ ਬਿਚਰਿ ਕੈ ॥੫੦॥
ਲੈਲਾ ਦਿਸ਼ਿ ਤੇ ਪ੍ਰੇਮ ਉਖਾਰਾ।
ਪ੍ਰਭੁ ਸੋਂ ਲਗੀ ਬ੍ਰਿੱਤਿ ਇਕ ਸਾਰਾ।
ਭਯੋ ਸੰਤ ਪੂਰਨ ਇਸ ਥਾਨ[†]। '

[1]ਲੱਕੜੀ ਸਮਾਨ ਸੁੱਕ ਗਿਆ।
[1]ਬ੍ਰਿੱਛ ਦਾ ਮੁੰਢ।
[1]ਤਰਖਾਣ।
[1]ਲੱਕੜੀ ਜਾਣ ਕੇ ਕੁਹਾੜਾ ਚਲਾਇਆ।

[†]ਇਹ ਏਥੇ ਇਕ ਲੋਕੋਕਤੀ ਲਿੱਖੀ ਗਈ ਹੈ। ਅਸਲੀ ਮਜਨੂੰ ਅਰਬ ਦੇਸ਼ ਦਾ ਸੀ, ਹਿੰਦੁਸਤਾਨੀ ਨਹੀਂ ਸੀ, ਉਸ ਦਾ ਨਾਮ ਕੈਸ ਸੀ, ਉਸਦੀ ਪ੍ਰੀਤਮਾ ਦਾ ਨਾਮ ਲੈਲਾ ਸੀ। ਮਜਨੂੰ ਦਾ ਅਰਥ ਹੈ, ਸ਼ੁਦਾਈ, ਜੋ ਇਸ਼ਕ ਵਿਚ ਸ਼ੁਦਾਈ ਹੋ ਜਾਏ, ਇਸ ਕਰਕੇ ਹੁਣ ਡਾਢੇ ਪ੍ਰੇਮੀ ਨੂੰ ਮਜਨੂੰ ਕਹਿੰਦੇ ਹਨ। ਮਜਨੂੰ ਇਸ਼ਕ ਵਿਚ ਸੁੱਕ ਗਿਆ ਸੀ, ਇਸ ਕਰਕੇ ਮਜਨੂੰ ਸੁੱਕੇ ਪਤਲੇ ਨੂੰ ਬੀ ਆਖਦੇ ਹਨ।

ਦਿੱਲੀ ਮਜਨੂੰ ਦੇ ਟਿੱਲੇ ਗੁਰੂ ਨਾਨਕ ਦੇਵ ਜੀ ਜਾਕੇ ਠਹਿਰੇ ਸਨ, ਇੱਥੇ ਇਕ ਤਪੀਆ ਫਕੀਰ ਸੀ ਤਪਾਂ ਵਿਚ ਸੁਕ ਜਾਣ ਕਰਕੇ ਇਸਦਾ ਨਾਮ ਬੀ ਮਜਨੂੰ ਪੈ ਗਿਆ ਸੀ। ਅੰਤ ਨੂੰ ਇਹ ਸਤਿਗੁਰ ਨਾਨਕ ਦੇਵ ਜੀ ਨੂੰ ਮਿਲਕੇ ਉਨ੍ਹਾਂ ਦਾ ਸੇਵਕ ਹੋਇਆ ਤੇ ਸ਼ਾਂਤੀ ਪਾਈ। ਉਸੇ ਨਾਮ ਕਰਕੇ ਇਹ ਥਾਂ ਮਜਨੂੰ ਦਾ ਟਿੱਲਾ ਸੱਦੀਦਾ ਹੈ। ਪਹਿਲੇ ਸਤਿਗੁਰ, ਛੇਵੇਂ ਸਤਿਗੁਰ ਤੇ ਸ੍ਰੀ ਰਾਮ ਰਾਇ ਜੀ ਏਥੇ ਹੀ ਟਿਕੇ ਸਨ। [ਦੇਖੋ ਦਿੱਲੀ ਗੁਰਦੁਆਰਿਆਂ ਦਾ ਸੰਖੇਪ ਬ੍ਰਿਤਾਂਤ ਕ੍ਰਿਤ ਭਾਈ ਮੱਖਣ ਸਿੰਘ]

ਇਮ ਸਤਿਗੁਰ ਨੇ ਕੀਨਿ ਬਖਾਨ ॥੫੧॥
ਸੁਨਿ ਕਰਿ ਸਿੱਖਨਿ ਲਖਜੋ ਪ੍ਰਸੰਗ।

ਪੁਨ ਤਿਸ ਥਲ ਤੇ ਚੜੇ ਤੁਰੰਗ।
ਆਨਿ ਬਿਰਾਜੇ ਅਪਨੇ ਡੇਰੇ।
ਖਾਨ ਪਾਨ ਨਿਸ ਕਰਜੋ ਬਸੇਰੇ ॥੫੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਜਨੂੰ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

੬. [ਬੇਗਮਾਤ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:
ਭਯੋ ਦਿਵਸ ਪੁਨਿ ਸਤਿਗੁਰੂ, ਸ਼ਾਹੁ ਬੁਲਾਏ ਪਾਸ।
ਚਢਿ ਤੁਰੰਗ ਪਹੁੰਚੇ ਤਬਹਿ, ਬੈਠੇ ਰੁਚਿਰ ਅਵਾਸ ॥੧॥
ਚੌਪਈ:
ਚੰਦਨ ਚੌਂਕੀ ਚਾਰੁ ਚਕੋਨੀ।
ਸੁਜਨੀ ਸੇਤ ਛਾਦ ਕਰਿ ਲੋਨੀ[1]।
ਤਿਸ ਊਪਰ ਸਨਮਾਨ ਬਿਠਾਏ।
ਬੰਦਹਿਂ ਸ਼ਾਹੁ ਸਹਤ ਸਮੁਦਾਏ ॥੨॥
ਸੰਤਨ ਪੀਰਨਿ ਅਨਿਕ ਪ੍ਰਸੰਗ।
ਕਹੇ ਸੁਨੇ ਹਜ਼ਰਤ ਗੁਰ ਸੰਗਿ।
ਬਚਨ ਬਿਲਾਸ ਹੁਲਾਸਤਿ ਕਰੇ।
ਦਹਿ ਦਿਸਿ ਰਸ ਬਿਸਾਲ ਮਹਿਂ ਢਰੇ ॥੩॥
ਪੁਨ ਸ਼੍ਰੀ ਹਰਿ ਗੋਬਿੰਦ ਉਚਾਰਯੋ।
'ਗਮਨ ਸੁਧਾਸਰ ਹਮ ਚਿਤ ਧਾਰਯੋ।
ਕਿਤਿਕ ਮਾਸ ਬੀਤੇ ਇਤ ਆਏ।
ਪੀਛੇ ਸਿਖ ਸੰਗਤਿ ਅਕੁਲਾਏ' ॥੪॥
ਸੁਨਤਿ ਸ਼ਾਹੁ ਕਹਿ 'ਮਮ ਅਭਿਲਾਖਾ।
ਪੁਰਿ ਕਸ਼ਮੀਰ ਚਲੋਂ ਚਿਤ ਰਾਖਾ।
ਚਲੈਂ ਸੰਗ ਹੀ ਮਾਝੇ ਦੇਸ਼।
ਦਰਸ ਆਪ ਕੋ ਹੋਇ ਹਮੇਸ਼ ॥੫॥
ਆਜ ਮਹੂਰਤ ਕੋ ਦਿਖਰਾਵੌਂ।
ਨਹੀਂ ਬਿਲਮ ਤਿਤ ਤੁਰਤ ਸਿਧਾਵੌਂ।'
ਸਤਿਗੁਰ ਬੈਠੇ ਤਬਹਿ ਬੁਲਾਯੋ।
ਸੋਧਿ ਮਹੂਰਤ ਤਾਂਹਿ ਬਤਾਯੋ ॥੬॥
'ਤ੍ਰੌਦਸ ਵੀਰਵਾਰ ਹੈ ਪਰਸੋਂ।
ਕਰਹੁ ਪਯਾਨਾ ਤਬਿ ਦਿਨ ਬਰ ਸੋ।'
ਸੁਨਯੋ ਸਭਿਨਿ ਕੀਨਸਿ ਨਿਜ ਤਯਾਰੀ।
ਜਬਿ ਹਜ਼ਰਤ ਨਿਸ਼ਚੈ ਮਤਿ ਧਾਰੀ ॥੭॥

[1]ਸੁਹਣੀ

ਸ਼੍ਰੀ ਸਤਿਗੁਰ ਡੇਰੇ ਚਲਿ ਆਏ।
ਬ੍ਰਿਧ ਆਦਿਕ ਕੋ ਕਹਿ ਸਮੁਝਾਏ।
ਸੁਨਜੋ ਸੁਧਾਸਰ ਕੋ ਜਬਿ ਪਜਾਨਾ।
ਸਤਿਗੁਰ ਕੇ ਨਰ ਅਨੰਦ ਮਹਾਨਾ ॥੮॥
ਤਬਿ ਹਰਿਦਾਸ ਪਾਸ ਚਲਿ ਆਯੋ।
ਪਦ ਅਰਬਿੰਦਨ ਪਰ ਲਪਟਾਯੋ।
ਤਬਿ ਸਤਿਗੁਰੁ ਬਹੁ ਕਰੁਨਾ ਕਰੀ।
ਰਿਦੇ ਅਬਿੱਦਯਾ ਤਿਸ ਕੀ ਹਰੀ ॥੯॥
'ਸੱਤਿਨਾਮੁ ਸਿਮਰਹੁ ਲਿਵਲਾਈ।
ਮਮ ਮੂਰਤਿ ਧਰਿ ਧਜਾਨ ਬਨਾਈ।
ਰਹੋ ਗੁਆਲਿਯਰ ਮਹਿਂ ਅਬਿ ਜਾਇ।
ਦੁਹ ਲੋਕਨਿ ਮਹਿਂ ਬਹੁ ਸੁਖ ਪਾਇਂ ॥੧੦॥
ਸੰਕਟ ਪਰੇ ਸਿਮਰਿ ਉਰ ਸਾਦਰ।
ਤਤਛਿਨਿ ਹਮ ਹੋਵੈਂ ਤੁਵ ਹਾਦਰ।
ਅਪਰ ਨਰਨਿ ਕੋ ਸਿੱਖੀ ਦੀਜੈ।
ਕਰਿ ਸੰਗਤਿ[1] ਮਿਲਿ ਗੁਰੂ ਜਪੀਜੈ ॥੧੧॥
ਜਥਾ ਨਿਕਟ ਅਬਿ ਦਰਸ਼ਨ ਕਰੈਂ।
ਤਥਾ ਮਹਾਂ ਫਲ ਸੰਮਤ ਧਰੈਂ[1]।'

[1]ਸਤਿਸੰਗ ਬਣਾਓ।

[1]ਤਿਵੇਂ ਸਾਲ (ਪਿੱਛੋਂ) ਦਰਸ਼ਨ ਦਾ ਮਹਾਂਨ ਫਲ ਲਵੇਂਗਾ। (ਅ) ਤਿਵੇਂ ਆਗਜਾ ਵਿਚ ਟੁਰ ਕੇ ਫਲ ਲਵੇਂਗਾ। [ਸੰਮਤ = ਰਾਇ ਯਾ ਆਗਜਾ ਅਨੁਸਾਰ ਹੋਣਾ]

ਸੁਨਿ ਉਰ ਪ੍ਰੇਮ ਬਿਲੋਚਨ ਭਲੇ।
ਗੁਰ ਬਿਛਰਨਿ ਤੇ ਦੁਖ ਬਹੁ ਕਰੇ ॥੧੨॥
ਦੇ ਗੁਰ ਧੀਰ ਬਿਦਾ ਕਰਿ ਦੀਨੋ।
ਧਰਿ ਉਰ ਮੂਰਤਿ ਪਜਾਨਾ ਕੀਨੋ।
ਜੀਵਤ ਰਹਜੋ ਸਿਮਰ ਤਬਿ ਗੁਰ ਕੋ।
ਅੰਤ ਸਮੈ ਪ੍ਰਾਪਤਿ ਸੁਰਪੁਰਿ ਕੋ ॥੧੩॥
ਬੋਲਜੋ ਜੇਠਾ 'ਚੰਦੂ ਮੰਦ।
ਬਨਿਤਾ ਇਸ ਆਈ ਅਰੁ ਨੰਦ।
ਸੋ ਰਾਵਰ ਨੇ ਕਹਿ ਛੁਟਵਾਏ।
ਚਹਿਯਹਿ ਦੁਸ਼ਟ ਮੂਲ ਬਿਨਸਾਏ ॥੧੪॥
ਜਗ ਮਹਿਂ ਨਹਿਂ ਇਸ ਕੀ ਜਰ ਰਹੈ।
ਮਰਹਿ ਸਜਾਇ ਨਰਕ ਕੀ ਲਹੈ।

ਸੰਕਟ ਭਰਹਿ ਜੁਗਨਿ ਲਗਿ ਪਰਜੋ[1]।
ਅਤਿ ਕੁਕਰਮ ਪਾਪੀ ਨੇ ਕਰਜੋ' ॥੧੫॥
ਤਬਿ ਸ਼੍ਰੀ ਹਰਿ ਗੋਬਿੰਦ ਉਚਾਰਾ।
'ਭਲੇ ਪੁਰਖ ਕੀ ਨਹਿਂ ਇਹ ਕਾਰਾ।
-ਕਜ਼ਾ ਦਾਰਾ ਪਰ ਕਰਨਿ ਪ੍ਰਹਾਰਿ-।
ਛੋਰ ਦੇਤਿ ਹੈਂ, ਰਿਦੇ ਬਿਚਾਰਿ ॥੧੬॥
ਇਸ ਕੇ ਸੁਤ ਕੋ ਪੁਨ ਹਮ ਮਾਰੈਂ।
ਰਚਹਿਂ ਜੁੱਧ ਜਬਿ ਸ਼ਸਤ੍ਰ ਪ੍ਰਹਾਰੈਂ।
ਅਬਿ ਤਜਾਗਨਿ ਹੀ ਬਨਹਿ ਬਿਚਾਰੋ।
ਬਹੁਰ ਤੁਰਕ ਬ੍ਰਿੰਦਨ ਜੁਤਿ ਮਾਰੌਂ[†]' ॥੧੭॥
ਸ਼੍ਰੀ ਗੁਰਿ ਕੋ ਸੁਨਿ ਕਰਿ ਪ੍ਰਸਥਾਨ[1]।
ਪੁਰਿ ਸੰਗਤਿ ਦਰਸਹਿਂ ਗਨਆਨਿ।
ਅਨਿਕ ਉਪਾਇਨ ਧਰਿ ਧਰਿ ਬੰਦਹਿਂ।
ਪਾਇ ਮਨੋਰਥ ਹੋਤਿ ਅਨੰਦਹਿਂ ॥੧੮॥
ਸਭਿਹਿਨਿ ਕੋ ਦੀਨੋ ਉਪਦੇਸ਼।
'ਸੱਤਿਨਾਮ ਕੋ ਭਜਹੁ ਹਮੇਸ਼।
ਗੁਰ ਕੋ ਸੇਵਹੁ ਜਨਮ ਸੁਧਾਰੋ।
ਗੁਰਮੁਖ ਬਨਹੁ ਅੰਤ ਨਹਿਂ ਹਾਰੋ ॥੧੯॥
ਦਿਵਸ ਦੁਆਦਸ਼ੀ ਤਿਥੀ ਬਿਤਾਈ।
ਤ੍ਰੌਦਸ਼ਮੀ ਮਹਿਂ ਕੀਨਿ ਚਢਾਈ।
ਅਧਿਕ ਧੁਨੀ ਧੌਂਸਾ ਧੁੰਕਾਰਾ।
ਤਤਛਿਨ ਦਲਿ ਤਿਆਰ ਹ੍ਵੈ ਸਾਰਾ ॥੨੦॥
ਜਹਾਂਗੀਰ ਉਤ ਚੜ੍ਹਿ ਕਰਿ ਚਾਲਾ।
ਮਾਨਵ ਚਲੇ ਹਜ਼ਾਰਹੁਂ ਨਾਲਾ।
ਤਬਿ ਜੇਠਾ ਮਨ ਮਾਂਹਿ ਬਿਚਾਰੇ।
-ਚੰਦੂ ਕੋ ਗੁਰ ਨਹੀਂ ਨਿਹਾਰੈਂ ॥੨੧॥
ਮਹਾਂ ਕ੍ਰਿਪਾਲੁ ਸੁਭਾਉ ਜਿ ਦੇਖੈਂ।
ਨਹੀਂ ਛੁਟਾਇ ਦੇਇਂ ਅਵਰੇਖੈਂ[1]-।
ਚੰਡਾਲਨਿ ਕੋ ਸੀਖ ਸਿਖਾਈ।
'ਚੰਦੂ ਸ੍ਵਾਨਨ ਸਾਥ ਮਿਲਾਈ ॥੨੨॥

[1]ਜੁਗਾਂ ਤੱਕ ਪਿਆ ਹੋਇਆ।

[†]ਦੂਸਰੇ ਜੁੱਧ ਵਿਚ ਇਹ ਗੱਲ ਸੱਚੀ ਹੋਈ ਸੀ।

[1]ਜਾਣਾ।

[1]ਕ੍ਰਿਪਾਲੂ ਸੁਭਾਵ ਨਾਲ ਜੇ ਕਦੇ ਤੱਕ ਬੈਠੇ, ਤਦ ਦੇਖਕੇ ਛੁਡਾ ਨਾ ਦੇਣ।

ਗੁਰੁ ਕੀ ਦ੍ਰਿਸ਼ਟਿ ਬਚਾਵਤਿ ਆਵਹੁ।
ਡੇਰਾ ਦੂਰ ਕਰਹੁ ਇਸ ਥਾਵਹੁਂ।'
ਇਮ ਕਹਿ ਕਰਿ ਸੰਗਰੀ ਗਰ ਡਾਰੀ।
ਨਰ ਛੋਰੇ ਗਨ, ਖਲ[1] ਰਖਵਾਰੀ ॥੨੩॥ [1]ਮੂਰਖ ਦੀ।
ਆਪ ਮਿਲ੍ਯੋ ਗੁਰੁ ਕੇ ਸੰਗ ਜਾਈ।
ਬਜਤਿ ਨਿਸ਼ਾਨ ਚਲਤਿ ਅਗਵਾਈ।
ਦਿਨ ਪ੍ਰਤਿ ਕੂਚ ਮੁਕਾਮ ਕਰੰਤੇ।
ਕਬਿ ਕਬਿ ਗੁਰੁ ਅਰੁ ਸ਼ਾਹੁ ਮਿਲੰਤੇ ॥੨੪॥
ਅਨਿਕ ਖੁਸ਼ੀ ਕੀ ਬਾਤਨਿ ਕਰਤੇ।
ਕਹਿ ਸੁਨਿ ਮਿਲਿ ਕਰਿ ਆਨੰਦ ਧਰਤੇ।
ਜਿਤਿਕ ਗੁਰੂ ਚਾਹਤਿ ਮਗ ਚਾਲੇ।
ਤਿਤੋ ਸ਼ਾਹੁ ਚਹਿ ਚਲਹਿ ਸੁਖਾਲੇ ॥੨੫॥
ਇਕ ਦਿਨ ਸ਼ਾਹੁ ਸੰਗ ਗੁਰੁ ਮਿਲੇ।
ਬਚਨ ਬਿਲਾਸ ਬਖਾਨੇ ਭਲੇ।
ਬੇਗਮ ਕੇ ਸਮੀਪ ਸੁਭ ਡੇਰੇ।
ਚਿਖਨ[1] ਝਰੋਖੇ ਲਗੇ ਘਨੇਰੇ ॥੨੬॥ [1]ਚਿਕਾਂ ਦੇ।
ਮਖ਼ਮਲ ਜ਼ਰੀ ਝਾਲਰਨਿ ਲਰਕੀ।
ਚੋਬ ਸੁ ਚਾਂਦੀ ਚਾਮੀਕਰ ਕੀ।
ਹੀਰੇ ਮੁਕਰ ਸੁ ਮੁਕਤਾ ਲਾਗੇ।
ਜਗਮਗ ਚਮਤਕਾਰ ਦੁਤਿ ਜਾਗੇ ॥੨੭॥
ਤਿਨ ਮਹਿਂ ਫਿਰਹਿਂ ਬੇਗਮਾ ਹੇਰਤਿ।
ਹਜ਼ਰਤਿ ਕੀ ਦਿਸ਼ਿ ਦ੍ਰਿਸ਼ਟੀ ਪ੍ਰੇਰਤਿ।
ਇਕ ਦੁਇ ਨਫਰ[1] ਨਿਕਟ ਤਹਿਂ ਪੇਖੇ। [1]ਨੌਕਰ।
ਪੁਨ ਸ਼੍ਰੀ ਹਰਿ ਗੋਬਿੰਦ ਜੀ ਦੇਖੇ ॥੨੮॥
ਮੁਖ ਮੰਡਲ ਦੀਰਘ ਜਿਸ ਕੇਰਾ।
ਸ਼ਮਸ਼[1] ਮਨਹੁ ਤਮ ਚਹਿ ਸਸਿ ਘੇਰਾ। [1]ਦਾੜ੍ਹਾ।
ਮੰਦ ਮੰਦ ਮੁਸਕਾਵਤਿ ਬੋਲਤਿ।
ਜਨੁ ਬਿੱਦ੍ਰਮ ਕੋ ਸੰਪਟ[1] ਖੋਲਤਿ ॥੨੯॥ [1]ਗੁਲੀਆਂ ਦਾ ਡੱਬਾ।
ਹੀਰਨ ਪਾਂਤਿ[1] ਦੰਤ ਬਿਚ ਦੀਖੇ। [1]ਹੀਰਿਆਂ ਦੀ ਲੜੀ।
ਬਚਨ ਸੁਗੰਧਤਿ ਸੁਧਾ ਸਰੀਖੇ।
ਬਹੁ ਬਿਸਤਰਤਿ ਬਿਲੋਚਨਿ ਬੰਕੇ[1]। [1]ਬਾਂਕੇ।

ਕਮਲ ਪਾਂਖੁਰੀ ਕੀ ਕਰਿ ਸੰਕੇ[1] ॥੩੦॥
ਜ਼ੇਵਰ ਜਬਰ ਜਵਾਹਰ ਜਰੇ।
ਪਹਿਰ ਸਰੀਰ ਬਿਭੂਖਤਿ ਕਰੇ।
ਗੁਰੁ ਸੁੰਦਰਤਾ ਕਹਿਂ ਲਗਿ ਕਹੋਂ।
ਮਹਿ ਮਹਿਂ ਕਿਹ ਠਾਂ ਅਪਰ ਨ ਲਹੌਂ ॥੩੧॥
ਰੂਪ ਬਿਲੋਕਿ ਬੇਗਮਾ ਸਾਰੀ।
ਰੀਝ ਰਹੀ ਜਨੁ ਮ੍ਰਿਗੀ ਬਿਚਾਰੀ।
ਇਕ ਟਕ ਦੇਖਿ ਰਹੀ ਸਭਿ ਦਾਰਾ।
ਮਨੋ ਜੂਪ ਮੈਂ[1] ਮਨ ਕੋ ਹਾਰਾ ॥੩੨॥
ਨਿਕਟ ਝਰੋਖੇ ਰਹਿਗੀ ਠਾਂਢੀ।
ਪ੍ਰੀਤ ਬਿਲੋਕਨਿ ਕੀ ਉਰ ਬਾਢੀ।
ਹਟਿ ਨਹਿਂ ਸਕਹਿਂ ਚਿੱਤ੍ਰ ਸੀ ਖਰੀ।
ਅੰਗ ਅੰਗ ਮਹਿਂ ਜਿਨ ਦੁਤਿ ਧਰੀ ॥੩੩॥
ਜਬਿ ਲਗਿ ਗੁਰੂ ਸ਼ਾਹੁ ਢਿਗ ਖਰੇ।
ਇਤ ਉਤ ਨਹੀਂ ਬਿਲੋਚਨ ਕਰੇ।
ਪੁਨ ਉਠਿ ਗੁਰੂ ਵਹਿਰ ਕੋ ਚਾਲੇ।
ਅਵਲੋਕਤਿ ਅਕੁਲਾਵਤਿ ਨਾਲੇ[1] ॥੩੪॥
ਚਿਤ ਮਹਿਂ ਲਗੀ ਚਟਪਟੀ ਐਸੇ।
-ਇਨ ਸੋਂ ਮਿਲਿਬੋ ਲਹਿਂ ਹਮ ਕੈਸੇ।
ਨਿਕਟਿ ਹੋਇ ਜਬਿ ਦੇਖਨਿ ਕਰੈਂ।
ਅਤਿ ਪ੍ਰਮੋਦ ਕੋ ਹਿਰਦੇ ਧਰੈਂ- ॥੩੫॥
ਚਿਤਵਤਿ ਜਤਨ ਅਨੇਕ ਪ੍ਰਕਾਰਾ।
ਗਨ ਦਾਸੀ ਮਹਿਂ ਬਾਕ ਉਚਾਰਾ।
'ਹਜ਼ਰਤ ਨਿਕਟ ਕੌਨ ਇਹ ਆਯੋ?
ਮਿਲਿ ਬੋਲਤਿ ਚਿਰ ਕਾਲ ਬਿਤਾਯੋ?' ॥੩੬॥
ਦਾਸੀ ਏਕ ਬ੍ਰਿਧਾ ਸਭਿ ਜਾਨੇ।
ਸਭਿ ਬੇਗਮ ਸੋਂ ਭੇਵ ਬਖਾਨੇ।
'ਸ਼੍ਰੀ ਹਰਿ ਗੋਬਿੰਦ ਇਹ ਗੁਰੁ ਪੀਰ।
ਭਏ ਸਹਾਇਕ ਸ਼ਾਹੁ ਸਰੀਰ ॥੩੭॥
ਦੁਰਗ ਗੁਆਲਿਯਰ ਬੈਠੇ ਜਾਇ।

[1]ਕਵਲਾਂ ਦੀ ਪੰਖੜੀ ਕੀਹ (ਸਦ੍ਰਿਸ਼ਤਾ) ਕਰ ਸਕਦੀ ਹੈ।

[1]ਜੂਏ ਵਿਚ।

[1]ਵਿਆਕੁਲਤਾ ਨਾਲ।

ਕਰੇ ਜਾਪ ਲਿਯ ਸ਼ਾਹੁ ਬਚਾਇ।
ਕੇਤਿਕ ਮਾਸ ਬਿਤੇ ਚਲਿ ਆਏ।
ਹਜ਼ਰਤ ਮਾਨਹਿ ਸੀਸ ਨਿਵਾਏ ॥੩੮॥
ਅਨਿਕ ਉਪਾਇਨ ਅਰਪਨ ਕਰੈ।
ਸਹਤ ਪ੍ਰੀਤਿ ਕੇ ਸ਼ਰਧਾ ਧਰੈ।'
ਸੁਨਿ ਬੇਗਮ ਤਬਿ ਰਚਯੋ ਉਪਾਇ।
'ਕਹੈਂ ਸ਼ਾਹੁ ਸੋਂ -ਪੀਰ ਦਿਖਾਇ ॥੩੯॥
ਹਮ ਭੀ ਬੰਦਹਿੰਗੀ ਤਿਨ ਚਰਨ।
ਜਿਨ ਦਰਸ਼ਨ ਤੇ ਦੁਖ ਗਨ ਹਰਨਿ-।'
ਗਯੋ ਸ਼ਾਹੁ ਅਪਨੇ ਰਣਵਾਸ।
ਖਾਨ ਪਾਨ ਕੇ ਕਰਨਿ ਬਿਲਾਸ ॥੪੦॥
ਤਬਿ ਬੇਗਮ ਨੇ ਬਾਤ ਚਲਾਈ।
'ਪੀਰ ਭਏ ਤੁਮਰੇ ਜੁ ਸਹਾਈ।
ਦਰਸ਼ਨ ਤੇ ਅਘ ਓਘਨਿ ਹਰਤਾ।
ਸੰਕਟ ਮੈਂ ਸਹਾਇ ਕੋ ਕਰਤਾ ॥੪੧॥
ਹੈ ਕਿ ਨਹੀਂ ਇਨ ਕੇ ਸੰਗ ਦਾਰਾ?'
ਸੁਨਿ ਹਜ਼ਰਤ ਨੇ ਬਾਕ ਉਚਾਰਾ।
'ਪੂਰਬ ਹੀ ਸੰਸੈ ਮੁਝ ਐਸੇ।
ਤਰੁਨ ਅਵਸਥਾ ਇਨ ਕੀ ਜੈਸੇ ॥੪੨॥
ਬਿਨ ਇਸਤ੍ਰੀ ਕਿਮ ਨਿਸਾ ਬਿਤਾਵੈਂ।
ਜਿਨਹੁं ਦੇਖਿ ਤ੍ਰਿਯ ਧੀਰ ਨ ਪਾਵੈਂ।
ਰੂਪ ਅਨੂਪਮ ਮ੍ਰਿਦੁਲ ਸੁਭਾਏ।
ਬੋਲਤਿ ਬਦਨ ਕਮਲ ਬਿਕਸਾਏ ॥੪੩॥
ਕਰਹੁ ਪੀਰ ਕੋ ਪਰਖਨਿ ਅਬੈ।
ਕਾਮ ਬਸੀ ਹੁਇ, ਕੈ ਨਹਿਂ ਕਬੈ।
ਅਪਨੇ ਤਨ ਕੋ ਸਭਿ ਸ਼ਿੰਗਾਰੋ।
ਜਾਹੁ ਸਮੀਪੀ ਦਰਸ ਨਿਹਾਰੋ ॥੪੪॥
ਕਰਹੁ ਬਿਲੋਕਨ ਲੋਚਨ ਗਤਿ ਕੋ[1]।
ਹੁਇ ਕੈ ਨਹਿਂ ਬਿਕਾਰ ਤਬਿ ਚਿਤ ਕੋ।
ਹਮ ਤੇ ਤ੍ਰਿਯ ਬਿਨ ਰਹਯੋ ਨ ਜਾਈ।
ਤਿਨ ਕੈ ਤਨ ਊਪਰ ਤਰੁਨਾਈ[1]' ॥੪੫॥
ਸੁਨਿ ਬੇਗਮ ਮਨ ਭਾਵਤਿ ਹੋਈ।

[1]ਨੇਤ੍ਰ (ਦੀ ਚੰਚਲ) ਦਸ਼ਾ ਕਰਕੇ।

[1]ਜਵਾਨੀ।

ਹਰਖ ਬਿਸਾਲ ਬਿਖੈ ਸਭਿ ਕੋਈ।
'ਭਈ ਭੋਰ ਜਹਿਂ ਹੋਵਹਿ ਡੇਰਾ।
ਹਮ ਕਰਿ ਹੈਂ ਦਰਸ਼ਨ ਗੁਰ ਕੇਰਾ' ॥੪੬॥
ਮਸਲਤਿ ਕਰਿ ਇਮ ਨਿਸਾ ਬਿਤਾਈ।
ਚਿਤ ਬੇਗਮ ਕੇ ਅਤਿ ਖਟਕਾਈ।
ਭਈ ਪ੍ਰਭਾਤਿ ਕੂਚ ਕਰਿ ਡੇਰਾ।
ਜਾਇ ਬਿਪਾਸਾ ਕੋ ਜਲ ਹੇਰਾ ॥੪੭॥
ਪਾਰ ਉਰਾਰ ਸਿਵਰ ਕੋ ਘਾਲਾ।
ਜਹਿਂ ਕਹਿਂ ਤੰਬੂ ਲਗੇ ਬਿਸਾਲਾ।
ਗਜ ਬਾਜੀ ਅਰੁ ਨਰ ਸਮੁਦਾਏ।
ਟਿਕਿ ਸਭਿਹਿਨਿ ਬਿਸਰਾਮ ਸੁ ਪਾਏ
॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਬੇਗਮਾਤ' ਪ੍ਰਸੰਗ ਬਰਨਨੰ ਨਾਮ ਖਸਟਮੋ ਅੰਸੂ ॥੬॥

੭. [ਬੇਗਮਾਤ]

੬<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੮

ਦੋਹਰਾ:

ਪੀਰ[1] ਪ੍ਰੀਖ੍ਯਾ ਪਰਖਿਬੇ, ਜਹਾਂਗੀਰ ਕਹਿ ਦੀਨਿ।
ਸਭਿ ਬੇਗਮ ਮਨ ਭਾਵਤੀ, ਜਾਨਿ ਹਰਖ ਬਡ ਕੀਨਿ ॥੧॥

[1]ਗੁਰੂ ਜੀ ਦੀ।

ਚੌਪਈ:

ਕੋ ਖੋੜਸ ਬਰਖਨਿ, ਕੋ ਬੀਸ।
ਕਿਸ ਬੇਗਮ ਕੀ ਬੈਸ ਪਚੀਸ।
ਕਰਿ ਸ਼ਨਾਨ ਕੋ ਪ੍ਰਥਮ ਸਰੀਰ।
ਪਹਿਰੇ ਰੰਗਦਾਰ ਬਰ ਚੀਰ ॥੨॥
ਜ਼ੇਵਰ ਜਬਰ ਜਵਾਹਰ ਜਰੇ।
ਮੁਕਤਾ ਗੋਲ, ਆਬ ਬਡ ਖਰੇ[1]।

[1]ਖਰੇ ਪਾਣੀ (ਚਮਕ) ਦੇ।

ਹੀਰਨਿ ਕੋ ਚਾਮੀਕਰ ਚਾਰੂ।
ਚਮਕਤਿ ਚੌਸਰਹਾਰ[1] ਉਦਾਰੂ ॥੩॥

[1]ਚਉਲੜੇ ਹਾਰ।

†ਜੋ ਰਜਪੂਤ ਨਰੇਸ਼ ਕੁਮਾਰੀ[1]।

[1]ਰਾਜ ਪੁੱਤਰੀਆਂ। †ਕਵਿ ਜੀ ਦੀ ਸ਼ਿੰਗਾਰ ਰਸੀ ਸ਼ਾਰਦਾ ਹੁਣ ਜ਼ੋਰ ਵਿਚ ਆਈ ਹੈ।

ਅਧਿਕ ਸਰੂਪਵਤੀ ਦੁਤਿ ਸਾਰੀ।
ਆਂਖ ਪਾਂਖਰੀ ਮਨਹੁਂ ਸਰੋਜਾ[1]।

[1]ਕਵਲ ਦੀ।

ਕਟ ਜਿਨ ਛੀਨੀ ਪੀਨ ਉਰੋਜਾ ॥੪॥
ਬੀਚ ਪਜਾਮਨਿ ਉਰੂ ਜਿ ਮੇਲੇ।
ਗੋਲ ਸ ਛੀਲਕ ਜਨੁ ਜੁਗ ਕੇਲੇ।
ਚਲਹਿਂ ਮਰਾਲ ਚਾਲ ਬਰ ਬਾਲਾ।
ਸਗਰੇ ਸੁੰਦਰ ਅੰਗ ਬਿਸਾਲਾ ॥੫॥
ਅੰਜਨ ਜੁਤਿ ਖੰਜਨ[1] ਜਨੁ ਨੈਨ।

[1]ਮਮੋਲਾ।

ਕੰਜਨ ਮਦ ਭੰਜਨ ਸਰ ਮੈਨ[1]।

[1]ਕਵਲ ਦੇ ਹੰਕਾਰ ਨੂੰ ਤੋੜਨ ਵਾਲੇ ਕਾਮਦੇਵ ਦੇ ਬਾਣ ਹਨ।

ਸਭਿ ਜਗ ਬੀਨ ਬੀਨ ਜੇ ਆਨੀ।
ਕਹਾ ਸੁੰਦਰਤਾ ਕਰੈਂ ਬਖਾਨੀ ॥੬॥
ਪ੍ਰੇਰੀ ਚਲੀ ਸ਼ਾਹੁ ਕੀ ਸੋਇ।
ਆਸ ਉਪਮਾ ਕਵਿ ਕੇ ਮਨ ਹੋਇ।
ਉਰਬਸਿ[1] ਆਦਿ ਮਨਹੁਂ ਸਮੁਦਾਈ।

[1]ਨਾਮ ਹੈ ਅਪੱਸਰਾਂ ਦਾ।

ਸ਼ਿਵ ਕੇ ਪਰਖਨਿ ਹੇਤੁ ਪਠਾਈ ॥੭॥
ਕੈ ਨਾਰਦ ਢਿਗ ਰੰਭਾ[1] ਆਦਿ।
ਚਲੀ ਕਰਨ ਕੋ ਬਹੁ ਤਪ ਬਾਦਿ[1]।
ਪ੍ਰਥਮ ਪਠੀ ਦਾਸੀ ਨੇ ਕਹਯੋ।
'ਬੇਗਮਾਤ[1] ਤੁਮ ਦਰਸ਼ਨ ਚਹਯੋ ॥੮॥
ਅੰਤਰ ਹੁਇ ਇਕੰਤ ਗੁਰੁ ਬੈਸੇਂ।
ਪਰਦੇ ਮਹਿਂ ਦਰਸਹਿਂ ਤ੍ਰਿਯ ਜੈਸੇ।
ਤਿਨ ਕੋ ਸਿਦਕ ਪੂਰੀਅਹਿ ਧੀਰ!
ਦਿਹੁ ਦਰਸ਼ਨ ਆਵੈਂ ਜਿਮ ਤੀਰ' ॥੯॥
ਬਿਨੈ ਸੁਨੀ ਤਿਨ ਕੀ ਬਹੁ ਜਬੈ।
ਹੁਇ ਇਕੰਤ ਬੈਠੇ ਗੁਰੁ ਤਬੈ।
ਸਭਿ ਘਟ ਕੀ ਲਖਿ ਅੰਤਰਜਾਮੀ।
ਸੁਮਤਿ ਦੇਨਿ ਇਛ ਪੂਰਨ ਸ੍ਵਾਮੀ ॥੧੦॥
ਡੋਰੇ ਅਦਿਕ ਜੇ ਅਸਵਾਰੀ।
ਪਰਦੇ ਮਹਿਂ ਹਜ਼ਰਤ ਕੀ ਨਾਰੀ।
ਉਤਰੀ ਆਨਿ ਗੁਰੂ ਕੇ ਦ੍ਵਾਰੇ।
ਗਮਨੀ ਨਿਕਟਿ ਅਨੰਦ ਕੋ ਧਾਰੇ ॥੧੧॥
ਬਹੁ ਦੀਨਾਰ ਜਵਾਹਰ ਲਯਾਈ।
ਪ੍ਰਥਮ ਉਪਾਇਨ ਧਰਿ ਅਗਵਾਈ।
ਕਰਿ ਕਰਿ ਬੰਦਨ ਬੈਠੀ ਤੀਰ।
ਨਾਰ ਛਬੀਲੀ ਗੌਰ ਸਰੀਰ ॥੧੨॥
ਬਦਨ ਉਘਾਰਿ ਅੰਚਰਾ ਟਾਰੈਂ[1]।
ਇਕ ਟਕ ਗੁਰੁ ਕੋ ਰੂਪ ਨਿਹਾਰੈਂ।
ਭਈ ਬਿਬਸਿ ਮੋਹਤ ਹ੍ਵੈ ਰਹੀ।
ਦੇਖਿ ਦਸ਼ਾ ਸਤਿਗੁਰੁ ਤਬਿ ਕਹੀ ॥੧੩॥
'ਪ੍ਰਥਮ ਪੁੰਨ ਕੋ ਫਲ ਇਹ ਪਾਯੋ।
ਸੁੰਦਰ ਰੂਪ ਅਨੂਪ ਸੁਹਾਯੋ।
ਸਰਬ ਪਦਾਰਥ ਭੋਗਹੁ ਭਲੇ।
ਜਸ ਇੱਛਹੁ ਤਸ ਤੂਰਨ ਮਿਲੇ ॥੧੪॥
ਪੀਰ ਫਕੀਰਨਿ ਸੇਵਾ ਕਰੀਅਹਿ।

[1]ਅਪੱਸਰਾਂ ਦਾ ਨਾਮ ਹੈ, ਇੰਦ੍ਰ ਦੀ ਸਭਾ ਵਿਚ ਇਸ ਦਾ ਨਾਚ ਦੇਖਕੇ ਨਾਰਦ ਜੀ ਮੋਹਿਤ ਹੋ ਗਏ ਤਾਂ ਬ੍ਰਹਮਾਂ ਨੇ ਸ੍ਰਾਪ ਦਿਤਾ ਕਿ ਤੂੰ ਮਨੁਖ ਹੋ ਜਾਹ।

[1]ਉਸ ਦੇ ਵਡੇ ਤਪ ਨੂੰ ਵਿਅਰਥ ਕਰਨ ਲਈ ਚਲੀਆਂ ਹਨ।

[1]ਬੇਗਮ ਦਾ ਬਹੁ ਵਚਨ ਹੈ—ਬੇਗਮਾਤ। [ਤੁ: ਬੇਗਮਾਤ]

[1]ਪੱਲਾ ਲਾਹ ਕੇ।

ਮਨ ਕੋ ਪ੍ਰੇਮ ਸ਼ਾਹੁ ਮਹਿਂ ਧਰੀਅਹਿ।
ਤ੍ਰੀਅਨਿ ਕੋ ਅਮਾਨ ਇਹ ਅਹੇ।
ਪਤਿ ਬਿਨ ਅਪਰ ਪੁਰਖ ਨਹਿਂ ਚਹੇ'
॥੧੫॥
ਸੁਨਿ ਕਰਿ ਸਤਿਗੁਰੁ ਕੋ ਬਚ ਨੀਕੋ।
ਚਹੈਂ ਉਪਾਵਨ ਮਨਮਥ[1] ਜੀ ਕੋ। [1]ਕਾਮ।
'ਕਹੋ ਪੀਰ ਜੀ! ਸਾਥ ਨ ਦਾਰਾ।
ਤਰੁਨ ਬੈਸ ਕਿਮ ਹੋਤਿ ਗੁਜ਼ਾਰਾ? ॥੧੬॥
ਰੂਪ ਅਨੁਪਮ ਸੁੰਦਰ ਅਹੈ।
ਦੇਖਤਿ ਕੌਨ ਹਰਖ ਨਹਿਂ ਲਹੈ।
ਕਯੋਂ ਨ ਬਿਲਾਸ ਕਰੋ ਮਨ ਭਾਏ।
ਬਹੁਰ ਤਰੁਨਤਾ ਬੈਸ ਨ ਪਾਏ ॥੧੭॥
ਅਪਰ ਅਨੰਦ ਮਨਿੰਦ ਨ ਇਸ ਕੇ।
ਦੰਪਤਿ ਰੂਪ ਤਰੁਨਤਾ ਜਿਸ ਕੇ[1]। [1]ਜਿਸ ਜੋੜੀ (ਭਰਤਾ ਤੇ ਨਾਰ) ਉਤੇ ਜੁਆਨੀ ਤੇ ਰੂਪ (ਦਾ ਚੜ੍ਹਾਉ) ਹੋਵੇ।
ਨਿਫਲ ਨ ਕੀਜਹਿ ਪ੍ਰਿਯਾ ਬਿਹੀਨ।
ਜੋਗ ਸਰਬ ਸੁਖ ਕੇ ਤਨ ਚੀਨ' ॥੧੮॥
ਸ਼੍ਰੀ ਹਰਿਗੋਵਿੰਦ ਸੁਨਿ ਕਰਿ ਕਹਯੋ।
'ਨਾਰ ਭੋਗ ਸਭਿ ਜਨਮਨਿ[†] ਲਹਯੋ। [†]ਪਾ:—ਜੂਨਨਿ।
ਏਕ ਸਮਾਨ ਸਭਿਨਿ ਮਹਿਂ ਅਹੈ।
ਸੂਕਰ ਕੂਕਰ ਸਭਿ ਸੁਖ ਲਹੈਂ ॥੧੯॥
ਇਹੁ ਮਾਨੁਖ ਤਨ ਪਾਇ ਵਿਸ਼ੇਸ਼।
ਸਿਮਰਨਿ ਕਰਹਿ ਖ਼ੁਦਾਇ ਹਮੇਸ਼।
ਜਨਮ ਅਨੇਕਨਿ ਕੋ ਦੁਖ ਖੋਵੈ।
ਜਿਸ ਤੇ ਮਰਨ ਕਸ਼ਟ ਨਹਿਂ ਜੋਵੈ ॥੨੦॥
ਤਰੁਨਾਪਨ ਕੋ ਸੁਖ ਦਿਨ ਚਾਰ।
ਇਸ ਮਹਿਂ ਪ੍ਰੇਮ ਨ ਕਰਹਿ ਬਿਚਾਰ।
ਸੁਖ ਜੋ ਅਟਲ ਲੇਨਿ ਹਿਤ ਚਾਹੈ।
ਸਤਿਗੁਰੁ ਸੇਵਹਿ ਸਿਮਰਿ ਅਲਾਹੈ[1] [1]ਅੱਲਾ ਨੂੰ, ਰੱਬ ਨੂੰ।
॥੨੧॥
ਥੋਰੇ ਸੁਖ ਹਿਤ ਬਹੁਤ ਨ ਖੋਵੈ।
ਸੋ ਬੁਧਿਵੰਤ ਚਤੁਰ ਨਰ ਹੋਵੈ।

ਤੁਮ ਭੀ ਕਰਿ ਨਿਤ ਪਤਿ ਮਹਿਂ ਪ੍ਰੇਮ।
ਸਿਮਰਿ ਖ਼ੁਦਾਇ ਲਹੋ ਸੁਭਿ ਛੇਮ' ॥੨੨॥
ਬੇਗਮ ਸੁਨਹਿਂ ਬਸਤ੍ਰ ਕੋ ਟਾਰਹਿਂ।
ਸੁੰਦਰ ਅਪਨੇ ਅੰਗ ਦਿਖਾਰਹਿਂ।
ਹਾਵ ਭਾਵ ਕਰਿ ਅਨਿਕ ਪ੍ਰਕਾਰੀ।
ਦੇਖਹਿਂ ਰੂਪ ਹੋਤਿ ਬਲਿਹਾਰੀ ॥੨੩॥
ਨਾਰਿ ਸੁਭਾਵ ਜਿ ਮਦਨ ਉਪਾਵਨਿ।
ਸਭਿ ਕਰਿ ਰਹੀ ਤਹਾਂ ਰੀਝਾਵਨ।
ਗੁਰ ਕੀ ਦ੍ਰਿਸ਼ਟਿ ਬਿਕਾਰ ਨ ਭਯੋ।
ਸਹਿਜ ਸੁਭਾਵ ਪ੍ਰਥਮ ਜਿਮ ਲਹਯੋ ॥੨੪॥
ਪਿਖਤਿ ਕਟਾਛਨਿ ਬੰਕੇ ਕਰਿ ਕੈ।
ਉਰਜ[1] ਦਿਖਾਵਤਿ ਭੁਜਾ ਉਸਰਿ ਕੈ।
ਅਪਨੀ ਦੁਤਿ ਦਿਖਾਇ ਕਰਿ ਹਾਰੀ।
ਨਹਿਂ ਸਤਿਗੁਰ ਕਿਮ ਭਏ ਬਿਕਾਰੀ ॥੨੫॥
ਕਿਤਿਕ ਕਾਲ ਬੈਠੀ ਢਿਗ ਰਹੀ।
ਸੁਨੀ ਬਾਤਿ ਮਨ ਭਾਵਤਿ ਕਹੀ।
ਜੋਰ ਨ ਚਲਯੋ ਜਾਨਿ ਸਭਿ ਲੀਨੀ।
ਉਠਨਿ ਹੇਤੁ ਪੁਨ ਮਨਸ਼ਾ ਕੀਨੀ ॥੨੬॥
ਜੋਰਿ ਹਾਥ ਪੁਨ ਬੰਦਨ ਠਾਨੀ।
-ਸਾਚੇ ਪੀਰ- ਬੇਗਮਨਿ ਜਾਨੀ।
ਜਸੁ ਕੋ ਕਰਤਿ ਚਢੀ ਅਸੁਵਾਰੀ।
ਅੰਤਰ ਪਰਦੇ ਜਾਇ ਉਤਾਰੀ ॥੨੭॥
ਜਹਾਂਗੀਰ ਅੰਤਹਪੁਰ ਆਵਾ।
ਥਿਰ ਹੁਇ ਗੁਰੂ ਪ੍ਰਸੰਗ ਚਲਾਵਾ।
'ਗਮਨੀ ਆਜ ਪੀਰ ਕੇ ਤੀਰ।
ਕਿਮ ਦੇਖਯੋ ਗੰਭੀਰ ਸਧੀਰ? ॥੨੮॥
ਇੰਗਤਿ ਬੋਲ ਬਿਲੋਕਨਿ ਕੇਰੀ।
ਤੁਮ ਸਮੀਪ ਤੇ ਕਹੁ ਕਿਮ ਹੇਰੀ[1]?
ਮਨ ਬਿਕਾਰ ਜੁਤਿ ਭਯੋ ਕਿ ਨਾਂਹੀ?
ਬਿਨ ਤ੍ਰਿਯ ਨਹਿਂ ਲਖੀਅਤਿ ਚਿਤ ਮਾਂਹੀ'

[1]ਸਥਨ।

[1]ਗੁਰੂ ਜੀ ਦੇ ਬੋਲਣ ਤੇ ਤੱਕਣੀ ਦੇ ਲੱਛਣਾਂ ਨੂੰ ਤੁਹਾਡੇ ਕੋਲ ਹੋਣ ਕਰਕੇ (ਤੁਸਾਂ) ਕਿਵੇਂ ਦਾ ਡਿੱਠਾ (ਦੱਸੋ)। [ਸੰ: ਇੰਗ-ਲੱਛਣ, ਇਸ਼ਾਰਾ]

॥੨੯॥
ਸੁਨਿ ਬੇਗਮ ਕਰ ਜੋਰਤਿ ਕਹ੍ਯੋ।
'ਇਨ ਸਮ ਅਪਰ ਨਹੀਂ ਹਮ ਲਹ੍ਯੋ।
ਹਾਵ ਭਾਵ ਅੰਗਨਿ ਦਿਖਰਾਵਨ।
ਹਮ ਸਭਿ ਕੀਨ ਮਦਨ ਉਪਾਵਨ ॥੩੦॥
ਹਮਰੋ ਕਰਤਬ ਬਾਯੁ ਮਨਿੰਦ।
ਰਹ੍ਯੋ ਪੀਰ ਮਨ ਮੇਰੁ ਗਿਰਿੰਦ।
ਸਹਜ ਸੁਭਾਇਕ ਪ੍ਰਥਮ ਸਮਾਨਾ।
ਮਧੁਰ ਗਿਰਾ ਉਪਦੇਸ਼ ਬਖਾਨਾ ॥੩੧॥
-ਪਤਿ ਮਹਿਂ ਪ੍ਰੇਮ ਕਿ ਨਾਮ ਖ਼ੁਦਾਇ।
ਸੁਨਤਿ ਹਮਾਰੋ ਮਨ ਬਿਰਮਾਇ[1]। [1]ਪਰਚਦਾ ਹੈ ਰੀਝਦਾ ਹੈ।
ਬੁਰੇ ਬਿਸ਼ਯ ਲਖਿ ਹੋਤਿ ਵਿਰਾਗ।
ਯਜ਼ਦਾ[1] ਸਿਮਰਨਿ ਮਹਿਂ ਅਨੁਰਾਗ- ॥੩੨॥ [1]ਰੱਬ [ਫਾ: ਯਜ਼ਦਾਂ]
ਇਹੁ ਸੁੰਦਰਤਾ ਇਹ ਤਰੁਨਾਈ।
ਇਹ ਕਦ ਇਹ ਬਲ ਇਹ ਚਤੁਰਾਈ।
ਸਭਿ ਕੋ ਪਾਇ ਕਿਯੋ ਮਨ ਬਸਿ ਮੈਂ।
ਨਹਿਂ ਦੌਰਤਿ ਕਬਿਹੂੰ ਕਿਸ ਰਸ ਮੈਂ ॥੩੩॥
ਬੰਦਨੀਯ ਸਭਿ ਜਗ ਕੇ ਪੀਰ।
ਨਿਸ਼ਚੈ ਰੱਖਜਕ ਤੁਮਹਿਂ ਸਰੀਰ।
ਸਦਾ ਅਦਾਬ ਕਰਹੁ ਇਨ ਕੇਰਾ।
ਭਲਾ ਹੋਹਿ ਜੁਗ ਲੋਕ ਘਨੇਰਾ ॥੩੪॥
ਚਿਤ ਕੀ ਜਾਨਤਿ ਅੰਤਰਜਾਮੀ।
ਮਹਾਂ ਪੁਰਖ ਪੂਰਨ ਬਡ ਸ੍ਵਾਮੀ।
ਨਹੀਂ ਅਵੱਗਜਾ ਆਪ ਕਰੀਜੈ।
ਸਰਬ ਪ੍ਰਕਾਰ ਪ੍ਰਸੰਨ ਰਖੀਜੈ' ॥੩੫॥
ਸੁਨਿ ਕੈ ਸ਼ਾਹੁ ਕਹ੍ਯੋ 'ਮੈਂ ਜਾਨੌਂ।
ਗਾਦੀ ਸ਼੍ਰੀ ਨਾਨਕ ਕੀ ਮਾਨੌਂ।
ਨਿਸ ਮਹਿਂ ਸਿਮਰੇ ਕਰੀ ਸਹਾਇ।
ਜੁਗ ਸ਼ੇਰਨਿ ਕੋ ਹੇਰਿ ਹਟਾਇ ॥੩੬॥
ਇਕ ਹਕੀਮ ਨੇ ਮੁਹਿ ਸਮੁਝਾਯੋ।

ਦੁਰਗ ਗ੍ਵਾਲਿਯਰ ਤੇ ਬੁਲਿਵਾਯੋ।
ਕੈਦੀ ਮਰਣ ਪ੍ਰਯੰਤ ਨ੍ਰਿਪਾਲੇ।
ਸੰਗ ਆਪਨੇ ਦੁਰਗ ਨਿਕਾਲੇ ॥੩੭॥
ਛੋਰਨ ਉਚਿਤ ਸੁ ਨਹਿਂ ਰਿਪੁ ਘੋਰੇ।
ਇਨ ਕੇ ਕਹੇ ਤੁਰਤ ਸੋ ਛੋਰੇ।
ਚੰਦੂ ਦਿਵਾਨ ਇਨਹੁ ਕੋ ਬੈਰੀ।
ਕਰੀ ਅਵੱਗਜਾ ਬਡ ਗੁਰ ਕੇਰੀ ॥੩੮॥
ਕਰਨਿ ਪ੍ਰਸੰਨ ਰਿਦੇ ਹਿਤ ਸਾਥ।
ਸੋ ਮੈਂ ਪਕਰ ਦੀਨਿ ਇਨ ਹਾਥ।
ਕਰਿਬੇ ਲਾਇਕ ਹੁਤੀ ਨ ਜੋਇ।
ਇਨ ਆਦਰ ਹਿਤ ਕੀਨੀ ਸੋਇ ॥੩੯॥
ਅਬਿ ਜਿਮ ਮਮ ਮਨ ਸੰਸੈ ਭਯੋ।
ਸੋ ਭੀ ਨਿਰਨੈ ਕਰਿ ਪਿਖਿ ਲਯੋ।
ਪਰਖ ਨਮਿੱਤ[1] ਕਰਿ ਤੁਮਹਿ ਪਠਾਯੋ[†]।

[1]ਪਰਖਣ ਵਾਸਤੇ (ਅ) ਪਰਖਨ+ਮਿਤ = ਪਰਖਣ ਦੀ ਸਲਾਹ। [†]ਮਾਲੂਮ ਹੁੰਦਾ ਹੈ ਕਿ ਕਵਿ ਜੀ ਨੂੰ ਕੋਈ ਸਾਖੀ ਮਿਲੀ ਹੈ, ਜਿਸ ਵਿਚ ਪਾਤਸ਼ਾਹ ਨੇ ਗੁਰੂ ਜੀ ਦੀ ਕੋਈ ਪਰਖਣਾਂ ਕੀਤੀ ਹੈ ਤੇ ਉਨ੍ਹਾਂ ਨੂੰ ਸਾਬਤ ਪਾਇਆ ਹੈ। ਉਸ ਸਾਖੀ ਦਾ ਆਪ ਨੇ ਕਵਿਤਾ ਦੇ ਅਲੰਕਾਰਾਂ ਤੇ ਸ਼ਿੰਗਾਰ ਰਸੀ ਰੂਪ ਰੰਗਾਂ ਵਿਚ ਇਕ ਚਿੱਤ੍ਰ ਚਿੱਤ੍ਰਤਿ ਕੀਤਾ ਹੈ ਤੇ ਗੁਰੂ ਜੀ ਦੇ ਜਤ ਸਤ ਦਾ ਰੂਪਕ ਬੀ ਸੁਹਣਾ ਦੱਸਿਆ ਹੈ। ਇਹ ਸਾਖੀ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ।

ਇਸ ਤੇ ਕੋਪ ਜਿ ਕੁਛ ਉਪਜਾਯੋ ॥੪੦॥
ਮਿਲੋਂ ਪ੍ਰਾਤਿ ਨਿਜ ਬਿਨੈ ਸੁਨਾਵੌਂ।
ਭੂਲ ਭਈ ਸਗਰੀ ਬਖ਼ਸ਼ਾਵੌਂ।
ਇੱਤਜਾਦਿਕ ਸੁਨਿ ਕਹਿ ਗੁਰੁ ਜਸ ਕੋ।
ਕਰਜੋ ਅਹਾਰ ਅਨੇਕਨਿ ਰਸ ਕੋ ॥੪੧॥
ਪਰੇ ਜਥਾ ਮੁਖ ਨਿਸ ਮਹਿਂ ਸੋਏ।
ਭਈ ਪ੍ਰਾਤ ਸਭਿ ਜਾਗ੍ਰਤਿ ਹੋਏ।
ਰਵਿ ਜਿਸ ਕਾਲ ਉਦੈ ਨਹਿਂ ਭਯੋ।
ਸ਼ਾਹੁ ਤਜਾਰਿ ਹ੍ਵੈ ਗੁਰੁ ਢਿਗ ਗਯੋ ॥੪੨॥
ਆਗੈ ਕਿਰਤਨ ਹੋਤਿ ਸਪ੍ਰੇਮ।
ਸੁਨਹਿ ਏਕ ਚਿਤ ਪ੍ਰਾਪਤਿ ਛੇਮ।
ਸਿੱਖਨਿ ਕੋ ਲਾਗਜੋ ਦੀਵਾਨ।

ਬੀਚ ਬਿਰਾਜਹਿਂ ਗੁਰ ਭਗਵਾਨ ॥੪੩॥
ਬੈਠੜੋ ਬੰਦਨ ਕਰਿ ਕੈ ਸ਼ਾਹੂ।
ਸੁਨੜੋ ਸ਼ਬਦ ਸੁਖ ਲਹਿ ਮਨ ਮਾਂਹੂ।
ਆਸਾਵਾਰ ਭੋਗ ਤਬਿ ਪਰੜੋ।
ਸੁਨਿ ਸ੍ਰੀ ਨਾਨਕ ਕੋ ਜਸ ਰਰੜੋ ॥੪੪॥
ਸ਼੍ਰੀ ਹਰਿ ਗੋਬਿੰਦ ਆਦਰ ਕੀਨਿ।
ਕਹੜੋ ਬਾਕ 'ਇਹ ਗੁਰ ਪੁਰਿ ਚੀਨਿ।
ਦਰਸ਼ਨ ਕਰਨਿ ਥਾਨ ਸਭਿ ਕੇਰਾ।
ਹੋਤਿ ਪਾਕ ਮਨ, ਪੁੰਨ ਘਨੇਰਾ ॥੪੫॥
ਸ਼੍ਰੀ ਗੁਰ ਅਮਰਦਾਸ ਘਰ ਇਹਾਂ।
ਗੋਇੰਦਵਾਲ ਬਸਾਯੋ ਮਹਾਂ।
ਪਿਤਾ ਤੋਰਿ ਜਿਨ ਕੇ ਢਿਗ ਆਯੋ।
ਗ੍ਰਾਮ ਪਰਗਨਾ ਤਿਨ ਅਰਪਾਯੋ' ॥੪੬॥
ਸੁਨਤਿ ਸ਼ਾਹੁ ਕਹਿ 'ਮੋਹਿ ਦਿਖਾਵੋ।
ਸਭਿ ਅਵਗੁਣ ਹਮਰੇ ਬਖ਼ਸ਼ਾਵੋ।
ਇਸੀ ਹੇਤੁ ਮੈਂ ਰਾਵਰਿ ਪਾਸ।
ਹਿਤ ਬਖ਼ਸ਼ਾਵਨਿ ਕੇ ਕਰਿ ਆਸ' ॥੪੭॥
ਸੁਨਿ ਸਤਿਗੁਰ ਨੇ ਬਹੁ ਸਨਮਾਨਾ।
'ਸ਼੍ਰੀ ਨਾਨਕ ਕੀ ਕ੍ਰਿਪਾ ਮਹਾਨਾ।
ਸਨਮੁਖ ਗੁਰ ਗ੍ਰਿਹ ਸੋਂ ਤੁਮ ਰਹੇ।
ਯਾਂ ਤੇ ਹਮ ਅਪਨੇ ਮਨ ਲਹੇ[1] ॥੪੮॥
ਇਸ ਥਲ ਤੇ ਮਾਰਗ ਹੁਇ ਨਜਾਰੋ।
ਤੁਮ ਲਵਪੁਰਿ ਕੋ ਇਤੇ ਸਿਧਾਰੋ।
ਚਹੈਂ ਸੁਧਾਸਰ ਹਮ ਅਬਿ ਜਾਯੋ।
ਬਿਨ ਦੇਖੇ ਬਹੁ ਕਾਲ ਬਿਤਾਯੋ' ॥੪੯॥
ਸੁਨਿ ਕਰਿ ਸ਼ਾਹੁ ਕਹੈ 'ਮੈਂ ਚਾਲੌਂ।
ਕਰਿ ਦਰਸ਼ਨ ਪੁਨ ਪੰਥ ਸਮਾਲੌਂ।
ਦੇਖਿ ਸੁਧਾਸਰ ਲੇ ਤੁਮ ਸੰਗ।
ਪੁਨ ਗਮਨਹਿਂ ਲਵਪੁਰੀ ਉਮੰਗਿ' ॥੫੦॥
ਸ਼ਰਧਾ ਜਾਨਿ ਸ਼ਾਹੁ ਕੀ ਮਹਾਂ।
ਹਰਿ ਗੋਬਿੰਦ 'ਤਥਾਸਤੁ' ਕਹਾ।
ਗੋਇੰਦਵਾਲ ਦਰਸ ਕੋ ਕਰਿਬੇ।

[1]ਤੁਹਾਨੂੰ) ਮਨ ਵਿਚ ਅਸਾਂ ਆਪਣਾ ਹੀ ਜਾਣਿਆਂ ਹੈ।

ਭਏ ਤਜਾਰ ਉਰ ਆਨੰਦ ਸਰਬੇ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਬੇਗਮਨਿ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

੮. [ਸ਼੍ਰੀ ਅੰਮ੍ਰਿਤਸਰ ਆਏ]

੭<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੯

ਦੋਹਰਾ:
ਸ਼੍ਰੀ ਹਰਿ ਗੋਬਿੰਦ ਸ਼ਾਹੁ ਲੇ,
ਗਮਨੇ ਗੋਇੰਦਵਾਲ।
ਪਾਰ ਬਿਪਾਸਾ ਤੇ ਉਤਰਿ,
ਸੰਗ ਲਿਏ ਨਰ ਜਾਲ ॥੧॥
ਚੌਪਈ:
ਪ੍ਰਥਮ ਬਾਵਲੀ ਜਾਇ ਸ਼ਨਾਨੇ।
ਕੀਰਤਿ ਸ਼੍ਰੀ ਗੁਰੁ ਅਮਰ ਬਖਾਨੇ।
ਸਭਿ ਮਿਲਿ ਭੱਲੇ ਸਾਹਿਬਜ਼ਾਦੇ।
ਆਏ ਗੁਰੁ ਹੇਰਨਿ ਅਹਿਲਾਦੇ ॥੨॥
ਸ਼ਾਹੁ ਸਹਤ ਸ਼੍ਰੀ ਹਰਿ ਗੋਬਿੰਦ।
ਅਰਪਨ ਕੀਨੋ ਦਰਬ ਬਿਲੰਦ।
ਮ੍ਰਿਦੁਲ ਬਖਾਨਿ ਅਧਿਕ ਸਨਮਾਨੇ।
ਬਹੁਰ ਚੁਬਾਰੇ ਦੇਖਨਿ ਪਜਾਨੇ ॥੩॥
ਤਹਿਂ ਪੂਜਾ ਕਰਿ ਕੇ ਹਟਿ ਆਏ।
ਚਢ੍ਯੋ ਸ਼ਾਹੁ ਤਬਿ ਬੰਬ[1] ਬਜਾਏ।
ਸ਼੍ਰੀ ਹਰਿ ਗੋਬਿੰਦ ਮਿਲਿ ਸਭਿ ਸਾਥ।
ਬੂਝੇ, ਕਹੀ ਚੰਦੁ ਕੀ ਗਾਥ ॥੪॥
ਜਥਾ ਜੋਗ ਕਹਿ ਸਭਿ ਹਰਖਾਏ।
ਸ਼੍ਰੀ ਗੁਰੁ ਅਮਰ ਅੰਸ ਸਮੁਦਾਏ।
ਸਭਿ ਤੇ ਲੇ ਆਇਸੁ ਗੁਰੁ ਚਲੇ।
ਪੰਥ ਤਰਨ ਤਾਰਨ ਕੇ ਭਲੇ ॥੫॥
ਡੇਰਾ ਆਇ ਕਰ੍ਯੋ ਨਿਜ ਥਾਨ।
ਉਤਰ੍ਯੋ ਜਹਾਂਗੀਰ ਸੁਖ ਮਾਨ।
ਕਰਿ ਇਸ਼ਨਾਨ ਗੁਰੂ ਤਬਿ ਤਹਾਂ।
ਪਿਤ ਸਥਾਨ ਕਰਿ ਬੰਦਨ ਮਹਾਂ ॥੬॥
ਸ਼ਾਹੁ ਆਨਿ ਧਨ ਭੇਟ ਚਢਾਇ।
ਬਸੇ ਨਿਸਾ ਬਿਸਰਾਮ ਸੁ ਪਾਇ।
ਭਈ ਪ੍ਰਾਤ ਕਰਿ ਕੈ ਇਸ਼ਨਾਨ।
ਕਰੀ ਪ੍ਰਣਾਮ ਗੁਰੂ ਪਿਤ ਥਾਨ ॥੭॥
ਡੇਰਾ ਕੂਚ ਸ਼ਾਹੁ ਜੁਤਿ ਭਯੋ।

[1]ਨਗਾਰਾ।

ਨਗਰ ਸੁਧਾਸਰ ਕੇ ਢਿਗ ਗਯੋ।
ਸ਼ਾਹੁ ਬਿਚਾਰਤਿ ਬਚਨ ਉਚਾਰਾ।
'ਗੁਰੂ ਨਗਰ ਅਬਿ ਨਿਕਟਿ ਨਿਹਾਰਾ ॥੮॥
ਸੈਨਾ ਬ੍ਰਿੰਦ ਮਤੰਗ ਤੁਰੰਗ।
ਨਰ ਅਨਗਨ ਹੈਂ† ਮੇਰੇ ਸੰਗ।
ਪੁਰੀ ਸਮੀਪ ਨ ਡੇਰਾ ਆਛੋ।
ਖੇਦ ਨ ਹੋਇ ਇਹੀ ਚਿਤ ਬਾਛੋਂ ॥੯॥
ਜਾਹੁ ਵਜ਼ੀਰਖਾਨ ਗੁਰੁ ਪਾਸ।
ਡੇਰਾ ਪੁਰਿ ਤੇ ਦੂਰਹਿ ਬਾਸਿ।
ਹੋਇ, ਉਲੰਘ ਕਰਿ ਆਗੈ ਹੇਰਿ[1]।
ਤਿਤ ਹੀ ਗਮਨੈਂ ਕਰਤਿ ਅਖੇਰਿ ॥੧੦॥
-ਡੇਰਾ ਹਮਰੋ ਤਹਿਂ ਕਰਿਵਾਇਂ।
ਅਪਨੀ ਸੈਨਾ ਨਿਕਟਿ ਟਿਕਾਇ।
ਬਹੁਰ ਸਦਨ ਕੋ ਆਪ ਸਿਧਾਰੋ[1]।
ਭੋਰ ਬਨਹਿਂ ਆਗਮਨ ਹਮਾਰੋ-' ॥੧੧॥
ਸੁਨਤਿ ਸ਼ਾਹੁ ਤੇ ਤੂਰਨ ਪਜਾਨਾ।
ਸ਼੍ਰੀ ਗੁਰੁ ਸੋਂ ਸਭਿ ਜਾਇ ਬਖਾਨਾ।
'ਹਜ਼ਰਤ ਕੀ ਮਰਜ਼ੀ ਇਮ ਅਹੈ।
ਤੁਮਰੀ ਰਿਦੇ ਪ੍ਰਸੰਨਤਾ ਚਹੈ' ॥੧੨॥
ਸੁਨਿ ਸ਼੍ਰੀ ਹਰਿ ਗੋਵਿੰਦ ਬਖਾਨੀ।
'ਆਛੀ ਬਾਤ ਕਰੀ ਹਮ ਮਾਨੀ।
ਦੋਇ ਕੋਸ ਗੁਮਟਾਲੇ† ਦਿਸ਼ਿ ਕੋ।
ਕਰਹੁ ਨਿਵਾਸ ਹਰਖ ਜਿਸ ਕਿਸ ਕੋ[1]' ॥੧੩॥
ਸੁਨਿ ਕਰਿ ਗਮਨਜੋ ਜਾਇ ਬਤਾਈ।
'ਤੁਮਰੀ ਕਹੀ ਗੁਰੂ ਮਨ ਭਾਈ।'
ਚਲੀ ਜਾਤਿ ਹਜ਼ਰਤ ਅਸੁਵਾਰੀ।
ਕਰਜੋ ਸਿਵਰ ਬਰ ਧਰਾ ਨਿਹਾਰੀ ॥੧੪॥
ਆਨਿ ਲਗੇ ਤੰਬੂ ਸਮੁਦਾਏ।
ਗਜ ਬਾਜੀ ਸਭਿ ਉਤਰਿ[1] ਟਿਕਾਏ।

†ਪਾ:—ਨਰ ਗਨ ਹੈਂ ਅਸ।

[1]ਲੰਘ ਕਰਕੇ (ਜਾਹ) ਤੇ ਅਗੇ (ਜਾ ਕੇ) ਦੇਖ (ਗੁਰੂ ਜੀ ਨੂੰ)।

[1]ਜਾਓ (ਹੇ ਗੁਰੂ ਜੀ)।

†ਇਹ ਗਿਰਾਂ ਹੁਣ ਕਚਹਿਰੀ ਦੇ ਪਾਸਵਾਰ ਹੈ।

[1]ਭਾਵ ਸਭ ਨੂੰ।

[1]ਉਤਾਰ ਕੇ।

ਕਹਜੋ ਵਜ਼ੀਰਖਾਨ ਕੋ ਸ਼ਾਹੂ।
'ਗਮਨੋ ਅਬੈ ਪੀਰ ਕੇ ਪਾਹੂ ॥੧੫॥
ਕਛੁਕ ਦਾਸ ਲੇ ਕਰਿ ਸੰਗ ਜਾਵੈਂ।
ਸਦਨ ਆਪਨੇ ਸਭਿ ਸੁਖ ਪਾਵੈਂ।
ਭਈ ਪ੍ਰਾਤ ਮੈਂ ਦਰਸ਼ਨ ਕਰੋਂ।
ਇਸ ਪ੍ਰਕਾਰ ਅਪਨੋ ਮਤਿ ਧਰੋਂ ॥੧੬॥
ਤੂੰ ਭੀ ਕਰਹੁ ਸੰਗ ਗੁਰੁ ਪਜਾਨਾ।
ਦਰਸ਼ਨ ਦੇਖਹੁ ਸਗਰੇ ਥਾਨਾ।
ਹਟਿ ਕਰਿ ਆਇ ਪ੍ਰਾਤ ਕੋ ਜਬੈ।
ਹਮ ਗਮਨੈਂ ਲੇ ਤੁਵ ਸੰਗ ਤਬੈ' ॥੧੭॥
ਹਜ਼ਰਤ ਤੇ ਸੁਨਿ ਕੈ ਤਤਕਾਲ।
ਪਹੁੰਚਜੋ ਜਹਿਂ ਸਤਿਗੁਰੂ ਕ੍ਰਿਪਾਲ।
ਕਹੀ ਸ਼ਾਹੁ ਕੀ ਸਗਲ ਸੁਨਾਈ।
'ਅਪਨੇ ਸਦਨ ਬਿਰਾਜੋ ਜਾਈ ॥੧੮॥
ਪੰਚ ਸਿੱਖ ਭਾਈ ਬ੍ਰਿੱਧ ਸੰਗ।
ਗੁਰੂ ਅਰੂਢੇ ਚਪਲ ਤੁਰੰਗ।
ਪੰਥ ਸੁਧਾਸਰ ਕੇ ਤਬਿ ਚਾਲੇ।
ਖਾਂ ਵਜ਼ੀਰ ਆਯਸਿ ਭਾ ਨਾਲੇ ॥੧੯॥
ਜੇਠਾ ਭੇਜਜੋ ਹੁਤੋ ਅਗਾਰੀ।
'ਪੰਚਾਂਮ੍ਰਿਤ ਕੀਜਹਿ ਬਹੁ ਤਜਾਰੀ।'
ਉਤਸਵ ਅਧਿਕ ਗੁਰੂ ਪੁਰਿ ਮਾਂਹੀ।
ਹਰਖਤਿ ਮਾਤ ਪਾਸ ਚਲਿ ਜਾਂਹੀ ॥੨੦॥
ਬਸਤ੍ਰ ਬਿਭੂਖਨ ਪਹਿਰ ਨਵੀਨ।
ਨਿਜ ਢਿਗ ਤੇ ਪੰਚਾਂਮ੍ਰਿਤ ਕੀਨਿ।
ਗੁੰਦੀ ਕਿਨ ਫੂਲਨਿ ਕੀ ਮਾਲਾ।
ਧੂਪ ਧੁਖਾਇ ਸੁਗੰਧਿ ਬਿਸਾਲਾ ॥੨੧॥
ਨਗਰੀ ਗਰੀ ਮਾਰਜਨ[1] ਕਰੀ।
ਕਰਿ ਛਿਰਕਾਵ ਧੂਰ ਪਰਹਰੀ।
ਨੌਬਤ ਬਜਹਿ ਗੁਰੂ ਕੇ ਪੌਰ।
ਪੁਰਿ ਪ੍ਰਵਿਸ਼ਹਿਂ ਸੋਢੀ ਸਿਰ ਮੌਰ ॥੨੨॥
ਕਹੈਂ ਚਾਵ ਧਰਿ ਕਰਹਿਂ ਪ੍ਰਤੀਖਨਿ-।
-ਪਿਖਹਿਂ ਸ਼ੀਘ੍ਰ ਹੀ ਸੁਖ ਲਹਿਂ ਈਖਨ[1]-।

[1]ਸਫਾਈ।

[1]ਅੱਖੀਆਂ ਸੁਖ ਪਾ ਲੈਣ। [ਸੰਸ: ਈਕਸ਼ਣ = ਅੱਖਾਂ।

ਨਜ਼ਰ]

ਸ਼੍ਰੀ ਗੁਰੁ ਚਢਿ ਤੁਰੰਗ ਪਰ ਆਏ।
ਪੁਰਿ ਕੇ ਚਿੰਨ੍ਹ ਦ੍ਰਿਸ਼ਟਿ ਜਬਿ ਪਾਏ ॥੨੩॥
ਹਯ ਤੇ ਉਤਰਿ ਚਰਨ ਸੋਂ ਚਾਲੇ।
ਬਡਿਨਿ ਗੁਰੂ ਹਿਤ ਅਦਬ ਬਿਸਾਲੇ।
ਖਾਂ ਵਜ਼ੀਰ ਜਬਿ ਗੁਰੁ ਦਿਸ਼ਿ ਹੇਰਾ।
ਉਤਰ ਚਲꩡੋ ਪਗ ਸੋਂ, ਬਿਨ ਦੇਰਾ ॥੨੪॥
ਅਪਰ ਸਰਬ ਹੀ ਗਮਨੇ ਪਾਂਇ।
ਘੋਰੇ ਸੰਗਿ ਲੀਨਿ ਡੁਰਿਆਇ[1]।
ਪ੍ਰਥਮ ਅਕਾਲ ਤਖਤ ਗੁਰੁ ਆਏ।
ਪੰਚਾਂਮ੍ਰਿਤ ਬਹੁ ਕਰਿ ਕੈ ਲꩡਾਏ ॥੨੫॥
ਖਰੇ ਕਰਾਵਨਿ ਕੋ ਅਰਦਾਸ।
ਹਰਖਤਿ ਹੁਇ ਕੀਨਿ ਗੁਰਦਾਸਿ।
ਪੰਚ ਗੁਰੁਨਿ ਕੋ ਲੇ ਕਰਿ ਨਾਮੂ।
ਤਬਿ ਅਰਦਾਸ ਕਰੀ ਅਭਿਰਾਮੂ ॥੨੬॥
ਹਾਥ ਜੋਰਿ ਕਰਿ ਭੇਟ ਚਢਾਈ।
ਧꩡਾਨ ਧਾਰਿ ਕਰਿ ਗ੍ਰੀਵ ਨਿਵਾਈ।
ਪੁਨ ਗੁਰਦਾਸ ਬੰਦਨਾ ਕਰਿ ਕੈ।
ਮਿਲꩡੋ ਸਰਬ ਸੋਂ ਉਰ ਮੁਦ ਧਰਿ ਕੈ ॥੨੭॥
ਕੁਸ਼ਲ ਪ੍ਰਸ਼ਨ ਸਤਿਗੁਰ ਨੇ ਕਰꩡੋ।
ਸਰਬ ਹੇਰਿ ਸੁਖ ਤਾਂਹਿ ਉਚਰꩡੋ।
ਬਹੁਰ ਦਰਸ਼ਨੀ ਪੌਰ ਸਿਧਾਰੇ।
ਸਨਮੁਖ ਹੋਇ ਬੰਦਨਾ ਧਾਰੇ ॥੨੮॥
ਹਰਿਮੰਦਿਰ ਮਹਿਂ ਗਏ ਗੁਸਾਈਂ।
ਅਧਿਕ ਭਾਉ ਧਰਿ ਗ੍ਰੀਵ ਨਿਵਾਈ।
ਤਹਿਂ ਬੁੱਢੇ ਅਰਦਾਸ ਉਚਾਰੀ।
ਪੰਚ ਗੁਰੁਨਿ ਲੇ ਨਾਮ ਅਗਾਰੀ ॥੨੯॥
ਬਹੁਰ ਕਰਾਹੁ ਸਭਿਨਿ ਵਰਤਾਯੋ।
ਅਧਿਕ ਪ੍ਰਮੋਦਿਤਿ ਲੇ ਕਰਿ ਖਾਯੋ।
ਉਠਿ ਕਰਿ ਪੁਨਹਿਂ ਪ੍ਰਕ੍ਰਮਾ ਦੀਨਿ।

[1]ਡੋਰਾਂ, ਲਗਾਮਾਂ ਫੜਕੇ ਆਏ।

ਥਿਰੇ ਅੱਗ੍ਰ ਅਭਿਬੰਦਨ ਕੀਨਿ ॥੩੦॥
ਪੁਨ ਸਤਿਗੁਰੁ ਪੁਰਿ ਮਹਿਂ ਚਲਿ ਆਏ।
ਨਰ ਨਾਰੀ ਉਰ ਅਨੰਦ ਵਧਾਏ।
ਧਾਇ ਧਾਇ ਦੇਖਨਿ ਕੋ ਆਵਹਿਂ।
ਕੋ ਸਿਰ ਕੋਠਨਿ ਪਰ ਦਰਸਾਵਹਿਂ[1] ॥੩੧॥

[1]ਕਈ ਕੋਠਿਆਂ ਦੇ ਸ਼ਿਖਰਾਂ ਤੋਂ ਦਰਸ਼ਨ ਕਰਦੀਆਂ ਹਨ।

ਕੋ ਨਰ ਫੂਲ ਮਾਲ ਲੇ ਮਿਲਈਂ।
ਅਰਪਿ ਉਪਾਇਨ ਕੋ ਸੰਗ ਚਲਈਂ।
ਕੋ ਧਰਿ ਭਾਉ ਚਰਨ ਗਹਿਂ ਆਈ।
ਨੰਮ੍ਰਿ ਹੋਇ ਕੋ ਸੀਸ ਲਗਾਈ ॥੩੨॥
ਜਥਾ ਜੋਗ ਗੁਰੁ ਸਭਿ ਸੋਂ ਕਹਿਹੀਂ।
ਬੂਝਿ ਬੂਝਿ ਪੁਰਿ ਨਰ ਸੁਧਿ ਲਹਿਹੀਂ।
ਮਾਤਾ ਕੇ ਮੰਦਰ ਕੋ ਚਾਲੇ।
ਜਿਸ ਕੇ ਪੁੱਤ੍ਰ ਸਨੇਹ ਬਿਸਾਲੇ ॥੩੩॥
ਸੁਨਿ ਆਗਵਨ ਤਨੁਜ ਕੋ ਗੰਗਾ।
ਮੇਵਹਿ ਨਹੀਂ ਆਪਨੇ ਅੰਗਾ।
ਸ਼੍ਰੀ ਨਾਨਕ ਕੋ ਸਿਮਰਨ ਕਰਿ ਕਰਿ।
ਨਮੋ ਕਰਤਿ ਸਿਰ ਧਰਨੀ ਧਰਿ ਧਰਿ ॥੩੪॥
ਤ੍ਰਿਯ ਗਨ ਆਨਿ ਵਧਾਈ ਦੇਵਤਿ।
ਭਰਜੋ ਹਰਖ ਉਰ ਸਭਿ ਕੀ ਲੇਵਤਿ।
ਪ੍ਰਿਯ ਪੁੱਤ੍ਰਾ ਇਮ ਧਰਤਿ ਹਲਾਸੂ।
ਜਿਮ ਸੁਰਤਰੁ ਲਹਿ ਰੰਕ ਅਵਾਸੂ ॥੩੫॥
ਦਾਸੀ ਦਾਸ ਅਨੰਦ ਬਿਲੰਦੇ।
ਅਤਿ ਉਤਸਵ ਕੋ ਧਾਰਤਿ ਬ੍ਰਿੰਦੇ।
ਸ਼੍ਰੀ ਹਰਿ ਗੋਵਿੰਦ ਪੂਰਨ ਚੰਦ।
ਪੁਰਿ ਸਗਰੋ ਸਾਗਰ ਮਾਨਿੰਦ ॥੩੬॥
ਧਾਇ ਧਾਇ ਨਰ ਦੇਖਨਿ ਆਵੈਂ।
ਮਨਹੁਂ ਤਰੰਗ[1] ਉਤੰਗ ਉਠਾਵੈਂ।

[1]ਲਹਿਰਾਂ।

ਆਇ ਪ੍ਰਵੇਸ਼ੇ ਜਬਿ ਘਰ ਬੀਚੀ।
ਗੰਗਾ ਸਮ ਗੰਗਾ ਉਠ ਬੀਚੀ[1] ॥੩੭॥

[1]ਮਾਤਾ ਗੰਗਾ ਗੰਗਾ ਦੀ ਲਹਿਰ ਵਾਂਙੂ ਉਠੀ [ਸੰਸ: ਵੀਚਿ = ਲਹਿਰ]

ਜਥਾ ਤੁਰਤ ਕੀ ਧੇਨੁ ਪ੍ਰਸੂਤਾ।

ਪਿਖŸੋ ਸਪੂਤ ਮਹਾਂ ਮਨ ਪੂਤਾ।
ਜਾਇ ਜਨਨਿ ਕੋ ਬੰਦਨ ਕੀਨਿ।
ਮਾਤ ਉਠਾਇ ਅੰਕ ਭਰਿ ਲੀਨਿ ॥੩੮॥
ਸੂੰਘਤਿ ਮਸਤਕ ਧਨ ਬਹੁ ਵਾਰਤਿ।
ਦੇਖਿ ਨ ਤ੍ਰਿਪਤੈ ਬਦਨ ਨਿਹਾਰਤਿ।
ਲਖਹਿ ਆਪ ਕੋ ਚਿਤ -ਬਡਭਾਗਨ-।
ਲਾਇਕ ਪੁੱਤ੍ਰ ਜਾਨਿ ਅਨੁਰਾਗਨ ॥੩੯॥
'ਕਹੁ ਸੁਤ ! ਤਨੁ ਕੁਸ਼ਲੀ ਜੁਤਿ ਰਹŸੋ।
ਸ਼ਾਹੁ ਮਿਲਨਿ ਕੁਛ ਆਛੋ ਲਹŸੋ।
ਤੁਮ ਕੋ ਚਿਤਵਤਿ ਨਿਸ ਦਿਨ ਰਹੀ।
ਬਾਰ ਬਾਰ ਨਾਨਾ ਸੁਧਿ ਲਹੀ' ॥੪੦॥
ਸ੍ਰੀ ਹਰਿ ਗੋਬਿੰਦ ਸਕਲ ਬਤਾਈ।
'ਕਾਰਜ ਭਏ ਸਿੱਧ ਸਮੁਦਾਈ।
ਗੁਰੁਦ੍ਰੋਹੀ ਗਹਿਵਾਇ ਚੰਡਾਲਨਿ।
ਦਈ ਸਜ਼ਾਇ ਸਮੂਹ ਬਿਸਾਲਨਿ ॥੪੧॥
ਮਾਰ ਖਾਇ ਅਰੁ ਧਰਮ ਨ ਲਹੈ[1]।
ਮਰਹਿ ਨਰਕ ਮਹਿਂ ਸੰਕਟ ਸਹੈ।
ਸ੍ਰੀ ਨਾਨਕ ਜੀ ਭਏ ਸਹਾਇ।
ਰਾਖŸੋ ਬਿਰਦ ਆਪਨੋ ਆਇ' ॥੪੨॥
ਇੱਤਜਾਦਿਕ ਸਭਿ ਗਾਥ ਸੁਨਾਏ।
ਉਠੇ ਗੁਰੂ ਪੁਨ ਬਾਹਿਰ ਆਏ।
ਖਾਂ ਵਜ਼ੀਰ ਕੋ ਕਹਿ ਸਮੁਝਾਯਹੁ।
'ਸ਼ਾਹੁ ਸਮੀਪ ਅਬਹਿ ਤੁਮ ਜਾਯਹੁ ॥੪੩॥
ਭੋਰ ਹੋਤਿ ਇਤ ਕੋ ਚਲਿ ਆਵਹਿ।
ਸੁੰਦਰ ਹਰਿਮੰਦਿਰ ਦਰਸਾਵਹਿ।'
ਸੁਨਿ ਗਮਨŸੋ ਲੇ ਆਇਸੁ ਗੁਰ ਕੀ।
ਜਿਸ ਕੈ ਗਾਢੀ ਸ਼ਰਧਾ ਉਰ ਕੀ ॥੪੪॥
ਮਿਲŸੋ ਸ਼ਾਹੁ ਸੋਂ ਸਕਲ ਸੁਨਾਯੋ।
'ਗੁਰ ਘਰ ਥਿਰ ਹ੍ਵੈ ਮੋਹਿ ਪਠਾਯੋ।
ਪ੍ਰਾਤਿ ਹੋਤਿ ਰਾਵਰ ਭੀ ਦਰਸਹੁ।
ਗੁਰੁ ਸਥਾਨ ਪਾਵਨ ਕੋ ਪਰਸਹੁ ॥੪੫॥

[1]ਭਾਵ ਧਰਮ ਹੀਨ ਹੋਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਆਗਵਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

੯. [ਅੰਮ੍ਰਿਤਸਰ ਵਿਰਾਜਮਾਨ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:
ਸ਼੍ਰੀ ਗੁਰੁ ਹਰਿ ਗੋਬਿੰਦ ਜੀ,
ਕਰਿ ਕੈ ਖਾਨ ਰੁ ਪਾਨ।
ਸਭਿ ਪੁਰਿ ਕੋ ਆਨੰਦ ਦੈ,
ਬਾਨੀ ਮ੍ਰਿਦੁਲ ਬਖਾਨਿ ॥੧॥
ਚੌਪਈ:
ਜਥਾ ਜੋਗ ਬੋਲੇ ਸਭਿ ਸਾਥ।
ਕੁਸ਼ਲ ਪ੍ਰਸ਼ਨ ਕਰਿ ਕੈ ਗੁਰ ਨਾਥ।
ਮਹਿਲ ਆਪਨੇ ਜਾਇ ਸੁਹਾਏ।
ਤਬਿ ਦਮੋਦਰੀ ਮੋਦ ਬਢਾਏ ॥੨॥
ਬੰਦਨ ਕਰੀ ਬੰਦਿ ਕਰ ਤਬੈ।
ਦੇਖ੍ਯੋ ਕੰਤ ਮਹਾਂ ਦੁਤਿ ਫਬੈ।
ਦਾਸੀ ਗਨ ਸੇਵਾ ਸਭਿ ਠਾਨੀ।
ਸੁਪਤੇ ਸਤਿਗੁਰੁ ਸੇਜ ਮਹਾਨੀ ॥੩॥
ਜਾਮ ਨਿਸਾ ਤੇ ਜਾਗ੍ਰਿਤਿ ਹੋਇ।
ਸੌਚਾਚਾਰ ਕਰੀ ਸਭਿ ਜੋਇ।
ਕਰਿ ਸ਼ਨਾਨ ਕੋ ਲਾਇ ਧਿਆਨ।
ਥਿਰ ਕਰਿ ਬ੍ਰਿਤੀ ਲਿਯੋ ਰਸ ਗ੍ਯਾਨ ॥੪॥
ਸੰਗਤਿ ਸਕਲ ਸੁ ਮੱਜਤਿ ਹ੍ਵੈ ਕੈ।
ਸੁਨਹਿਂ ਕਰੈਂ ਕਿਰਤਨ ਸੁਖ ਪੈ ਕੈ।
ਜਹਿਂ ਕਹਿਂ ਪੁਰਿ ਮਹਿਂ ਅਰੁ ਹਰਿਮੰਦਰਿ।
ਭਜਨ ਹੋਤਿ ਇਕ ਰਸ ਪ੍ਰਭੁ ਸੁੰਦਰ ॥੫॥
ਸੂਰਜ ਉਦੈ ਭੋਗ ਤਬਿ ਪਰ੍ਯੋ।
ਸਭਿਨਿ ਗੁਰੂ ਕੋ ਦਰਸ਼ਨ ਕਰ੍ਯੋ।
ਜਹਾਂਗੀਰ ਕੇ ਨਰ ਪੁਨ ਆਏ।
ਕਰਿ ਪੰਚਾਂਮ੍ਰਿਤ ਬਹੁ ਕਰਿਵਾਏ ॥੬॥
ਇਤਨੇ ਬਿਖੈ ਆਪ ਚਲਿ ਆਯੋ।
ਕਹਿ ਸਤਿਗੁਰੁ ਕੋ ਸੰਗ ਮਿਲਾਯੋ।
ਪ੍ਰਥਮ ਅਕਾਲ ਤਖਤ ਕੋ ਆਏ।
ਦਰਸ਼ਨ ਦੇਖਤਿ ਸੀਸ ਨਿਵਾਏ ॥੭॥
ਤਹਿਂ ਨਿਜ ਕਰ ਤੇ ਧਨ ਅਰਪਾਯੋ।

ਕਰਿ ਅਰਦਾਸ ਕਰਾਹੁ ਬ੍ਰਤਾਯੋ।
ਗੁਰੂ ਸਹਤ ਹਜ਼ਰਤ ਮੁਦ ਧਾਰਿ।
ਪੁਨ ਗਮਨੇ ਹੇਰਨਿ ਦਰਬਾਰ ॥੮॥
ਪੌਰ ਦਰਸ਼ਨੀ ਬੰਦਨ ਕਰੇ।
ਗਮਨੇ ਸਨਮੁਖ ਅੰਤਰ ਬਰੇ।
ਪੁਲ ਪਰ ਗੇ ਦਰਬਾਰ ਅਗਾਰੀ।
ਕਰਿ ਪ੍ਰਣਾਮ ਕੋ ਬਰੇ ਮਝਾਰੀ ॥੯॥
ਗਾਇਂ ਰਬਾਬੀ ਸ਼ਬਦ ਅਖੰਡ।
ਇਕ ਸੱਤਾ ਦੂਸਰ ਬਲਵੰਡ।
ਨਿਕਟ ਗ੍ਰਿੰਥ ਸਾਹਿਬ ਬ੍ਰਿਧ ਭਾਈ।
ਬੈਠੇ ਸਿੱਖ ਸੰਤ ਸਮੁਦਾਈ ॥੧੦॥
ਜਬਰ ਜਵਾਹਰ ਅਰੁ ਦੀਨਾਰ।
ਅਰਪਨ ਕਰਿ ਅਰਦਾਸ ਉਦਾਰ।
ਪੰਚਾਂਮ੍ਰਿਤ ਸਭਿ ਮਹਿਂ ਬਰਤਾਯੋ।
ਦਰਸ਼ਨ ਕਰਿ ਹਜ਼ਰਤ ਹਰਖਾਯੋ ॥੧੧॥
ਬੈਠਿ ਸ਼ਬਦ ਕੋ ਸੁਨਿਬੇ ਲਾਗ।
ਜਿਨਹੁ ਬਿਖੈ ਪ੍ਰਭੁ ਕੋ ਅਨੁਰਾਗ।
ਰੀਝਜੋ ਰਾਗ ਪਰਖ ਕਰਿ ਤਹਾਂ।
ਦਿਯੋ ਰਬਾਬੀ ਕੋ ਧਨ ਮਹਾਂ ॥੧੨॥
ਪੁਨ ਉਠਿ ਗੁਰੁ ਜੁਤਿ ਬਾਹਿਰ ਆਏ।
ਥਿਰੇ ਅਕਾਲ ਤਖਤ ਹਰਖਾਏ।
ਬਹੁ ਮੋਲੇ ਸਿਰੁਪਾਉ ਮੰਗਾਏ।
ਮਿਸਰੀ ਆਨਤਿ ਭੇ ਸਮੁਦਾਏ ॥੧੩॥
ਸ਼੍ਰੀ ਹਰਿ ਗੋਵਿੰਦ ਗਹਿ ਨਿਜ ਹਾਥ।
ਦਿਯੋ ਸ਼ਾਹੁ ਕੋ ਕਰੁਨਾ ਸਾਥ।
ਲੇ ਸਿਰੁਪਾਉ ਗੁਰੂ ਘਰ ਕੇਰੋ।
ਧਰਜੋ ਸੀਸ ਪਰ ਭਾਉ ਘਨੇਰੋ ॥੧੪॥
ਅਪਰ ਸੰਗਿ ਜੇਤੇ ਉਮਰਾਉ।
ਸਭਿ ਕੋ ਸੁੰਦਰ ਦੇ ਸਿਰੁਪਾਉ।
ਦੀਨਿ ਸਿਤੋਪਲ[1] ਗੁਰੂ ਪ੍ਰਸਾਦਿ।
ਸਭਿਨਿ ਲੀਨਿ ਕਰਿ ਕਰਿ ਅਹਿਲਾਦ ॥੧੫॥

[1]ਪਤਾਸੇ [ਸੰਸ: ਸਿਤ+ਉਪਲ]

ਸ਼ਾਹੁ ਨਫਰ ਜੇਤਿਕ ਤਿਸ ਥਾਨ।
ਜਥਾ ਜੋਗ ਧਨ ਦੀਨਿ ਮਹਾਨ।
ਲੇ ਲੇ ਸਕਲ ਕਰਹਿਂ ਅਭਿਬੰਦਨ।
ਸੁਜਸੁ ਕਰਹਿਂ ਗੁਰੁ ਦੋਖ ਨਿਕੰਦਨ ॥੧੬॥
ਭਨਜੋ ਸ਼ਾਹੁ ਨੇ 'ਸਰਬ ਮਕਾਨ।
ਕਰਿਵਾਵਹੁ ਨੀਕੀ ਬਿਧਿ ਠਾਨਿ।
ਸ਼ਾਹੁ ਸਦਨ ਤੇ ਲਾਗੈ ਦਰਬਾ।
ਪੂਜਨ ਥਾਨ ਬਨਾਵਹੁ ਸਰਬਾ ॥੧੭॥
ਮੁਖ ਤੇ ਆਇਸੁ ਕਰਤੇ ਰਹੋ।
ਬਨਹਿ ਤਥਾ ਜੈਸੇ ਚਿਤ ਚਹੋ।'
ਗੁਰੂ ਕਹਜੋ 'ਇਹੁ ਸਭਿ ਬਨ ਜੈ ਹੈ।
ਜਬਿ ਹੀ ਸਮਾਂ ਬਨਨਿ ਕੋ ਐ ਹੈ ॥੧੮॥
ਸਤਿਗੁਰੁ ਕੇ ਸਿਖ ਪ੍ਰੇਮੀ ਜੋਇ।
ਧਨ ਤਨ ਮਨ ਤੇ ਸੇਵਹਿਂ ਸੋਇ।
ਸਨੇ ਸਨੇ ਸੁਵਰਨ ਕੇ ਮੰਦਰ।
ਅਨਿਕ ਪ੍ਰਕਾਰਨਿ ਬਨਿ ਹੈਂ ਸੁੰਦਰ'
॥੧੯॥
ਗੁਰੁ ਮਰਜ਼ੀ ਹਜ਼ਰਤ ਨੇ ਜਾਨੀ।
ਮੁਖ ਤੇ 'ਆਛੀ ਬਾਤ' ਬਖਾਨੀ।
ਆਇਸੁ ਲੇ ਕਰਿ ਠਾਨਿ ਪ੍ਰਣਾਮ।
ਚਲਜੋ ਸਰਾਹਤਿ ਗੁਰੁ ਕੇ ਧਾਮ ॥੨੦॥
ਨਿਜ ਡੇਰੇ ਮਹਿਂ ਪਹੁੰਚਜੋ ਜਾਈ।
ਬੇਗਮ ਮਿਲੀ ਜਬਹਿ ਸਮੁਦਾਈ।
ਬੂਝਨਿ ਕੀਨਿ 'ਸ਼ਾਹ ਕਿਤ ਗਏ?'
'ਗੁਰ ਕੋ ਦਰਸ' ਬਤਾਵਤਿ ਭਏ ॥੨੧॥
ਕਹਤਿ ਭਈ 'ਗੁਰ ਕੀ ਜੇ ਦਾਰਾ।
ਹਮ ਭੀ ਦਰਸ ਲਹੈਂ ਸੁਖ ਸਾਰਾ।'
ਸੁਨਤਿ ਸ਼ਾਹੁ ਤਬਿ ਆਇਸੁ ਦਈ।
ਬੇਗਮ ਬ੍ਰਿੰਦ ਤਜਾਰ ਤਬਿ ਭਈ ॥੨੨॥
ਚਢਿ ਗਮਨੀ ਪਰਦੇ ਅਸੁਵਾਰੀ।
ਆਇ ਗੁਰੂ ਕੀ ਪੁਰੀ ਨਿਹਾਰੀ।
ਪੂਰਬ ਸ਼੍ਰੀ ਹਰਿਮੰਦਿਰ ਗਈ।

ਦਰਸ ਬਿਲੋਕਤਿ ਹਰਖਤਿ ਭਈ ॥੨੩॥
ਦਰਬ ਅਕੋਰ ਧਰੀ ਕਰਿ ਨਮੋ।
ਗੁਰੁ ਘਰ ਕੋ ਚਾਲੀ ਤਿਹ ਸਮੋ।
ਮਾਤ ਗੰਗ ਬਡ ਫਰਸ਼ ਕਰਾਏ।
ਬੈਠੀ ਬਿਚ ਤ੍ਰੀਯਨ ਸਮੁਦਾਏ ॥੨੪॥
ਨਿਕਟ ਆਪਨੇ ਨੁਖਾ ਬਿਠਾਈ।
ਬਸਤ੍ਰ ਬਿਭੂਖਨ ਸੋਂ ਛਬਿ ਛਾਈ।
ਪ੍ਰਵਿਸ਼ੀ ਬੇਗਮ ਸਦਨ ਮਝਾਰੀ।
ਗਮਨੀ ਆਗੈ ਤਜਿ ਅਸੁਵਾਰੀ ॥੨੫॥
ਜੇਵਰ ਜਰੇ ਜਵਾਹਰ ਬ੍ਰਿੰਦ।
ਕੰਚਨ ਕੇ ਗੁਨ ਚਾਰੁ ਬਿਲੰਦ।
ਬਸਤ੍ਰ ਜਿ ਇਸਤ੍ਰਿਨਿ ਪਹਿਰਨਿ ਗਾਤ।
ਰੇਸ਼ਮ, ਪਸ਼ਮ, ਬਰਨ ਬਹੁ ਭਾਂਤਿ ॥੨੬॥
ਧਰਿ ਕਰਿ ਸਭਿ ਸ਼ੁਭ ਗੰਗ ਅਗਾਰੀ।
ਗਨ ਬੇਗਮ ਤਬਿ ਬੰਦਨ ਧਾਰੀ।
ਗੁਰੁ ਜਨਨੀ ਨੇ ਬਹੁ ਸਨਮਾਨੀ।
ਹਰਖਾਵਤਿ ਕਹਿ ਮਾਧੁਰ ਬਾਨੀ ॥੨੭॥
ਨਿਕਟਿ ਆਪਨੇ ਸਕਲ ਬਿਠਾਈ।
'ਪਤਿਬ੍ਰਤਿ ਧਰਮ ਧਰਹੁ' ਸਿਖ ਗਾਈ[1]।
'ਪੁੱਤ੍ਰ' ਪੌਤ੍ਰ ਗਨ ਤੇ ਸੁਖ ਪਾਵਹੁ।
ਪਤਿ ਕੀ ਪ੍ਰੀਤਿ ਰਹੈ ਹਰਖਾਵਹੁ' ॥੨੮॥
ਹਾਥ ਜੋਰਿ ਪੁਨ ਬੂਝਨਿ ਲਾਗੀ।
'ਗੁਰੂ ਭਾਰਜਾ ਕੋ ਬਡਭਾਗੀ?
ਹੇ ਮਾਤਾ! ਸੋ ਹਮਹਿ ਬਤਾਵੋ।
ਤਿਸ ਕੋ ਸਮ ਕੋ ਨਹੀਂ ਲਖਾਵੋਂ' ॥੨੯॥
ਸੁਨਿ ਗੰਗਾ ਕਰ ਸੰਗ ਬਤਾਈ।
'ਇਹੁ ਮਮ ਨੁਖਾ ਗੁਰਨਿ ਘਰ ਆਈ।'
ਦੀਰਘ ਨਯਨਾ[1] ਕੋ ਤਬਿ ਹੇਰਾ।
ਕਹੈਂ ਕਿ 'ਧੰਨ ਭਾਗ ਹੈ ਤੇਰਾ ॥੩੦॥
ਸੁੰਦਰ ਮਹਾਂ ਸਰੂਪ ਛਬੀਲਾ।
ਅਸਿ ਪਤਿ ਪ੍ਰਾਪਤਿ ਭਯੋ ਸੁਸ਼ੀਲਾ।'
ਇਸਤ੍ਰਿਨਿ ਕੇ ਸੁਭਾਵ ਜਿਮ ਹੋਇੰ।

[1]ਸਿੱਖਯਾ ਦਿੱਤੀ। (ਅ) ਅਸ਼ੀਰਵਾਦ ਦਿੱਤੀ।

[1]ਵੱਡੇ ਨੇਤ੍ਰਾਂ ਵਾਲੀ (ਮਾਤਾ ਦਮੋਦਰੀ ਜੀ)।

ਕਹਿ ਅਸ ਬਾਕ ਬੂਝ ਸਭ ਸੋਇ ॥੩੧॥
ਕਿਤਿਕ ਦੇਰ ਦਰਸ਼ਨ ਕੋ ਕੀਨਿ।
ਬਹੁਰ ਚਲਨ ਕੋ ਆਇਸੁ ਲੀਨ।
ਤਬਿ ਗੰਗਾ ਨੇ ਪ੍ਰੇਰੀ[1] ਦਾਸੀ। [1]ਬੁਲਾਈ।
ਜਰੀ ਬਸਤ੍ਰ ਗਨ ਆਨੇ ਪਾਸੀ ॥੩੨॥
ਸਭਿ ਬੇਗਮ ਕੋ ਸਾਦਰ ਦੀਨੇ।
ਗੁਰੁ ਪ੍ਰਸਾਦਿ ਲਖਿ ਕਰਿ ਤਿਨ ਲੀਨੇ।
ਬੰਦਨ ਕਰਤਿ ਬਹੁਰ ਹਰਖਾਇ।
ਉਠਿ ਕਰਿ ਬੇਗਮ ਤਬਿ ਸਮੁਦਾਇ ॥੩੩॥
ਘਰ ਤੇ ਨਿਕਸਿ ਚਢੀ ਅਸੁਵਾਰੀ।
ਪਹੁੰਚੀ ਅਪਨੇ ਸਿਵਰ ਮਝਾਰੀ।
ਨਿਸ ਮਹਿਂ ਸ਼ਾਹੁ ਮਿਲ੍ਯੋ ਜਬਿ ਆਇ।
ਗੁਰੁ ਕੋ ਸਦਨ ਸਰਾਹੁ ਸੁਨਾਇ[1] ॥੩੪॥ [1]ਸਲਾਹੁਤ ਕੀਤੀ।
ਸ਼੍ਰੀ ਅਰਜਨ ਸੁਤ ਸਦਨ ਸੁਹਾਏ।
ਸੁਪਤਿ ਜਥਾ ਮੁਖ ਨਿਸਾ ਬਿਤਾਏ।
ਭਈ ਪ੍ਰਭਾਤ ਸ਼ਾਹੁ ਨੇ ਚਾਹਾ।
-ਕਰਹਿਂ ਅਖੇਰ ਬ੍ਰਿੱਤ ਬਨ ਮਾਂਹਾ- ॥੩੫॥
ਪਠਿ ਵਜ਼ੀਰ ਖਾਂ ਗੁਰੂ ਬੁਲਾਏ[1]। [1]ਘੱਲਕੇ ਵਜ਼ੀਰ ਖਾਂ ਨੂੰ ਗੁਰੂ ਜੀ ਨੂੰ ਸੱਦਿਆ (ਸ਼ਾਹ ਨੇ)।
ਗਮਨ੍ਯੋ[1] ਬਾਹਰ ਸੰਗ ਮਿਲਾਏ। [1]ਗਿਆ (ਪਾਤਸ਼ਾਹ)।
ਭਾਂਤਿ ਭਾਂਤਿ ਬਨ ਖੇਲ ਅਖੇਰਾ।
ਹਨੇ[1] ਜੀਵ ਦੇ ਖੇਦ ਘਨੇਰਾ ॥੩੬॥ [1]ਪਾਤਸ਼ਾਹ ਨੇ) ਮਾਰੇ।
ਕਰੇ ਬਿਲਾਸ ਅਨੇਕ ਪ੍ਰਕਾਰਾ।
ਗੁਰੁ ਜੁਤਿ ਹਜ਼ਰਤ ਖੇਲ ਸ਼ਿਕਾਰਾ।
ਸੰਧ੍ਯਾ ਭਈ ਸੁ ਹਟਿ ਕਰਿ ਆਏ।
ਸ਼ਾਹੁ ਆਪਨੇ ਸਿਵਰ ਸਿਧਾਏ ॥੩੭॥
ਸਤਿਗੁਰੁ ਅਪਨੇ ਸਦਨ ਸਿਧਾਰੇ।
ਖਾਨ ਪਾਨ ਕਰਿ ਨਿਸਾ ਗੁਜ਼ਾਰੇ।
ਭਈ ਪ੍ਰਾਤ ਜਬਿ ਸ਼ਾਹੁ ਸੁਜਾਨਾ।
ਕਰ੍ਯੋ ਕੂਚ ਲਵਪੁਰੀ ਪਯਾਨਾ ॥੩੮॥

ਕਿੰਚ ਬੇਗ ਅਰੁ ਖਾਨ ਵਜ਼ੀਰ।
ਜਹਾਂਗੀਰ ਬੁਲਵਾਏ ਤੀਰ।
ਸਕਲ ਬਾਰਤਾ ਕਹਿ ਸਮੁਝਾਈ।
'ਪੀਰ ਸਮੀਪੀ ਥਿਰ ਹੁਇ ਥਾਈਂ ॥੩੯॥
ਇਕ ਦੁਇ ਦਿਨ ਕਰਿ ਬਾਸ ਅਵਾਸ।
ਪੁਨ ਚਢਾਇ ਆਨਹੁ ਮਮ ਪਾਸ।
ਗੁਰੁ ਜੋਧਾ ਬਹੁ ਪਰਉਪਕਾਰੀ।
ਨਜਾਰੋ ਰਹਹਿ ਜਿ ਪਰਹਿ ਬਿਗਾਰੀ ॥੪੦॥
ਚਮੂੰ ਸਮੀਪ ਅਹੈ ਤਰੁਨਾਈ।
ਹਮ ਢਿਗ ਰਹਿਨੌ ਅਹੈ ਭਲਾਈ।
ਮੈਂ ਭੀ ਕਹਯੋ, ਆਪ ਚਢਿ ਆਇ[1]।
ਨਤੁ ਤੁਮ ਦੋਨਹੁ ਬਿਨੈ ਸੁਨਾਇ ॥੪੧॥
ਜਯੋਂ ਕਯੋਂ ਕਰਿ ਲਵਪੁਰਿ ਲੇ ਆਵਹੁ।
ਰਹਹੁ ਨਿਕਟ ਗੁਰੁ ਅਬਹਿ ਸਿਧਾਵਹੁ।
ਸੈਨਾ ਸੰਗ ਆਪਨੇ ਰਾਖਹੁ।
ਬਿਨਾ ਬਿਲਮ ਆਵਨਿ ਅਭਿਲਾਖਹੁ[†]' ॥੪੨॥
ਸੁਨਿ ਦੋਨਹੁ ਝੁਕ ਕਰੀ ਸਲਾਮੂੰ।
ਚਲਯੋ ਸ਼ਾਹੁ ਸੰਗ ਚਮੂ ਤਮਾਮੂੰ।
ਗਜਬਾਜਨਿ ਕੇ ਸ਼ਬਦ ਉਠੰਤੇ।
ਲਵਪੁਰਿ ਕੇ ਸਨਮੁਖ ਗਮਨੰਤੇ ॥੪੩॥
ਮਗ ਮਹਿਂ ਨਿਸ ਬਸਿ ਪਹੁੰਚਯੋ ਜਾਈ।
ਉਤਰਯੋ ਜਾਇ ਰਿਦੇ ਹਰਖਾਈ।
ਕਿੰਚ ਬੇਗ ਅਰੁ ਖਾਨ ਵਜ਼ੀਰ।
ਕੁਛ ਸੈਨਾ ਕੀ ਲੈ ਸੰਗ ਭੀਰ ॥੪੪॥
ਚੰਦੁ ਸਹਤ ਗੁਰੁ ਸੈਨਾ ਭਾਰੀ।
ਤਬਿ ਚਢਾਇ ਨਿਜ ਸੰਗਿ ਹਕਾਰੀ[1]।
ਸਕਲ ਸੁਧਾਸਰ ਕੋ ਚਲਿ ਆਏ।
ਪੁਰਿ ਤੇ ਵਹਿਰ ਸਿਵਰ ਉਤਰਾਏ ॥੪੫॥
ਨਿਕਟ ਸੁਧਾਸਰ ਉਤਰੇ ਸਾਰੇ।
ਮੱਜਨਿ ਕਰਹਿਂ ਦਰਸ ਕੋ ਧਾਰੇ।

[1]ਆਪੇ ਹੀ ਚੜ੍ਹ ਆਉਣਗੇ।

[†]ਪਾਤਸ਼ਾਹ ਦੇ ਇਸ ਸੁਨੇਹੇ ਤੋਂ ਸਾਫ ਹੈ ਕਿ ਉਹ ਰਾਜਨੈਤਕ ਚਾਲ ਚੱਲ ਰਿਹਾ ਹੈ।

[1]ਤਦੋਂ ਸੱਦਕੇ ਆਪਣੇ ਸਾਥ ਚੜ੍ਹਾਈ।

ਖਾਨ ਪਾਨ ਕੀ ਜੇ ਸੁਧਿ ਸਾਰੀ।
ਗੁਰੁ ਗ੍ਰਿਹਿ ਤੇ ਪਹੁੰਚਯੋ ਹਿਤ ਧਾਰੀ ॥੪੬॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ' ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

੧੦. [ਸ੍ਰੀ ਗੁਰੂ ਜੀ ਲਾਹੌਰ ਆਏ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਸ੍ਰੀ ਗੁਰੁ ਹਰਿ ਗੋਬਿੰਦ ਜੀ, ਬੈਠੇ ਲਾਇ ਦਿਵਾਨੁ।
ਸਕਲ ਚਮੂ ਕੇ ਭਟ ਮਿਲੇ, ਆਯੁਧ ਧਰੇ ਮਹਾਨ ॥੧॥

ਚੌਪਈ:

ਸਿਖ ਸੰਗਤਿ ਬਹੁ ਬ੍ਰਿੰਦ ਮਸੰਦ।
ਸਭਿ ਮਿਲਿ ਆਏ ਅਲਪ ਬਿਲੰਦ।
ਦਰਸਹਿਂ ਸਤਿਗੁਰੁ ਕੋ ਸੁਖ ਧਰੈਂ।
ਮਨੋ ਕਾਮਨਾ ਪੂਰਨ ਕਰੈਂ ॥੨॥
ਖਾਂ ਵਜ਼ੀਰ ਤਬਿ ਚਲਿ ਕਰਿ ਆਯੋ।
ਸੰਗ ਸੁ ਕਿੰਚਬੇਗ ਕੋ ਲ੍ਯਾਯੋ।
ਸ਼ਰਧਾ ਪ੍ਰੇਮ ਰਿਦੇ ਅਧਿਕਾਇ।
ਨਮੋ ਕਰੀ ਬਹੁ ਸੀਸ ਨਿਵਾਇ ॥੩॥
ਸਾਦਰ ਸਤਿਗੁਰੁ ਨਿਕਟ ਬਿਠਾਯੋ।
ਕਹ੍ਯੋ ਸ਼ਾਹੁ ਕੋ ਸਕਲ ਸੁਨਾਯੋ।
ਸੁਨਿ ਹਜ਼ੂਰ[1] ਨੇ ਧੀਰਜ ਦੀਨਾ।
ਲਵਪੁਰਿ ਚਲੈਂ ਬਿਲੰਬ ਬਿਹੀਨਾ' ॥੪॥
ਇਮ ਕਹਿ ਸੁਨਿ ਕਰਿ ਉਰ ਹਰਖਾਏ।
ਅਪਰ ਅਨੇਕ ਪ੍ਰਸੰਗ ਚਲਾਏ।
ਬੈਠੇ ਰਹੇ ਗੁਰੂ ਚਿਰਕਾਲ।
ਦਰਸ਼ਨ ਦੇ ਸਿਖ ਕਰੇ ਨਿਹਾਲ ॥੫॥
ਬਹੁਰ ਪ੍ਰਵੇਸ਼ ਮਹਿਲ ਮਹਿਂ ਭਏ।
ਨਿਜ ਨਿਜ ਡੇਰੇ ਕੋ ਸਭਿ ਗਏ।
ਬਿਧੀਆ ਜੇਠਾ ਹਰਖ ਬਿਸਾਲੇ।
ਗਰ ਚੰਦੂ ਕੇ ਸੰਗਰੀ[1] ਡਾਲੇ ॥੬॥
ਹਾਥ ਚੰਡਾਲਨਿ ਕੇ ਗਹਿਵਾਈ।
ਆਨ੍ਯੋ ਗੁਰੁ ਬਜ਼ਾਰ ਕੇ ਥਾਈਂ।
ਦੁਰਬਲ ਭਯੋ ਸਜ਼ਾਇਨ ਦੀਨਿ[1]।
ਜਰਾ ਆਰਬਲ ਬਡਿ ਬਲ ਹੀਨ ॥੭॥

[1]ਭਾਵ ਸ੍ਰੀ ਗੁਰੂ ਜੀ ਨੇ।

[1]ਸੰਗਲੀ

[1]ਸਜ਼ਾਵਾਂ ਦੇ ਦਿੱਤੀਆਂ।

ਸਿਰ ਮੁਖ ਪਰ ਸੁਪੈਦ ਭੇ ਬਾਰੇ[1]। [1]ਵਾਲ।
ਸਭਿ ਮੁੰਡਵਾਇ ਮੂਤ੍ਰ ਕੋ ਡਾਰੇ।
ਇਕ ਵਿਰਾਟਕਾ ਹਾਟਿ ਮੰਗਾਵੈਂ।
ਪਨਹੀ ਪੰਚ ਬਿਠਾਇ ਲਗਾਵੈਂ ॥੮॥
ਪੁਨਿ ਦੁਕਾਨ ਦੂਜੀ ਲੇ ਜਾਵੈਂ।
ਤਿਸੀ ਪ੍ਰਕਾਰ ਤਹਾਂ ਬੈਠਾਵੈਂ।
ਪੁਰਿ ਕੇ ਬਾਰਿਕ ਹੁਇ ਸਮੁਦਾਇ।
ਹਰਖ ਧਾਰਿ ਸੁਨਿ ਆਵਤਿ ਧਾਇ ॥੯॥
ਚੰਦੂ ਮਹੰਤ ਬਨ੍ਯੋ ਜਨੁ ਨੀਕਾ।
ਮਸਤਕ ਚੋਟ ਲਗੀ ਜਨੁ ਟੀਕਾ।
ਗਰ ਜੂਤਨ ਕੀ ਮਾਲ ਬਿਸਾਲਾ।
ਤ੍ਰਿਣ ਕੋ ਚੌਰ ਕਰਹਿਂ ਤਿਸ ਕਾਲਾ ॥੧੦॥
ਬ੍ਰਿੰਦ ਬਾਲਕੇ ਸੰਗ ਜੁ ਚੇਲੇ।
ਧੂਰ ਮੁਸ਼ਟ ਜਨੁ ਅਲਤਾ ਮੇਲੇ।
ਮਿਲਹਿਂ ਬਿਲੋਕਤਿ ਪਨਹੀ ਮਾਰਹਿਂ।
ਮਨੋ ਭੇਟ ਦੇ ਜਨਮ ਸੁਧਾਰਹਿਂ ॥੧੧॥
ਅਨਿਕ ਪ੍ਰਕਾਰਨਿ ਗਾਰਿ ਨਿਕਾਰਤਿ।
ਸਿਸੁ ਚੇਲੇ ਜਨੁ ਸੁਜਸੁ ਉਚਾਰਤਿ।
ਸਗਰੇ ਪੁਰਿ ਬਜ਼ਾਰ ਮਹਿਂ ਫੇਰਾ[1]। [1]ਫੇਰਿਆ।
ਜਨੁ ਪੂਜਾ ਹਿਤ ਪਾਵਤਿ ਫੇਰਾ[1] ॥੧੨॥ [1]ਮਾਨੋਂ (ਮਹੰਤ ਨੇ) ਪੂਜਾ ਲੈਣ ਵਾਸਤੇ ਫੇਰਾ ਪਾਇਆ ਹੈ।

ਦੇਖਿ ਦੇਖਿ ਬੋਲਹਿਂ ਸਿਖ ਸਜਾਨੇ।
'ਇਹ ਗੁਰੁ ਦ੍ਰੋਹੀ ਮੂਢ ਮਹਾਨੇ।
ਸ਼੍ਰੀ ਹਰਿ ਗੋਬਿੰਦ ਰਿਸ ਕਰਿ ਭਾਰੀ।
ਗਹਨਿ ਪ੍ਰਤੱਗਜ਼ਾ ਕਠਨ ਉਚਾਰੀ ॥੧੩॥
ਕਰੀ ਸਪਥ -ਬਡ ਪਾਤਕ ਹੋਇ[1]-। [1]ਮੈਨੂੰ) ਪਾਪ ਲੱਗੇ (ਜੋ ਸਹੁੰ ਪੂਰੀ ਨਾ ਹੋਵੇ ਤਾਂ ਦੇਖੋ ਰਾਸ ੪ ਅੰਸੂ ੪੦ ਅੰਕ ੩੦ ਤੋਂ ੩੪)।

ਸੁਨਿ ਕਰਿ ਨਿਸ਼ਚਾ ਕਰਹਿ ਨ ਕੋਇ।
-ਬਾਲ ਬੈਸ ਤੇ ਭਾਖਹਿਂ ਆਨਿ[1]। [1]ਉਮਰਾ ਤਦੋਂ ਬਾਲਕ ਸੀ (ਜਦੋਂ) ਪ੍ਰਤੱਗਜ਼ਾ ਆਖੀ ਸੀ। (ਅ) ਬਚਪਨ ਤੋਂ ਹੀ (ਗੁਰੂ ਜੀ) ਅਨੋਖੀਆਂ ਗੱਲਾਂ ਕਰਦੇ ਹਨ।

ਕਿਮ ਇਸ ਕਹਹਿਂ ਜੁ ਸ਼ਾਹੁ ਦਿਵਾਨ ॥੧੪॥
ਜੋ ਸਗਰੀ ਅਵਿਨੀ ਕੋ ਮਾਲਿਕ।

ਤਿਸ ਕੀ ਕਾਰ ਇਸੀ ਕੇ ਤਾਲਿਕ[1]।
ਛਲ ਬਲ ਤੇ ਪੂਰਨ ਖਲ ਖੋਟਾ।
ਜਿਸ ਕੋ ਹੁਕਮ ਨ ਕਿਨਹੂੰ ਹੋਟਾ ॥੧੫॥
ਗਹਜੋ ਜਾਇ ਕਿਮ ਔਖਿਯ ਬਾਤ।
ਤਊ ਮਹਾਂ ਗੁਰੁ ਦ੍ਰੋਹੀ ਗਾਤਿ[1]।
ਤਿਸ਼ਟ ਸਕਹਿ ਨਹਿਂ[1] ਮੂਰਖ ਮਾਨੀ।
ਪਾਪ ਬਿਸਾਲ ਕਰਹਿ ਇਸ ਹਾਨੀ- ॥੧੬॥
ਹੁਤੀ ਪ੍ਰਤੀਤਿ ਨ ਗਹਿਬੇ ਯਾਹੂ[1]।
ਸ਼੍ਰੀ ਸਤਿਗੁਰੁ ਜੋਧਾ ਬਡਿ ਬਾਹੂ।
ਕਰੀ ਪ੍ਰਤੱਗਜਾ ਪੂਰਨ ਸਾਰੀ।
ਗਹਿ ਮਾਰਜੋ ਪਿਤ ਸ਼ੱਤ੍ਰੂ ਕੁਚਾਰੀ ॥੧੭॥
ਦਾਵਾ ਕਰਨਿ ਧੰਨ ਗੁਰ ਕੇਰਾ।
ਇਹ ਗਜ ਮਾਰਜੋ ਮਸਤ ਬਡੇਰਾ।'
ਇਤਜਾਦਿਕ ਨਰ ਬਾਤ ਬਨਾਵੈਂ।
ਸ਼੍ਰੀ ਹਰਿ ਗੋਬਿੰਦ ਕੋ ਜਸ ਗਾਵੈਂ ॥੧੮॥
ਕੋਠਨਿ ਪਰ ਅਰੁ ਪੌਰਨਿ ਬੀਚ।
ਤ੍ਰਿਯ ਗਨ ਪਿਖਿ ਫਿਟਕਹਿਂ ਲਖਿ ਨੀਚ।
'ਗੁਰੁ ਦ੍ਰੋਹੀ ਕੋ ਹੁਇ ਅਸ ਹਾਲ।
ਮਰਿ ਕਰਿ ਪਰਿਹੈ ਨਰਕ ਬਿਸਾਲ' ॥੧੯॥
ਬਹੁ ਸਜ਼ਾਇ ਦੇ ਜਾਇ ਬਿਠਾਵਾ।
ਸਮ ਚੰਡਾਲਨਿ ਮੇਲਿ ਮਿਲਾਵਾ।
ਖਾਨ ਪਾਨ ਤਿਨ ਹੀ ਸੋਂ ਕਰੈ।
ਜੂਤਨਿ ਸੀਸ ਕਸ਼ਟ ਕੋ ਭਰੈ ॥੨੦॥
ਇਕ ਦੁਇ ਦਿਨ ਗੁਰੁ ਸਦਨ ਬਿਤਾਏ।
ਖਾਂ ਵਜ਼ੀਰ ਬਹੁ ਬਿਨੈ ਅਲਾਏ।
ਭਏ ਤਜਾਰ ਲਵਪੁਰਿ ਕੋ ਜਾਨੇ।
ਦਰਸ ਕਰਜੋ ਸਭਿ ਗੁਰੂ ਸਥਾਨੇ ॥੨੧॥
ਜਾਇ ਮਾਤ ਕੋ ਸੀਸ ਨਿਵਾਵਾ।
ਗਰੇ ਲਗਾਇ ਕੰਠ ਭਰਿ ਆਵਾ।

[1]ਸਪੁਰਦ।

[1]ਇਸਦਾ ਸਰੀਰ ਮਹਾਂ ਗੁਰਦ੍ਰੋਹੀ ਹੈ। (ਅ) ਗੁਰੁ ਸਰੀਰ ਨਾਲ ਮਹਾਨ ਧ੍ਰੋਹ ਕਰਨ ਵਾਲਾ ਹੈ (ਇਸ ਕਰਕੇ)।

[1]ਟਿਕ ਨਹੀਂ ਸਕੇਗਾ।

[1]ਜਿਸ ਦੇ ਫੜੇ ਜਾਣ ਦੀ (ਲੋਕਾਂ ਨੂੰ) ਪ੍ਰਤੀਤ ਨਹੀਂ ਸੀ।

ਪ੍ਰਿਯ ਪੁੱਤ੍ਰਾ ਮੁਖ ਦੇਖਿ ਬਿਸਾਲਾ।
ਬਿਛੁਰਨ ਤੇ ਦੁਖ ਲਹਿ ਤਿਸ ਕਾਲਾ ॥੨੨॥
ਸ਼੍ਰੀ ਹਰਿਗੋਬਿੰਦ ਧੀਰਜ ਦੀਨਿ।
'ਲਵਪੁਰਿ ਨਿਕਟ ਆਪ ਕੇ ਚੀਨ।
ਨਿਤ ਸੁਧਿ ਪ੍ਰਾਪਤਿ ਕੁਸ਼ਲ ਸਰੀਰ।
ਯਾਂ ਤੇ ਜਾਨਿ ਲੇਹੁ ਨਿਜ[†] ਤੀਰ[1]' ॥੨੩॥

[1]ਪਾਸ। (ਅ) ਹੁਕਮ ਦੇਕੇ ਦੂਰ ਕਰ ਦਿੱਤਾ। [†]ਪਾ:— ਨਿਤ।

ਨਮੋ ਕਰਤਿ ਨਿਕਸੇ ਪੁਨ ਬਾਹਰ।
ਸਭਿ ਨਰ ਕਰਤਿ ਚਢਨ ਕੋ ਆਹਰ।
ਕਿਤਿਕ ਚਮੂੰ ਨਿਜ ਨਗਰ ਟਿਕਾਈ।
ਕੇਤਿਕ ਅਪਨੇ ਸੰਗ ਚਢਾਈ ॥੨੪॥
ਸਕਲ ਮਸੰਦਨ ਨਿਕਟ ਨਿਹਾਰਿ।
ਸੌਂਪੀ ਜਥਾ ਜੋਗ ਘਰ ਕਾਰਿ।
ਚਪਲ ਤੁਰੰਗ ਬਲੀ ਪਰ ਚਢੇ।
ਧੌਂਸਾ ਬਜਯੋ ਅਨੰਦ ਉਰ ਬਢੇ ॥੨੫॥
ਸੰਗ ਵਜ਼ੀਰ ਖਾਨ ਕੋ ਲੀਨਿ।
ਲਵਪੁਰਿ ਪੰਥ ਪਯਾਨੋ ਕੀਨਿ।
ਜੇਠਾ ਕਰਿ ਚੰਦੂ ਤਕਰਾਈ।
ਕਰੇ ਸੰਗਿ ਕਹਿ ਨਰ ਸਮੁਦਾਈ ॥੨੬॥
ਗਹਯੋ ਚੰਡਾਲਨਿ ਮਾਰਗ ਚਾਲਾ।
ਰਿਦੇ ਬਿਸੂਰਤਿ ਬਹੁਤ ਬਿਹਾਲਾ।
-ਕਸਾ ਮੁਝ ਸਾਥ ਸ਼ਾਹੁ ਨੇ ਕਰਯੋ।
ਏਕ ਬਾਰ ਹੀ ਕਹਿ ਪਰਹਰਯੋ[1]- ॥੨੭॥

[1]ਕਿਉਂ ਦੂਰ ਕੀਤਾ (ਅ) ਹੁਕਮ ਦੇਕੇ ਦੂਰ ਕਰ ਦਿੱਤਾ।

ਨਿਸਾ ਪਰੀ ਡੇਰਾ ਗੁਰ ਕੀਨਿ।
ਖਾਨ ਪਾਨ ਸੁਪਤੇ ਸੁਖ ਲੀਨਿ।
ਦਿਵਸ ਆਗਲੇ ਜਾਇ ਪਹੂੰਚੇ।
ਪਿਖੇ ਨਗਰ ਕੇ ਮੰਦਿਰ ਊਚੇ ॥੨੮॥
ਰਿਦੇ ਬਿਚਾਰ ਸਿਵਰ ਕੋ ਘਾਲਾ।
ਥਾਨ ਮੁਜੰਗੀ[†] ਲਖਯੋ ਨਿਰਾਲਾ।

[†]ਇਹ ਤਦੋਂ ਪਿੰਡ ਹੁੰਦਾ ਸੀ, ਹੁਣ ਠੰਢੀ ਸੜਕ ਦੇ ਗਿਰਦ ਜੋ ਵੱਸੋਂ ਨਵੀਂ ਹੋਈ ਹੈ, ਉਸ ਵਿਚ ਮਿਲਕੇ ਸਿਵਲ ਲਾਈਨ ਵਿਚ ਸ਼ਹਿਰ ਦਾ ਹਿੱਸਾ ਹੋ ਗਿਆ ਹੈ, ਯਾਦਗਾਰੀ ਗੁਰਦੁਆਰਾ ਏਸ ਟਿਕਾਣੇ ਮੌਜੂਦ ਹੈ, ਗੁਰਦੁਆਰੇ ਦੇ ਅਗੋਂ ਲੰਘਦੀ ਸੜਕ ਦਾ ਨਾਉਂ ਹੁਣ

'ਟੈਂਪਲ ਰੋਡ' ਪੈ ਗਿਆ ਹੈ।

ਉਤਰ ਪਰੇ ਗੁਰ ਕੋ ਸਭਿ ਹੇਰਾ।
ਨਿਜ ਨਿਜ ਮਿਸਲ ਕੀਨਿ ਤਹਿਂ ਡੇਰਾ ॥੨੯॥
ਇਕ ਸਮ ਬਲੀ ਤੁਰੰਗ ਲਗਾਏ।
ਉਤਰੇ ਸੁਭਟ ਤਹਾਂ ਸੁਖ ਪਾਏ।
ਜਾਇ ਵਜ਼ੀਰ ਖਾਨ ਤਤਕਾਲਾ।
ਸੁਧਿ ਦੀਨਿ ਕਹਿ ਸ਼ਾਹੁ ਬਿਸਾਲਾ ॥੩੦॥
'ਉਤਰੇ ਗੁਰੂ ਮੁਜੰਗੀ ਆਇ।
ਪਹੁੰਚੇ ਅਬਹਿ ਹੇਰਿ ਤੁਮ ਭਾਇ।'
ਸੁਨਿ ਹਜ਼ਰਤ ਆਇਸੁ ਤਬਿ ਦੀਨਿ।
'ਸਭਿ ਸੁਧਿ ਲੀਜਹਿ ਗੁਰੂ ਪ੍ਰਬੀਨਿ ॥੩੧॥
ਸੇਵਾ ਕਰਹੁ ਸਰਬ ਹੀ ਰੀਤਿ।
ਬੂਝਹੁ ਜਾਇ ਪਾਸਿ ਸੁਧਿ ਨੀਤਿ।'
ਸੁਨਿ ਵਜ਼ੀਰ ਖਾਂ ਹਰਖਤਿ ਹੋਇ।
ਕਰੀ ਤਥਾ ਹਜ਼ਰਤ ਕਹਿ ਜੋਇ ॥੩੨॥
ਏਕ ਨਿਸਾ ਕਰਿ ਕੈ ਗੁਰੁ ਬਾਸਾ।
ਭਈ ਪ੍ਰਭਾਤਿ ਬਿਸਾਲ ਪ੍ਰਕਾਸ਼ਾ।
ਪਠਜੋ ਸਿੱਖ ਬਹੁ ਕਰਜੋ ਕਰਾਹੂ।
ਗੁਰੁ ਥਲ ਹੇਰਨਿ ਰਿਦੇ ਉਮਾਹੂ ॥੩੩॥
ਜੇਠਾ ਆਦਿਕ ਲੇ ਕਰਿ ਸਾਥ।
ਨਗਰ ਪ੍ਰਵੇਸ਼ੇ ਸ਼੍ਰੀ ਗੁਰੁ ਨਾਥ।
ਸਤਿਗੁਰ ਰਾਮਦਾਸ ਜਹਿਂ ਜਨਮੇਂ।
ਗਮਨੇ ਪ੍ਰਥਮ ਭਾਉ ਧਰਿ ਮਨ ਮੇਂ ॥੩੪॥
ਕਰਿ ਦਰਸ਼ਨ ਕੋ ਸੀਸ ਨਿਵਾਯੋ।
ਕਹਿ ਪੰਚਾਂਮ੍ਰਿਤ ਬਹੁ ਬਰਤਾਯੋ।
ਸੋਢੀ ਕੁਲ ਭੂਖਨ ਕੇ ਥਾਨ।
ਕਿਤਿਕ ਸਮੇਂ ਬੈਠੇ ਸੁਖ ਮਾਨਿ ॥੩੫॥
ਸ਼੍ਰੀ ਗੁਰੂ ਰਾਮਦਾਸ ਧ੍ਰਮਸਾਲਾ।
ਕੀਨਿ ਚਿਨਾਵਨਿ ਪੁੰਨ ਬਿਸਾਲਾ।
ਪੁਨ ਉਠਿ ਤਿਸ ਕੋ ਦਰਸ਼ਨ ਕਰਜੋ।

ਥਾਨ ਬਡਨਿ ਕੋ ਪਿਖਿ ਸੁਖ ਭਰਜੋ ॥੩੬॥
ਬਹੁਰ ਬਾਵਲੀ ਜਹਾਂ ਬਨਾਈ।
ਮੱਜਨ ਕੀਨਿ ਤਹਾਂ ਗੁਰੁ ਜਾਈ।
ਬਹੁਤ ਪ੍ਰਸਾਦਿ ਬ੍ਰਤਾਇ ਅਨੰਦੇ।
ਸੰਗਤਿ ਸਿੱਖ ਮਿਲੇ ਬਹੁ ਬ੍ਰਿੰਦੇ ॥੩੭॥
ਪੁਨ ਸ੍ਰੀ ਹਰਿਗੋਬਿੰਦ ਬਖਾਨਾ।
'ਜਹਾਂ ਹਮਾਰੇ ਪਿਤ ਕੋ ਥਾਨਾ।
ਤਨ ਕੋ ਤਜਾਗ ਬਿਕੁੰਠ ਸਿਧਾਰੇ।
ਤਹਿਂ ਲੈ ਚਲਹੁ ਸੁ ਪੁੰਨ[†] ਨਿਹਾਰੇ[1]' ॥੩੮॥
ਤਬਿ ਜੇਠਾ ਲੰਗਾਹ ਅਗਾਰੀ।
ਲੇ ਤਹਿਂ ਚਲੇ ਲੋਕ ਸੰਗ ਝਾਰੀ[1]।
ਜਾਇ ਸਥਾਨ ਸੁ ਗੁਰੂ ਦਿਖਾਵਾ।
ਭਯੋ ਪ੍ਰਸੰਗ ਸੁ ਸਕਲ ਸੁਨਾਵਾ ॥੩੯॥
ਚੰਦੁ ਦੁਸ਼ਟ ਕੇ ਘਰ ਤੇ ਆਏ।
ਇਹ ਤਟ ਐਰਾਵਤੀ ਨਹਾਏ।
ਜਪੁਜੀ ਪਾਠ ਕੀਨਿ ਇਕ ਮਨ ਤੇ।
ਪੌਢ ਪਧਾਰੇ ਨਿਕਸੇ ਤਨਤੇ[1] ॥੪੦॥
ਸੁਨਿ ਸੁਨਿ ਲਵਪੁਰਿ ਕੀ ਬਡ ਸੰਗਤਿ।
ਆਨਿ ਕਰਜੋ ਉਤਸਵ ਕਰਿ ਪੰਗਤਿ।
ਸ਼ਬਦ ਕੀਰਤਨ ਫੂਲ ਬਿਸਾਲੇ।
ਕਰਿ ਸਸਕਾਰ[†] ਭਲੀ ਬਿਧਿ ਨਾਲੇ' ॥੪੧॥
ਸ਼੍ਰੀ ਹਰਿ ਗੋਬਿੰਦ ਸੁਨ ਤਿਹ ਸਮੋ।
ਸੀਸ ਨਿਵਾਇ ਜੋਰਿ ਕਰ ਨਮੋ।
ਕਰੀ ਪ੍ਰਕਰਮਾ ਪੁਸ਼ਪ ਚਢਾਏ।
ਪੰਚਾਂਮ੍ਰਿਤ ਤਹਿਂ ਬ੍ਰਿੰਦ ਬ੍ਰਤਾਏ ॥੪੨॥
ਨਿਜ ਕਰ ਸੋਂ ਕਰਿ ਮੰਜੀ ਥਾਨ।
ਬਚ ਲੰਗਾਹ ਸੰਗ ਕੀਨਿ ਬਖਾਨ।
'ਤੂੰ ਪਿਤ ਕੋ ਪ੍ਰਿਯ ਰਹੁ ਇਸ ਥਾਨ।
ਦੀਪਕ ਆਦਿ ਸੇਵ ਕਹੁ ਠਾਨਿ ॥੪੩॥
ਜੇਸ਼ਠ ਸ਼ੁਦੀ ਚੌਥ ਦਿਨ ਮਾਂਹੀ।

[1]ਸੋ ਪਵਿੱਤ੍ਰ ਥਾਂ ਦੇਖੀਏ। [†]ਪਾ:—ਥਾਨ।
[1]ਬਹੁਤੇ।
[1]ਸਰੀਰ ਤੋਂ ਨਿਕਲਕੇ (ਨਿਜਧਾਮ) ਨੂੰ ਗਏ।
[†]ਵੇਖੋ ਰਾਸ ੪ ਅੰਸੂ ੩੮ ਅੰਕ ੨੬ ਦੀ ਹੇਠਲੀ ਟੂਕ।

ਦਰਸ਼ਨ ਕਰੇ ਕਾਮਨਾ ਪਾਹੀ।
ਸਮੈ ਪਾਇ ਕਰਿ ਸੁੰਦਰ ਬਨੈ।
ਦਰਸ਼ਨ ਤੇ ਪਾਪਨਿ ਗਨ ਹਨੈ' ॥੪੪॥
ਸੁਨਿ ਲੰਗਾਹ ਹਰਖ ਕੋ ਧਾਰੀ।
ਬੈਠ੍ਯੋ ਬਨਿ ਕਰਿ ਤਹਾਂ ਪੁਜਾਰੀ।
ਕਰਤਿ ਰਹ੍ਯੋ ਤਿਸ ਥਲ ਕੀ ਸੇਵਾ।
ਪਹੁੰਚ੍ਯੋ ਅੰਤ ਨਿਕਟ ਗੁਰਦੇਵਾ ॥੪੫॥
ਇਮ ਦਰਸ਼ਨ ਪਰਸਨ ਕਰਿ ਸਾਰੇ।
ਸੰਗ ਬ੍ਰਿੰਦ ਨਰ ਗੁਰੂ ਸਿਧਾਰੇ।
ਡੇਰੇ ਬਿਖੈ ਬਿਰਾਜੇ ਜਾਇ।
ਬੈਠੇ ਬਡੋ ਦਿਵਾਨ ਲਗਾਇ ॥੪੬॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਲਵਪੁਰਿ ਗੁਰ ਆਗਵਨ' ਪ੍ਰਸੰਗ ਬਰਨਨੰ ਨਾਮ ਦਸਮੋਂ ਅੰਸੂ ॥੧੦॥

੧੧. [ਚੰਦੂ ਦੀ ਮੌਤ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:
ਲਵਪੁਰਿ ਕੀ ਸੰਗਤ ਸਕਲ, ਸਜਾਨੇ ਸਿੱਖ
ਮਹਾਨ।
ਭਏ ਇਕੱਤ੍ਰ ਪਵਿੱਤ੍ਰ ਹ੍ਵੈ, ਲੀਨਿ ਉਪਾਇਨ
ਪਾਨ ॥੧॥
ਚੌਪਈ:
ਕਿਨਹੁੰ ਪੰਚਾਂਮ੍ਰਿਤ ਕਰਿਵਾਯੋ।
ਬਸਤ੍ਰ ਬਿਭੂਖਨ ਕੋ ਸਿਖ ਲਯਾਯੋ।
ਮਿਲਿ ਸਗਰੇ ਸਤਿਗੁਰੁ ਢਿਗ ਆਏ।
ਧਰਹਿਂ ਅਕੋਰਨਿ ਸੀਸ ਨਿਵਾਏ ॥੨॥
ਬੈਠਿ ਗਏ ਦਰਸ਼ਨ ਕੋ ਕਰਿਹੀਂ।
ਸੁੰਦਰ ਰੂਪ ਹੇਰਿ ਮੁਦ ਧਰਿਹੀਂ।
ਤਿਨ ਮਹੁਂ ਜੇਤਿਕ ਥੇ ਸਿਖ ਸਜਾਨੇ।
ਕਰ ਕੋ ਜੋਰਤਿ ਬਾਕ ਬਖਾਨੇ ॥੩॥
'ਰਾਵਰਿ ਨੇ ਗੁਰੁ ਦ੍ਰੋਹੀ ਗਹਯੋ।
ਸੰਗਤਿ ਸੁਨਿ ਅਨੰਦ ਬਹੁ ਲਹਯੋ।
ਨਹਿਂ ਜੀਵਤਿ ਕੋ ਛੋਰਨਿ ਕੀਜੈ।
ਦੀਰਘ ਅਪਰਾਧੀ ਲਖਿ ਲੀਜੈ ॥੪॥
ਜਥਾ ਸ਼ਕਤਿ ਹਮ ਜਤਨ ਕਰੇ ਤਬਿ।
ਏਕ ਨ ਚਲਨਿ ਦੀਨਿ, ਬਿਰਥੇ ਸਭਿ।
ਦ੍ਵਾਰ ਕਿਵਾਰ ਅਸੰਜਤਿ ਕਰੇ।
ਗੁਰੁ ਨਹਿਂ ਪਿਖਨਿ ਦੀਏ ਪਰਹਰੇ ॥੫॥
ਜੁਗ ਲੋਕਨਿ ਇਸ ਨਰਕ ਭੁਗਾਵੋ।
ਦੇ ਸਜ਼ਾਇ ਇਸ ਪ੍ਰਾਨ ਬਿਤਾਵੋ।'
ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ।
'ਜਿਮ ਇਨ ਕੀਨਿ ਤਥਾ ਫਲ ਪਾਯੋ ॥੬॥
ਬਡ ਕਸ਼ਟਨਿ ਕੋ ਇਹ ਅਧਿਕਾਰੀ।
ਅਪਦਾ ਭੁਗਤਹਿ ਕ੍ਵੈ ਨ ਉਬਾਰੀ[1]।
ਅਇਬ ਜੀਵਤਿ ਛੁਟਿਬੋ ਕਿਮ ਹੋਇ।
ਹਲਤ ਪਲਤ ਸੰਕਟ ਸਹਿ ਸੋਇ' ॥੭॥

[1]ਕੋਈ ਨਹੀਂ ਬਚਾ ਸਕੇਗਾ।

ਸੁਨਿ ਸੰਗਤਿ ਸਗਰੀ ਹਰਖਾਈ।
ਉਠੀ ਬਹੁਰ ਗੁਰੁ ਆਗਯਾ ਪਾਈ।
ਜਹਿਂ ਚੰਦੂ ਚੰਡਾਲਨਿ ਬੀਚ।
ਲਗੇ ਬਿਲੋਕਨਿ ਬੈਠਯੋ ਨੀਚ ॥੮॥
ਦੇਤਿ ਸਜ਼ਾਇ ਘਾਵ[1] ਤਨ ਪਰੇ।
ਕਿਰਮ ਸਮੂਹਨਿ ਤੇ ਸੋ ਭਰੇ।
ਆਂਖਨ ਤੇ ਅੰਧਾ ਹੁਇ ਗਯੋ।
ਨੀਚ ਗ੍ਰੀਵ ਸਿਰ ਊਚ ਨ ਕਿਯੋ ॥੯॥
ਕਬਿ ਕਬਿ ਤਨ ਤੇ ਕਿਰਮ ਨਿਕਾਸੈ।
ਦੁਰਗੰਧ[†] ਅਧਿਕ, ਬਹੈਂ ਕਿਮ ਪਾਸੈ।
ਪਨਹੀ ਕੁਛਕ ਮਾਰਿ ਕਰਿ ਮੁਰੇ।
ਨਹਿਂ ਬਹੁ ਹਨੀ, ਜਾਇ ਨਹਿਂ ਮਰੇ ॥੧੦॥
ਸੰਗਤਿ ਅਪਨੇ ਸਦਨ ਸਿਧਾਰੀ।
ਕੀਰਤਿ ਗੁਰ ਕੀ ਬਦਨ ਉਚਾਰੀ।
'ਸ੍ਰੀ ਹਰਿ ਗੋਬਿੰਦ ਧੰਨ ਮਹਾਂਨੇ।
ਪਿਤ ਬਦਲਾ ਲੀਨੋ ਰਿਪੁ ਹਾਨੇ' ॥੧੧॥
ਇਸ ਬਿਧਿ ਪੰਦ੍ਰਹਿ ਦਿਵਸ ਬਿਤਾਏ।
ਕਬਿ ਕਬਿ ਸ਼ਾਹੁ ਮਿਲਹਿ ਢਿਗ ਆਏ।
ਕਬਿ ਸਤਿਗੁਰੁ ਕੋ ਨਿਕਟ ਬੁਲਾਵੈ।
ਦਰਸ਼ਨ ਕਰਹਿ ਬੋਲਿ ਹਰਖਾਵੈ ॥੧੨॥
ਪੁਰਿ ਕੇ ਸਿਖ ਸੇਵਕ ਦਰਸੰਤੇ।
ਪਾਇ ਕਾਮਨਾ ਕੋ ਹਰਖੰਤੇ।
ਦੇਸ਼ ਬਿਦੇਸ਼ਨਿ ਸੰਗਤਿ ਆਵੈ।
ਬੰਦਹਿ ਸਤਿਗੁਰੁ ਭੇਟ ਚਢਾਵੈ ॥੧੩॥
ਨਿਤ ਪ੍ਰਤਿ ਨਏ ਹੋਤਿ ਉਤਸਾਹੂ।
ਰਹੈ ਭੀਰ ਬਹੁ ਗੁਰ ਕੇ ਪਾਹੂ।
ਚੰਦੂ ਪੁਰਿ ਮਹਿਂ ਫੇਰਨਿ ਹੇਤੁ।
ਰਹਿ ਜੇਠਾ ਇਸ ਚਾਹ ਸਮੇਤ ॥੧੪॥
-ਇਸ ਪਾਪੀ ਕੀ ਦਸ਼ਾ ਕੁਢਾਲੀ।
ਪਿਖਹਿਂ ਨਾਰਿ ਨਰ ਭਾ ਬੁਰ ਹਾਲੀ।
ਸਤਿਗੁਰੁ ਕੋ ਬਦਲੋ ਉਰ ਜਾਨਹਿਂ।
ਸ਼ਰਧਾ ਵਧਹਿ ਅਨੰਦ ਕੋ ਠਾਨਹਿਂ-

[1]ਜ਼ਖ਼ਮ।
[†]ਪਾ:—ਦੁਰਬਲ।

॥੧੫॥
ਸ਼੍ਰੀ ਹਰਿ ਗੋਵਿੰਦ ਤੇ ਚਿਤ ਸੰਕਹਿਂ।
-ਕ੍ਰਿਪਾ ਨ ਕਰਹਿਂ ਜਾਨਿ ਸਮ ਰੰਕਹਿ-।
ਇਕ ਦਿਨ ਬੈਠਿ ਚਲਾਇ ਪ੍ਰਸੰਗ।
'ਇਹਾਂ ਦੁਸ਼ਟ ਨੇ ਕਰਜੋ ਕੁਢੰਗ ॥੧੬॥
ਗੁਰੂ ਅਵਗਜਾ ਪਿਖਿ ਨਰ ਨਾਰੀ।
ਸਭਿਹਿਨਿ ਹਾਹਾਕਾਰ ਉਚਾਰੀ।
ਪ੍ਰੇਮੀ ਮਹਾਂ ਬ੍ਰਿਲਾਪ ਕਰੰਤੇ।
ਸੰਕਟ ਸ਼ੋਕ ਬਿਸਾਲ ਧਰੰਤੇ ॥੧੭॥
ਦੁਰਿ ਦੁਰਿ ਮਿਲਿ ਮਿਲਿ ਗਾਰ ਨਿਕਾਰਿਤ।
-ਸ਼੍ਰੀ ਗੁਰ ਪ੍ਰਭੁ ਇਸ ਕਜੋਂ ਨਹਿਂ ਮਾਰਤਿ-।
ਜਥਾ ਦੁਖਿਤਿ ਹੋਏ ਤਿਸ ਕਾਲ।
ਧਰਿ ਸਨੇਹ ਸਤਿਗੁਰੂ ਕ੍ਰਿਪਾਲ ॥੧੮॥
ਤਿਸ ਦੁਖ ਤੇ ਅਬਿ ਦੁਗਨ ਅਨੰਦ।
ਧਾਰਹਿਂ ਪੁਰਿ ਕੇ ਨਰ ਤ੍ਰਿਯ ਬ੍ਰਿੰਦ।
ਜਬਿ ਦੇਖਹਿਂ ਇਸ ਕੋ ਅਸ ਹਾਲ।
ਸਭਿਹਿਨਿ ਕੈ ਅਭਿਲਾਖ ਬਿਸਾਲ ॥੧੯॥
ਬਿਨਾ ਆਪ ਕੀ ਆਇਸੁ ਕਰੇ।
ਨਹੀਂ ਦੁਸ਼ਟ ਕੋ ਲੇ ਪੁਰਿ ਬਰੇ।
ਪੁਰਿ ਜਨ ਕੀ ਇੱਛਾ ਲਖਿ ਪੂਰੋ।
ਫੇਰਨਿ ਬਨਹਿ ਬਜਾਰ ਜ਼ਰੂਰੋ' ॥੨੦॥
ਮੁਸਕਾਵਤਿ ਸ਼੍ਰੀ ਮੁਖ ਤੇ ਕਹਜੋ।
'ਨਰਕ ਬਿਖੈ ਪਾਵਨਿ ਅਬਿ ਚਹਜੋ।
ਕਰਹੁ ਦਿਖਾਵਨਿ ਸਿਖ ਸੁਖ ਪਾਵੈਂ।
ਨਹਿਂ ਮਾਰਨਿ ਦਿਹੁ ਤਨ ਬਿਨਸਾਵੈ ॥੨੧॥
ਗੁਰਦ੍ਰੋਹੀ ਦੁਖ ਪ੍ਰਾਪਤਿ ਭਾਰੇ।
ਹਲਤ ਪਲਤ ਮਹਿਂ ਨਿਤ ਮੁਖ ਕਾਰੇ।'
ਲੇ ਆਇਸੁ ਗੁਰ ਕੀ ਤਬਿ ਗਯੋ।
ਚੰਦੂ ਕੋ ਮੰਗਵਾਵਤਿ ਭਯੋ ॥੨੨॥
ਗਰ ਸੰਗਰੀ ਚੰਡਾਲਨਿ ਹਾਥ।
ਲੇ ਕਰਿ ਚਲੇ ਬ੍ਰਿੰਦ ਨਰ ਸਾਥ।

ਪੁਰਿ ਕੇ ਪੌਰ ਕਰਜੋ ਮੁਖ ਕਾਰਾ।
ਅੰਤਰ ਪ੍ਰਵਿਸ਼ੇ ਬੀਚ ਬਜ਼ਾਰਾ ॥੨੩॥
ਹੇਰਿ ਹੇਰਿ ਬਾਲਿਕ ਗਨ ਆਏ।
ਖਲ ਸਿਰ ਮੁਸ਼ਟ ਧੂਲਿ ਕੋ ਪਾਏ।
'ਇਹੁ ਗੁਰੁਦ੍ਰੋਹੀ ਕੂਰ ਕੁਪੱਤਾ।'
ਇਮ ਕਹਿ ਨਰ ਗਨ ਮਾਰਤਿ ਜੁੱਤਾ
॥੨੪॥
ਕੌਡੀ ਹਾਟਨਿ ਤੇ ਮੰਗਵਾਵਤਿ।
ਮਾਰਤਿ, ਜੇਠਾ ਤਿਨਹਿ ਹਟਾਵਤਿ।
[1] 'ਇਸ ਕੋ ਮਾਰਨਿ ਪੁੰਨ ਬਿਸਾਲਾ। [1]ਲੋਕੀ ਆਖਣ,
ਹਤਨਿ ਦੇਹੁ ਹਮ ਕੋ ਇਸ ਕਾਲਾ' ॥੨੫॥
[1] 'ਨਹਿਂ ਮਾਰਹੁ ਅਬਿ, ਇਹੁ ਮਰਿ ਜਾਈ। [1]ਜੇਠਾ ਆਖੇ।
ਜੀਵਤਿ ਪਾਵਹਿ ਅਨਿਕ ਸਜ਼ਾਈ।'
ਇਮ ਜੇਠਾ ਬਰਜਤਿ ਬਹੁ ਨਰ ਕੋ।
ਤਉ ਛੁਹਾਵਤਿ ਪਨਹੀ ਸਿਰ ਕੋ ॥੨੬॥
ਸਨੈ ਸਨੈ ਮਾਰਤਿ ਚਲਿ ਜਾਤਿ।
ਗੁਰੁ ਦ੍ਰੋਹੀ ਕੂਕਰ ਕੀ ਭਾਂਤਿ।
ਕੋ ਕੋਠਨਿ, ਕੋ ਦ੍ਵਾਰਨ ਖਰੀ।
ਕਿਤਿਕ ਅਟਾਰਨਿ ਊਪਰ ਚਰੀ ॥੨੭॥
ਪਰਦੇ ਬੀਚ ਝਰੋਖਨਿ ਹੇਰਹਿਂ।
ਰੌਰ ਪਰਤਿ ਜਿਤ ਜਿਤ ਪੁਰਿ ਫੇਰਹਿਂ।
ਨਿਜ ਨਿਜ ਕਾਰ ਤਜਾਗ ਸਭਿ ਧਾਵੈਂ।
ਦੇਖਿ ਧਿਕਾਰਹਿਂ ਗਾਰਿ ਸੁਨਾਵੈਂ ॥੨੮॥
ਗਰੀ ਗਰੀ ਮਹਿਂ ਫੇਰਨਿ ਕੀਨਾ।
ਬੀਚ ਬਜ਼ਾਰਨਿ ਸਭਿ ਦਿਖਿ ਲੀਨਾ।
ਕਰਮ ਕਾਲ ਤੇ ਤਹਿਂ ਚਲਿ ਆਯੋ।
ਗੁਰੁ ਹਿਤ ਜਹਿਂ ਤੇ ਰੇਤ ਮੰਗਾਯੋ ॥੨੯॥
ਅਗਨ ਤਪਾਵਤਿ ਊਪਰ ਡਾਰਜੋ।
ਤਿਸ ਭਠਿਆਰੇ ਦੁਸ਼ਟ[1] ਨਿਹਾਰਜੋ। [1]ਦੁਸ਼ਟ (ਚੰਦੂ) ਨੂੰ।
ਮਹਾਂ ਕ੍ਰੋਧ ਜਿਸ ਕੇ ਉਰ ਛਾਯੋ।
ਦੇਖਿ ਨ ਸਕਹਿ ਆਇ ਅਗਵਾਯੋ ॥੩੦॥
ਕੜਛਾ ਤਪਤ ਹੁਤੋ ਤਿਸ ਹਾਥ।

ਇਤ ਉਤ ਰੇਤ ਕਰਹਿ ਤਿਹ ਸਾਥਿ।
ਨਿਕਟ ਹੋਇ ਜਬਿ ਉਲੰਘਨਿ ਲਾਗਾ।
ਬ੍ਰਿੰਦ ਬਾਲਕੇ ਪਾਛੇ ਆਗਾ ॥੩੧॥
ਰੌਰ ਪਰਤਿ ਜਿਸ ਕੇ ਸੰਗ ਆਵਤਿ।
'ਭਰੂਆ ਬਡੋ' ਸਮੂਹ ਅਲਾਵਤਿ।
ਰਿਸ ਤੇ ਕਰਛਾ ਤਪਤਿ ਉਠਾਯੋ।
ਗੁਰੁ ਦ੍ਰੋਹੀ ਕੀ ਦਿਸ਼ਾ ਚਲਾਯੋ ॥੩੨॥
'ਮਹਾਂ ਪਾਤਕੀ ਆਵਤਿ ਨੇਰੇ।
ਦੇ ਪਰਛਾਵੋਂ[1] ਜਾਹੁ ਪਰੇਰੇ।'
ਕਰਛਾ ਲੋਹ ਗਰਵ ਅਤਿ ਤਾਤੋ[1]।
ਲਗਜੋ ਦੁਸ਼ਟ ਕੇ ਉਦਰ ਬਿਘਾਤੋ[1] ॥੩੩॥
ਤੀਛਨ ਕੋਰ[1] ਚਰਮ ਕੋ ਚੀਰਾ।
ਮਨਹੁਂ ਚਹਤਿ ਮਿਸਿ ਅਸਤਿ ਸਰੀਰਾ[1]†।
ਆਂਤ੍ਰੈ ਨਿਕਸਿ ਗਿਰੀ ਧਰ ਮਾਂਹੀ।
ਪਰਜੋ ਧਰਾ ਮੁਖ 'ਹਾਇ' ਸੁ ਪ੍ਰਾਹੀ ॥੩੪॥
ਗਿਰਤਜੋ ਸੰਕਟ ਪਾਇ ਉਚਾਰਜੋ।
'ਹਰਿ ਗੁਬਿੰਦ ਮੁਹਿ ਅਵਗਤਿ ਮਾਰਜੋ।
ਸੁਤਾ ਨ ਜਨਮੀ ਬਦਲਾ ਕੋਈ[1]।
ਜਿਸ ਉਪਜੇ ਮਮ ਅਸ ਗਤਿ ਹੋਈ ॥੩੫॥
ਪੀਰਾ ਪਰਮ ਪਾਇ ਕਹਿ 'ਹਾਇ।'
ਸਫਰੀ ਜਿਮ[1] ਤਰਫਜੋ ਬਿਲਲਾਇ†।
ਲੋਟਤਿ ਅਵਨੀ ਹੋਤਿ ਬਿਹਾਲਾ।
ਲੋਕ ਬਿਲੋਕਤਿ ਗਨ ਤਿਸ ਕਾਲਾ ॥੩੬॥
ਗਾਰੀ ਦੇਤਿ ਕਹੈਂ 'ਮਰਿ ਪਾਪੀ।
ਤਸ ਭੁਕਤਹੁ ਜਸ ਕੀਨਸਿ ਆਪੀ।'
ਕਿਸ ਕੇ ਦਯਾ ਨ ਮਨ ਮੈਂ ਆਵੈ।
ਲਖਹਿਂ ਪਾਤਕੀ ਕੋਪ ਉਪਾਵੈਂ ॥੩੭॥

[1]ਪਰਛਾਵਾਂ ਦੇਣ ਤੋਂ।
[1]ਬੜਾ ਤੱਤਾ।
[1]ਜ਼ਖਮ ਕੀਤਾ।
[1]ਤ੍ਰਿੱਖੀ ਨੋਕ ਨੇ।
[1]ਮਾਨੋਂ ਸਰੀਰ ਅਸਤ ਹੋਣ ਦਾ (ਭਾਵ ਸਮਾਪਤੀ ਦਾ) ਬਹਾਨਾ ਹੀ ਚਾਂਹਵਦਾ ਸੀ। †ਪਾ:—ਸਤੀਰਾ।
[1]ਧੀ ਨਹੀਂ ਸੀ ਜੰਮੀ ਕੋਈ ਬਦਲਾ (ਦੇਣਾ ਸੀ) ਭਾਵ ਮੇਰੇ ਪਾਪਾਂ ਦਾ ਬਦਲਾ ਧੀ ਦੀ ਸੂਰਤ ਵਿਚ ਮੇਰੇ ਘਰ ਜੰਮਿਆਂ ਹੈਸੀ।
[1]ਮੱਛੀ ਵਾਂਗ। †ਇਤਿਹਾਸ ਗੁਰੂ ਖਾਲਸਾ (ਹਿੰਦੀ) ਨੇ ਦਿੱਲੀ ਦੀ ਮਾਰ ਨਹੀਂ ਲਿਖੀ ਤੇ ਲਾਹੌਰ ਵਿਚ ਹੀ ਭੜਭੂੰਜੇ ਹੱਥੋਂ ਮ੍ਰਿਤੂ ਹੋਈ ਦੱਸੀ ਹੈ।

ਇਮ ਨਰ ਗਨ ਹੇਰਹਿਂ ਤਿਸ ਥਾਨ।
ਅਤਿ ਸੰਕਟ ਤੇ ਛੂਟਹਿ ਪ੍ਰਾਨ।
ਚਹੁਂ ਦਿਸ਼ਿ ਮਾਖੀ ਕੋ ਸਮੁਦਾਇ।
ਦੇਖਤਿ ਮਨ ਗਿਲਾਨ ਉਪਜਾਇ ॥੩੮॥
ਹੁਕਮ ਜਗਤਿ ਪਰ ਸਭਿ ਅਨੁਸਾਰੀ।
ਧਨ ਕੀ ਕਮੀ ਨ ਸਦਨ ਮਝਾਰੀ।
ਸ਼ਾਹੁ ਸਮੀਪ ਹਿਤੂ ਸਭਿ ਕੋਈ।
ਗੁਰੂ ਕੋਪ ਤੇ ਅਸ ਗਤਿ ਹੋਈ ॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਚੰਦੂ ਮ੍ਰਿਤਕ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋਂ ਅੰਸੂ ॥੧੧॥

੧੨. [ਸ਼ਾਹ ਕਸ਼ਮੀਰ ਨੂੰ। ਚੰਦੂ ਸੁਤ ਤੇ ਮਿਹਰਵਾਨ ਮੇਲ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:
ਘਟਿਕਾ ਇਕ ਤਰਫਤਿ ਰਹਜੋ,
ਗੁਰੁ ਦ੍ਰੋਹੀ ਮ੍ਰਿਤੁ ਪਾਇ।
ਜੇਠੇ ਕਹਜੋ ਚੰਡਾਲ ਸੋਂ,
'ਲੇਹੁ ਐਂਚ ਗਹਿ ਪਾਇ ॥੧॥
ਚੌਪਈ:
ਬਿਸ਼ਟਾ ਮਹਿਂ ਐਂਚਤਿ ਲੇ ਚਲੋ।
ਵਹਿਰ ਸ਼ਹਿਰ ਤੇ ਅਬਿ ਤੁਮ ਨਿਕਲੋ।
ਰਾਵੀ ਕੇ ਪ੍ਰਵਾਹ ਮਹਿਂ ਜਾਇ।
ਤਟ ਥਿਤ ਹ੍ਵੈ ਕਰਿ ਦੇਹੁ ਬਗਾਇ' ॥੨॥
ਗਹੇ ਚੰਡਾਲ ਖੈਂਚ ਕਰਿ ਚਲੇ।
ਰਾਵੀ ਤੀਰ ਹੋਇ ਕਰਿ ਖਲੇ।
ਪਾਪੀ ਕੋ ਬਗਾਇ ਤਨ ਡਾਰਾ।
ਇਸ ਪ੍ਰਕਾਰ ਗੁਰੁਦ੍ਰੋਹੀ ਮਾਰਾ ॥੩॥
ਸਿੱਖਨ ਮਨ ਕੋ ਕੋਪ ਘਨੇਰੇ।
ਜਬਹਿ ਅਵੱਗਜਾ ਗੁਰ ਕੀ ਹੇਰੇ।
ਗੁਰਦ੍ਰੋਹੀ ਕੋ ਪਿਖਿ ਅਸ ਹਾਲ।
ਭਯੋ ਸ਼ਾਂਤਿ ਸਭਿ ਕੋ ਤਿਸ ਕਾਲ ॥੪॥
'ਸ਼੍ਰੀ ਹਰਿ ਗੋਵਿੰਦ ਜੋਧਾ ਬਲੀ।
ਜਥਾ ਜੋਗ ਕੀਨੀ ਇਹ ਭਲੀ।
ਕਿਸ ਕੇ ਮਨ ਮਹਿਂ ਹੁਤਿ ਨ ਕੈਸੇ।
ਸ਼ਾਹੁ ਦਿਵਾਨ ਮਾਰੀਅਹਿ ਐਸੇ ॥੫॥
ਅਸ ਅਨਬਨ ਕੋ ਗੁਰੂ ਬਨਾਵੈਂ।
ਬਨੀ ਬਾਤ ਤਤਛਿਨ ਬਿਗਰਾਵੈਂ।'
ਇਮ ਬਹੁ ਜਸੁ ਕੋ ਕਹਿਂ ਨਰ ਬ੍ਰਿੰਦ।
ਧੰਨ ਧੰਨ ਸ਼੍ਰੀ ਹਰਿ ਗੋਬਿੰਦ' ॥੬॥
ਸਿੱਖ ਬਿਲੋਕਤਿ ਗਮਨੇ ਡੇਰੇ।
ਪਹੁੰਚਜੋ ਜੇਠਾ ਗੁਰੂ ਅਗੇਰੇ।
ਸੁਧਿ ਦੀਨਸਿ 'ਗੁਰ ਦ੍ਰੋਹੀ ਮਰਜੋ।
ਐਂਚਿ ਨਦੀ ਮਹਿਂ ਗੇਰਨਿ ਕਰਜੋ' ॥੭॥

ਸੁਨਿ ਕਰਿ ਸਤਿਗੁਰੁ ਸਭਿ ਮਹਿਂ ਕਹਯੋ।
'ਜਸ ਕੀਨਸਿ ਅਘ, ਤਸ ਫਲ ਲਹਯੋ।
ਕੋ ਗੁਰੁਦ੍ਰੋਹੀ ਸਕਹਿ ਬਚਾਇ ਨ।
ਜਹਿਂ ਕਹਿਂ ਪਾਵਹਿ ਅਨਿਕ ਸਜ਼ਾਇਨਿ ॥੮॥
ਕਰੀ ਪ੍ਰਤੱਗਯਾ ਪੂਰੀ ਭਈ।
ਆਜ ਪਿਤਾ ਕੋ ਰਿਣ ਉਤਰਈ।
ਜਬਿ ਲੌਂ ਪਲਟਾ ਲੇਉਂ ਨ ਹੇਰੇ।
ਤਬਿ ਲੌਂ ਕਰਜ਼ ਹੁਤੋ ਸਿਰ ਮੇਰੇ ॥੯॥
ਖਾਨ ਪਾਨ ਅਰੁ ਸੁਖ ਸੋਂ ਸੋਵਨਿ।
ਆਜ ਕਰੀ ਚਿੰਤਾ ਹਮ ਖੋਵਨਿ।
ਮਾਰ ਅਚਾਨਕ ਪ੍ਰਾਨ ਨਿਕਾਰੇ।
ਹੁਤੋ ਮਰਨ ਇਸ ਕਰ ਭਠਿਆਰੇ[1] ॥੧੦॥
ਲਿਖੀ ਬਧਾਤੇ ਨੇ ਜਸ ਰੀਤਿ।
ਤਸ ਜੀਵਨ ਪਰ ਹੋਤਿ ਬਿਤੀਤ।
ਦਿਵਸ ਆਗਲੇ ਹਜ਼ਰਤ ਆਯੋ।
ਮਿਲਿ ਸਤਿਗੁਰ ਕੋ ਸੀਸ ਨਿਵਾਯੋ ॥੧੧॥
ਬੈਠਯੋ ਚਲੇ ਪ੍ਰਸੰਗ ਅਨੇਕ।
ਪੁਨ ਸ਼੍ਰੀ ਅਰਜਨ ਗੁਨਨਿ ਬਿਬੇਕ।
'ਚਿਰੰਕਾਲ ਕੋ ਹੈ ਇਕ ਪੀਰ।
ਸੁਨੋ ਗੁਰੂ ਜੀ ਬ੍ਰਿੱਧ ਸਰੀਰ ॥੧੨॥
ਤਿਸ ਨੇ ਸਕਲ ਬਾਤ ਸਮੁਝਾਈ।
ਸ਼੍ਰੀ ਅਰਜਨ ਕੀ ਜਿਤਿਕ ਬਡਾਈ।
ਧੰਨ ਧੰਨ ਉਰ ਮਹਾਂ ਗੰਭੀਰ।
ਅਜ਼ਮਤ ਇਤੀ, ਇਤੀ ਬਡ ਧੀਰ ॥੧੩॥
ਕਰਿ ਚਾਰੀ ਮਤਿ ਮੋਰ ਬਿਗਾਰੀ।
ਢਿਗ ਹਕਾਰਿ ਨਹਿਂ ਸੁਧਿ ਸੰਭਾਰੀ।
ਤਿਨ ਕੋ[1] ਰੂਪ ਆਪ ਕੋ ਜਾਨਾ।
ਅਖਲ ਦੋਸ਼ ਬਖ਼ਸ਼ਾਵਨਿ ਠਾਨਾ ॥੧੪॥
ਦੁਰਬੁੱਧੀ[1] ਮੈਂ ਦਯੋ ਗਹਾਇ।
ਤੁਮ ਕੋ ਸਭਿ ਬਿਧਿ ਤੇ ਹਰਖਾਇ।
ਰਾਵਰ ਕੀ ਪ੍ਰਸੰਨਤਾ ਠਾਨੀ।

[1]ਭਠਿਆਰੇ ਦੇ ਹੱਥੋਂ ਇਸ ਦੀ ਮੌਤ ਬਿਦੀ ਸੀ।

[1]ਭਾਵ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ।

[1]ਭਾਵ ਚੰਦੂ।

ਮੈਂ ਨਿਰਦੋਸ਼ ਭਯੋ ਤਬਿ ਜਾਨੀ' ॥੧੫॥
ਸਤਿਗੁਰੁ ਕਹਜੋ 'ਕਰਤਿ ਜਸ ਜੋਇ।
ਤਸ ਤਿਸ ਕੋ ਫਲ ਪ੍ਰਾਪਤਿ ਹੋਇ।
ਤੁਮ ਨੇ ਕੁਛ ਗੁਰੁਦ੍ਰੋਹ ਨ ਧਰਜੋ।
ਕਹੇ ਦੁਸ਼ਟ ਕੇ ਜੋ ਕੁਛੁ ਕਰਜੋ ॥੧੬॥
ਪਸਚਾਤਾਪ ਕਹਜੋ ਪਸ਼ਚਾਤ।
ਯਾਂ ਤੇ ਗੁਰ ਬਖ਼ਸ਼ਜੋ ਸਭਿ ਭਾਂਤਿ।
ਪ੍ਰਾਨ ਹਾਨ ਤਨ ਭਾ ਖਲ ਕਾਲੀ[1]।
ਸਿੱਖਨਿ ਦੀਨਿ ਸਜ਼ਾਇ ਬਿਸਾਲੀ'
॥੧੭॥
ਸੁਨਤਿ ਸ਼ਾਹੁ ਕਹਿ 'ਆਛੋ ਭਯੋ।
ਗੁਰੁ ਪਲਟਾ ਦੇ ਕਰਿ ਮਰਿ ਗਯੋ।'
ਇੱਤਜਾਦਿਕ ਕਹਿ ਗੁਰੂ ਪ੍ਰਸੰਗ।
ਸੁਨਿ ਕਰਿ ਹਜ਼ਰਤ ਹਰਖਤਿ ਅੰਗ
॥੧੮॥
ਕਿਤਿਕ ਸਮੈਂ ਬੈਠਜੋ ਪੁਨ ਗਯੋ।
ਅਧਿਕ ਭਾਉ ਗੁਰੁ ਕੋ ਉਰ ਭਯੋ।
ਸ਼੍ਰੀ ਹਰਿ ਗੋਬਿੰਦ ਰਹੇ ਲਹੌਰ।
ਕਿਤਿਕ ਕਾਲ ਬੀਤਜੋ ਪੁਨ ਔਰ ॥੧੯॥
ਇਹ ਬ੍ਰਿਤੰਤ ਸਭਿ ਮਹਿਂ ਬਿਦਤਾਯੋ।
ਚੰਦੁ ਗਹਾਇ ਸ਼ਾਹੁ ਮਰਿਵਾਯੋ।
ਸ਼੍ਰੀ ਹਰਿ ਗੋਵਿੰਦ ਕੇ ਅਨੁਸਾਰੀ।
ਜਹਾਂਗੀਰ ਬਹੁ ਸ਼ਰਧਾ ਧਾਰੀ ॥੨੦॥
ਜਿਨ ਕੋ ਕਹਜੋ ਮਾਨਿ ਇਮ ਲੀਨਿ।
ਬਾਵਨ ਰਾਵ ਛੋਰਿ ਕਰਿ ਦੀਨਿ।
ਮਿਹਰਵਾਨ ਪ੍ਰਿਥੀਏ ਕੋ ਨੰਦ।
ਗੁਰੁ ਬਡਿਆਈ ਸੁਨਹਿ ਬਿਲੰਦ ॥੨੧॥
ਦੁਖੀ ਹੋਇ ਪਛੁਤਾਵਤਿ ਮਹਾਂ।
-ਪ੍ਰਥਮ ਕਹਾਂ ਹੋਈ ਅਬਿ ਕਹਾਂ।
ਝਗਰਤਿ ਰਹਜੋ ਨ ਪਿਤ ਕੁਛ ਪਾਯੋ।
ਕਿਤਿਕ ਕਾਲ ਮੈਂ ਬੈਠਿ ਬਿਤਾਯੋ ॥੨੨॥
ਹੁਤੇ ਸਹਾਇਕ ਤਬਿ ਸਮੁਦਾਇ।

[1]ਭਾਵ ਪਾਪੀ ਚੰਦੂ ਦੀ ਕੱਲ ਮੌਤ ਹੋ ਗਈ ਹੈ।

ਗਏ ਪਿਤਾ ਕੇ ਸੰਗ ਬਿਲਾਇ[1]।
ਕੁਛ ਬਦਲਾ ਚੰਦੂ ਨੇ ਲਯੋ।
ਕੀਨਿ ਅਨੁਚਿਤਿ ਗਹਾਇ ਸੁ ਦਯੋ ॥੨੩॥

[1]ਭਾਵ ਮਰ ਗਏ।

ਕਰਿ ਕੁਛ ਸਿਹਰ[1] ਸ਼ਾਹੁ ਬਸਿ ਕੀਨਾ।
ਡੇਰੇ ਜਾਇ ਭਾਉ ਮਹਿਂ ਭੀਨਾ।

[1]ਜਾਦੂ।

ਨਗਰ ਸੁਧਾਸਰ ਰਾਖਯੋ ਹਮ ਤੇ[1]।

[1]ਸਾਥੋਂ ਅੰਮ੍ਰਿਤਸਰ ਨੱਗਰ (ਖੋਹ) ਰੱਖਿਆ।

ਮਾਲਿਕ ਹੁਤੇ ਨ ਕੀਨੇ ਸਮ ਤੇ[1] ॥੨੪॥

[1]ਹੈਗੇ ਤਾਂ) ਸੀ (ਅਸੀਂ) ਮਾਲਿਕ (ਪਰ) ਬਰੱਬਰ ਦੇ (ਵੀ) ਨਾ ਕੀਤੇ।

ਅਬਿ ਉਪਾਇ ਕਜਾ ਕਰਹਿਂ ਬਨਾਈ।
ਜਹਾਂਗੀਰ ਕੀ ਮਤਿ ਬਿਰਮਾਈ।
ਸ਼ਾਹਜਹਾਂ ਸੋਂ ਮੇਲ ਜਿ ਕਰੀਅਹਿ।
ਤੌਂ ਸਹਾਇਤਾ ਤਿਸ ਕੀ ਧਰੀਅਹਿ- ॥੨੫॥
ਚਿਤਵਤਿ -ਕੌਨ ਮਿਲਾਵਹਿ ਜਾਇ।
ਕਰਹਿ ਸੁਨਾਵਨਿ ਬਹੁ ਬਡਿਆਇ।
ਹਰਿਗੁਵਿੰਦ ਸੰਗ ਜਿਸ ਕੌ ਦ੍ਵੈਸ਼।
ਹਮਰੋ ਕਰਹਿ ਸੁ ਕਾਜ ਵਿਸ਼ੇਸ਼- ॥੨੬॥
ਚੰਦੂ ਸੁਤ ਕੀ ਸੁਧਿ ਮੰਗਵਾਈ।
-ਸ਼ਾਹਜਹਾਂ ਤਕ ਪਹੁੰਚੈ ਜਾਈ[1]-।

[1]ਜਿਸ ਦੀ ਭਾਵ ਚੰਦੂ ਸੁਤ ਦੀ ਸ਼ਾਹਜਹਾਂ ਤਕ ਪਹੁੰਚ ਹੈ।

ਸੁਨਿ ਹਰਿਖਯੋ -ਹੁਇ ਮਿੱਤ੍ਰ ਹਮਾਰਾ।
ਜਿਸ ਕੋ ਪਿਤਾ ਚੰਦੁ ਇਮ ਮਾਰਾ- ॥੨੭॥
ਇਕ ਦੁਇ ਵਾਰੀ ਦਾਸ ਪਠਾਯੋ।
ਆਪ ਮਿਲਨਿ ਕੋ ਬਜੋਂਤ ਬਨਾਯੋ।
ਪਾਗ ਦੁਸ਼ਾਲਾ ਧਨ ਕੁਛ ਲੀਨਿ।
ਚੰਦੁ ਨੰਦੁ ਕੋ ਮਿਲਿ ਕਰਿ ਦੀਨਿ ॥੨੮॥
ਦੋਨਹੁ ਗੁਰ ਕੀ ਨਿੰਦ ਬਖਾਨੇ।
ਮਹਿਮਾ ਲਖਿ ਨ ਸਕਹਿਂ ਅਨਜਾਨੇ।
'ਸ਼ਾਹੁ ਜਹਾਂ ਸੋਂ ਮੋਹਿ ਮਿਲਾਵੋ।
ਜਤਨ ਰਚਹੁ ਜੈਸੇ ਰਿਪੁ ਘਾਵੋਂ' ॥੨੯॥
ਹੁਤੀ ਜਥਾ ਮਤਿ ਦੁਸ਼ਟ ਬਡਿਨਿ ਕੀ।
ਗੁਰ ਸੰਗਿ ਦ੍ਰੋਹੀ ਤਥਾ ਦੁਹਿਨ ਕੀ[1]।

[1]ਦੋਹਾਂ (ਦੇ ਪੁੱਤ੍ਰਾਂ) ਦੀ।

ਚੰਦੂ ਪ੍ਰਿਥੀਆ ਬੈਰ ਬਿਸਾਲਾ।
ਸ਼੍ਰੀ ਅਰਜਨ ਸੰਗ ਕਿਯ ਸਭਿ ਕਾਲਾ
॥੩੦॥
ਚੰਦੁ ਨੰਦ ਅਰੁ ਪ੍ਰਿਥੀਆ ਨੰਦ।
ਭੇ ਰਿਪੁ ਤਿਮ ਸ਼੍ਰੀ ਹਰਿ ਗੋਬਿੰਦ।
ਕੇਤਿਕ ਦਿਨ ਮਹਿਂ ਬਜੋਂਤ ਬਨਾਯੋ।
ਸ਼ਾਹੁਜਹਾਂ ਸੰਗ ਜਾਇ ਮਿਲਾਯੋ ॥੩੧ ॥
'ਸੁਨਹੁ ਸ਼ਾਹੁ ਸੁਤ ! ਕਜਾ ਹਮ ਕਹੈਂ।
ਚਿਰੰਕਾਲ ਕੇ ਨਜਾਵ ਨ ਲਹੈਂ।
ਹਮਰੋ ਉਨ ਕੋ ਏਕ ਪਿਤਾਮਾ।
ਮਮ ਪਿਤ ਬਡੇ ਚਹਿਤਿ ਸਭਿ ਸਾਮਾ[1]
॥੩੨॥

[1]ਸਮਿੱਗ੍ਰੀ [ਫਾ: ਸਾਮਾਨ]

ਤਿਸ ਕੋ ਪਿਤ ਲਘੁ ਸਭਿ ਕਿਛੁ ਲੀਨਿ।
ਪੁਰੀ ਨਿਕਾਸੇ ਛਲ ਬਲ ਕੀਨਿ।
ਹਮਰੋ ਕਹਿਨਹਾਰ ਨਹਿਂ ਕੋਈ।
ਮੈਂ ਚੰਦੁ ਨੰਦ ਨ ਪਹੁੰਚਹਿਂ ਦੋਈ[1] ॥੩੩॥

[1]ਮੈਂ ਭਾਵ ਮਿਹਰਬਾਨ ਤੇ ਚੰਦੂ ਦਾ ਪੁੱਤ੍ਰ ਦੋਵੇਂ ਨਹੀਂ ਪਹੁੰਚ ਸਕਦੇ (ਜਹਾਂਗੀਰ ਦੀ ਕਚਹਿਰੀ ਵਿਚ)।

ਕਹਿ ਕੈ ਕੌਨ ਸ਼ਾਹੁ ਸਮੁਝਾਵੈ।
ਨੀਕੋ ਲਖਹਿ ਤ ਹਮਹਿਂ ਦਿਵਾਵੈ।
ਸਤਿਗੁਰ ਤੁਮਰੇ ਬਨਹਿਂ ਸਹਾਇ।
ਗਹਜੋ ਅਲੰਬ ਆਪ ਕੋ ਆਇ' ॥੩੪॥
ਕਰਜੋ ਤਨਕ ਰੁਖ਼ ਕਹਿ ਸੁਤ ਸ਼ਾਹੂ।
'ਅਵਸਰ ਪਾਇ ਕਹੈਂ ਪਿਤ ਪਾਹੂ।'
ਅਪਰ ਸੁਭਾਇ ਬਿਖੈ ਪੁਨ ਪਰਜੋ।
ਮਿਹਰਵਾਨ ਪੁਨ ਆਵਨਿ ਕਰਜੋ ॥੩੫॥
ਚਿਤਵਤਿ ਰਿਦੇ, ਮਿਲਹਿ ਬਹੁ ਬਾਰੀ।
-ਹੋਇ ਸ਼ਾਹੁ ਸੁਤ ਸਾਥ ਚਿਨਾਰੀ-।
ਰੁਤਿ ਬਸੰਤ ਆਈ ਹੁਲਸੰਤਿ[1]।
ਬਰਨ ਬਰਨ ਸੁਮਨਸੁ ਬਿਗਸੰਤਿ ॥੩੬॥

[1]ਅਨੰਦ ਵਾਲੀ।

ਗਈ ਸੀਤਤਾ ਉਸ਼ਨ ਉਪਾਈ।
ਬਨ ਉਪਬਨ[1] ਖੁਸ਼ਬੋਇ ਬਧਾਈ।
ਜਹਾਂਗੀਰ ਸਿਮਰੀ ਕਸ਼ਮੀਰ।

[1]ਬਾਗਾਂ ਵਿਚ।

ਜਹਿਂ ਘਾਮ ਨ, ਅਤਿ ਸੀਤਲ ਨੀਰ
॥੩੭॥
ਜਹਿਂ ਸੁੰਦਰ ਬਾਗਨਿ ਲਗਿ ਮੇਵੇ।
ਭਾਗਵਾਨ ਇਸ ਰਿਤੁ ਮਹਿਂ ਸੇਵੇ।
ਕਰਯੋ ਮਨੋਰਥ -ਅਬਿ ਚਲ ਜਾਵੌਂ।
ਬਾਰਸ਼† ਭਏ ਦੇਸ਼ ਇਸ ਆਵੌਂ- ॥੩੮॥ †ਪਾ:—ਬਰਸ।
ਇਮ ਨਿਸ਼ਚੈ ਕਰਿ ਇਕ ਦਿਨ ਮਾਂਹੂ।
ਆਯੋ ਸ਼੍ਰੀ ਹਰਿਗੋਬਿੰਦ ਪਾਹੂ।
ਸ਼ਾਹੁਜਹਾਂ ਨੰਦਨ ਲੇ ਸਾਥ।
ਟੇਕਯੋ ਆਨਿ ਦੁਹੂੰ ਪਗ ਮਾਥ ॥੩੯॥
ਸਾਦਰ ਸਤਿਗੁਰ ਬੋਲਿ ਬਿਠਾਏ।
ਪ੍ਰਭੁ ਦਿਸ਼ਿ ਕੇ ਸੁ ਪ੍ਰਸੰਗਿ ਚਲਾਏ।
ਪੁਨ ਹਜ਼ਰਤ ਕਹਿ 'ਸੁਨਿ ਗੁਰ ਪੀਰ!
ਮੈਂ ਅਬਿ ਚਲਯੋ ਚਹਤਿ ਕਸ਼ਮੀਰ ॥੪੦॥
ਜਿਮ ਅਬਿ ਮਿਹਰਵਾਨਗੀ ਧਰਿਹੋ।
ਮਮ ਪਾਛੇ ਇਮ ਹੀ ਹਿਤ ਕਰਿਹੋ।
ਸ਼ਾਹੁਜਹਾਂ ਸੇਵਾ ਤੁਮ ਠਾਨੈ।
ਰਹੈ ਇਹਾਂ ਸਭਿ ਬਿਧਿ ਕੋ ਜਾਨੈ ॥੪੧॥
ਮੋ ਪਰ ਕ੍ਰਿਪਾ ਕਰਤਿ ਜਿਸ ਰੀਤਿ।
ਇਸ ਪਰ ਭੀ ਤੁਮ ਠਾਨਹੁ ਨੀਤਿ।'
ਸ਼੍ਰੀ ਹਰਿ ਗੋਬਿੰਦ ਬਾਕ ਬਖਾਨਾ।
'ਸ਼੍ਰੀ ਗੁਰੁ ਘਰ ਹੈ ਮੁਕਰ[1] ਸਮਾਨਾ ॥੪੨॥ [1]ਸ਼ੀਸ਼ੇ।
ਜਥਾ ਆਪਨੋ ਬੇਸ ਬਨਾਵੈ।
ਤਿਸ ਪ੍ਰਕਾਰ ਹੀ ਤਿਸੈ ਦਿਖਾਵੈ।
ਜਿਮ ਤੁਮ ਹਮ ਸੋਂ, ਰਹਿਂ ਹਮ ਤੁਮ ਸੋਂ।
ਤਿਮ ਹਮ ਰਹਿਂ, ਜਿਮ ਇਹ ਰਹਿ ਹਮ ਸੋਂ
॥੪੩॥
ਅਬਿ ਕਸ਼ਮੀਰ ਜਾਹੁ ਸੁਖ ਹੇਤੁ।
ਜਹਿਂ, ਸੀਤਲਤਾ ਬਰਫ ਸਮੇਤ।
ਕਰਹੁ ਸੈਲ ਜਹਿਂ ਘਾਮ ਨ ਕੋਈ।
ਬਨ ਉਪਬਨ ਸੁਮਨਨਿ ਜੁਤਿ ਹੋਈ
॥੪੪॥

ਹਮ ਲਵਪੁਰਿ ਮਹਿਂ ਠਾਨਹਿਂ ਬਾਸਾ।
ਨਹੀਂ ਆਪਨੇ ਜਾਹਿਂ ਅਵਾਸਾ।
ਇਹਾਂ ਪ੍ਰਮੇਸ਼ੁਰ ਸਿਮਰਹਿਂ ਬੈਸੇ।
ਤਿਮ ਹਮ ਰਹਿ ਹੈਂ ਤੁਮ ਢਿਗ ਜੈਸੇ'
॥੪੫॥
ਇੱਤ੍ਯਾਦਿਕ ਬਚ ਅਪਰ ਬਖਾਨੇ।
ਗਯੋ ਸ਼ਾਹੁ ਪੁਨ ਅਪਨ ਸਥਾਨੇ।
ਸ਼ਾਹਜਹਾਂ ਸਮੁਝਾਵਨਿ ਕੀਨਿ।
'ਇਹ ਪੀਰਨਿ ਕੋ ਪੀਰ ਪ੍ਰਬੀਨ ॥੪੬॥
ਕਰਹੁ ਮਾਨ ਰਹੀਅਹੁ ਅਨੁਸਾਰੇ।
ਮਾਨੋ ਤਿਮ ਜਿਮ ਗਿਰਾ ਉਚਾਰੇਂ।
ਮਮ ਆਵਤਿ ਲੌ ਸੁਧਿ ਸਭਿ ਲੀਜੈ।
ਭੂਲ ਨ ਕਬਹੁਂ ਅਵਗ੍ਯਾ ਕੀਜੈ' ॥੪੭॥
ਇੱਤ੍ਯਾਦਿਕ ਸਭਿ ਕਹਿ ਤਕਰਾਈ।
ਅਪਰ ਸਮਾਜ ਸੌਂਪਿ ਸਭਿ ਥਾਈਂ।
ਜਹਾਂਗੀਰ ਕਸ਼ਮੀਰ ਪਯਾਨਾ।
ਲਸ਼ਕਰ ਕੁਛਕ ਸੰਗ ਪ੍ਰਸਥਾਨਾ ॥੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਲਵਪੁਰਿ' ਪ੍ਰਸੰਗ ਬਰਨਨੰ ਨਾਮ ਦਵਾਦਸਮੋਂ ਅੰਸੂ ॥੧੨॥

੧੩. [ਮਿਹਰਵਾਨ ਨੂੰ ਮੇਲ ਹਿਤ ਸਮਝਾਉਣਾ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:
ਜਹਾਂਗੀਰ ਕਸ਼ਮੀਰ ਗਾ, ਸਤਿਗੁਰ ਬਸੇ
ਲਹੌਰ।
ਇਕ ਆਵਤਿ ਇਕ ਜਾਤਿ ਹੈਂ, ਸੰਗਤਿ
ਠੌਰਨਿ ਠੌਰ ॥੧॥
ਚੌਪਈ:
ਸ਼੍ਰੀ ਗੁਰ ਹਰਿਗੁਬਿੰਦ ਸੁਨਿ ਪਾਯੋ।
'ਮਿਹਰਵਾਨ ਲਵਪੁਰਿ ਮਹਿਂ ਆਯੋ।
ਕੇਤਿਕ ਦਿਨ ਬੀਤੇ ਇਸ ਥਾਨੇ।
ਪਿਤਾ ਸਮਾਨ ਬੈਰ ਕੋ ਠਾਨੇ' ॥੨॥
ਗੁਰੁ ਬਿਚਾਰਿ ਉਰ -ਤੁਰਕਨ ਪਾਸ।
ਝਗਰਤਿ ਕਰਤਿ ਪੁਕਾਰ ਪ੍ਰਕਾਸ਼।
ਜਿਸ ਤੇ ਮਾਥੋ ਚਹੈ ਟਿਕਾਵਨਿ।
ਤਿਹ ਸਮੀਪ ਕਜਾ ਨਜਾਵ ਚੁਕਾਵਨਿ
॥੩॥
ਸੁਰਪਤਿ ਆਦਿ ਨਿਮਹਿਂ ਗੁਰ ਗਾਦੀ[1]।
ਨੀਕੋ ਨਾਂਹਿ ਨ ਹੋਵਨਿ ਬਾਦੀ[1]।
ਯਾ ਤੇ ਮੇਲ ਕਰਹਿਂ, ਸੁਖ ਪਾਇ।
ਨਿਜ ਨਿਜ ਥਾਨ ਰਹੈਂ ਹਰਖਾਇ- ॥੪॥
ਇਮ ਬਿਚਾਰ ਕਰਿ ਭੇਜੇ ਦੋਇ।
ਪੈੜਾ ਅਪਰ ਪਿਰਾਣਾ ਜੋਇ।
'ਬੂਝਹੁ ਜਾਇ ਮੇਲ ਕੀ ਬਾਤਿ।
ਨਾਹਕ ਬਾਦ ਕਰਹੁ ਬੱਖਜਾਤਿ' ॥੫॥
ਸੁਨਿ ਦੋਨਹੁ ਤਬਿ ਚਲਿ ਕਰਿ ਗਏ।
ਖੋਜਨੋ ਡੇਰਾ ਪਹੁੰਚਤਿ ਭਏ।
ਬੈਠੇ ਨਿਕਟ ਪ੍ਰਸੰਗ ਚਲਾਯੋ।
'ਸ਼੍ਰੀ ਹਰਿ ਗੋਬਿੰਦ ਹਮੇ ਪਠਾਯੋ ॥੬॥
ਬੈਰ ਭਾਵ ਕੋ ਚਹਤਿ ਬਿਸਾਰੇ।
ਕਰਤਿ ਜੁ ਬਡੇ[1] ਪ੍ਰਲੋਕ ਸਿਧਾਰੇ।
ਹਾਸਲ ਕਛੁ ਨ ਬਾਦਿ ਮਹਿਂ ਹੋਵਾ।

[1]ਨੀਉਂਦੇ ਹਨ ਗੁਰਾਂ ਦੀ ਗੱਦੀ (ਅੱਗੇ)।
[1]ਝਗੜਾ ਕਰਨ ਵਾਲਾ।
[1]ਤੁਹਾਡੇ) ਵੱਡੇ।

ਰਹੇ ਪੁਕਾਰੂ ਜਸੁ ਕੋ ਖੋਵਾ ॥੭॥
ਹਮ ਤੁਮ ਮਿਲਿ ਕੈ ਅਬਿ ਇਕ ਹੋਇਂ।
ਨੀਕੇ ਜਾਨਹਿਂਗੇ ਸਭਿ ਕੋਇ।'
ਮਿਹਰਵਾਨ ਸੁਨਿ ਕੈ ਰਿਸ ਧਾਰੀ।
ਦ੍ਵੈਖਕ ਗਿਰਾ ਕਠੋਰ ਉਚਾਰੀ ॥੮॥
'ਪਿਤਾ ਕਰਤਿ ਜਿਮ ਛਲ ਕੋ ਆਗੇ।
ਤਿਸੀ ਰੀਤਿ ਮਹਿਂ ਅਬਿ ਸੁਤ ਲਾਗੇ।
ਕਹਿ ਕਹਿ ਮਧੁਰ ਕਰਹਿਂ ਬਿਰਮਾਵਨ।
ਲੀਨਿ ਛੀਨਿ ਸਭ ਕੁਛ ਰਚਿ† ਦਾਵਨ[1] ॥੯॥ [1]ਦਾਵਾਂ ਨੂੰ ਰਚਕੇ। †ਪਾ:—ਰੁਚਿ।
ਸ਼ਾਹੁ ਗ੍ਰਾਮ ਦੀਨੋ ਤਹਿਂ ਬੈਸੇ।
ਦਿਵਸ ਗੁਜ਼ਾਰਹਿਂ ਜੈਸੇ ਕੈਸੇ।
ਜਿਸ ਦਿਨ ਹੋਵੈ ਨਜਾਂਵ ਹਮਾਰਾ।
ਲੇਉਂ ਆਦਿ ਤੇ ਗਿਨ ਧਨ ਸਾਰਾ ॥੧੦॥
ਆਯੁਧ ਧਾਰੀ ਭਾ ਅਬਿ ਜੋਧਾ।
ਕਜੋਂ ਜਾਨਹਿ ਸੋ ਹਮਰੇ ਕ੍ਰੋਧਾ।
ਹਮ ਭੀ ਗਹਿਂ ਜਬਿ ਅਪਨੇ ਹਾਥ।
ਕਰੈਂ ਮੇਲ ਤਬਿ ਸ਼ਸਤ੍ਰਨਿ ਸਾਥ ॥੧੧॥
ਅੰਤ ਸਮੈ ਪਿਤ ਮੁਝ ਉਪਦੇਸ਼ਾ।
-ਲਿਹੁ ਪਲਟਾ ਰਚਿ ਦ੍ਵੈਸ਼ ਵਿਸ਼ੇਸ਼ਾ-।
ਤਿਨ ਲਘੁ ਕਹਜੋ[1] ਬਿਸਾਲ ਧਰੌਂ ਮੈਂ। [1]ਤਿਨ੍ਹਾਂ ਦਾ ਥੋੜਾ ਆਖਿਆ।
ਕਿਮ ਬਾਤਨਿ ਸੋਂ ਮੇਲ ਕਰੋਂ ਮੈਂ' ॥੧੨॥
ਸੁਨਿ ਪੈੜੇ ਪੁਨ ਬੈਨ ਬਖਾਨਾ।
'ਨਹਿਂ ਮਨ ਠਾਨਹੁ ਕ੍ਰੋਧ ਮਹਾਨਾ।
ਬਿਸ਼ਨੁ, ਰਾਮ, ਨਰ ਸਿੰਘ, ਗੁਬਿੰਦ।
ਸੋ ਸਰੂਪ ਸ਼੍ਰੀ ਹਰਿ ਗੋਬਿੰਦ ॥੧੩॥
ਜੋ ਲੈ ਕਰਿ ਸਭਿ ਜਗਤ ਵਿਸ਼ੇਖ।
ਸੁਪਤਿ ਜੋਗ ਨਿੰਦ੍ਰਾ ਪਰ ਸ਼ੇਖ[1]। [1]ਸ਼ੇਸ਼ ਨਾਗ ਤੇ।
ਮਧੁ ਕੈਟਭ ਮਰਦਾਨ ਜੋ ਰੂਪ।
ਸੋ ਸ਼੍ਰੀ ਹਰਿਗੋਵਿੰਦ ਅਨੂਪ ॥੧੪॥
ਸਤਿ ਚੇਤਨ ਆਨੰਦ ਪ੍ਰਕਾਸ਼।
ਸਭਿ ਮਹਿਂ ਬਜਾਪਜੋ ਜਥਾ ਅਕਾਸ਼।

ਸੋ ਨਿਰਕਾਰ[1] ਧਰਯੋ ਆਕਾਰ।
ਸ਼੍ਰੀ ਹਰਿ ਗੋਬਿੰਦ ਰੂਪ ਉਦਾਰ ॥੧੫॥
ਜਿਸ ਕੋ ਜੋਗੀਸ਼ੁਰ ਧਰਿ ਧਯਾਨ।
ਭੁਗਤਹਿਂ[1] ਸਕਲ ਜਿਸੀ ਕੋ ਦਾਨ।
ਸ਼ੇਸ਼, ਗਨੇਸ਼, ਦਿਨੇਸ਼, ਮਹੇਸ਼[1]।
ਜਿਸ ਕੋ ਸਿਮਰਹਿਂ ਨਾਮ† ਹਮੇਸ਼ ॥੧੬॥
ਸੋ ਸਰੂਪ ਗੁਰੁਦੇਵ ਬਿਚਾਰੋ।
ਤਜਹੁ ਦ੍ਵੈਸ਼ ਅਬਿ ਨਿਕਟ ਸਿਧਾਰੋ।'
ਏਵ ਪ੍ਰਸ਼ੰਸ਼ਾ ਕੋ ਸੁਨਿ ਕਰਿ ਕੈ।
ਜਰੀ ਨ ਮਿਹਰਵਾਨ ਜਰਿ ਬਰਿ ਕੈ ॥੧੭॥
ਛਿੱਦ੍ਰਨ[1] ਖੋਜਿ ਖੋਜਿ ਕਰਿ ਕਹਯੋ।
'ਸਭਿ ਜਗ ਮਹਿਂ ਤੁਮਰੋ ਗੁਰ ਲਹਯੋ।
ਪ੍ਰਥਮ ਧਰਯੋ ਸੁਲਹੀ ਕੋ ਤ੍ਰਾਸਾ।
ਛੋਰਿ ਸੁਧਾਸਰ ਗ੍ਰਾਮ ਸੁ ਬਾਸਾ ॥੧੮॥
ਤਹਿਂ ਜਨਮਯੋ ਅਬਿ ਜੋ ਬਡ ਜੋਧਾ।
ਕਯੋਂ ਨ ਕਰਤਿ ਪਿਤ ਕੀ ਗਤਿ ਬੋਧਾ[1]।
ਛਲ ਕਰਿ ਮਮ ਪਿਤ ਸੋਂ ਮਿਲਿ ਗਯੋ।
ਆਨਿ ਸੁਧਾਸਰ ਪੁਨ ਘਰ ਕਯੋ ॥੧੯॥
ਬਸਤਿ ਬਸਤਿ ਅਪਨੋ ਬਲ ਪਾਇ।
ਦੇ ਦੇ ਰਿਸ਼ਵਤ ਸਿਖ ਅਪਨਾਇ।
ਹੁਤੋ ਸੁਭਾਵ ਪਿਤਾ ਕੋ ਭੋਰਾ।
ਲਖਯੋ ਨ ਕਪਟ ਕੂਰ ਕੋ ਜੋਰਾ ॥੨੦॥
ਅਪਰ ਕਹਾਂ ਲਗਿ ਕਹੌਂ ਖੁਟਾਈ।
ਅੰਤ ਸਮੇਂ ਕਹੁ ਕਜਾ ਗਤਿ ਪਾਈ।
ਚੰਦੁ ਬਿਲੰਦ ਸਜ਼ਾਇਨਿ ਦੀਨਿ।
ਪਾਇ ਕਸ਼ਟ ਤਨ ਤਜਿਬੋ ਕੀਨਿ ॥੨੧॥
ਕੈਦਿ ਗੁਆਲਿਅਰ ਗਮਨਯੋ ਏਹੁ।
ਕਯੋਹੂੰ ਨਿਕਸਯੋ ਆਯੋ ਗ੍ਰੇਹੁ।
ਕਹੂੰ ਨ ਅਜ਼ਮਤ ਕਿਸ ਦਿਖਰਾਈ।

[1]ਉਸ ਨਿਰ ਆਕਾਰ ਨੇ।

[1]ਭੋਗਦੇ ਹਨ।

[1]ਸ਼ਿਵ।

†ਪਾ:—ਦਾਨੁ = ਦੈਂਤ।

[1]ਅਵਗੁਣ।

[1]ਪਿਉ ਵਾਲੀ ਗਲ ਦਾ ਕਿਉਂ ਨਾ ਵਿਚਾਰ ਕਰੇਗਾ ਅਰਥਾਤ ਉਹੋ ਜੇਹੀ ਚਾਲ ਚਲੇਗਾ। ਭਾਵ ਤੁਸੀਂ ਜੋ ਮਿਲੌਨੀ ਕਰਨ ਆਏ ਹੋ ਇਹ ਕੋਈ ਉਸੇ ਤਰ੍ਹਾਂ ਦੀ ਚਾਲ ਹੈ।

-ਪਰਾਲਬਧ ਤੇ ਸਭਿ ਬਨਿਆਈ-
॥੨੨॥
ਜਿਨ ਢਿਗ ਸ਼ਕਤਿ ਸੁ ਕੈਸੇ ਕਹੈਂ।
ਕਿਮ ਕਮਤਾ ਅਪਨੀ ਜਗ ਚਹੈਂ।
ਬਕਤਿ[1] ਜਿਨਹੁ ਕੋ ਹਰਿ ਅਵਤਾਰ।
ਕਰਹਿਂ ਬਡਾਈ ਖਾਹਿਂ ਅਹਾਰ[1] ॥੨੩॥
ਸ਼੍ਰੀ ਨਾਨਕ ਕੀ ਚਾਹਤਿ ਰੀਸ।
ਭੇ ਅਵਤਾਰ ਜੁ ਪੂਰਨ ਈਸ਼।'
ਸੁਨਤਿ ਪਿਰਾਣੇ ਬੈਨ ਬਖਾਨੇ।
'ਏਕ ਜੋਤਿ ਖਟ ਤਨ ਗੁਰ ਠਾਨੇ ॥੨੪॥
ਅਹੈ ਗੁਰਨਿ ਕੀ ਇਕ ਬਡਿਆਈ।
ਅਜ਼ਮਤਿ ਦੇਹਿਂ ਨ ਜੇ ਸਿਰ ਜਾਈ।
ਸ਼੍ਰੀ ਅੰਗਦ ਗੁਰੁ ਨਾਨਕ ਰੂਪ।
ਤੁਮ ਮਾਨਤਿ ਕੈ ਨਹੀਂ ਅਨੂਪ ॥੨੫॥
ਸੋ ਜਾਟਨਿ ਮਿਲਿ ਗ੍ਰਾਮ ਨਿਕਾਰੇ।
ਨਿਕਸਿ ਗਏ ਨਹਿਂ ਸ਼ਕਤਿ ਦਿਖਾਰੇ।
ਇਮ ਸ਼੍ਰੀ ਅਮਰ ਸਹੀ ਉਰ[1] ਲਾਤਿ।
ਕਸ਼ਟ ਲਹਜੋ ਬਯ ਬਡ ਬ੍ਰਿਧ ਗਾਤ ॥੨੬॥
ਗੋਇੰਦਵਾਲ ਛੋਰਿ ਕਰਿ ਗਏ।
ਪੁਨ ਭਾਈ ਬ੍ਰਿਧ ਲਜਾਵਤਿ ਭਏ।
ਜੋ ਤੁਮ ਦੂਖਨ ਬਰਨ ਬਖਾਨਾ।
ਸਤਿਗੁਰ ਮਤ ਇਹੁ ਭੂਖਨ ਜਾਨਾ ॥੨੭॥
ਗੁਰੁ ਸਲਿਤਾਪਤਿ ਸਮ ਗੰਭੀਰ।
ਕੋ ਤਿਨ ਥਾਹੁ ਲਹੈ ਅਸ ਧੀਰ।
ਅਚਲ ਮੇਰੁ ਸਮ ਕੌਨ ਚਲਾਵੈ।
ਜਿਨ ਕੀ ਗਤਿ ਕੁਛ ਲਖੀ ਨ ਜਾਵੈ
॥੨੮॥
ਬੂੰਦਕ ਅਜ਼ਮਤਿ ਹੈ ਜਿਸ ਪਾਸ।
ਕਰਹਿ ਬਿਦਤ ਜਗ ਕੀ ਧਰਿ ਆਸ[1]।
ਓਛੇ ਨਰ ਤਿਨ ਕੋ ਬਡਿਆਵੈਂ।
ਬਡ ਸਮੁੰਦ੍ਰ ਕੀ ਸਾਰ ਨ ਪਾਵੈਂ ॥੨੯॥
ਅਬਿ ਲੌ ਗੁਰੁ ਰਾਖਹਿਂ ਬਡਿਆਈ।

[1](ਤੂੰ) ਕਹਿੰਦਾ ਹੈਂ।
[1](ਉਨ੍ਹਾਂ ਦੀ) ਰੋਟੀ ਖਾਣ ਕਰਕੇ ਵਡਿਆਈ ਕਰਦੇ ਹੋ।
[1]ਛਾਤੀ ਉਤੇ।
[1]ਜਗਤ (ਤੋਂ ਪੁਜਾਵਣ ਦਾ) ਆਸਾ ਧਾਰਕੇ।

ਬਡੇ ਬੈਸ ਕਰਿ ਤੁਮਹਿ ਲਖਾਈ।
ਮਾਨਹੁ ਕਹ੍ਯੋ ਮੇਲ ਕੋ ਕੀਜੈ।
ਬੈਰ ਖੋਇ ਸੁਖ ਅਰੁ ਜਸੁ ਲੀਜੈ ॥੩੦॥
ਜਾਨਹਿਂ ਹਮਰੀ ਹੋਇ ਛੁਟਾਈ।
ਕਰਹਿਂ ਪੁਕਾਰ ਤੁਰਕ ਅਗੁਵਾਈ।
ਨਾਮ ਬਡਿਨਿ ਕੋ ਸਭਿ ਮਹਿਂ ਅਹੈ।
ਸ਼੍ਰੀ ਗੁਰੁ ਰਾਮਦਾਸ ਕੇ ਕਹੈਂ- ॥੩੧॥
ਇਮ ਲਖਿ, ਲਾਜ ਧਰਹਿਂ ਲਖਿ ਮਨ ਹੀ[1]।

[1]ਇਸ ਤਰ੍ਹਾਂ ਤੂੰ ਜਾਣ, (ਸ਼੍ਰੀ ਗੁਰੂ ਹਰਿ ਗੋਬਿੰਦ ਜੀ) ਮਨ ਵਿਚ (ਉਪਰ ਕਹੀ ਵਾਰਤਾ) ਜਾਣਕੇ ਲੱਜਾ ਕਰਦੇ ਹਨ।

ਤੁਮਰੇ ਸੰਗ ਮਿਲਿਨਿ ਚਹਿਂ ਮਨ ਹੀ।'
ਮਿਹਰਵਾਨ ਬੋਲ੍ਯੋ ਰਿਸ ਪਾਗੇ।
'ਉਠਹੁ ਕਰੋਂ ਨ ਮਮ ਨੇਤ੍ਰਨਿ ਆਗੇ ॥੩੨॥
ਅਪਨੀ ਕੁਸ਼ਲ ਚਹੁ ਚਲਿ ਜਾਵਹੁ।
ਨਾਹਕ ਬੀਚ ਮਾਰ ਕਿਮ ਖਾਵਹੁ।'
ਸੁਨਤਿ ਉਠੇ ਪੈੜਾ ਰੁ ਪਿਰਾਣਾ।
ਰਿਸੇ ਨ[1], ਗੁਰ ਕੋ ਤ੍ਰਾਸ ਪਛਾਣਾ ॥੩੩॥

[1]ਸਿਖ) ਗੁੱਸੇ ਨਾ ਹੋਏ।

ਚਲਿ ਸ਼੍ਰੀ ਹਰਿ ਗੋਬਿੰਦ ਢਿਗ ਆਏ।
ਮਿਹਰਵਾਨ ਕੋ ਕਹ੍ਯੋ ਸੁਨਾਏ।
ਤਬਿ ਗੁਰੁ ਕਹ੍ਯੋ 'ਆਪ ਹਮ ਚਲੈਂ।
ਲੇਹਿਂ ਨਿਹੋਰ ਪ੍ਰਥਮ, ਜੇ ਮਿਲੈ[1]' ॥੩੪॥

[1]ਪਹਿਲੇ ਬੇਨਤੀ ਕਰ ਵੇਖੀਏ ਭਲਾ ਜੇ ਮਿਲ ਪਵੇ।

ਜੇਠੇ ਕਹ੍ਯੋ 'ਨ ਆਪ ਪਯਾਨੋ।
ਮਿਹਰਵਾਨ ਪ੍ਰਿਥੀਏ ਸਮ ਜਾਨੋ।
ਬਡੇ ਗੁਰਨਿ ਬਹੁ ਕਰੇ ਉਪਾਇ।
ਬਿਨਤੀ ਕਹਿ ਕਹਿ ਰਹੇ ਪਠਾਇ ॥੩੫॥
ਰਹ੍ਯੋ ਬਿਪਰਜੈ ਸਮੁਝਤਿ ਸੋਈ।
ਮੁਝ ਤੇ ਡਰਤਿ ਦੀਨ ਮਨ ਹੋਈ।
ਸੁਲਹੀ ਸਹਤ ਮ੍ਰਿਤਕ ਹੁਇ ਗਯੋ।
ਮਨ ਕੋ ਹਠ ਨਹਿਂ ਛੋਰਤਿ ਭਯੋ' ॥੩੬॥
ਕਹ੍ਯੋ ਗੁਰੂ 'ਜੇਠਾ! ਸਚ ਕਹੈਂ।
ਤਊ ਬਾਰਿ ਇਕ, ਹਮ ਭੀ ਲਹੈਂ।

ਜੇ ਨਹਿਂ ਮਾਨਹਿ ਹੁਇ ਸਮ ਧੂਰਤਿ[1]। [1]ਮੂਰਖ।
ਰਹੈ ਬੰਸ ਲਗਿ ਬਹੁਤ ਬਿਸੂਰਤਿ ॥੩੭॥
ਹਮ ਕੋ ਊਚਿਤ ਨਿਹੋਰਨਿ[1] ਅਹੈ। [1]ਮਨਾਉਣ।
ਸੋ ਬਡ ਦੁਖੀ ਪੁਕਾਰੂ ਰਹੈ।
ਪੁਰੀ ਪਿਤਾਮੇ ਕੀ ਤਜਿ ਗਏ।
ਨਿੰਦਾ ਕਰਤਿ ਰਹਤਿ ਹਿਤ ਹਏ[1]' ॥੩੮॥ [1]ਪਿਆਰ ਤੋੜਕੇ।
ਇਮ ਕਹਿ ਕਿਤਿਕ ਸਿੱਖ ਸੰਗਿ ਲੀਨਿ।
ਗਏ ਧੀਰ ਗੁਰੁ ਪਰਮ ਪ੍ਰਬੀਨ।
ਆਗੈ ਮਿਹਰਵਾਨ ਅਭਿਮਾਨੀ।
ਗੁਰ ਗਾਦੀ ਪਰ ਨਿਜ ਕੋ ਜਾਨੀ ॥੩੯॥
ਕਿਤਿਕਿ ਰੰਕ ਸਿਖ ਨਿਕਟ ਬਿਠਾਏ।
ਥਿਰਯੋ ਪ੍ਰਯੰਕ ਆਪ ਉਚ ਥਾਏਂ।
ਪਿਖੇ ਦੂਰ ਤੇ ਹਰਿ ਗੋਬਿੰਦ।
ਆਵਤਿ ਹੈਂ ਗਜ ਮਸਤ ਮਨਿੰਦ ॥੪੦॥
ਸੁੰਦਰ ਡੀਲ ਬਿਲੰਦ ਅਨੰਦਤਿ।
ਭੁਜਾ ਪ੍ਰਲੰਬ ਕਰੀ ਕਰ ਨਿੰਦਤਿ[1]। [1]ਹਾਥੀ ਦੇ ਸੁੰਡ ਨੂੰ ਮਾਤ ਕਰਦੇ ਹਨ।
ਖੜਗ ਸਿਪਰ ਕਟ ਨਿਕਟਿ ਬਿਰਾਜਤਿ।
ਸ਼ਮਸ਼ ਬਦਨ ਤਮ ਸਸਿ ਕੋ ਲਾਜਤਿ ॥੪੧॥
ਰਾਜ ਚਿੰਨ੍ਹ ਸਭਿ ਅੰਗਨਿ ਬਿਖੈ।
ਜੌਂ ਲਗਿ ਦੂਰ ਰਹੇ, ਤਨ ਪਿਖੈ।
ਆਏ ਨਿਕਟ, ਗਯੋ ਰੁਖ਼ ਫੇਰਿ।
ਉਠੀ ਕਰਕ ਸੁੰਦਰ ਦੁਤਿ ਹੇਰਿ ॥੪੨॥
ਸਿਖ ਰੰਕਨ ਕੋ ਪ੍ਰਥਮ ਸਿਖਾਯੋ।
-ਉਠਹੁ ਨ ਬੰਦਹੁ ਪਿਖਿ ਇਹ ਆਯੋ-।
ਆਦਰ ਹੇਤੁ ਨ ਬੋਲਯੋ ਕੋਈ।
ਰਹੇ ਦਬਕ ਜੜ੍ਹ ਸਿਰ ਤਰ ਹੋਈ ॥੪੩॥
ਮਿਹਰਵਾਨ ਕੋ ਕਰਿ ਕੈ ਬੰਦਨ।
ਬੈਠਿ ਗਏ ਗੁਰ ਦੋਖ ਨਿਕੰਦਨ।
ਸਿਖ ਤੇ ਅੱਗ੍ਰ ਪ੍ਰਸ਼ਾਦਿ ਧਰਾਯੋ।
ਰਹ੍ਯੋ ਮੌਨ ਜਨੁ ਬੋਲ ਨ ਆਯੋ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰਵਾਨ ਪ੍ਰਸੰਗ' ਬਰਨਨੰ ਨਾਮ ਤ੍ਰੋਦਸ਼ਮੋਂ ਅੰਸੂ ॥੧੩॥

੧੪. [ਗੁਰੂ ਜੀ ਦਾ ਮਿਹਰਵਾਨ ਨੂੰ ਮਨਾਉਣਾ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:
ਮਿਹਰਵਾਨ ਪਰਯੰਕ ਪਰ, ਲਦਯੋ ਅਧਿਕ
ਹੰਕਾਰ।
ਸ਼੍ਰੀ ਹਰਿ ਗੋਬਿੰਦ ਛਿਮਾ ਨਿਧ, ਬੈਠੇ ਤਰੇ
ਨਿਹਾਰ ॥੧॥
ਚੌਪਈ:
ਸਹਿ ਨ ਸਕਯੋ ਬਿਧੀਏ ਤਬਿ ਕਹਯੋ।
'ਉਚਿਤਾਨੁਚਿਤ ਨਹੀਂ ਇਨ ਲਹਯੋ।
ਊਪਰ ਬੈਠਹੁ, ਕਯੋਂ ਥਿਰ ਤਰੇ।
ਆਪ ਸ਼ਿਰੋਮਣਿ ਸਭਿ ਜਗ ਕਰੇ ॥੨॥
ਪੀਰਨ ਪੀਰ, ਮੀਰ ਸਿਰ ਮੀਰ।
ਰਾਵਰ ਤੇ ਕੋ ਊਚ ਨ ਧੀਰ।'
ਸੁਨਿ ਸਤਿਗੁਰ ਨੇ ਬਾਕ ਬਖਾਨੇ।
'ਹਮ ਪਿਤ ਤੇ ਇਸ ਪਿਤਾ ਮਹਾਨੇ ॥੩॥
ਅਰੁ ਇਹ ਬਯ ਮਹਿਂ ਅਹੈਂ ਬਡੇਰੇ।
ਹਮ ਜਨਮੇ ਪੀਛੇ, ਸੁ ਛੁਟੇਰੇ।
ਊਚੇ ਉਚਿਤ ਬਡੋ ਇਹ ਭਾਈ।
ਹਮ ਨੀਚੇ ਬੈਠਨਿ ਬਨਿਆਈ' ॥੪ ॥
ਸੁਨਿ ਗੁਰ ਬਚ ਤੂਸ਼ਨ ਹੁਇ ਰਹੇ।
ਦੁਖਤਿ ਬਿਅਦਬੀ ਨਹਿਂ ਸਿਖ ਸਹੇ।
ਕਿਤਿਕ ਬੇਰ ਬੋਲਯੋ ਨਹਿਂ ਜਬੈ।
ਮ੍ਰਿਦੁਲ ਗਿਰਾ ਸ਼੍ਰੀ ਗੁਰ ਕਹਿ ਤਬੈ ॥੫॥
'ਕਰਹੁ ਬਦਨ ਸਨਮੁਖ ਰਿਸ ਛੋਰਿ।
ਸੁਖ ਕੇ ਬਾਕ ਕਹੋ ਮਮ ਓਰ।
ਕਯੋਂ ਪੁਕਾਰ ਕਰਤੇ ਤੁਮ ਫਿਰੋ?
ਬਸੋ ਸੁਧਾਸਰ ਪੁਰਿ ਮਹਿਂ ਥਿਰੋ ॥੬॥
ਘਰ ਧਨ ਭੂਮ ਪਦਾਰਥ ਜੋਇ।
ਕਹੋ ਆਪ ਹਮ ਦੇਵੈਂ ਸੋਇ।
ਦੀਨ ਬਨਹੁ ਕਯੋਂ ਤੁਰਕ ਅਗਾਰੀ?
ਏਕੋ ਲਾਜ ਹਮਾਰਿ ਤੁਮਾਰੀ ॥੭॥

ਗੁਰੂ ਪਦਾਰਥ ਸਗਰੇ ਦੀਨੇ।
ਕਯੋਂ ਨ ਮਿਲਹੁ ਭੁਗਤਹੁ ਸੁਖ ਪੀਨੇ?
ਇਕ ਤੋ ਜਗ ਮਹਿਂ ਅਪਜਸ ਪਾਵਹੁ।
ਦੂਜੇ ਹਮ ਸੋਂ ਬੈਰ ਬਢਾਵਹੁ ॥੮॥
ਤਉ ਨ ਅਯੋ ਕੁਛ ਹਾਥ ਤੁਹਾਰੇ।
ਪਿਤਾ ਆਦਿ ਤੇ ਲੇਹੁ ਬਿਚਾਰੇ।
ਬੀਤ ਗਯੋ ਇਮ ਹੀ ਚਿਰ ਕਾਲੂ।
ਰਹੇ ਬਧਾਵਤਿ ਬੈਰ ਬਿਸਾਲੂ ॥੯॥
ਔਗੁਨ ਤਿਸ ਮਹਿਂ ਭਏ ਅਨੇਕ।
ਕਰਿ ਦੇਖਹੁ ਨਿਜ ਰਿਦੇ ਬਿਬੇਕ[1]।' [1]ਸੋਚ ਵੇਖੋ।
ਸੁਨਿ ਕਰਿ ਮਿਹਰਵਾਨ ਬਚ ਪੇਲਾ[1]। [1]ਭਾਵ ਗੱਲ ਉਲਟਾਈ।
'ਹਮਰੋ ਤੁਮਰੋ ਕਯੋਹੁਂ ਨ ਮੇਲਾ ॥੧੦॥
ਤੁਮ ਭੀ ਸਾਚ ਕਹਤਿ ਹੋ ਤਾਵਤਿ।
ਕੋਇ ਨ ਆਂਚ ਲਗੀ ਉਰ ਜਾਵਤਿ।
ਸੁਖ ਮਹਿਂ ਸੁਪਤਹੁ ਚਿੰਤ ਨ ਕਾਈ।
ਨਹੀਂ ਪਿਤਾ ਤੇ ਕੁਛ ਬਨਿਆਈ ॥੧੧॥
ਕਹਿ ਭੇਜਯੋ ਮੁਝ ਪ੍ਰਤਿ ਜਬਿ ਅੰਤ।
-ਹੇ ਸੁਤ! ਜਾਨਹੁ ਸਕਲ ਬ੍ਰਿਤੰਤ।
ਜਯੋਂ ਕਯੋਂ ਕਰਿ ਪਲਟਾ ਲਿਹੁ ਮੇਰੋ।
ਸਭਿ ਜਗ ਗੁਰਤਾ ਅਪਨੀ ਹੇਰੋ ॥੧੨॥
ਸੁਤ ਪਿਤ ਕੋ ਕਹਿ ਕੈਦ ਕਰਾਵੈਂ।
ਕੈ ਉਪਾਇ ਤੇ ਪ੍ਰਾਨ ਗਵਾਵੈਂ।
ਵਸਤੁ ਪਿਤਾਮੇ ਕੀ ਲਿਹੁ ਸਾਰੀ।
ਤੌਂ ਸਪੁੱਤ੍ਰ ਹੋਵੈਂ ਸੁਖਕਾਰੀ- ॥੧੩॥
ਪਰਾਨ ਜਾਨਿ ਲੌ ਮਿਲਹੁਂ ਨ ਕਬੈ।
ਇਹ ਉਪਦੇਸ਼ ਧਰਹੁਂ ਬਯ ਸਬੈ।
ਅਬਿ ਮੈਂ ਲਾਗਯੋ ਰਚਨਿ ਉਪਾਇ।
ਤੁਮਹਂ ਸੁਧਾਸਰ ਤੇ ਨਿਕਸਾਇ ॥੧੪॥
ਪਰਹੁ ਕੈਦ ਕੈ ਜਾਹੁ ਪਲਾਈ।
ਤਬਿ ਸੁਪੁੱਤ੍ਰਤਾ ਮੁਝ ਬਨਿਆਈ।
ਮਹਾਂ ਪੁਰਖ ਪੂਰਨ ਪਿਤ ਮੇਰੋ।
ਕਹੇ ਬਾਕ ਹੁਇ ਸਾਚ ਬਡੇਰੋ ॥੧੫॥

ਅੰਤ ਸਮੇ ਮਹਿਂ ਜਥਾ ਉਚਾਰਾ।
ਸੋ ਸ਼ੁਭ ਮੈਂ ਲਖਿ ਅੰਗੀਕਾਰਾ।
ਪਿਤਾ ਪੁੱਤ੍ਰ ਤੁਮ ਲਾਜ ਨ ਧਰਿਹੋ।
ਮੇਲ ਕਰਨਿ ਬਹੁ ਬਾਰਿ ਉਚਰਿਹੋ ॥੧੬॥
ਪੁਰੀ ਪਿਤਾਮੇ ਕੀ ਸਭਿ ਛੀਨਿ।
ਲਗੇ ਕਹਾਵਨਿ ਗੁਰੂ ਪ੍ਰਬੀਨਿ।
ਪਿਤਾ ਕ੍ਰਿਪਾਲ ਨ ਮਨ ਮਹਿਂ ਲਜਾਇ।
ਨਤੁ ਸੁਲਹੀ ਢਿਗ ਦੇਤਿ ਗਹਾਇ ॥੧੭॥
ਅਬਿ ਮੈਂ ਕਰੋਂ ਸੰਘਾਰਨਿ ਤੋਹਿ।
ਨੀਕੋ ਮੇਲ ਤਿਸੀ ਦਿਨ ਹੋਹਿ।
ਉਰ ਕਪਟੀ ਬਾਹਰ ਮਧੁਰਾਈ।
ਇਮ ਤੁਮ ਪਿਤਾ ਸੀਖ ਸੋ ਪਾਈ' ॥੧੮॥
ਸੁਨਿ ਸਿੱਖਨਿ ਭਾ ਕ੍ਰੋਧ ਬਿਸਾਲਾ।
ਕਰਹਿ ਗੁਰੁਨਿ ਬਡਿ ਨਿੰਦ ਕੁਚਾਲਾ।
ਜੇਠਾ ਸਿੱਖ ਪਿਰਾਣਾ ਆਦਿ।
ਉਦਤਿ ਭਏ ਕਰਿਬੇ ਹਿਤ ਬਾਦ ॥੧੯॥
-ਜੇ ਲਰਿ ਪਰਹਿ ਤ ਇਸ ਗਹਿ ਲੈ ਹੈਂ।
ਨੀਕੀ ਸੀਖ ਬਨਾਇ ਸੁ ਦੈ ਹੈਂ-।
ਕੁਛ ਬੋਲਨਿ ਕੋ ਜਬਿਹੂੰ ਲਾਗੇ।
ਨਿਸ਼ਠੁਰ ਬਾਕ ਕੋਪ ਮਹਿਂ ਪਾਗੇ ॥੨੦॥
ਸ਼੍ਰੀ ਗੁਰ ਹਰਿ ਗੋਬਿੰਦ ਹਟਾਏ।
'ਹਮ ਚਲਿ ਕਰਿ ਡੇਰੇ ਇਸ ਆਏ।
ਹਰਖਾਵਨਿ ਕੋ ਕੋਪ ਉਪਾਵਨਿ।
ਨਹਿਂ ਤੁਮ ਕੀਜਹਿ ਕਛੂ ਅਲਾਵਨ'
॥੨੧॥
ਇਮ ਦਾਸਨਿ ਕੋ ਬਰਜਿ ਬਡੇਰੇ।
ਪਕਰੇ ਆਪ ਚਰਨ ਤਿਸ ਕੇਰੇ।
'ਭ੍ਰਾਤਾ! ਬਯ ਮਹਿਂ ਜੇਸ਼ਟ ਅਹੈਂ।
ਉੱਤਰ ਤੋਹਿ ਸਮੁਖ ਨਹਿਂ ਕਹੈਂ ॥੨੨॥
ਤਊ ਬਿਚਾਰਹੁ ਤਜਾਗਹੁ ਕ੍ਰੋਧੁ।
ਹੋਤਿ ਕ੍ਰੋਧ ਤੇ ਨਰ ਬਿਨ ਬੋਧੁ।
ਕਲਮਲ ਅਰੁ ਕਲਹਾ ਕੋ ਮੂਲਾ।

ਕ੍ਰੋਧ ਧਰਮ ਤੇ ਕਰਿ ਪ੍ਰਤਿਕੂਲਾ ॥੨੩॥
ਕ੍ਰੋਧੀ ਪਰਹਿ ਨਰਕ ਮਹਿਂ ਜਾਇ।
ਕਰਹਿ ਅਨੁਚਿਤੀ ਕ੍ਰੋਧੀ ਧਾਇ।
ਪੁਰਿ ਮਹਿਂ ਸਦਨ ਆਪਨੇ ਲੀਜੈ।
ਅਪਰ ਵਸਤੁ ਹ੍ਵੈ ਸੋ ਕਹਿ ਦੀਜੈ ॥੨੪॥
ਕਾਰਨਿ ਰਿਸ ਕੋ ਦੇਹੁ ਬਤਾਈ।
ਤਿਸ ਤੇ ਹਟਹਿਂ ਤੁਮਹਿਂ ਹਰਖਾਈ[1]।

[1]ਤਿਸ (ਕਾਰਨ) ਤੋਂ ਅਸੀਂ ਹ' ਜਾਵਾਂਗੇ, ਤੇ ਤੁਹਾਨੂੰ ਪ੍ਰਸੰਨ ਰੱਖਾਂਗੇ।

ਪਾਛਲ ਬਾਤ ਨ ਰਿਦੇ ਬਿਚਾਰੋ।
ਜਿਮ ਹੁਇ ਸ਼ਾਂਤਿ ਤਥਾ ਨਿਰਧਾਰੋ' ॥੨੫॥
ਸੁਨਿ ਸਿੱਖਨਿ ਦਿਸ਼ਿ ਨੈਨ ਤਰੇਰੇ[1]।

[1]ਤਾੜਿਆ (ਮਿਹਰਵਾਨ ਨੇ)।

ਮਿਹਰਵਾਨ ਕਰਿ ਕ੍ਰੋਧ ਘਨੇਰੇ।
'ਕਜੋਂ ਨ ਜਾਤਿ ਉਠਿ ਕਛੁ ਹੁਇ ਪਰੈ[1]।

[1]ਕੁਛ (ਭਾਵ ਲੜਾਈ) ਹੋ ਪਵੇਗੀ।

ਇਹ ਗਵਾਰ ਕਰਿ ਦ੍ਰਿਗ ਤੇ ਪਰੈ ॥੨੬॥
ਨਤੁ ਮਿਲਿਬੋ ਅਬਿ ਅਸ ਹੁਇ ਜਾਇ।
ਰੁੰਡ ਮੁੰਡ ਧਰ ਪਰੇ ਦਿਖਾਇਂ।
ਆਗੈ[†] ਪੁਖਤਿ ਰਹਤਿ ਨਿਤ ਛਾਤੀ।

[†]ਪਾ:—ਆਖੈ:—

ਅਬਿ ਬਰ ਪਰੈ[1] ਹੋਹਿ ਬੱਖਜਾਤੀ' ॥੨੭॥

[1]ਬਲ ਪਵੇਗੀਂ

ਇੱਤਜਾਦਿਕ ਕਹਿ ਅਪਰ ਕਠੋਰਾ।
ਮੁਖ ਦ੍ਰਿਗ ਅਰਣ ਲਰਨਿ ਕੋ ਤੌਰਾ[1]।

[1]ਮੂੰਹ ਤੇ ਨੇਤ੍ਰ ਲਾਲ ਹੋ ਗਏ, ਲੜਨੇ ਦਾ ਤੌਰ ਹੋ ਗਿਆ।

ਖੜਗ ਮੁਸ਼ਟ ਪਰ ਧਰਿ ਕਰਿ ਕਰ ਕੋ।
ਗੁਰਹਿ ਦਿਖਾਇ ਬੀਰਤਾ ਬਰ ਕੋ ॥੨੮॥
ਧਰਮ ਧੁਰੰਧਰ ਧੀਰਜ ਧਾਰੀ।
ਗੁਰੂ ਛਿਮਾਨਿਧਿ ਕੀਨਿ ਬਿਚਾਰੀ।
ਕਹਤਿ ਭਏ 'ਹਮ ਇਮ ਚਿਤ ਚਹੈਂ।
ਗੁਰ ਕੀ ਕੁਲ ਸਭਿ ਇਕ ਸਮ ਰਹੇ ॥੨੯॥
ਪਰਾਰਬਧ ਖੋਟੀ ਹੁਇ ਐਸੇ।
ਤੌ ਕਿਸ ਕੋ ਬਸਿ ਚਲਹਿ ਨ ਕੈਸੇ।
ਸ੍ਰਾਪ ਗੁਰੂ ਕਹੁ ਹੋਵਹਿ ਸਾਚੇ।
ਪਿਤ ਜੁਤਿ ਤੁਮ ਜਿਮ ਚਿੰਤਾ ਰਾਚੇ

॥੩੦॥
ਤਥਾ ਬੰਸ ਨਿਤ ਚਿੰਤਾ ਲਹੈ।
ਪਰ ਪ੍ਰਭਾਵ ਪਿਖਿ ਕਰਿ[1] ਉਰ ਦਹੈ। [1]ਪਰਾਏ ਪ੍ਰਤਾਪ ਨੂੰ ਦੇਖਦੇ।
ਜਿਨ ਕੋ ਅਬਿ ਬਚ ਕਹੈਂ ਗਵਾਰ।
ਤੁਮ ਕੁਲ ਹੁਇ ਸਿੱਖਨਿ ਅਨੁਸਾਰਿ ॥੩੧॥
ਇਨ ਕੀ ਪਾਹੁਲ ਲੇ ਸੁਖ ਪਾਵੈਂ।
ਚਾਕਰ ਹੁਇ ਜੀਵਾ ਸੁ ਚਲਾਵੈਂ।
ਬਨਿ ਬਨਿ ਦੀਨ ਮਿਲਹਿਂ ਇਨ ਸੰਗਿ।
ਪਾਇਂ ਅਨਾਦਰ ਘਰ ਘਰ ਮੰਗਿ ॥੩੨॥
ਹਮਹੁ ਨਿਹੋਰੇ ਕਿਯੋ ਨ ਮੇਲ[1]। [1]ਸਾਡੇ ਮਨਾਇਆਂ ਮੇਲ ਨਾ ਕੀਤਾ।
ਹੋਇ ਭਵਿੱਖਜਤ ਮਹਿਂ ਅਸ ਖੇਲ।
ਮਿਲਯੋ ਚਹੈਂ ਗੁਰੁ ਘਰ ਸੋਂ ਤਬੈ।
ਸਿੱਖ ਹਟਾਵਹਿਂ ਮਿਲਹਿਂ ਨ ਸਬੈ ॥੩੩॥
ਚਾਕਰ ਬਨਹਿਂ ਕਿ ਪਾਹੁਲ ਲੇਹਿਂ।
ਤਬਿ ਇਹ ਸਿੱਖ ਦਰਬ ਕੋ ਦੇਹਿਂ।'
ਇਮ ਦੇ ਸ੍ਰਾਪ ਉਠੇ ਗੁਰ ਪੂਰੇ।
ਜਿਨ ਕੇ ਅੰਗ ਸੁਹਾਵਤਿ ਰੂਰੇ ॥੩੪॥
ਬਾਧ ਘਾਟ ਸੋ ਬੋਲਤਿ ਰਹਯੋ।
ਬਹੁਰ ਨ ਉੱਤਰ ਸ਼੍ਰੀ ਗੁਰੁ ਕਹਯੋ।
ਵਡੇ ਵਡਾਈ ਪਾਇ ਨਿਵੰਤੇ।
ਜਿਮ ਤਰੁ ਝੁਕਹਿ ਜਿ ਹੁਇ ਫਲਵੰਤੇ ॥੩੫॥
ਬਧੈ ਬੇਣੁ[1] ਸਿਰ ਉਚੋ ਰਾਖੈ। [1]ਬਾਂਸ।
ਛਿਨਕ ਬਿਖੈ ਜਰ ਬਰ ਹੁਇ ਰਾਖੈ[1]। [1]ਸੜ ਬਲਕੇ ਸੁਆਹ ਹੋ ਜਾਂਦਾ ਹੈ।
ਜਿਮ ਗੁਰ ਗਿਰ ਸਿਰ ਪਰਿ ਤ੍ਰਿਣ ਲੋਟੇ[1]। [1]ਜਿਵੇਂ ਵੱਡੇ ਪਹਾੜ ਦੇ ਸਿਰ ਤੇ ਕੱਖ ਲੇਟਦੇ ਹਨ।
ਬਡੇ ਸੁ ਬਡੇ ਛੋਟ ਸੋ ਛੋਟੇ ॥੩੬॥
ਅਲਪ ਛਾਂਗ ਗੈ[1] ਸਿਰ ਚਢਿ ਗਯੋ। [1]ਤੁਛ ਬੱਕਰਾ ਹਾਥੀ ਦੇ।
ਘਟਯੋ ਨ ਗਜ, ਅਜ ਵਧਤਿ ਨ ਭਯੋ।
ਤਿਮ ਸ਼੍ਰੀ ਹਰਿ ਗੋਬਿੰਦ ਕਿਯ ਬੰਦਨ।
ਮਹਿਮਾ ਘਟੀ ਨ ਕੁਛ ਗੁਰੁ ਨੰਦਨ[1] ॥੩੭॥ [1]ਅਨੰਦ ਦਾਤੇ ਗੁਰੂ ਜੀ ਦੀ। (ਅ) ਗੁਰੂ (ਅਰਜਨ ਜੀ) ਦੇ ਸੁਪੁੱਤ੍ਰ ਦੀ।

ਸਹਿਜ ਸੁਭਾਇਕ ਸਨੈ ਸਨੈ ਚਲਿ।
ਆਨਿ ਬਿਰਾਜੇ ਨਿਜ ਨਿਵੇਸ ਥਲ।
ਚਿਤਵਤਿ ਮਿਹਰਵਾਨ ਲਘੁਤਾਈ।
-ਮਿਲੇ ਪ੍ਰਥਮ ਹੀ ਲਖ੍ਯੋ ਸੁਭਾਈ ॥੩੮॥
ਜਨੁ ਪਾਟੀ ਨਿਜ ਪਿਤਾ ਪਢਾਈ[1]।
ਦ੍ਵੈਸ਼ ਰਚਨਿ ਕੀ ਚਾਤੁਰਤਾਈ।
ਕਹਨਿ ਕਠੋਰ, ਧਰਨਿ ਹੰਕਾਰ।
ਕਪਟ ਕਰਨਿ ਮਹਿਂ ਬੁੱਧਿ ਉਦਾਰ- ॥੩੯॥
ਪੀਛੈ ਮਿਹਰਵਾਨ ਵਡ ਫੂਲਾ।
ਗਰਬ ਹਿੰਡੋਰੇ[2] ਚਢਿ ਜਨੁ ਝੂਲਾ।
ਨਿਜ ਸਿੱਖਨਿ ਸੋਂ ਮਹਿਮਾ ਕਹੈ।
'ਹਮ ਤੋ ਬੰਦਨੀਯ ਗੁਰ ਅਹੈਂ ॥੪੦॥
ਦੇ ਦੇ ਰਿਸ਼ਵਤਿ ਦਰਬ ਮਸੰਦ।
ਇਹ ਬਨਿ ਬੈਠੇ ਗੁਰੂ ਬਿਲੰਦ।
ਕਰਹਿਂ ਅੱਗ੍ਰ ਪਗ ਨਮੋ ਹਮਾਰੇ।
ਇਹ ਮਹਿਮਾ ਨ ਲਖਹਿਂ ਸਿਖ ਸਾਰੇ ॥੪੧॥
ਕੋ ਕੋ ਲਖਹਿ ਸੁ ਹਮ ਢਿਗ ਆਵੈ।
ਪਿਖਾ ਪਿਖੀ ਤਿਸ ਢਿਗ ਚਲਿ ਜਾਵੈਂ।
ਮੇਲਿ ਕਰਨਿ ਚਾਹਤਿ ਇਤ ਆਯੋ।
-ਬਾਤ ਨ ਬਿਗਰਹਿ ਇਨ ਲਖਿ ਪਾਯੋ ॥੪੨॥
ਸ਼ਾਹੁਜਹਾਂ ਸੋਂ ਮੇਲਿ ਹਮਾਰਾ।
ਸੁਨ੍ਯੋ ਕਿਸੀ ਤੇ ਉਰ ਡਰ ਧਾਰਾ।
ਹਮ ਐਸੇ ਕ੍ਯਾ ਹੈਂ ਅਨਜਾਨ।
ਬਨਤਿ ਬਾਤ ਸ਼ੁਭਿ, ਕਰਹਿਂ ਜਿ ਆਨ ॥੪੩॥
ਹਜ਼ਰਤ ਸੁਤ ਮਮ ਕਾਜ ਸੁਧਾਰਹਿ।
ਤੁਰਤ ਬਨਹਿ, ਢਿਗ ਪਿਤਾ ਉਚਾਰਹਿ।
ਕਿਧੌਂ ਆਪ ਹੀ ਦੇਹਿ ਬਨਾਇ।
ਹਰਿ ਗੋਬਿੰਦ ਕੋ ਡਰ ਉਪਜਾਇ ॥੪੪॥

[1]ਪੱਟੀ ਪੜ੍ਹਾਈ।
[2]ਹਿੱਡੋਲਾ, ਪੰਘੂੜਾ।

ਕਹੇ ਸ਼ਰੀਕ ਬਰੋਂ ਪੁਰਿ ਕੈਸੇ।
ਆਛੀ ਬਾਤ ਹੋਤਿ ਨਹਿਂ ਐਸੇ।
ਅਪਨੇ ਜੋਰ ਸਾਥ ਸਭਿ ਲੈਹੌਂ।
ਸਦਨ ਪਿਤਾਮੇ ਲੈ ਸੁਖ ਪੈਹੌਂ' ॥੪੫॥
ਸੁਨਿ ਕਰਿ ਦਾਸ ਕਹੇ ਕਰ ਬੰਦਿ।
'ਤੁਮ ਸਤਿਗੁਰ ਕੇ ਪੁੱਤ੍ਰ ਬਿਲੰਦ।
ਸਭਿ ਵਸਤੁਨਿ ਕੇ ਹੋ ਅਧਿਕਾਰੀ।
ਇਹ ਤੋ ਖਿਲਕਤ ਜਾਨਹਿ ਸਾਰੀ ॥੪੬॥
ਇੱਤਜ਼ਾਦਿਕ ਕਹਿ ਕਹਿ ਹਰਖਾਵੈ।
ਲਖਹਿ ਕਿ -ਗੁਰੁਤਾ ਹਮ ਢਿਗ ਆਵੈ-।
ਦਿਨ ਪ੍ਰਤਿ ਅਧਿਕ ਕੁਟਿਲਤਾ ਧਾਰੀ।
ਭਯੋ ਨਹੀਂ ਸਤਿਗੁਰ ਅਨੁਸਾਰੀ ॥੪੭॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰਵਾਨ ਕੋ ਪ੍ਰਸੰਗ' ਬਰਨਨੰ ਨਾਮ ਚੌਦਸ਼ਮੋਂ ਅੰਸੂ ॥੧੪॥

੧੫. [ਕਾਬਲ ਦੇ ਸਿੱਖ ਤੋਂ ਸ਼ਾਹ ਨੇ ਘੋੜਾ ਖੋਹਿਆ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਇਸ ਬਿਧਿ ਬਸਿ ਕਰਿ ਲਵਪੁਰੀ, ਕੇਤਿਕ ਮਾਸ ਬਿਤਾਇ।
ਸੰਗਤਿ ਆਵਹਿ ਦਰਸ ਕੋ, ਪ੍ਰਥਮ ਸੁਧਾਸਰ ਨ੍ਹਾਇ ॥੧॥

ਚੌਪਈ:

ਸ਼੍ਰੀ ਹਰਿਮੰਦਰ ਕਰਿ ਕਰਿ ਦਰਸ਼ਨ।
ਸੁਨਿ ਪੁਨ ਆਇ ਗੁਰੂ ਪਗ ਪਰਸਨ।
ਬਲੀ ਤੁਰੰਗ ਸ਼ਸਤ੍ਰ ਬਹੁ ਆਨਹਿਂ।
ਸਤਿਗੁਰ ਹੇਰਿ ਖੁਸ਼ੀ ਤਿਨ ਠਾਨਹਿਂ ॥੨॥
ਚਾਰੋਂ ਚੱਕਨ ਕੇਰ ਮਸੰਦ।
ਆਨਹਿਂ ਗੁਰ ਕੋ ਦਰਬ ਬਿਲੰਦ।
ਅਨਗਨਿ ਭੀਰ ਨਈ ਨਿਤ ਆਵੈ।
ਵਸਤੁ ਅਮੋਲ ਅਕੋਰ ਚਢਾਵੈਂ ॥੩॥
ਜਹਿਂ ਕਹਿਂ ਤੇ ਹਯ ਆਛੋ ਟੋਰਿ।
ਦੇ ਦੇ ਦਰਬ ਲਜਾਇਂ ਗੁਰ ਓਰ।
ਸ਼ਸਤ੍ਰ ਪੁਲਾਦੀ ਤੀਛਨ ਮਹਾਂ।
ਬਰਛੇ, ਬਾਨ ਆਨਿ[1] ਜਹਿਂ ਕਹਾਂ ॥੪॥
ਧਨੁਖ ਤੁਫੰਗ ਮੋਲ ਬਡ ਦੇਤਿ।
ਅਰਪਿ ਗੁਰੂ ਢਿਗ ਖੁਸ਼ੀ ਸੁ ਲੇਤਿ।
ਦੇਸ਼ ਬਿਦੇਸ਼ਨਿ ਚਾਰਹੁੰ ਦਿਸ਼ਿ ਮੈਂ।
ਛੋਟੇ ਬਡੇ ਨਗਰ ਜਿਸ ਕਿਸ ਮੈਂ ॥੫॥
ਸਤਿਗੁਰ ਕੀ ਸਿੱਖੀ ਜਗ ਮਾਂਹੀ।
ਜਹਿਂ ਨਹਿਂ ਹੁਇਂ, ਅਸ ਥਲ ਕੋ ਨਾਂਹੀ।
ਜਹਿਂ ਕਹਿਂ ਸੁਜਸੁ ਚੰਦੋਆ ਤਨਜੋ।
ਨਹਿਂ ਕੋ ਅਸ, ਜਿਨ ਸੁਨਜੋ ਨ ਭਨਜੋ ॥੬॥

ਦੋਹਰਾ:

ਸੱਤਾ ਅਰੁ ਬਲਵੰਡ ਜੁਗ, ਹੁਤੇ ਰਬਾਬੀ ਪਾਸ।
ਕਰਤਿ ਕੀਰਤਨ ਰਾਗ ਧੁਨਿ, ਸਭਿ ਉਰ

[1] ਲਿਆਂਵਦੇ ਹਨ।

ਦੇਤਿ ਹੁਲਾਸ ॥੭॥
ਚੌਪਈ:
ਪਹੁੰਚਜੋ ਅੰਤ ਸਮਾਂ ਤਬਿ ਤਿਨ ਕੋ।
ਲਵਪੁਰਿ ਤਜਾਗ ਦੀਨਿ ਨਿਜ ਤਨ ਕੋ।
ਅਪਰ ਰਬਾਬੀ ਬਾਬਕ ਨਾਮ।
ਜੋ ਗਾਵਤਿ ਰਾਗਨਿ ਅਭਿਰਾਮ ॥੮॥
ਰਾਖਜੋ ਤਬਿ ਹਜ਼ੂਰ ਨੇ ਪਾਸ।
ਲਗਹਿ ਦਿਵਾਨ ਸੁ ਰਾਗ ਪ੍ਰਕਾਸ਼।
ਸੁਨਿ ਪ੍ਰਸੰਨ ਹ੍ਵੈ ਦੇਂ ਬਡ ਮੌਜ[1]।
ਹਰਖਤਿ ਦਰਬ ਸਰਬ ਦੇ ਫੌਜ ॥੯॥
ਕੇਤਿਕ ਮਾਸ ਬਿਤੇ ਸੁਧਿ ਆਈ।
'ਕ੍ਰਿਪਾ ਰਿੜ੍ਹਜੋ' ਸਭਿਨਿ ਮੁਖ ਗਾਈ।
ਜਹਾਂਗੀਰ ਪਰਲੋਕ ਸਿਧਾਰਾ।
ਸ਼ਾਹੁ ਜਹਾਂ ਸਭਿ ਰਾਜ ਸੰਭਾਰ† ॥੧੦॥

[1]ਵਿਭੂਤੀ, ਦੌਲਤ [ਅ: ਮੌਜ = ਲਹਿਰ। ਬਿਹਾਰੀ ਨੇ 'ਮੌਜ' ਵਿਭੂਤੀ ਅਰਥ ਵਿਚ ਵਰਤਿਆ ਹੈ। ਯਥਾ:— 'ਲੇ ਲਾਖਨ ਕੀ ਮੌਜ']

†ਜਹਾਂਗੀਰ ਦਾ ਪੁੱਤ੍ਰ ਸ਼ਹਿਰ ਯਾਰ ਕਸ਼ਮੀਰੋਂ ਬੀਮਾਰ ਹੋਕੇ ਲਾਹੌਰ ਘੱਲਿਆ ਗਿਆ। ਥੋੜੇ ਦਿਨ ਬਾਦ ਜਹਾਂਗੀਰ ਦਮੇ ਨਾਲ ਬੀਮਾਰ ਹੋ ਗਿਆ, ਜਿੰਦ ਖ਼ਤਰੇ ਵਿਚ ਹੋਣ ਕਰਕੇ ਹਕੀਮਾਂ ਨੇ ਉਸ ਨੂੰ ਬੀ ਲਾਹੌਰ ਟੋਰਿਆ, ਪਰ ਉਹ ਅੱਧਾ ਕੁ ਰਸਤਾ ਤੈ ਕਰਨ ਤੋਂ ਪਹਿਲੋਂ ਹੀ ਰਸਤੇ ਵਿਚ ਸੰਨ ਈ: ੧੬੨੭ ਅਕਤੂਬਰ ੨੮, ਬਿਕ੍ਰਮੀ ਸੰਮਤ ੧੬੮੪ ਨੂੰ ਮਰ ਗਿਆ। ਸ਼ਾਹਜਹਾਨ ਤਦੋਂ ਦੱਖਣ ਵਿਚ ਸੀ, ਪਿਉ ਦਾ ਮਰਨਾ ਸੁਣਕੇ ਆਗਰੇ ਅੱਪੜ ਕੇ ਤਖਤ ਨਸ਼ੀਨ ਹੋਇਆ। ਜਹਾਂਗੀਰ ਦੀ ਲੋਥ ਲਾਹੌਰ ਲਿਆਕੇ ਸ਼ਾਹਦਰੇ ਦਫਨਾਈ ਗਈ।

ਸਭਿ ਦੇਸ਼ਨਿ ਪਰ ਹੁਕਮ ਚਲਾਯੋ।
ਜਹਿਂ ਕਹਿਂ ਉਮਰਾਵਨਿ ਗਨ ਆਯੋ।
ਦੇਸ਼ ਪਤੀ ਅਰੁ ਦੁਰਗ ਪਤੀ ਸਭਿ।
ਆਨਿ ਮਿਲੇ ਉਪਹਾਰਨਿ ਦੇ ਤਬਿ ॥੧੧॥
ਬ੍ਰਿੰਦ ਤੁਰੰਗ ਮਤੰਗ ਸੁ ਆਵੈਂ।
ਜਹਿਂ ਤੇ ਚਾਹੈਂ ਤਹਿਂ ਮੰਗਵਾਵੈਂ।
ਕੇਤਿਕ ਦਿਨ ਬੀਤੇ ਇਸ ਭਾਂਤਿ।
ਸ਼ਾਹੁਜਹਾਂ ਜਹਿਂ ਕਹਿਂ ਬੱਖਜਾਤਿ ॥੧੨॥
ਸਗਰੋ ਬੰਦੁਬਸਤਿ ਕਰਿ ਲੀਨਿ।
ਹੋਏ ਅਲਪ ਬਿਸਾਲ ਅਧੀਨਿ।
ਤਿਮ ਹੀ ਗੁਰ ਕੀ ਸੰਗਤਿ ਆਵੈ।
ਸ਼ਸਤ੍ਰ ਤੁਰੰਗ ਦਰਬ ਅਰਪਾਵੈਂ ॥੧੩॥
ਕਾਬਲ ਮਹਿਂ ਇਕ ਸਿੱਖ ਸੁਜਾਨਾ।

ਧਨ ਗਨ ਤੇ ਬਿਵਹਾਰ ਮਹਾਨਾ।
ਗੁਰੂ ਦਸੌਂਧ ਨਿਕਾਰਤਿ ਰਹ੍ਯੋ।
ਲਾਭ ਬਿਸਾਲ ਬਾਰਿ ਇਕ ਲਹ੍ਯੋ ॥੧੪॥
ਗੁਰ ਕੋ ਦਰਬ ਭਯੋ ਸਮੁਦਾਇ।
ਤਿਨ ਹਜ਼ੂਰ[1] ਕੋ ਸੁਨ੍ਯੋ ਸੁਭਾਇ। [1]ਭਾਵ ਗੁਰੂ ਜੀ ਦਾ।
-ਚੰਚਲ ਬਲੀ ਤੁਰੰਗ ਬਿਲੋਕਹਿਂ।
ਲੇ ਸਿੱਖ ਤੇ ਕਰਿ ਦੇਤਿ ਅਸ਼ੋਕਹਿਂ ॥੧੫॥
ਅਧਿਕ ਸ਼ੌਂਕ ਹੋਵਹਿਂ ਅਸੁਵਾਰ।
ਕਰਹਿਂ ਅਖੇਰ ਕੇਰ ਬਿਵਹਾਰ-।
-ਗੁਰ ਕੋ ਦਰਬ ਬ੍ਰਿੰਦ ਮੈਂ ਜੋਰਾ।
ਤਾਂ ਤੇ ਲੇਉਂ ਟੋਰਿ ਕਰਿ ਘੋਰਾ- ॥੧੬॥
ਦੂਰਿ ਦੂਰਿ ਲਗਿ ਖੋਜਨਿ ਕੀਨਸਿ।
ਬਡੇ ਮੋਲ ਕੋ ਬਾਜ ਨ ਚੀਨਸਿ[1]। [1]ਘੋੜਾ ਨਾ ਲੱਭਾ।
ਬਲਖ਼ ਬੁਖ਼ਾਰੇ ਮਹਿਂ ਨਹਿਂ ਪਾਯੋ।
ਆਗੈ ਰੂਮ ਦੇਸ਼ ਲਗਿ ਆਯੋ ॥੧੭॥
ਤਹਿਂ ਕਿਤ ਸੁਨ੍ਯੋ ਅਰਾਕੀ ਘੋਰਾ।
ਜਿਸ ਕੋ ਮੋਲ ਨਹੀਂ ਕਿਛੁ ਥੋਰਾ।
ਬੂਝਿ ਬੂਝਿ ਸਭਿ ਤੇ ਸੁਧਿ ਤਾਂ ਕੀ।
ਜਾਇ ਬਿਲੋਕ੍ਯੋ ਤੁਰੰਗ ਅਰਾਕੀ ॥੧੮॥
ਹਾਥ ਫੇਰਿ ਬਹੁ ਸੁੰਦਰ ਹੇਰਾ।
ਗੁਰ ਹਿਤ ਚਾਹ੍ਯੋ ਸਿੱਖ ਘਨੇਰਾ।
ਕਹ੍ਯੋ 'ਮੋਲ ਮੁਝ ਦੇਹੁ ਸੁਨਾਈ।
ਹਮ ਲੇਵਹਿਂ ਧਨ ਦੇ ਹਰਖਾਈ' ॥੧੯॥
ਸੁਨਤਿ ਸੁਦਾਗਰ ਨੇ ਤਿਸ ਕਹ੍ਯੋ।
'ਲੈਬੇ ਉਚਿਤ ਨਹੀਂ ਤੂੰ ਲਹ੍ਯੋ।
ਇਸ ਕੋ ਪਾਤਿਸ਼ਾਹੁ ਕੋ ਲੇਵੈ।
ਅਨਗਨ ਧਨ ਮਨ ਗਿਨਹਿ ਨ ਦੇਵੈ[1]' ॥੨੦॥ [1]ਅਨਗਿਣਤ ਧਨ ਦੇਵੇ ਤੇ ਮਨ ਵਿਚ ਸੋਚ ਨਾ ਕਰੇ।
ਸਿਖ ਨੇ ਕਹ੍ਯੋ 'ਬਾਕ ਫੁਰ ਤੋਰਾ[1]। [1]ਫੁਰੇ, ਭਾਵ ਸੱਚਾ ਹੋਵੇ।
ਸੱਚਾ ਪਾਤਿਸ਼ਾਹੁ ਲੇ ਘੋਰਾ।
ਗਿਨਹਿ ਨ ਧਨ ਮਨ ਕਰਿ ਕੈ ਜੋਇ।
ਇਹ ਤੁਰੰਗ ਲੇਵਤਿ ਹੈ ਸੋਇ ॥੨੧॥

ਕਹੋ ਮੋਲ ਹਮ ਲੇਂ ਸੁਨਿ ਕਾਨਾ।'
ਤਬਿ ਸੌਦਾਗਰ ਸਾਚ ਬਖਾਨਾ।
'ਮੋਲ ਸਵਾ ਲਖ ਇਸ ਕੋ ਪਾਵੈ[1]। [1]ਪੈਂਦਾ ਹੈ।
ਲਾਖ ਦਿਏ ਬਿਨ ਹਾਥ ਨ ਆਵੈ' ॥੨੨॥
ਸੁਨਿ ਸਿਖ ਆਨੰਦ ਕਰਿ ਉਰ ਮਾਂਹੀ।
-ਗੁਰ ਕੋ ਦਰਬ ਇਤੋ ਹੁਇ ਨਾਂਹੀ[1]। [1]ਨਹੀਂ ਹੋਵੇਗਾ।
ਸਾਚੋ ਪਾਤਿਸ਼ਾਹੁ ਲੇ ਅਸੁ ਕੋ।
ਮੈਂ ਕਹਿ ਦਿਯੋ ਬਾਕ ਅਬਿ ਇਸ ਕੋ ॥੨੩॥
ਆਗੈ ਮੈਂ ਜੁ ਕਰੌਂ ਬਿਵਹਾਰ।
ਤਿਸ ਮਹਿਂ ਲੇਵੋਂ ਸ਼ੇਖ ਬਿਯਾਰ[1]-। [1]ਬਾਕੀ ਵਿਆੜ ਭਾਵ ਪੂਰੀ ਕਰ ਲਵਾਂਗਾ।
ਇਹ ਮਨ ਠਾਨਿ ਲਾਖ ਹੀ ਦੀਨਾ।
ਘੋਰਾ ਖੋਲਿ ਤਹਾਂ ਤੇ ਲੀਨਾ ॥੨੪॥
ਨਟਬਾਜ਼ੀ ਜਿਮ ਬਾਜ਼ੀ ਚਾਲਾ।
ਫਾਂਦਤਿ ਚੰਚਲ ਬਲੀ ਬਿਸਾਲਾ।
ਜਤੋਂ ਕਤੋਂ ਕਰਿ ਕਾਬਲ ਮਹਿਂ ਲਜਾਯੋ।
ਪਟ ਪੁਰਾਨ ਸੋਂ ਰਾਖਹਿ ਛਾਯੋ[1] ॥੨੫॥ [1]ਪੁਰਾਣੇ ਕੱਪੜੇ ਨਾਲ ਢੱਕ ਰੱਖਿਆ।
ਗੁਰ ਦਰਸ਼ਨ ਕੋ ਅਧਿਕ ਉਮੰਗਤਿ।
ਕਾਬਲ ਆਦਿ ਮਿਲੀ ਬਹੁ ਸੰਗਤਿ।
ਮੱਦ੍ਰ ਦੇਸ਼[1] ਕੋ ਆਵਨਿ ਲਾਗੀ। [1]ਪੰਜਾਬ।
ਲੇ ਧਨ ਆਦਿ ਵਸਤੁ ਅਨੁਰਾਗੀ ॥੨੬॥
ਲੇ ਤੁਰੰਗ ਸਭਿ ਸੰਗ ਮਿਲਜੋ ਹੈ।
ਅਧਿਕ ਛੁਪਾਵਤਿ ਪੰਥ ਚਲਜੋ ਹੈ।
-ਨਹਿਂ ਉਮਰਾਵ ਦੇਖਿ ਕਰਿ ਲੇਯ।
ਸ਼ਾਹੁ ਨਿਕਟ ਸੁਧਿ ਕੋ ਨਹਿਂ ਦੇਯ ॥੨੭॥
ਗੁਰ ਢਿਗ ਪਹੁੰਚਹਿ ਬਿਘਨ ਬਿਹੀਨ-।
ਇਸ ਹਿਤ ਜਤਨ ਅਨੇਕ ਸੁ ਕੀਨਿ।
ਅਟਕ ਸਿੰਧ ਨਦ ਤਰੀ ਚਢਾਵਾ[1]। [1]ਅਟਕ (ਦੇ ਟਿਕਾਣੇ) ਸਿੰਧ ਨਦੀ ਤੋਂ (ਪਾਰ ਹੋਣ ਲਈ) ਬੇੜੀ ਤੇ ਚੜ੍ਹਿਆ।
ਤਟ ਉਰਾਰਲੇ[1] ਜਬਿ ਉਲੰਘਾਵਾ ॥੨੮॥ [1]ਉਰਵਾਰਲੇ ਕੰਢੇ।
ਇਕ ਉਮਰਾਵ ਪਿਸ਼ੌਰ ਸਿਧਾਰਾ।
ਸੁੰਦਰ ਬਾਜ਼ੀ ਚਪਲ ਨਿਹਾਰਾ।

ਤਹਾਂ ਤੇਜ਼ ਐਸੇ ਕੁਛ ਭਯੋ।
ਰੋਕਨੋ ਜਾਇ ਨ ਬਹੁ ਬਲ ਕਯੋ ॥੨੯॥
ਸਨੇ ਸਨੇ ਸਾਦਰ ਕਰ ਫੇਰਿ।
ਕਰਯੋ ਟਿਕਾਵਨਿ ਘੋਰਾ ਫੇਰ।
ਪਿਖਿ ਉਮਰਾਵ ਰਿਦਾ ਬਿਰਮਾਯੋ[1]। [1]ਲਲਚਾਯਾ।
ਮਨਹੁਂ ਕਮਲ ਪਰਿ ਭਵਰ ਲੁਭਾਯੋ ॥੩੦॥
ਬੂਝਨਿ ਕੀਨਿ 'ਅਹੈ ਕਿਸ ਘੋਰਾ?
ਕਹਿਂ ਤੇ ਆਇ, ਜਾਇ ਕਿਸ ਓਰਾ?'[1] [1]ਉਸ ਸਿੱਖ ਨੇ ਉੱਤਰ ਦਿੱਤਾ।
'ਸ਼੍ਰੀ ਗੁਰੁ ਹਰਿ ਗੋਬਿੰਦ ਬਿਸਾਲਾ।
ਕਰਯੋ ਖਰੀਦਨਿ, ਤਿਨ ਢਿਗ ਚਾਲਾ' ॥੩੧॥
ਮੂਰਖ ਮਨ ਉਮਰਾਵ ਬਿਚਾਰਾ।
-ਸ਼ਾਹੁ ਉਚਿਤ ਹਯ ਰੁਚਿਰ ਨਿਹਾਰਾ।
ਚਢੇ ਹਰਖ ਕਰਿ ਮੋਹਿ ਸਰਾਹੈ।
ਕਿਮ ਅਸੁ ਲੇਇ ਪੁਚਾਵੋਂ ਪਾਹੈ[1] ॥੩੨॥ [1]ਪਾਤਸ਼ਾਹ) ਪਾਸ।
ਸੋ[1] ਭੀ ਰਹੈ ਸ਼ਾਹੁ ਕੇ ਪਾਸਿ। [1]ਭਾਵ ਸ੍ਰੀ ਗੁਰੂ ਹਰਿ ਗੋਬਿੰਦ ਜੀ।
ਹੋਇ ਨ ਅਸ ਰਿਸ ਕਰਹਿ ਪ੍ਰਕਾਸ਼ਿ।
ਯਾਂ ਤੇ ਲਿਖ ਭੇਜੋਂ ਸੁਧਿ ਤਾਂਹੀ।
ਲੇਹਿ ਤੁਰੰਗ ਹੁਇ ਚਿਤਿ ਮਹਿਂ ਚਾਹੀ ॥੩੩॥
ਅਦਬ ਕਰਹਿ ਤੋ ਨਾਂਹਿ ਨ ਲੇਵੈ।
ਮਮ ਸਿਰ ਦੋਸ਼ ਨ ਕਿਮ ਕੋ ਦੇਵੈ- ॥
ਇਮ ਬਿਚਾਰਿ ਖਤ ਕੋ ਲਿਖਿ ਭੇਜਾ।
ਨਰ ਕੋ ਕਹਯੋ 'ਤੁਰਤ ਹੀ ਲੇ ਜਾ' ॥੩੪॥
-ਹਰਖਹਿ ਸ਼ਾਹੁ ਦਰਬ ਕੋ ਦੈਹੈ।
ਚਢਿ ਤੁਰੰਗ ਪਰ ਅਧਿਕ ਰਿਝੈ ਹੈ-।
ਮਜਲ ਬਿਸਾਲ ਪੰਥ ਸੋ ਚਾਲਾ।
ਪਹੁਂਚਯੋ ਸ਼ਾਹੁ ਪਾਸ ਤਿਸ ਕਾਲਾ ॥੩੫॥
ਮਿਲਿ ਕਿਹ ਸੋਂ ਢਿਗ ਲਿਖਯੋ ਪਠਾਯੋ।
ਪਠਿ ਕਰਿ ਬਹੁਤ ਪਿਖਨਿ ਉਮਗਾਯੋ[1]। [1]ਪਾਤਸ਼ਾਹ) ਉਮਗਿਆ।
ਨਰ ਕੋ ਬੂਝਯੋ ਨਿਕਟਿ ਹਕਾਰੇ।
'ਕਹਿਂ ਆਵਤਿ ਅਸ ਤੁਰੰਗ ਉਦਾਰੇ?'

॥੩੬॥
[1] 'ਦੁਇ ਤ੍ਰੈ ਮਜਲ ਪਿਛਾਰੀ ਮੇਰੇ।
ਆਵਤਿ ਚਲ੍ਯੋ ਗੁਰੂ ਕੇ ਡੇਰੇ।
ਬਹੁ ਸੰਗਤਿ ਜਿਸ ਕੇ ਸੰਗ ਆਵਤਿ।
ਮੈਂ ਸੁਧਿ ਹਿਤ ਪਹੁੰਚ੍ਯੋ ਉਤਲਾਵਤਿ' ॥੩੭॥
ਸੁਨਤਿ ਸ਼ਾਹੁ ਕੁਛ ਸੈਨ ਪਠਾਈ।
ਪਠਿ ਉਮਰਾਵ ਸੁ ਲਯੋ ਮੰਗਾਈ।
ਪਰਮ ਦੁਖੀ ਸਿਖ ਬਸਿ ਨਹਿਂ ਚਾਲਾ।
ਦਿਯੋ ਤੁਰੰਗ ਸਸ਼ੋਕ ਬਿਸਾਲਾ ॥੩੮॥
ਸਭਿ ਸੰਗਤਿ ਕੋ ਤਜਾਗਿ ਪਿਛਾਰੀ।
ਸੁਧਿ ਦੈਬੇ ਹਿਤ ਧਾਇ ਅਗਾਰੀ।
ਲਵਪੁਰਿ ਮਹਿਂ ਸਤਿਗੁਰ ਕੇ ਡੇਰੇ।
ਪਹੁੰਚ੍ਯੋ ਦਿਲ ਦਿਲਗੀਰ ਘਨੇਰੇ ॥੩੯॥
ਹਾਥ ਜੋਰਿ ਕਰਿ ਬੰਦਨ ਠਾਨੀ।
ਸਮੁਖ ਖਰੋ ਦ੍ਰਿਗ ਨਿਕਸ੍ਯੋ ਪਾਨੀ।
ਕਹ੍ਯੋ ਨ ਜਾਇ ਬਾਕ ਮੁਖ ਬਾਹਰ।
ਕਰਦਮ ਸ਼ੋਕ ਧਸ੍ਯੋ ਹੁਇ ਜ਼ਾਹਰ[1] ॥੪੦॥
ਪਰਖ੍ਯੋ ਸ਼੍ਰੀ ਹਰਿ ਗਬਿੰਦ ਭਾਖਾ।
'ਕਹੁ ਸਿੱਖਾ ! ਉਰ ਕੀ ਅਭਿਲਾਖਾ।
ਦੀਨ ਬਦਨ ਚਿੰਤਾਤੁਰ ਹੇਰਾ।
ਕੋ ਕਾਰਜ ਬਿਗਰ੍ਯੋ ਬਡਿ ਤੇਰਾ?' ॥੪੧॥
ਸੁਨਿ ਸਿਖ ਨੇ ਧਰਿ ਕਰਿ ਉਰ ਧੀਰ।
ਨੀਠ ਨੀਠ ਬੋਲ੍ਯੋ ਗੁਰ ਤੀਰ।
'ਗੁਰ ਜੀ ! ਬਿਗਰ੍ਯੋ ਕਾਜ ਬਿਸਾਲਾ।
ਜਿਸ ਹਿਤ ਜਤਨ ਕੀਨਿ ਚਿਰਕਾਲਾ ॥੪੨॥
ਬਲਖ਼ ਬੁਖ਼ਾਰਾ ਆਦਿਕ ਖੋਜਾ।
ਕਰਤਿ ਤਲਾਸ਼ ਬਿਤੇ ਬਹੁ ਰੋਜ਼ਾ।
ਕਰਿ ਕੈ ਪ੍ਰੇਮ ਰੂਮ ਲਗਿ ਗਯੋ।
ਜਿਸ ਹਿਤ ਦਰਬ ਲਾਖ ਗਿਨ ਦਯੋ

[1]ਉਹ ਨਰ ਬੋਲਿਆ।

[1]ਸ਼ੋਕ ਰੂਪੀ ਚਿੱਕੜ ਵਿੱਚ ਫਸਿਆ ਹੋਯਾ ਪ੍ਰਤੀਤ ਦੇਂਦਾ ਸੀ।

॥੪੩॥
ਚੰਚਲ ਬਲੀ ਬਿਲੰਦ ਤੁਰੰਗ।
ਆਨਜੋ ਬਡ ਉਪਾਇ ਕੇ ਸੰਗ।
ਜੀਰਨ ਬਸਤ੍ਰਨ ਰਹਜੋ ਦਬਾਵਤਿ[1]।
ਸੰਗਤਿ ਸੰਗਿ ਲਿਏ ਮੈਂ ਆਵਤਿ ॥੪੪॥
ਪਾਤਸ਼ਾਹੁ ਕੋ ਸੁਧਿ ਕਿਨ ਦੀਨਸਿ।
ਪਠਿ ਕੁਛ ਸੈਨ ਛੀਨ ਸੋ ਲੀਨਸਿ।
ਬਸ ਨਹਿਂ ਚਲਜੋ ਖਰੋ ਤਹਿਂ ਰਹਜੋ।
ਤਿਸ ਤੇ ਚਿੰਤ ਸ਼ੋਕ ਬਹੁ ਲਹਜੋ ॥੪੫॥
ਨਹੀਂ ਭਾਵਨਾ ਪੂਰਨਿ ਭਈ।
ਮਨ ਕੀ ਮਨ ਹੀ ਮਹਿਂ ਰਹਿ ਗਈ।
ਤਿਸ ਪਰ ਗੁਰੁ ਚਢਾਇ ਨਹਿਂ ਹੇਰੇ।
ਮਹਾਂ ਕਸ਼ਟ ਚਿਤ ਉਪਜਤਿ ਮੇਰੇ ॥੪੬॥
ਕਾਬਲ ਪੁਰਿ ਕੋ ਮੈਂ ਨਿਤ ਬਾਸੀ।
ਕਰੌਂ ਬਿਹਾਰਿ ਅਧਿਕ ਧਨ ਪਾਸੀ।
ਦਰਬ ਦਸੌਂਧ ਕੇਰ ਬਹੁ ਹੋਵਾ।
ਮੈਂ ਬਿਚਾਰਿ ਤਬਿ ਚਿਤ ਮੈਂ ਜੋਵਾ ॥੪੭॥
ਜਿਸ ਤੇ ਗੁਰੁ ਪ੍ਰਸੰਨ ਚਿਤ ਹੋਇਂ।
ਐਸੀ ਵਸਤੁ ਖਰੀਦੌਂ ਕੋਇ।
ਬਹੁ ਸਿੱਖਨਿ ਤੇ ਸੁਨਜੋ ਸੁਭਾਇ।
-ਚੰਚਲ ਬਾਜ਼ੀ ਤੇ ਹਰਖਾਇਂ- ॥੪੮॥
ਯਾਂ ਤੇ ਖੋਜਿ ਦੇਸ਼ ਮਹਿਂ ਆਨਾ।
ਤਿਨ ਛੀਨਤਿ ਕੋ ਬੈਨ ਬਖਾਨਾ।
-ਸ਼੍ਰੀ ਗੁਰ ਹਰਿ ਗੁਬਿੰਦ ਦੇ ਮੋਲ[†]।
ਮੰਗਵਾਯੋ ਬਹੁ ਦੇਸ਼ਨਿ ਟੋਲਿ- ॥੪੯॥
ਕਿਨਹੁੰ ਨ ਮਾਨੀ, ਕਹੈ ਸੁ ਕੌਨ।
ਲਿਯੋ ਸ਼ਾਹੁ ਅਸੁ[1] ਠਾਨੀ ਮੌਨਿ।
ਹੁਇ ਬਿਨ ਬਸ ਮੈਂ ਸੰਕਟ ਲਹਜੋ।
ਧਾਇ ਪ੍ਰਸੰਗ ਆਪ ਸੋਂ ਕਹਜੋ' ॥੫੦॥
ਸਿਖ ਕੋ ਪਿਖਿ ਕਰਿ ਪਰੇਮ ਘਨੇਰਾ।
ਧੀਰਜ ਬਾਕ ਭਨੇ ਤਿਸ ਬੇਰਾ।

[1]ਢਕਦਾ ਰਹਿਆ।

[†]ਦਸਵੰਧ ਦੇ ਧਨ ਨੂੰ ਸਿੱਖ ਗੁਰੂ ਦਾ ਸਮਝਦੇ ਹਨ, ਇਸ ਕਰਕੇ ਗੁਰੂ ਦੇ ਧਨ ਤੋਂ ਖਰੀਦਿਆ ਕਹਿ ਰਿਹਾ ਹੈ।

[1]ਘੋੜਾ।

'ਜੇ ਤੁਰੰਗ ਸਤਿਗੁਰ ਕੋ ਅਹੈ।
ਅਪਰ ਮੂਢ ਢਿਗ ਕਯੋਂਹੂੰ ਨ ਰਹੈ ॥੫੧॥
ਤੌਰ ਕਾਮਨਾ ਪੂਰਨ ਹੋਈ।
ਧਰਹੁ ਬਿਖਾਦ ਨ ਮਨ ਮਹਿਂ ਕੋਈ।
ਕਿਤਿਕ ਬਿਤੇ ਦਿਨ ਹਮ ਢਿਗ ਆਵੈ।
ਕਯੋਂਹੁੰ ਨ ਦੁਸ਼ਟ ਅਰੂਢਨਿ ਪਾਵੈ ॥੫੨॥
ਤੋ ਹਰਖਾਵਨਿ ਹਿਤ ਹਮ ਲੈਹੈਂ।
ਤੁਰੰਗ ਅਰੂਢ ਫੰਦਾਇ ਪਲੈ ਹੈਂ।
ਕਰਹਿਂ ਕਾਮਨਾ ਪੂਰਨ ਤੇਰੀ।
ਧਰਿ ਨਿਸ਼ਚੈ ਲਿਹੁ ਲੋਚਨ ਹੇਰੀ' ॥੫੩॥
ਸੁਨਿ ਸਿਖ ਪਾਇ ਅਨੰਦ ਬਿਲੰਦ।
ਬੰਦਤਿ ਬਾਰਿ ਬਾਰਿ ਕਰ ਬੰਦਿ।
ਗੁਰੂ ਸਮੀਪ ਰਹਯੋ ਚਿਰ ਕਾਲਾ।
ਹੇਤੁ ਬਿਲੋਕਨ ਤੁਰੰਗ ਬਿਸਾਲਾ ॥੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰਾਸੇ 'ਤੁਰੰਗ ਪ੍ਰਸੰਗ' ਬਰਨਨੰ ਨਾਮ ਪੰਚਦਸ਼ਮੋਂ ਅੰਸੂ ॥੧੫॥

੧੬. [ਬੀਮਾਰ ਘੋੜਾ ਕਾਜ਼ੀ ਤੋਂ ਲਿਆ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਰਿਦੇ ਬਿਚਾਰਯੋ ਸਤਿਗੁਰੂ, -ਸ਼ਾਹਜਹਾਂ ਮਤਿ
ਮੰਦ।
ਕਰੀ ਅਵੱਗਜਾ ਅਦਬ ਬਿਨ, ਲੀਨਿ ਤੁਰੰਗ
ਬਿਲੰਦ ॥੧॥

ਚੌਪਈ:

ਆਜ ਲੀਨਿ ਅਸੁ ਕੀਨਿ ਕੁਚਾਲੀ।
ਅਪਰ ਵਸਤੁ ਛੀਨਹਿ ਪਿਖਿ ਕਾਲੀ।
ਸਿੱਖਨਿ ਉਰ ਸ਼ਰਧਾ ਮਿਟਿ ਜਾਵੈ।
ਵਸਤੁ ਅਮੋਲਕ ਬਹੁਰ ਨ ਲਜਾਵੈਂ ॥੨॥
ਜਾਨੈਂ 'ਬਲੀ ਤੁਰਕ ਲੇ ਛੀਨਿ[1]।' — [1]ਜਾਨਣਗੇ ਕਿ ਬਲੀ ਤੁਰਕ ਖੋਹ ਲੈਣਗੇ।
ਧਰਹਿਂ ਤ੍ਰਾਸ ਬਿਨੁ ਆਸ ਪ੍ਰਬੀਨਿ।
ਹਮ ਸਿੱਖੀ ਕੋ ਕਰਹਿਂ ਬਿਥਾਰਨਿ।
ਮਿਟਹਿ[1], ਜਬਹਿ ਪਿਖਿ ਲੈਂ ਅਸ ਕਾਰਨਿ ॥੩॥ — [1]ਮਿਟ ਜਾਏਗੀ (ਸਿੱਖੀ)।
ਇਸ[1] ਕੋ ਸੰਗ ਨ ਬਨਹਿ ਹਮਾਰੀ। — [1]ਸ਼ਾਹ ਜਹਾਨ।
ਬਿਗਰ ਪਰਹਿ ਔਚਕ ਕਿਸ ਬਾਰੀ।
ਅਪਨੋ ਘੋਰਾ ਲੈ ਹੈਂ ਜਬੈ।
ਇਸ ਕੋ ਸੰਗ ਤਜਾਗ ਦੇਂ ਤਬੈ- ॥੪॥
ਇਮ ਸਤਿਗੁਰੁ ਉਰ ਮਹਿਂ ਠਹਿਰਾਈ।
ਸ਼ਾਹਜਹਾਂ ਅਸੁ ਲਿਯੋ ਮੰਗਾਈ।
ਹੇਰਨਿ ਹੇਤ ਪ੍ਰਤੀਖਤਿ ਰਹਯੋ।
ਆਯਹੁ ਨਿਕਟ ਹਰਖ ਬਹੁ ਲਹਯੋ ॥੫॥
ਬਸਤ੍ਰ ਉਤਾਰਿ ਆਪ ਕਰ ਫੇਰਾ।
ਸਕਲ ਬਨਾਉ ਸ਼ੁਭਤਿ ਅਤਿ ਹੇਰਾ।
ਚਢਨਿ ਹੇਤੁ ਜਬਿ ਉੱਦਮ ਕਰਯੋ।
ਗੁਰ ਫੇਰਯੋ ਮਨ, ਤਤਛਿਨਿ ਮੁਰਯੋ[1] ॥੬॥ — [1](ਸ਼ਾਹ ਦਾ ਮਨ) ਫਿਰ ਗਿਆ।
ਕਹਯੋ 'ਥਕਤਿ ਹਯ ਆਯਹੁ ਦੂਰਿ।
ਦਿਹੁ ਬਿਸਰਾਮ ਜ਼ੀਨ ਬਨਿ ਹੂਰ[1]। — [1]ਸੁਹਣੀ ਕਾਠੀ ਬਣੇ।
ਦੋ ਇਕ ਤੀਨ ਦਿਵਸ ਮੁਹਂ ਚਰੈਂ।

ਤਾਵਤਿ ਸ਼੍ਰਮ ਸਗਰੋ ਪਰਹਰੈ' ॥੭॥
ਸੁਨਿ ਉਮਰਾਵ ਸਰਾਹਨਿ ਠਾਨੇ।
'ਰਾਵਰਿ ਹੋ ਨਿਤ ਭਾਗ ਮਹਾਨੇ।
ਉਚਿਤ ਆਪ ਕੇ ਸਭਿ ਚਲਿ ਆਵੈ।
ਕੋ ਕਿਮ ਕਰਹਿ ਕਿ ਕਹੂੰ ਦੁਰਾਵੈ ॥੮॥
ਦੇਖਤਿ ਕਹਾਂ ਤੁਰੰਗ ਸੁਹਾਏ[1]। [1]ਦੇਖੋ ਕਿ ਕਿਤਨਾ ਸੁਹਣਾ ਹੈ ਘੋੜਾ।
ਕਹਾਂ ਬਸਤ੍ਰ ਜੀਰਨ ਤਨ ਪਾਏ।'
ਸ਼ਾਹੁਜਹਾਂ ਬਹੁ ਕਰੀ ਬਧਾਈ।
ਬਖ਼ਸ਼ਜੋ ਦਰਬ ਨਰਨਿ ਸਮੁਦਾਈ ॥੯॥
ਦਾਸਨਿ ਕੋ ਬਹੁ ਕਰੀ ਤਗੀਦ।
'ਸੇਵਹੁ ਸ਼ੁਭ, ਨਿਤ ਦੇਹੁ ਰਸੀਦ[1]। [1]ਪਹੁੰਚ, ਭਾਵ ਖ਼ਬਰ ਦਿਓ।
ਘ੍ਰਿੱਤ ਆਦਿ ਅਰੁ ਨੀਕ ਮਸਾਲਾ।
ਮ੍ਰਿਦੁਲ ਮਹਾਂ ਤ੍ਰਿਣ ਖਾਇ ਸੁਖਾਲਾ'
॥੧੦॥
ਅਪਨੀ ਦ੍ਰਿਸ਼ਟਿ ਤਰੇ ਬੰਧਵਾਯੋ।
ਦੇਖਤਿ ਰਹਤਿ ਮੋਦ ਮਨ ਪਾਯੋ।
ਦੁਇ ਦਿਨ ਆਛੋ ਰਹਜੋ ਤੁਰੰਗ।
ਪੁਨ ਰੋਗੀ ਹੋਯੋ ਸਰਬੰਗ ॥੧੧॥
ਖਾਇ ਨ ਦਾਨਾ, ਪੀਯ ਨ ਪਾਨੀ।
ਦੁਖਤਿ ਆਗਲੀ ਲਾਤ ਉਠਾਨੀ।
ਦਾਸਨਿ ਦੇਖਿ ਸ਼ਾਹੁ ਸੋਂ ਕਹਜੋ।
'ਆਪ ਆਇ ਕਰਿ ਘੋਰਾ ਲਹਜੋ' ॥੧੨॥
ਗਨ ਸਲੋਤਰੀ[1] ਤੁਰਤ ਹਕਾਰੇ। [1]ਪਸ਼ੂਆਂ ਦਾ ਦਵਾ ਦਾਰੂ ਕਰਨ ਵਾਲੇ।
ਤਿਨਹੁਂ ਉਪਾਇ ਕਰੇ ਕਰਿ ਹਾਰੇ।
ਦੇਖਿ ਦਸ਼ਾ ਅਸੁ ਕੀ ਸਭਿ ਕਹਜੋ।
'ਹਜ਼ਰਤਿ! ਸੁਨਹੁਂ, ਨ ਹਮ ਰੁਜ ਲਹਜੋ[1] [1]ਪਛਾਣਿਆਂ।
॥੧੩॥
ਰਾਖਨ ਉਚਤਿ ਨਹੀਂ ਇਸ ਠਉਰਾ।
ਇਸ ਕੀ ਗੰਧ ਪਾਇ ਅਸੁ ਅਉਰਾ।
ਕਿਸ ਉਮਰਾਵ ਦੇਹੁ ਜੋ ਲੇਹਿ।
ਉਪਚਾਰਹਿ[1] ਚਿਰ ਲੌਂ ਧਨ ਦੇਹਿ' ॥੧੪॥ [1]ਇਲਾਜ ਕਰੇ।
ਸੁਨਤਿ ਸ਼ਾਹੁ ਯੁਤ ਚਿੰਤ ਬਿਰਾਜੀ[1]। [1]ਸੁਣਕੇ ਸ਼ਾਹ ਚਿੰਤਾ ਸਹਤ ਹੋਯਾ (ਘੋੜਾ) ਬੀਮਾਰ

ਦੇਖਕੇ [ਫਾ: ਬੇ ਰਾਜ਼ੀ-ਬੀਮਾਰ]

ਰੁਸਤਮ ਖਾਨ ਹੁਤੋ ਢਿਗ ਕਾਜ਼ੀ।
ਜਿਸ ਤੇ ਸੁਨਹਿ ਕਿਤਾਬ ਹਮੇਸ਼।
ਢਿਗ ਰਾਖਹਿ ਦੈ ਦਰਬ ਵਿਸ਼ੇਸ਼ ॥੧੫॥
ਕਹਜੋ ਸ਼ਾਹੁ 'ਇਹ ਲੇਹੁ ਤੁਰੰਗ।
ਕਰਿ ਉਪਚਾਰ ਮਿਟਹਿ ਰੁਜ ਅੰਗ।
ਨਾਂਹਿ ਤ ਕਰਹਿ ਖਰੀਦਨਿ ਕੋਇ।
ਧਨ ਗਨ ਕੋ ਲੇ, ਦੀਜਹਿ ਸੋਇ ॥੧੬॥
ਨਹਿਂ ਅਰੂਢਬੇ ਲਾਯਕ ਰਹਜੋ।
ਨਜ਼ਰ ਲਾਇ ਕਿਨ ਤਤਛਿਨ ਦਹਜੋ।
ਸਭਿ ਸਲੋਤਰੀ ਕਰੇ ਉਪਾਇ।
ਮਿਟਜੋ ਨ ਖੇਦ ਨ ਲਾਤ ਟਿਕਾਇ'
॥੧੭॥
ਸੁਨਿ ਕਾਜ਼ੀ ਉਰ ਭਰਜੋ ਪ੍ਰਮੋਦ।
ਨਿਮਜੋ ਬਾਰਿ ਬਹੁ ਹਜ਼ਰਤ ਕੋਦ[1]।

[1]ਪਾਤਸ਼ਾਹ ਵੱਲ ਝੁਕਿਆ, ਭਾਵ ਧੰਨਵਾਦ ਕੀਤਾ। [ਹਿੰਦੀ, ਕੋਦ = ਤਰਫ]

ਲੇ ਤੁਰੰਗ ਆਨਤਿ ਭਾ ਸੰਗ।
ਸਨੇ ਸਨੇ ਚਲਿ ਪੀੜਤਿ ਅੰਗ ॥੧੮॥
ਜਾਹਿ ਦੁਰਗ ਤੇ[1] ਜਿਸ ਮਗ ਘਰ ਕੋ।

[1]ਜਾਂਦਾ ਸੀ ਕਿਲ੍ਹੇ ਤੋਂ।

ਬੀਚ ਹੁਤੋ ਡੇਰਾ ਸਤਿਗੁਰ ਕੋ।
ਆਵਤਿ ਜਾਤਿ ਨਜ਼ਰ ਤਹਿਂ ਪਰੈ।
ਹੁਇ ਊਚੈ ਸ਼੍ਰੀ ਗੁਰ ਨਿਤ ਥਿਰੈਂ ॥੧੯॥
ਹਯ ਕੇ ਸਹਤ ਤਹਾਂ ਚਲਿ ਆਯੋ।
ਜਹਿਂ ਸਿਖ ਗਨ ਦੀਵਾਨ ਲਗਾਯੋ।
ਉਚ ਬਿਰਾਜਹਿਂ ਅੰਤਰਜਾਮੀ।
ਜੋ ਕਰਤਾ ਸਭਿ ਜਗ ਕੋ ਸ੍ਵਾਮੀ ॥੨੦॥
ਕਰੀ ਤੁਰੰਗ ਹਿਰੇਖ ਵਿਸ਼ੇਖਾ।
ਮਨਹੁਂ ਪੁਕਾਰਤਿ ਸ਼੍ਰੀ ਗੁਰ ਦੇਖਾ।
-ਤੁਰਕ ਤੋਮ ਤਪ ਤਾਲ ਬਿਲੰਦ[1]।

[1]ਤੁਰਕਾਂ ਦਾ ਸਮੂਹ ਤਪ (ਇਕ) ਭਾਰੀ ਸਰੋਵਰ ਹੈ, ਉਸ ਵਿੱਚ... [ਸੰਸ: ਸ੍ਤੋਮ = ਸਮੂਹ]

ਮੈਂ ਆਰਤ ਗਜ ਦੀਨ ਮਨਿੰਦ[1] ॥੨੧॥

[1]ਮੈਂ ਗਜ ਦੀ ਤਰ੍ਹਾਂ ਆਰਤ ਹਾਂ।

ਕਾਜੀ ਗ੍ਰਾਹ ਗ੍ਰਸਜੋ ਲੇ ਜਾਤਿ[1]†।

[1]ਕਾਜ਼ੀ ਤੰਦੂਏ ਵਾਂਙੂ ਗ੍ਰਸੀ ਲਈ ਜਾਂਦਾ ਹੈ। †ਤੰਦੂਏ ਤੋਂ ਗਜ ਨੂੰ ਛੁਡਾਉਣ ਦੀ ਕਥਾ ਦਾ ਰੂਪਕ ਬੱਧਾ ਹੈ।

ਬਿਰਦ ਦੀਨ ਬੰਧੁ ਬਖਜਾਤਿ।

ਕਰਹੁ ਛੁਰਾਵਨ ਰਾਖਹੁ ਪਾਸ।
ਕ੍ਰਿਪਾ ਨਿਧਾਨ! ਸੁਨਹੁ ਅਰਦਾਸਿ-
॥੨੨॥
ਅਸੁ ਮਨ ਕੀ ਲਖਿ ਕੈ ਤਤਕਾਲਾ।
ਕਰੇ ਬਿਲੋਚਨ ਊਚ ਬਿਸਾਲਾ।
ਦਿਸ਼ਿ ਮਾਰਗ ਕੀ ਦ੍ਰਿਸ਼ਟਿ ਚਲਾਈ।
ਬੋਲੇ 'ਕੌਨ ਤੁਰੰਗ ਲੇ ਜਾਈ? ॥੨੩॥
ਸਨੇ ਸਨੇ ਗਮਨਤਿ ਦੁਖਿਆਰਾ।'
ਕਿਤਿਕ ਸਿੱਖ ਉਠਿ ਤਬੈ ਨਿਹਾਰਾ।
'ਕਾਜ਼ੀ ਅਹੈ, ਗ਼ਰੀਬ ਨਿਵਾਜ!
ਜਾਤਿ ਲਿਏ ਕੋ ਰੋਗੀ ਬਾਜ' ॥੨੪॥
ਇਮ ਸੁਨਿ ਘੋਰਾ ਲਜਾਯੋ ਜੋਇ[1]।
ਉਠਤਿ ਬਿਲੋਕਜੋ ਪਰਖਜੋ ਸੋਇ।
ਉਰ ਹਰਖਤਿ ਮੁਖ ਤੁਰਤ ਉਚਾਰਾ।
'ਸ਼੍ਰੀ ਗੁਰੁ ਜੀ! ਇਹ ਤੁਰੰਗ ਤੁਮਾਰਾ
॥੨੫॥
ਬਿਛੁਰਿ ਮੋਹਿ ਤੇ ਦੁਰਬਲ ਭਯੋ।
ਨਹੀਂ ਜਤਨ ਕਰਿ ਰਾਵਰ ਲਿਯੋ।
ਦੁਸ਼ਟਨਿ ਕੇ ਬਸਿ ਭਾ ਅਸ ਹਾਲ।
ਲੀਜਹਿ ਸਤਿਗੁਰੁ ਆਪ ਸੰਭਾਲ' ॥੨੬॥
ਅਧਿਕ ਪ੍ਰੇਮ ਸਿਖ ਕੇ ਉਰ ਹੇਰਾ।
ਕਾਜ਼ੀ ਦਿਸ਼ਿ ਬਿਲੋਕਿ ਤਿਸ ਬੇਰਾ।
ਪਠਿ ਕੈ ਸਿੱਖ ਸਮੀਪ ਹਕਾਰਾ।
ਸਾਦਰ ਸਭਾ ਬੀਚ ਬੈਠਾਰਾ ॥੨੭॥
ਹਯ ਬ੍ਰਿਤੰਤ ਕੋ ਬੂਝਜੋ ਜਬੈ।
ਕਾਜ਼ੀ ਕਹਤਿ ਭਯੋ ਤਬਿ ਸਬੈ।
'ਕਾਬਲ ਦਿਸ਼ਿ ਤੇ ਸ਼ਾਹੁ ਮੰਗਾਵਾ।
ਚਢਜੋ ਨਹੀਂ, ਚਢਿਬੇ ਲਲਚਾਵਾ ॥੨੮॥
ਦੁਇ ਦਿਨ ਆਛੋ ਰਹਜੋ ਤਬੇਲੇ।
ਭਯੋ ਰੋਗ ਪੁਨ ਕਿਯੋ ਦੁਹੇਲੇ।
ਅਪਨੇ ਉਚਿਤ ਨ ਹਜ਼ਰਤ ਜਾਨਾ।
ਮੁਝ ਕੋ ਬਖਸ਼ ਦੀਨਿ ਹਿਤ ਠਾਨਾ ॥੨੯॥

[1]ਜੋ ਸਿੱਖ।

ਕਹਜੋ -ਇਲਾਜ ਕਰੋ ਹੁਇ ਰਾਜ਼ੀ।
ਨਾਂਹਿ ਤ ਬੇਚ ਦੇਹੁ ਕਿਤ ਬਾਜ਼ੀ-।
ਅਬਿ ਲੇ ਕਰਿ ਮੈਂ ਸਦਨ ਸਿਧਾਰੋਂ।
ਦੇ ਦੇ ਔਸ਼ਧਿ ਰੋਗ ਨਿਵਾਰੋਂ' ॥੩੦॥
ਅਸੁ ਦਿਸ਼ਿ ਦ੍ਰਿਸ਼ਟਿ ਧਾਰਿ ਗੁਰ ਕਹੀ।
'ਜੇ ਬੇਚਨਿ ਚਾਹਤਿ ਚਿਤ ਮਹੀਂ।
ਕਰਿ ਕੈ ਮੋਲ ਦੇਹੁ ਹਮ ਪਾਸ।
ਇਸ ਕੋ ਰੋਗ ਕਰਹਿਂ ਸਭਿ ਨਾਸ਼' ॥੩੧॥
ਸੁਨਿ ਕਾਜ਼ੀ ਕਹਿ 'ਮੋਲ ਬਿਸਾਲਾ।
ਕੋ ਦੇ ਸਕਹਿ ਦੇਖਿ ਇਸ ਹਾਲਾ।
ਤੀਨ ਚਰਨ, ਇਕ ਧਰਹਿ ਨ ਧਰਨੀ।
ਦਿਯੋ ਲਾਖ ਕੀਮਤ ਇਹ ਬਰਨੀ ॥੩੨॥
ਸੂਰਤ ਸੁੰਦਰ ਜਨੁ ਕਿਨਿ ਘਰਜੋ[1]।
ਚੰਚਲ ਬਲ ਬਿਸਾਲ ਤੇ ਭਰਜੋ।'
ਸੁਨਿ ਕਾਜ਼ੀ ਤੇ ਸ਼੍ਰੀ ਗੁਰੁ ਕਹੈਂ।
'ਦੇਹੁ ਮੋਲ ਹਮ ਲੈਬੋ ਚਹੈਂ ॥੩੩॥
ਉਚਤਿ ਅਰੁਢਿਨਿ ਕੇ ਅਬਿ ਨਾਂਹੀ।
ਜੇ ਸਤਿਗੁਰੁ ਇਸ ਰੋਗ ਗਵਾਹੀਂ।
ਕਿਤਿਕ ਦਿਵਸ ਸੇਵਾ ਕਰਿਵਾਵਹਿ।
ਦੁਰਬਲ ਭਾ ਤਬਿ ਬਲ ਭਰਿ ਆਵਹਿ ॥੩੪॥
ਤੁਮਹੁ ਨ ਆਸ ਜਿਯਨਿ ਅਸੁ ਕੇਰੀ।
ਲੇਹੁ ਲਾਭ ਬੇਚਹੁ ਇਸ ਬੇਰੀ।
ਦਸ ਸਹੰਸ੍ਰ ਹਮ ਦੇਵੈਂ ਧਨ ਕੋ।
ਲੇ ਕਰਿ ਜਾਹੁ ਹਰਖ ਧਰਿ ਮਨ ਕੋ ॥੩੫॥
ਪਰਾਲਬਧ ਇਸ ਜਿਯਨਿ ਜਿ ਅਹੈ।
ਕਰੈਂ ਇਲਾਜ ਅਰੁਜ ਬਚਿ ਰਹੈ।
ਨਾਂਹਿ ਤ ਦੇਯੁ ਚੁਕੇ ਹਮ ਦਰਬਾ।
ਕਹਜੋ ਜਿਤਿਕ ਲੀਜੈ ਨਿਜ ਸਰਬਾ' ॥੩੬॥
ਸੁਨਿ ਕਾਜ਼ੀ ਮਨ ਕੀਨਿ ਬਿਚਾਰ।
-ਪ੍ਰਾਪਤਿ ਹ੍ਵੈ ਖਟ ਚਾਰ ਹਜ਼ਾਰ[1]।

[1]ਮਾਨੋਂ ਕਿਸੇ ਨੇ ਘੜ (ਕੇ ਬਨਾਇਆ) ਹੈ।

[1]੬+੪ = ਦਸ ਹਜ਼ਾਰ।

ਬਚੈ ਨ ਘੋਰਾ ਰੋਗ ਦਬਾਯੋ।
ਨਹੀਂ ਗੁਰੂ ਨੇ ਰੁਜ ਲਖਿ ਪਾਯੋ ॥੩੭॥
ਅਬਿ ਤੋ ਦਰਬ ਮਿਲਤਿ ਸਮੁਦਾਇ।
ਮਰੇ ਤੁਰੰਗ ਨ ਕੁਛ ਕਰ ਪਾਇ।
ਚਹੁੰ ਦਿਸ਼ਿ ਕੋ ਧਨ ਗੁਰੂ ਨਿਕੇਤਾ।
ਪੁਨ ਉਦਾਰ ਉਰ ਦੇਤਿ ਜਿ ਏਤਾ ॥੩੮॥
ਇਨ ਸਮ ਅਪਰ ਨਹੀਂ ਕੋ ਦੈ ਹੈ।
ਸਮਾ ਚੁਕੇ ਪੁਨ ਹਾਥ ਨ ਐਹੈ-।
ਕਿਤਿਕ ਸਮੇਂ ਹੁਇ ਮੌਨਿ ਬਿਚਾਰਾ।
'ਬਾਜ਼ ਗੁਰੂ ਜੀ! ਲੇਹੁ' ਉਚਾਰਾ ॥੩੯॥
'ਬਾਕ ਨ ਮੋਰਹਿਂ ਤੁਮ ਸਮ ਪੀਰ[1]।
ਚਢਹੁ ਆਪ ਪਰਿਹਰਿ ਰੁਜਿ ਪੀਰ[1]।
ਨਿਕਸਾਵਹੁ ਧਨ, ਦੀਜਹਿ ਸੋਈ।
ਜੇਤਿਕ ਕਹਜੋ ਆਪ ਖੁਸ਼ਿ ਹੋਇ' ॥੪੦॥
ਸ਼੍ਰੀ ਹਰਿ ਗੋਬਿੰਦ ਕਹਜੋ ਸੁਨਾਇ।
'ਜੋ ਅਬਿ ਕੈ ਸੰਗਤਿ ਧਨ ਲਜਾਇ।
ਪੂਰਬ ਸਗਰੋ ਦੇ ਕਰਿ, ਤੋਰਾ।
ਬਹੁਰੋ ਲਾਇਂ ਕਾਜ ਜੇ ਔਰਾ[1] ॥੪੧॥

[1]ਆਪ ਵਰਗੇ ਪੀਰ ਦਾ (ਅ) ਆਪ ਪੀਰਾਂ ਤੁੱਲ ਹੋ।
[1]ਰੋਗ ਦੀ ਪੀੜਾ ਦੂਰ ਕਰਕੇ।
[1]ਪਹਿਲਾਂ ਸਾਰਾ (ਦੇਣਾਂ) ਦੇਕੇ (ਫੇਰ) ਤੇਰਾ (ਦੇਣਾਂ ਦਿਆਂਗੇ) ਫੇਰ ਹੋਰ ਜੋ ਕਾਰਜ ਹਨ, ਉਨ੍ਹਾਂ ਤੋਂ ਲਵਾਂਗੇ। ਦੇਖੋ ਅੰਸੂ ੧੭ ਦਾ ਅੰਕ ੧੮।

ਸਰਬ ਦਰਬ ਕੋ ਘਰ ਮਹਿਂ ਜਾਨਿ।
ਇਸ ਹਿਤ ਕੋਇ ਨ ਸੰਸੈ ਠਾਨਿ।
ਤੁਰਤ ਆਇ, ਬਿਤਹਿ ਨ ਚਿਰ ਕਾਲ।
ਅਰਪਹਿਂ ਸਿੱਖ ਸੁ ਲੇਹੁ ਸੰਭਾਲ ॥੪੨॥
ਰਹਨਿ ਇਕੱਤ੍ਰ ਏਕ ਪੁਰਿ ਮਾਂਹੀ।
ਮੇਲ ਨਿਤਾਪ੍ਰਤਿ, ਹਮ ਮਗ ਮਾਂਹੀ।'
ਸੁਨਿ ਕਾਜ਼ੀ ਪੁਨ ਬਾਕ ਬਖਾਨਾ।
'ਨਹਿਂ ਅਟਕੌਂ ਮੈਂ ਸਮੋ ਮਹਾਨਾ ॥੪੩॥
ਉਰ ਧਰਿ ਫਿਕਰ ਦਰਬ ਜੇ ਦੈਹੋ[1]।
ਪਿਖਹੁ ਭਲੇ, ਰੁਜ ਜੁਤਿ ਅਸੁ ਲੈਹੋ[1]।
ਫਿਰਹਿ ਨ ਫੇਰਿ ਤੁਰੰਗ ਕੋ ਸੌਦਾ।
ਕੈ ਦੇ ਸ਼ੋਕ ਕਿਧੌਂ ਦੇ ਮੋਦਾ[1]' ॥੪੪॥

[1]ਭਾਵ ਫਿਕਰ ਨਾਲ ਧਨ ਦੇਣਾ ਹੋਵੇਗਾ।
[1]ਚੰਗੀ ਤਰ੍ਹਾਂ ਦੇਖ ਲੋ, (ਤੁਸੀਂ) ਰੋਗੀ ਘੋੜਾ ਲੈ ਰਹੇ ਹੋ।
[1]ਚਾਹੇ (ਇਹ ਸੌਦਾ) ਸ਼ੋਕ ਦੇਵੇ ਚਾਹੇ ਖੁਸ਼ੀ।

ਸੁਨਿ ਗੁਰ ਭਨਯੋ 'ਨ ਬਨ ਅਨਜਾਨ।
ਇਹ ਨਹਿਂ ਭਲੇ ਪੁਰਖ ਕੀ ਬਾਨ।
ਕਹਨਿ ਬਾਕ ਕਰਿ ਪੁਨ ਫਿਰ ਜਾਨਾ।
ਕਰਹਿ ਜਿ ਨਰ, ਸੇ ਦੋਜ਼ਕ ਜਾਨਾ'
॥੪੫॥
ਸੁਨਿ ਕਾਜ਼ੀ ਕਾਗਦ ਲਿਖਵਾਯੋ।
'ਦਰਬ ਕਰਜ਼ ਏਤੋ ਠਹਿਰਾਯੋ।
ਲੇਨਿਹਾਰ ਮੈਂ ਗੁਰ ਤੇ ਰਹਜੋ।
ਦਸ ਹਜ਼ਾਰ ਅਸੁ ਮੋਲ ਜਿ ਕਹਜੋ' ॥੪੬॥
ਬਹੁ ਤਕਰਾਈ ਸਹਤ ਲਿਖਾਇ।
ਅਪਰਨਿ ਕੇਰ ਉਗਾਹੀ ਪਾਇ।
ਘੋਰਾ ਦਿਯੋ ਗੁਰੂ ਕੇ ਪਾਸ।
ਲੇ ਕਾਗਦ ਕੋ ਗਯੋ ਅਵਾਸਿ ॥੪੭॥
ਸਤਿਗੁਰੁ ਲਾਇ ਤੁਰੰਗ ਤਬੇਲੇ।
ਰੇਸ਼ਮ ਦਾਮ[1] ਤਿਸੀ ਕੇ ਮੇਲੇ।
ਕੁਛ ਔਖਧਿ ਕਰਿ ਦੀਨਿ ਮਸਾਲਾ।
ਭਯੋ ਸਭਿਨਿ ਮਹਿਂ ਹਰਖ ਬਿਸਾਲਾ
॥੪੮॥

[1]ਰੇਸ਼ਮੀ ਡੋਰਾਂ ਯਾ ਰਸੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਤੇ ਘੋਰਾ ਲੇਨਿ ਕੋ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਅੰਸੂ ॥੧੬॥

੧੭. [ਕਾਜ਼ੀ ਦਾ ਝਗੜਨਾ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਅਗਲੇ ਦਿਨ ਸਤਿਗੁਰੁ ਗਏ, ਸੁੰਦਰ ਅੰਗ ਤੁਰੰਗ।
ਕਰਯੋ ਬਿਲੋਕਨਿ ਸਕਲ ਕੋ, ਕਰ ਫੇਰਯੋ ਹਿਤ ਸੰਗ ॥੧॥

ਚੌਪਈ:

ਫੁਰਕਾਵਤਿ ਘੋਰਾ ਹਰਖਾਯੋ।
ਸਨੈ ਸਨੈ ਨਿਜ ਪਾਵ ਟਿਕਾਯੋ।
ਦਿਨ ਤੀਨਕ ਮਹਿਂ ਰੁਜ ਪਰਹਰਯੋ।
ਤ੍ਰਿਣ ਸਮੁਦਾਇ ਰੁ ਦਾਨਾ ਚਰਯੋ ॥੨॥
ਦਿਨ ਪ੍ਰਤਿ ਬਲੀ ਪੁਸ਼ਟ ਸਭਿ ਅੰਗ।
ਭਯੋ ਪ੍ਰਿਥਮ ਸਮ ਤਬਹਿ ਤੁਰੰਗ।
ਸਤਿਗੁਰ ਸੁਵਰਨ[1] ਜ਼ੀਨ ਪਵਾਯੋ।
ਹੀਰਨ ਜੜਤੀ ਗਨ ਦਮਕਾਯੋ ॥੩॥
ਬਸਤ੍ਰ ਸ਼ਸਤ੍ਰ ਪਹਿਰਨਿ ਕਰਿ ਤਨ ਮੈਂ।
ਭਏ ਅਰੂਢ ਗੁਰੂ ਤਿਸ ਛਿਨ ਮੈਂ।
ਭਯੋ ਤੁੰਦ[1] ਹਰਖਤਿ ਫੁਰਕਾਵੈ।
ਸਨੇ ਸਨੇ ਅਸੁ ਫਾਂਦਤਿ ਜਾਵੈ ॥੪॥
ਗਏ ਵਹਿਰ ਕੋ ਫੇਰਯੋ ਥੋਰਾ।
ਮਨ ਅਨੁਸਾਰ ਚਲਤਿ ਮਗ† ਘੋਰਾ।
ਸ਼ਾਰਤ ਹਾਥ ਪਾਂਵ ਕੀ ਕਰੇ।
ਨਟ ਸਮ ਗਿਨ ਗਿਨ ਪਾਇਨਿ[1] ਧਰੇ ॥੫॥
ਸਤਿਗੁਰੁ ਚਢਿ ਪ੍ਰਸੰਨ ਅਤਿ ਹੋਏ।
ਸਿੱਖ ਕਾਬਲੀ ਥਿਰ ਹੁਏ ਜੋਏ।
ਹਾਥ ਜੋਰਿ ਚਰਨਨਿ ਪਰ ਪਰਯੋ।
'ਮੋਰ ਮਨੋਰਥ ਪੂਰਨ ਕਰਯੋ ॥੬॥
ਰਿਦੇ ਭਾਵਨੀ ਜਿਮ ਕਰਿ ਲਜਾਯੋ।
ਨਿਜ ਨੇਤ੍ਰਨਿ ਸੋਂ ਤਿਮ ਦ੍ਰਿਸ਼ਟਾਯੋ।
ਕਰਹੁ ਖੁਸ਼ੀ, ਗਮਨਹੁ ਨਿਜ ਪੁਰਿ ਕੋ।

[1]ਸੋਨੇ ਦੀ।
[1]ਤੇਜ਼।
†ਪਾ:—ਭਾ।
[1]ਪੈਰਾਂ ਨੂੰ।

ਉਪਜੀ ਸ਼ਾਂਤਿ ਮਹਾਂ ਸੁਖ ਉਰ ਕੋ' ॥੭॥
ਸਿਖ ਕੀ ਸ਼ਰਧਾ ਅਰੁ ਪਿਖਿ ਪ੍ਰੇਮ।
ਸ੍ਰੀ ਹਰਿ ਗੋਬਿੰਦ ਬਖ਼ਸ਼ੀ ਛੇਮ।
'ਭਯੋ ਨਿਹਾਲ' ਭਨ੍ਯੋ ਸ੍ਰੀ ਮੁਖ ਤੇ।
'ਛੂਟ੍ਯੋ ਜਨਮ ਮਰਨ ਕੇ ਦੁਖ ਤੇ' ॥੮॥
ਰਿਦੇ ਪ੍ਰਕਾਸ਼ ਭਯੋ ਸੁਖ ਪਾਯੋ।
ਪਾਵਨ ਪਾਦ ਪਦਮ ਲਪਟਾਯੋ।
ਰਿਦ ਅਨੰਦ ਹੁਇ ਮਾਰਗ ਚਾਲਾ।
ਲਿਵਲਾਗੀ ਸਤਿਨਾਮ ਬਿਸਾਲਾ ॥੯॥
ਗਯੋ ਆਪਨੇ ਗ੍ਰਿਹ ਹਰਖਾਯੋ।
ਅੰਤ ਸਮੈ ਸ਼ੁਭ ਪਦ ਕੋ ਪਾਯੋ।
ਗੁਰੂ ਤਬੇਲੇ ਸ਼ੁਭਤਿ ਤੁਰੰਗ।
ਖਾਇ ਖ਼ੁਰਾਕ ਪੁਸ਼ਟ ਬਲਿ ਅੰਗ ॥੧੦॥
ਕਬਿ ਕਬਿ ਗੁਰੁ ਅਰੂਢ ਕਰਿ ਜਾਵੈਂ।
ਕਰਹਿਂ ਅਖੇਰ ਹਰਖ ਉਪਜਾਵੈਂ।
ਬੁੱਢੇ ਆਦਿਕ ਸਿੱਖ ਅਸ਼ੇਸ਼।
ਰਹਹਿਂ ਸਭਾਸਦ ਨਿਕਟ ਹਮੇਸ਼ ॥੧੧॥
ਬਹੁ ਪੂਰਬ ਤੇ ਸੰਗਤਿ ਆਵੈ।
ਵਸਤੁ ਅਮੋਲਕ ਗਨ ਅਰਪਾਵੈ।
ਇਸਿ[†] ਕੇ[1] ਦੇਸ਼ ਨਗਰ ਸਮੁਦਾਈ।
ਕਹਿਂ ਲਗਿ ਗਿਨੀਅਹਿ ਮਤਿ ਥਕ ਜਾਈ ॥੧੨॥
ਤਥਾ ਦਿਸ਼ਾ ਦੱਖਣ ਕੇ ਆਵੈਂ।
ਸੰਗ ਮਸੰਦ ਸੰਗਤਾਂ ਲਜਾਵੈਂ।
ਪਸ਼ਚਮ ਪੁਰਿ ਆਦਿਕ ਕਸ਼ਮੀਰ।
ਚਲੀ ਆਇ ਸੰਗਤਿ ਕੀ ਭੀਰ ॥੧੩॥
ਪਰਬਤ ਬਾਸੀ ਬਸਤੁ ਅਜਾਇਬ।
ਦਰਸ਼ਨ ਕਰਹਿਂ ਅਰਪ ਕਰਿ ਸਾਹਿਬ।
ਕਾਜ਼ੀ ਕੇਤਿਕ ਦਿਵਸ ਬਿਤਾਇ।
ਗੁਰ ਸਮੀਪ ਆਯਹੁ ਧਨ ਚਾਇ ॥੧੪॥
ਬੰਦਨ ਕਰਿ ਬੈਠ੍ਯੋ ਪੁਨ ਕਹ੍ਯੋ।
'ਹਯ ਕੇਤਿਕ ਕੀਮਤ ਕੋ ਲਹ੍ਯੋ?

[1]ਭਾਵ ਪੂਰਬ ਦਿਸ਼ਾ ਦੇ। [†]ਪਾ:—ਦਿਸ।

ਸੁਨਯੋ ਰੋਗ ਤਿਸ ਕੋ ਮਿਟਿ ਗਯੋ।
ਮੁਦ ਅਰੂਢਬੇ ਕੋ ਤੁਮ ਲਯੋ ॥੧੫॥
ਸਫਲ ਦੇਨਿ ਅਬਿ ਦੀਜਹਿ ਦਰਬਾ।
ਕਹ੍ਯੋ ਆਪ -ਦੇਂ, ਇਕ ਬਿਰ ਸਰਬਾ-।'
ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ।
'ਅਬਿ ਲੌ ਇਤੋ ਨਹੀਂ ਧਨ ਆਯੋ ॥੧੬॥
ਜੋ ਆਯੋ ਦੁਇ ਤੀਨ ਹਜ਼ਾਰ।
ਬਨੈ ਨ ਦੈਬੋ ਅਲਪ ਬਿਚਾਰ।
ਡੇਰੇ ਬਿਖੈ ਖਰਚ ਸਮੁਦਾਏ।
ਦੇਗ਼ ਸੁਧਾਸਰ ਅਧਿਕ ਚਲਾਏ ॥੧੭॥
ਗਨ ਸੈਨਾ ਕੋ ਖਰਚ ਬਿਸਾਲਾ।
ਸਿਰੇਪਾਉ ਸਿੱਖਨਿ ਸਭਿ ਕਾਲਾ।
ਇਨ ਖਰਚਨਿ ਤੇ ਉਬਰੇ ਜੋਇ।
ਸੰਚਨਿ ਕਰੈਂ ਦੇਹਿ ਤੁਝ ਸੋਇ' ॥੧੮॥
ਕਾਜ਼ੀ ਕਹ੍ਯੋ 'ਫਿਕਰ ਉਰ ਰਾਖੋ।
ਜੇ ਮੁਝ ਕੋ ਦੇਨੇ ਅਭਿਲਾਖੋ।
ਬਿਨਾਂ ਦਿਯੇ ਰਿਣ ਉਤਰੈ ਨਾਂਹੀ।
ਸੰਕਹੁ ਸਕਲ ਖਰਚ ਕੇ ਮਾਂਹੀ' ॥੧੯॥
ਇਮ ਕਹਿ ਗਯੋ ਕੁਛਕ ਦਿਨ ਬੀਤੇ।
ਨਿਸ ਦਿਨ ਕਾਜ਼ੀ ਧਨ ਦਿਸ਼ਿ ਚੀਤੇ।
ਇਕ ਦਿਨ ਬਹੁਰ ਦਿਵਾਨ ਮਝਾਰ।
ਬੈਠ੍ਯੋ ਆਨਿ ਅਧਿਕ ਹੰਕਾਰ ॥੨੦॥
ਕਹ੍ਯੋ ਪ੍ਰਸੰਗ ਦਰਬ ਕੋ ਲੈਬੇ।
'ਬਿਤੇ ਬਹੁਤ ਦਿਨ ਕੀਜਹਿ ਦੈਬੇ।
ਕਰ੍ਯੋ ਅਰੋਗ ਤੁਰੰਗ ਖੁਦਾਇ।
ਦਰਬ ਪ੍ਰਿਥਮ ਤੇ ਦੇਹੁ ਸਵਾਇ ॥੨੧॥
ਹਜ਼ਰਤ ਕੋ ਪਾਇ ਨ ਅਸੁਵਾਰੀ[1]। [1]ਨਹੀਂ ਮਿਲੀ।
ਪ੍ਰਾਪਤਿ ਤੁਮਹਿ ਭਾਗ ਕੇ ਭਾਰੀ।
ਮੁਝ ਕੋ ਇਤੋ ਦਰਬ ਦਿਲਵਾਵੈਂ।
ਰਾਵਰ ਕੋ ਆਨੰਦ ਦਿਖਰਾਵੈ[1]' ॥੨੨॥ [1]ਦਿਖਾਂਵਦਾ ਹੈ (ਘੋੜਾ)।
ਸ਼੍ਰੀ ਗੁਰ ਕਹ੍ਯੋ 'ਖੁਦਾਇ ਪੁਚਾਇ।
ਜਿਸ ਕੀ ਵਸਤੁ ਤਿਸੀ ਢਿਗ ਆਇ।

ਪ੍ਰਭੁ ਆਗੇ ਕਜਾ ਮਨੁਖ ਬਿਚਾਰਾ।
ਕਰਹਿ ਜਿ ਓਜ ਅਨੇਕ ਪ੍ਰਕਾਰਾ ॥੨੩॥
ਖੋਜਤਿ ਪਹੁੰਚਜੋ ਸਿੱਖ ਹਮਾਰਾ।
ਰੂਮ ਵਿਲਾਇਤ ਬਡੀ ਮਝਾਰਾ।
ਦਰਬ ਲਾਖ ਤਹਿਂ ਦੇ ਕਰਿ ਲਜਾਯੋ।
ਕਿਸ ਕੇ ਕਹੇ ਸ਼ਾਹੁ ਸੁਨਿ ਪਾਯੋ ॥੨੪॥
ਤੁਰੰਗ ਮੰਗਾਯੋ ਸੀਨੇ ਜ਼ੋਰੀ[1]।
ਪਿਖਜੋ ਨਜਾਇ ਤੇ ਨਹਿਂ ਪ੍ਰਭੁ ਓਰੀ।
ਕਿਮ ਖੁਦਾਇ ਕੋ ਭਾਵੈ ਬਾਤਿ।
ਸਮਝ ਲੇਹੁ ਕਾਜ਼ੀ ! ਇਸ ਭਾਂਤਿ ॥੨੫॥
ਕਿਤਿਕ ਦਿਵਸ ਮਹਿਂ ਸੰਗਤਿ ਆਵੈ।
ਤੁਮ ਕੋ ਦੇਹਿਂ ਦਰਬ ਸੋ ਲਜਾਵੈ।
ਧੀਰਜ ਧਰਹੁ ਕਿਤਿਕ ਦਿਨ ਔਰ।
ਦਸ ਹਜ਼ਾਰ ਲਿਹੁ ਬੈਠੇ ਠੌਰ' ॥੨੬॥
ਰਿਸ ਧਰਿ ਕੁਛਕ ਬਾਕ ਤਬਿ ਕਹੇ।
ਸਤਿਗੁਰ ਮਹਿਮਾ ਮੂਢ ਨ ਲਹੇ।
'ਸੁਨਹੁ ਗੁਰੂ ਜੀ ! ਬਾਤ ਨ ਆਛੇ।
ਪ੍ਰਥਮ ਕਰਹੁ ਨਹਿਂ ਪੂਰੋ ਪਾਛੇ[1] ॥੨੭॥
ਕਬਿ ਲੌ ਮੈਂ ਧੀਰਜ ਧਰਿ ਰਹੌਂ।
ਚਿਰੰਕਾਲ ਭਾ ਦਰਬ ਨ ਲਹੌਂ।
ਸੌਦਾ ਨਹੀ ਤੁਰੰਗ ਕੋ ਫਿਰੇ।
ਤਊ ਲਿਜਾਵਹਿਂ ਦਿਹੁ ਹਮ ਘਰੇ ॥੨੮॥
ਹਯ ਰਾਖਹੁ ਤੌਂ ਧਨ ਦੇ ਦੀਜੈ।
ਜੇ ਨ ਦੇਹੁ ਤੌਂ ਫੇਰਨਿ ਕੀਜੈ।
ਨਾਹਿਂ ਤ ਬਿਗਰ ਪਰੇਗੀ ਬਾਤ।
ਕਰਹੁ ਟਾਲ ਮੁਝ ਸੋਂ ਬਖਜਾਤਿ' ॥੨੯॥
ਤਬਿ ਭਾਈ ਬ੍ਰਿਧ ਨੇ ਸਮੁਝਾਯੋ।
'ਰਿਸ ਤੇ ਕਹਨਿ ਨ ਸ਼ੁਭ ਬਨਿ ਆਯੋ।
ਗੁਰੁ ਘਰ ਮਹਿਂ ਪਰਵਾਹ ਨ ਕੋਈ।
ਪਾਵਹਿਂ[1] ਪਰਾਲਬਧ ਜਬਿ ਹੋਈ ॥੩੦॥
ਅਪਰ ਦਿਵਸ ਕੇਤਿਕ ਅਬਿ ਦੇਖਿ।
ਕਜਾ ਤੇ ਕਜਾ ਹੁਇ ਜਾਹਿ ਵਿਸ਼ੇਖ।

[1]ਭਾਵ ਕੀਮਤ ਨਹੀਂ ਦਿੱਤੀ, ਧੱਕੇ ਨਾਲ ਖੋਹ ਲਿਆ।

[1]ਪਿੱਛੇ ਪੂਰਾ ਨਹੀਂ ਕਰਦੇ।

[1]ਤੂੰ ਪ੍ਰਾਪਤ ਕਰ ਲਵੇਂਗਾ।

ਲਿਹੁ ਧਨ, ਧੀਰ ਧਰੋ ਬੁਧਿਵਾਨਿ।
ਫੀਕੇ ਬਾਕ ਨ ਕਰਹੁ ਬਖਾਨਿ' ॥੩੧॥
ਸੁਨਤਿ ਛੋਭ ਕਰਿ ਉਠਿ ਤਬਿ ਚਾਲਾ।
ਕਹਤਿ ਬ੍ਰਿੱਧ ਸੋਂ 'ਅਬਿ ਮੈਂ ਟਾਲਾ।
ਕਰਹੁ ਦਰਬ ਕੋ ਤਜਾਰ ਅਗਾਰੀ।
ਜਾਉਂ ਨ ਛੂਛੋ ਪੁਨ ਤਿਸ ਬਾਰੀ' ॥੩੨॥
ਇੱਤਜਾਦਿਕ ਬੋਲਤਿ ਚਲਿ ਗਯੋ।
ਮਨ ਮਹਿਂ ਗਿਨਤ ਅਨਿਕ ਬਿਧਿ ਭਯੋ।
ਅਬਿ ਕੇ ਦੇਹਿਂ ਤ ਰਹਿ ਹੈਂ ਨੀਕੇ।
ਨਾਂਹਿ ਤ ਪਰੈਂ ਸ਼ਾਹੁ ਢਿਗ ਫੀਕੇ ॥੩੩॥
ਲੈਹੌਂ ਦੇਯ ਜੋਰ ਧਨ ਸਾਰੋ।
ਹਜ਼ਰਤ ਕੋ ਸਭਿ ਭੇਵ ਉਚਾਰੋਂ-।
ਕਿਤਿਕ ਦਿਵਸ ਨਹਿਂ ਬਹੁਰੋ ਆਵਾ।
ਰਾਤ ਦਿਵਸ ਇਸ ਧਨ ਮਨ ਲਾਵਾ
॥੩੪॥
ਪਹੁੰਚਜੋ ਪੁਨ ਦਿਨ ਢਰੇ ਦੁਪਹਿਰੇ।
ਸ੍ਰੀ ਗੁਰੁ ਹੁਤੇ ਸੇਜ ਪਰ ਠਹਿਰੇ।
ਬ੍ਰਿਧ ਬੈਠਜੋ ਜਹਿਂ ਗੁਰ ਕੋ ਪੌਰ।
ਅਪਰ ਸਮੀਪ ਨ ਸਿਖ ਤਿਸ ਠੌਰ ॥੩੫॥
ਬੈਠਜੋ ਕਾਜ਼ੀ ਕਹਜੋ ਸੁਨਾਇ।
'ਹਮ ਗੁਰੁ ਢਿਗ ਚਾਹਤਿ ਅਬਿ ਜਾਇ।
ਦਿਵਸ ਬਿਤਾਇ ਕਿਤੇ ਹਮ ਆਏ।
ਚਾਹਤਿ ਹੈਂ ਅਪਨੋ ਧਨ ਪਾਏ' ॥੩੬॥
ਸੁਨਿ ਬ੍ਰਿਧ ਕਹਜੋ 'ਨ ਮਿਲਿਬੇ ਕਾਲ।
ਪੁਨ ਆਵਹੁ ਲਿਹੁ ਦਰਸ ਕ੍ਰਿਪਾਲ।
ਅਬਹਿ ਸੇਜ ਪਰ ਗੁਰ ਬਿਸਰਾਮੇ।
ਕੋ ਨ ਉਠਾਇ ਸਕਹਿ ਅਸ ਕਾਮੇ[1]' [1]ਐਸੇ ਕੰਮ ਲਈ।
॥੩੭॥
ਕਾਜ਼ੀ ਰਿਸ ਕਰਿ ਗਿਰਾ ਉਚਾਰੀ।
'ਕਾਰਦਾਰ ਗੁਰ ਘਰ ਕੋ ਭਾਰੀ।
ਹਮ ਨੇ ਸੁਨਜੋ ਤੁਹੀ ਇਕ ਅਹੈਂ।
ਖਰਚਹਿਂ ਦਰਬ ਸੰਭਾਰਤਿ ਰਹੈਂ ॥੩੮॥

ਗੁਰ ਸੋਂ ਮਿਲਨਿ ਹੋਇ ਕੈ ਨਾਂਹੀ।
ਦਰਬ ਸਰਬ ਲੇਵਹੁ ਤੁਝ ਪਾਹੀ।
ਸੋ ਭੀ ਤੁਝ ਤੇ ਕਰਹਿਂ ਦਿਵਾਵਨਿ।
ਦਿਹੁ ਅਬਿ ਮੋ ਕੋ ਬਾਤ ਸੁਹਾਵਨਿ[1]' ॥੩੯॥
ਕਹਜੋ ਬ੍ਰਿਧ 'ਹਮ ਕੌਨ ਬਿਚਾਰੇ।
ਆਪ ਸੰਭਾਰਹਿਂ[1] ਅਪਨੀ ਕਾਰੇ।
ਜਬਿ ਉਠਿ ਸ਼੍ਰੀ ਗੁਰੁ ਵਹਿਰ ਥਿਰੈ ਹੈਂ।
ਤਬਿ ਹੀ ਤਿਨ ਕੋ ਦਰਸ਼ਨ ਪੈਹੈਂ ॥੪੦॥
ਇਤਨੀ ਕਰਹਿਂ ਸ਼ੀਘ੍ਰਤਾ ਕਾਹੇ।
ਅੰਤਰ ਬਰਜੋ ਚਹਤਿ ਗੁਰ ਪਾਹੇ।
ਦਾਨਸ਼ਵੰਦ ਕਜੋਂ ਨ ਤੂੰ ਹੋਹਿਂ।
ਕਰਹਿਂ ਨਿਦਾਨਨਿ ਕੀ ਗਤਿ ਸੋਇ' ॥੪੧॥
ਸੁਨਿ ਕਾਜ਼ੀ ਮੂਰਖ ਰਿਸ ਧਾਰੀ।
ਸਨਮੁਖ ਬ੍ਰਿਧ ਕੇ ਨਿਠੁਰ ਉਚਾਰੀ।
'ਕਜਾ ਤੂੰ ਬੈਠਜੋ ਬਾਤ ਬਨਾਵੈਂ?
ਸ਼ਾਹਜਹਾਂ ਤੇ ਤ੍ਰਾਸ ਨ ਪਾਵੈਂ ॥੪੨॥
ਇਕ ਬਿਰ ਕਹਿ ਕਰਿ ਹਜ਼ਰਤ ਨਾਲ।
ਲੈਹੋਂ ਬਨਿ ਦਮਾਦ ਤਿਸ ਕਾਲ।
ਕੌਨ ਅਰਹਿ? ਸਭਿ ਡਰਹਿਂ ਮਹਾਨਾ।
ਤਤਛਿਨ ਦੈਹੈਂ ਦਰਬ ਬਿਰਾਨਾ' ॥੪੩॥
ਸੁਨਿ ਬ੍ਰਿਧ ਭਾਖਜੋ ਸਹਜ ਸੁਭਾਇ।
'ਤੁਮਰੇ ਗੁਰ ਦਮਾਦ ਬਨਿ ਜਾਇਂ।
ਤੌ ਕੈਸੇ ਧਨ ਲੈਬੋ ਧਰੈਂ।
ਅਰਪਨਿ ਨਿਜ ਤਨੁਜਾ ਕੋ ਕਰੈਂ ॥੪੪॥
ਯਾਂ ਤੇ ਗਤਿ ਸਭਿ ਜਾਨੀ ਜਾਤਿ।
ਤੋਹਿ ਨ ਬਨਹਿ ਲੇਨਿ ਬੱਖਜਾਤਿ।
ਹੋਨਹਾਰਿ ਕੋ ਮੇਟੈ ਕੌਨ।'
ਇਮ ਕਹਿ ਬ੍ਰਿਧ ਨੇ ਠਾਨੀ ਮੌਨ ॥੪੫॥
ਕਾਜ਼ੀ ਜਰਿ ਬਰਿ ਕੈ ਉਠਿ ਗਯੋ।
ਬਚਨ ਕਠੋਰ ਉਚਾਰਤਿ ਭਯੋ।

[1]ਚੰਗੀ ਗੱਲ ਹੈ।

[1]ਭਾਵ ਗੁਰੂ ਜੀ ਆਪ ਸੰਭਾਲਦੇ ਹਨ।

'ਗੁਰ ਸੋਂ ਮਿਲਿ ਕੈ ਅਬਿ ਇਕ ਬਾਰਿ।
ਜੇ ਨ ਦਰਬ ਦੇਂ, ਕਰੌਂ ਪੁਕਾਰਿ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਕੋ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

੧੮. [ਕਾਜ਼ੀ ਤੇ ਕੌਲਾਂ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:
ਕਾਜ਼ੀ ਅਰੁ ਬ੍ਰਿਧ ਬਾਦ ਕੋ,
ਸੁਨਜੋ ਗੁਰੂ ਨਿਜ ਸ਼੍ਰੋਨ।
ਅਤਿ ਸੰਚਿਤ ਚਿਤ ਮੈਂ ਭਏ,
ਬੈਠੇ ਅੰਤਰ ਮੌਨ ॥੧॥
ਚੌਪਈ:
-ਇਹ ਕਜਾ ਬ੍ਰਿਧ ਮੁਖ ਬਾਕ ਬਖਾਨਾ।
ਕਾਜ਼ੀ ਕੋ ਦਮਾਦ ਮੁਝ ਠਾਨਾ।
ਝਗਰਤਿ ਲਰਤਿ ਸੁ ਕ੍ਰੋਧ ਉਪਾਯੋ।
ਹਮ ਬੈਠੇ ਕਹੁ ਸ੍ਰਾਪ ਅਲਾਯੋ ॥੨॥
ਅਸਮੰਜਸ ਹਮ ਕੋ ਬਡਿ ਭਏ।
ਜੇ ਦਮਾਦ ਕਾਜ਼ੀ ਬਨਿ ਗਏ।
ਜਗ ਅਪਜਸ ਪਸਰਹਿ ਜਹਿਂ ਕਹਾਂ।
ਕਹਹਿਂ ਸਿੱਖ 'ਇਹ ਕੀਨਸਿ ਕਹਾਂ' ॥੩॥
ਮਾਤਾ ਸੁਨਤਿ ਕਹਹਿ ਕਜਾ ਬੈਨ।
ਪਿਖਿ ਅਜੋਗਤਾ ਕਿਸਹੁਂ ਨ ਦੈਨ।
ਕਜਾ ਹਮ ਕਰਹਿਂ ਨ ਬਨਹਿ ਉਪਾਇ।
ਸਭਿ ਜਗ ਮਹਿਂ ਅਪਬਾਦ ਚਲਾਇ- ॥੪॥
ਅਸ ਚਿਤਵਤਿ ਚਿਤ ਕਰਿ ਥਿਰ ਲੋਚਨ[1]। [1]ਨੇਤ੍ਰ।
ਭਏ ਸੋਚ ਬਸਿ ਸੋਚ ਬਿਮੋਚਨ।
-ਦੁਹ ਦਿਸ਼ਿ ਤੇ ਅਤਿਸ਼ੈ ਕਠਨਾਈ।
ਕਿਹ ਤਜਾਗਹਿਂ, ਕਿਹ ਕਰਹਿਂ ਬਨਾਈ ॥੫॥
ਉਤੈ ਅਮੇਲਿ ਤੁਰਕਨੀ ਲਜਾਵਨਿ।
ਇਤ ਬਡ ਸਿੱਖ ਕੋ ਬਾਕ ਹਟਾਵਨਿ।
ਜਿਨ ਕੇ ਬਚਨ ਸੰਗ ਹਮ ਜਨਮੇ।
ਜਿਸ ਕੋ ਕਹਜੋ ਪ੍ਰਧਾਨ ਸੁਰਨ ਮੇ[1] ॥੬॥ [1]ਦੇਵਤਿਆਂ ਵਿਚ ਮੁੱਖਤਾ ਰਖਦਾ ਹੈ।
ਜਿਸ ਕੇ ਕਹੇ ਅਚਲ ਚਲ ਪਰੈਂ।
ਅਹੈਂ ਸਦਾ ਗਤਿ ਸੇ ਸਭਿ ਥਿਰੈਂ[1]। [1]ਚਲਨੇ ਵਾਲੇ ਸਾਰੇ ਟਿਕ ਜਾਂਦੇ ਹਨ।

ਕੌਨ ਸਮਰਥ ਕਰਹਿ ਬਚ ਮੇਟਨਿ।
ਖਸ਼ਟ ਗੁਰਨਿ ਸੋਂ ਹਿਤ ਕਰਿ ਭੇਟਨਿ[1] ॥੭॥
ਕਹਿ ਬਚ ਕੋ ਸਸਿ ਸੂਰਜ ਰੋਕੈਂ।
ਜਿਸ ਬਰ ਸ੍ਰਾਪ ਬੀਚ ਤ੍ਰੁਈ ਲੋਕੈਂ।
ਬਿਧਿ, ਹਰਿ, ਸ਼ਿਵ ਸੁਨਿ ਕੇ ਬਰ ਸ੍ਰਾਪ।
ਮੇਟਿ ਨ ਸਕਹਿਂ ਧਾਰਿ ਲੇਂ ਆਪ[1] ॥੮॥
ਸੋ ਹਮ ਨਿਫਲ ਕਰਹਿਂ ਅਬਿ ਕੈਸੇ।
ਅਹੈ ਬਡਿਨਿ ਮਿਰਜਾਦਾ ਐਸੇ।
ਰਾਮਚੰਦ ਮਾਨਜੋ ਬਰਿਆਈ।
ਸਦਨ ਰਾਖਸ਼ਨਿ ਸੀਅ ਪੁਚਾਈ[1] ॥੯॥
ਹੁਤੀ ਅਜੋਗ ਅਜਸੁ ਕੋ ਮੂਲ।
ਤਊ ਸ੍ਰਾਪ ਕੇ ਭੇ ਅਨੁਕੂਲ।
ਮਾਨਜੋ ਕ੍ਰਿਸ਼ਨ ਸ੍ਰਾਪ ਦੁਰਬਾਸ਼ਾ।
ਸਰਬ ਕੁਲੀ ਕੋ ਭਯੋ ਬਿਨਾਸਾ ॥੧੦॥
ਜਿਮ ਕਿਮ ਕਰਹਿਂ ਜਗਤ ਕੇ ਲੋਗ।
ਜਾਨਹਿਂ ਸਕਲ ਅਜੋਗ ਕਿ ਜੋਗ।
ਬ੍ਰਹਮ ਗਜਾਨੀ ਕੀ ਹੁਇ ਸਚ ਬਾਨੀ।
ਇਹ ਮ੍ਰਿਜਾਦ ਨਹਿਂ ਕੀਨਿਸਿ ਹਾਨੀ ॥੧੧॥
ਚਹੀਅਤਿ ਹਮ ਕੋ ਭੀ ਅਬਿ ਐਸੇ।
ਬ੍ਰਿਧ ਕੇ ਬਾਕ ਸਫਲ ਹੁਇਂ ਜੈਸੇ।
ਮਾਤਾ ਆਦਿਕ ਜੇ ਬਡਿ ਅਹੈਂ।
ਸੁਨਿ ਕਰਿ ਕਰਹਿਂ ਕ੍ਰੋਧ, ਸਭਿ ਸਹੈਂ[1] ॥੧੨॥
ਕਾਨ੍ਹੇ ਗਜਾਨੀ ਕੋ ਸਹਿ ਸ੍ਰਾਪ।
ਹਮਰੇ ਪਿਤਾ ਲਹਜੋ ਦੁਖ ਆਪ।
ਪ੍ਰਾਨ ਹਾਨ ਜਿਸ ਤੇ ਕਰਿ ਦੀਨੇ।
ਜਸੁ ਅਪਜਸੁ ਕੁਛ ਨਹਿਂ ਮਨ ਚੀਨੇ- ॥੧੩॥
ਇੱਤਜਾਦਿਕ ਗਨ ਸਿਮਰਿ ਪ੍ਰਸੰਗ।

[1]ਜੋ ਪ੍ਰੇਮ ਨਾਲ ਛੇ ਗੁਰਾਂ ਨੂੰ ਮਿਲੇ ਹਨ।

[1]ਮੁਨੀਆਂ ਦੇ ਵਰ ਸ੍ਰਾਪ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਮੇਟ ਨਹੀਂ ਸਕਦੇ ਰਹੇ, ਸਗੋਂ ਆਪਣੇ ਤੇ ਧਾਰਦੇ ਰਹੇ ਹਨ।

[1]ਏਹ ਨਾਰਦ ਦਾ ਸ੍ਰਾਪ ਸੀ।

[1]ਅਸੀਂ) ਸਹਾਰਾਂਗੇ।

ਰਹੇ ਬਿਚਾਰਤਿ ਬਹੁ ਚਿਤ ਸੰਗ।
ਮੁਸਕਾਵਤਿ ਮੁਖ ਨਿਕਸੇ ਬਾਹਰ।
'ਬ੍ਰਿਧ ਜੀ! ਕਹੋ ਕਰਜੋ ਕਜਾ ਜ਼ਾਹਿਰ?
॥੧੪॥
ਉਚਿਤ ਅਨੁਚਿਤ ਨ ਰਿਦੇ ਬਿਚਾਰੀ।
ਝਗਰਤਿ ਕਾਜ਼ੀ ਸੰਗ ਉਚਾਰੀ।
ਕਿਮ ਕਰਨੀ ਹਮ ਕੋ ਬਨਿ ਆਵੈ।
ਤੁਮਰੇ ਸਮ ਬਡ ਕਹਾਂ ਅਲਾਵੈਂ[1]?'
॥੧੫॥

[1]ਤੁਸਾਂ ਵਰਗੇ ਵੱਡੇ ਵੱਡੇ ਕੀ ਆਖਣਗੇ।

ਸੁਨਿ ਕਰ ਜੋਰ ਕਹਜੋ ਬ੍ਰਿਧ ਭਾਈ।
'ਕਹੀ ਤਥਾ ਜਿਮ ਆਪ ਕਹਾਈ।
ਚਿਰੰਕਾਲ ਕੀ ਤਪ ਕੋ ਤਾਪਤਿ।
ਅਬਿ ਭੀ ਹ੍ਵੈ ਨ ਆਪ ਕੋ ਪ੍ਰਾਪਤਿ ॥੧੬॥
ਕਿਸੂ ਦੋਸ਼ ਤੇ ਤਨ ਤੁਰਕਾਨੀ।
ਤਊ ਘਾਲ ਤੇ ਉਚਿਤੈ ਜਾਨੀ[1]।

[1]ਕਮਾਈ ਕਰਨ ਕਰਕੇ ਯੋਗ (ਹੈ ਮੇਹਰ ਦੇ ਐਸਾ) ਮੈਂ ਜਾਣਿਆਂ ਹੈ।

ਚੰਦ੍ਰਾਇਣ ਆਦਿਕ ਬ੍ਰਤ ਧਰੇ[1]।
ਕਸ਼ਟ ਅਨਿਕ ਤਨ ਸਹਿਬੋ ਕਰੇ[†] ॥੧੭॥

[1]ਭਾਵ ਕਾਜ਼ੀ ਦੀ ਧੀ ਨੇ।

[†]ਗੁਰੂ ਜੀ ਨੇ ਬੁੱਢੇ ਦੇ ਵਾਕ ਨੂੰ ਸ੍ਰਾਪ ਵਰਣਨ ਕੀਤਾ ਹੈ, ਪਰ ਜਿਸ ਨੁਕਤਾ ਖਿਆਲ ਤੇ ਕਵਿ ਜੀ ਖੜੇ ਹਨ, ਉਸ ਤੋਂ ਦੇਖਿਆਂ ਸਪਸ਼ਟ ਹੈ, ਕਿ ਕਾਜ਼ੀ ਦੀ ਧੀ ਤਪੱਸ੍ਵਿਨਿ ਸੀ, ਬਹੁਤ ਘਾਲਾਂ ਕਰ ਚੁੱਕੀ ਹੋਈ ਸੀ, ਬੁੱਢਾ ਜੀ ਉਸ ਦੀ ਘਾਲ ਸਫਲੀ ਕਰਕੇ ਉਸ ਦਾ ਉਧਾਰ ਚਾਹ ਰਹੇ ਸਨ।

ਸੋ ਸਭਿ ਸਫਲ ਹੋਹਿਂ ਇਸ ਬੇਰੇ।
ਉਪਜਹਿ ਪ੍ਰੀਤਿ ਆਪ ਕੋ ਹੇਰੇ।'
ਸੁਨਤਿ ਮੌਨ ਸ੍ਰੀ ਹਰਿ ਗੋਬਿੰਦ।
ਰਿਖਿ ਬਸ਼ਿਸ਼ਟ ਤੇ ਰਾਮ ਮਨਿੰਦ ॥੧੮॥
ਕਰ ਪਗ ਬੈਠਿ ਪਖਾਰਨਿ ਕਰੇ।
ਮੁਖ ਪਖਾਰ ਸੁੰਦਰ ਦੁਤਿ ਧਰੇ।
ਚੀਰਾ ਛੋਰ ਦਾਰ[1] ਬਡ ਜਰੀ।
ਦੁਹਿ ਦਿਸ਼ਿ ਲਗਿ ਮੁਕਤਾ ਗਨ ਲਰੀ
॥੧੯॥

[1]ਪੱਲਿਆਂ ਵਾਲਾ।

ਪੇਚ ਬਧੇ ਜੁ ਅਨੂਠੋ ਬਨਜੋ।
ਸ਼ਮਸ ਨੀਕ, ਮੁਖ ਸਸਿ ਜਸ ਸਨਜੋ[1†]।

[1]ਦਾੜ੍ਹੀ ਸੁਹਣੀ ਹੈ, ਮੁਖੜਾ ਚੰਦਰਮਾਂ ਤੇ ਜਸ (ਵਰਗਾ

ਯਾ ਸਮੇਤ) ਉੱਜਲ ਹੈ। †ਪਾ:—ਸ਼ਮਸ ਸ਼ਨੀ। ਪੁਨ: ਸ਼ਮਸ ਨੀਕ ਮੁਖ ਸਸਿ ਕੁਜ ਸਨਜੋ। = ਦਾੜ੍ਹਾ (ਸ਼ਨੀ ਵਰਗਾ =) ਕਾਲਾ, ਮੂੰਹ ਚੰਦ੍ਰਮਾ (ਵਰਗਾ ਚਿੱਟਾ ਤੇ ਚਿਹਰੇ ਦੀ ਲਾਲੀ) ਮੰਗਲ ਵਰਗੀ।

ਬਡ ਬਿਸਤਿਰਤਿ ਬਿਲੋਚਨ ਸ਼ੋਭਾ।
ਅਵਿਲੋਕਤਿ ਕਿਸ ਨਹਿਂ ਮਨ ਲੋਭਾ ॥੨੦॥
ਕੋਰ ਦਾਰ ਹੀਰੇ ਬਰ ਚੀਰੇ।
ਜਿਗਾ ਬਧੀ ਛਬਿ ਊਪਰ ਚੀਰੇ।
ਮੁਕਤਾ ਉੱਜਲ ਗੋਲ ਬਿਸਾਲਾ।
ਕੁੰਡਲ ਮੁਖ ਮੰਡਲ ਪਰ ਝਾਲਾ ॥੨੧॥
ਕੰਚਨ ਕੰਕਨ ਜਰੇ ਜਵਾਹਰ।
ਮੁਕਤਾ ਮਾਲ ਬਿਸਾਲੀ ਜ਼ਾਹਰ।
ਸੂਖਮ ਬਸਤ੍ਰ ਸਰੀਰ ਸੁਹਾਏ।
ਖੜਗ ਸਿਪਰ ਦੋਨਹੁ ਅੰਗ ਲਾਏ ॥੨੨॥
ਕਜਾ ਗੁਰ ਸ਼ੋਭਾ ਕਰੌਂ ਉਚਾਰੀ।
ਅਪਰ ਨ ਪੱਯਤਿ ਜਿਨ ਅਨੁਹਾਰੀ।
ਜਬਰ ਜਵਾਹਰ ਜ਼ਾਹਰ ਜਰੇ।
ਹਯ ਪਰ ਜ਼ੀਨ ਸਜਾਵਨਿ ਕਰੇ ॥੨੩॥
ਡੀਲ ਬਿਲੰਦ ਗੁਰੂ ਦੁਤਿ ਸੰਗਿ।
ਭਏ ਅਰੋਹਨਿ ਤਿਸੀ ਤੁਰੰਗ।
ਸਿਖ ਸੇਵਕ ਸਭਿ ਬਰਜਿ ਹਟਾਏ।
ਏਕ ਨਫਰ[1] ਲੇ ਸੰਗ ਸਿਧਾਏ ॥੨੪॥ [1]ਨੌਕਰ।
ਜਹਿਂ ਕਾਜ਼ੀ ਕੋ ਦੀਰਘ ਮੰਦਿਰ।
ਸੁੰਦਰ ਬਿਸਦ[1] ਵਹਿਰ ਅਰੁ ਅੰਦਰ। [1]ਉੱਜਲ।
ਕਰੇ ਝਰੋਖੇ ਰਾਖਿ ਦਰੀਚੀ[1]। [1]ਬਾਰੀਆਂ।
ਬਨੀ ਸੁ ਬੈਠਕ ਊਚੀ ਨੀਚੀ ॥੨੫॥
ਬਹੁ ਪਰਦੇ ਜੁਤਿ ਬਸਹਿਂ ਜ਼ਨਾਨੇ।
ਆਇ ਨ ਜਾਨੇ† ਬਾਹਰ ਖਾਨੇ। †ਪਾ:—ਜਾਇ ਨ ਜਾਨੇ।
ਇਕ ਕਾਜ਼ੀ ਕੀ ਸੁਤਾ ਕੁਮਾਰੀ।
ਮਨਹੁਂ ਮਦਨ ਨਿਜ ਹਾਥ ਸੁਧਾਰੀ[1] ॥੨੬॥ [1]ਭਾਵ ਬਹੁਤ ਸੁਹਣੀ।
ਕਿਧੌਂ ਚੰਦ੍ਰਮਾ ਚੀਰ ਨਿਕਾਰੀ।
ਜਨੁ ਰੰਭਾ ਮਹਿਤਲ[1] ਪਗ ਧਾਰੀ। [1]ਪ੍ਰਿਥਵੀ ਤੇ।

ਅੰਗ ਅੰਗ ਜਿਸ ਕੇ ਤਰੁਨਾਈ[1]। — [1]ਯੌਬਨ।
ਸਹਜ ਸੁਭਾਇ ਝਰੋਖੇ ਆਈ ॥੨੭॥
ਇਤ ਕੂਦਤਿ ਲਘੁ ਛਾਲ ਤੁਰੰਗ।
ਆਇ ਸੁਹਾਵਤਿ ਮਨਹੁੰ ਅਨੰਗ।
ਸੁਨਜੋ ਸ਼ਬਦ ਹਯ ਕੂਦਨਿ ਕੇਰੋ।
ਹੇਰਨਿ ਲਗੀ ਬਦਨ ਇਤ ਫੇਰੋ ॥੨੮॥
ਦੇਖਤਿ ਰੂਪ ਅਧਿਕ ਅਕੁਲਾਈ।
ਮਨਹੁ ਰੰਕ ਕੇ ਢਿਗ ਨਿਧਿ ਆਈ।
ਬਹੁਤ ਛੁਧਿਤਿ ਜੈਸੇ ਨਰ ਕੋਇ।
ਮਨਹੁ ਅਹਾਰ ਦੇਤਿ ਢਿਗ ਹੋਇ ॥੨੯॥
ਮਹਾਂ ਤਪਤ ਤੇ ਲਾਗਿਸਿ ਪਜਾਸਾ।
ਪਿਯਨਿ ਚਹਤਿ ਜਲ ਹ੍ਵੈ ਕਰਿ ਪਾਸਾ।
ਮਨਹੁੰ ਪ੍ਰਤੀਖਤ[1] ਹੁਤੀ ਚਕੋਰੀ। — [1]ਉਡੀਕਦੀ ਸੀ।
ਔਚਕ ਚੰਦ੍ਰ ਚਿਤਜੋ ਚਿਤ ਚੋਰੀ[1] ॥੩੦॥ — [1]ਅਚਾਨਕ ਚੰਦਰਮਾ ਦੇਖਿਆ ਤੇ ਚਿਤ ਚੁਰਾਇਆ ਗਿਆ।

ਅਵਿਲੋਕਤਿ ਰਹਿ ਗੀ ਇਕ ਟਕ ਹੀ।
ਭਈ ਅਚੰਚਲ[1] ਮੁਖ ਕੋ ਤਕਹੀ। — [1]ਭਾਵ ਵਿਸਮਾਦ ਹੋ ਗਈ।
ਦ੍ਰਿਗ ਬਿਸਤਰਤਿ ਕਮਲ ਜਨੁ ਫੂਲੇ।
ਲਾਜ ਸਮੇਤ ਅਪਨਪੌ ਭੂਲੇ ॥੩੧॥
ਪ੍ਰਥਮ ਕਿਵਾਰ ਓਟ ਮਹਿਂ ਦੁਰੀ।
ਬਹੁਰ ਵਹਿਰ ਭੀ ਸਨਮੁਖ ਖਰੀ।
ਮਨਹੁੰ ਮ੍ਰਿਗੀ ਹ੍ਵੈ ਮੋਹਿਤਿ ਰਹੀ।
ਪਾਛੇ ਹਟਨਿ ਹੋਤਿ ਕਿਮ ਨਹੀਂ ॥੩੨॥
ਤਿਸ ਕੋ ਪ੍ਰੇਮ ਹੇਰਿ ਕਰਿ ਘਨੋ।
ਖਰੀ ਕਰੀ ਬੱਧਜਤਿ ਕਿਨ ਮਨੋ[1]†। — [1]ਮਾਨੋਂ ਬੰਨ੍ਹਕੇ ਕਿਸੇ ਨੇ ਖੜੀ ਕੀਤੀ ਹੋਈ ਹੈ। †ਇਥੇ ਕਵਿ ਜੀ ਪਿਛਲੇ ਕੀਤੇ ਤਪਾਂ ਆਦਿ ਕਰਮਾਂ ਵਲ ਸੈਨਤ ਸੁੱਟਦੇ ਹਨ, ਕਿ ਉਨ੍ਹਾਂ ਸ਼ੁਭ ਕਰਮਾਂ ਨੇ ਬੰਨ੍ਹਕੇ ਖੜੀ ਕੀਤੀ ਹੈ ਮਾਨੋਂ।
ਆਤੁਰ ਕੋ ਬਿਲੋਕਿ ਮਨ ਭੀਨੋਂ[1]। — [1]ਕੌਲਾਂ ਦਾ) ਮਨ (ਪ੍ਰੇਮ ਨਾਲ) ਭਿੱਜਿਆ ਤੇ ਦੁਖੀ ਦੇਖਕੇ।

ਬਾਜੀ ਕੋ ਟਿਕਾਇ ਤਬਿ ਲੀਨੋ ॥੩੩॥
ਕਿਤੀ ਬੇਰ ਬੀਤੀ ਜਬਿ ਖਰੇ।
ਇਤ ਉਤ ਕੌਲਾਂ ਨੈਨ ਨ ਕਰੇ।
ਤਪਤ ਘਾਮ ਤੇ ਬਹੁ ਅਕੁਲਾਵੈ।

ਬਜਾਕੁਲ ਭਯੋ ਛਾਂਵ ਪੁਨ[†] ਪਾਵੈ ॥੩੪॥
ਤਜਾਗ ਨ ਸਕਹਿ ਰਹਹਿ ਥਿਰ ਜੈਸੇ[1]।

[†]ਪਾ:—ਭਿਨ।

[1]ਕੋਈ) ਧੁੱਪ ਦੀ ਤੱਪਸ਼ ਤੋਂ ਬਹੁਤ ਘਬਰਾਵੇ ਤੇ ਬਜਾਕੁਲ ਹੋਏ ਨੂੰ ਫਿਰ ਛਾਉਂ ਮਿਲ ਜਾਵੇ, ਜੈਸੇ (ਉਹ ਛਾਂ ਨੂੰ) ਛੱਡ ਨਹੀਂ ਸਕਦਾ, ਥਿਰ ਹੋ ਜਾਂਦਾ ਹੈ।

ਗਾਢੀ[†] ਹੁਇ ਠਾਂਢੀ ਤਹਿਂ ਐਸੇ।
ਰਿਦੇ ਬਿਚਾਰਤਿ -ਹੈ ਇਹ ਕੌਨ?
ਮਨਹੁਂ ਚੰਦ ਆਯੋ ਤਜਿ ਭੌਨ ॥੩੫॥
ਮਹਾਂ ਛੈਲ ਛਬਿ ਛਕਯੋ ਛਬੀਲਾ।
ਕਹਾਂ ਬਸਹਿ ਠਾਨਤਿ ਨਿਜ ਲੀਲਾ?
ਜਿਨਹੁਂ ਤ੍ਰਿਯਨਿ ਕੇ ਹੈਂ ਬਡ ਭਾਗ।
ਮਿਲਯੋ ਤਿਨਹੁਂ ਇਹ ਪੁਰਖ ਸੁਹਾਗ[†] ॥੩੬॥

[†]ਪਾ:—ਗਾਡੀ।

[†]ਕਵਿ ਜੀ ਦੀ ਕਲਮ ਸ਼ਿੰਗਾਰ ਰਸ ਦੇ ਵੇਗ ਵਿਚ ਇਹ ਰੂਪਕ ਪ੍ਰੇਮ ਦੀ ਪ੍ਰਾਗਲਭਤਾ ਦਾ ਬੰਨ੍ਹ ਗਈ ਹੈ। ਉਂਞ ਤਪੱਸ੍ਵੀ ਦਾ ਮਨ ਉੱਚੇ ਪ੍ਰੇਮ ਦੇ ਰੰਗ ਵਿਚ ਹੈ। ਕੌਲਾਂ ਦੇ ਸੁੱਚੇ ਪ੍ਰੇਮ ਦੇ ਨਿਰਣਯ ਲਈ ਦੇਖੋ ਰਾਸ ੬ ਅੰਸੂ ੨੪ ਅੰਕ ੧੧ ਦੀ ਹੇਠਲੀ ਟੂਕ।

ਜਗ ਮਹਿਂ ਹੋਨਿ ਤਿਸੀ ਕਹੁ ਧੰਨ।
ਜਿਸ ਕੋ ਹਸਿ ਕਰਿ ਮਿਲਹਿਂ ਪ੍ਰਸੰਨ।
ਮੈਂ ਕਿਮ ਇਨ ਸੋਂ ਬੋਲਨਿ ਕਰੋਂ।
ਨਹਿਂ ਚਿਨਾਰਿ ਮੈਂ ਪੂਰਬ ਧਰੌਂ ॥੩੭॥
ਕੌਨ ਭੇਤ ਮੁਝ ਆਨਿ ਬਤਾਵੈ।
ਮਿਲ ਬੋਲੇ ਬਿਨ ਮਨੁ ਅਕੁਲਾਵੈ।
ਕੋ ਉਪਾਇ ਮੈਂ ਕਰੋਂ ਕੁਭਾਗਨਿ।
ਪਿਖਿ ਸਰੂਪ ਹੋਈ ਅਨੁਰਾਗਨਿ ॥੩੮॥
ਪਰ ਬਸਿ ਮਨ ਭਾ ਨਹਿਂ ਬਸਿ ਰਹਯੋ।
ਸੁੰਦਰ ਚੰਦ ਦੂਸਰੋ ਲਹਯੋ-।
ਇਕ ਟਕ ਦੇਖਤਿ ਰਿਦੈ ਬਿਚਾਰਤਿ।
ਮਿਲਨ ਹੇਤੁ ਆਤੁਰਤਾ ਧਾਰਤਿ[1] ॥੩੯॥

[1]ਤਿਵੇਂ (ਕੌਲਾਂ) ਦ੍ਰਿੜ ਹੋਕੇ ਓਥੇ ਖੜੀ ਰਹੀ।

ਇਤਨੇ ਮਹਿਂ ਕਾਜ਼ੀ ਚਲਿ ਆਯੋ।
ਪਿਖਹਿਂ ਪਰਸਪਰ ਤਬਿ ਦ੍ਰਿਸ਼ਟਾਯੋ।
ਮਹਾਂ ਕ੍ਰੋਧ ਜਾਗਯੋ ਜਰ ਗਯੋ।
ਸਦਨ ਪ੍ਰਵੇਸ਼ ਸ਼ੀਘ੍ਰ ਹੀ ਭਯੋ ॥੪੦॥
ਨਿਜ ਤਨੁਜਾ ਕੋ ਪਿਖਿ ਰਿਸ ਭਰਯੋ।
ਚਾਬਕ ਪਰਯੋ ਤੁਰਤ ਕਰ ਧਰਯੋ।
ਮਾਰਤਿ ਭਯੋ ਤ੍ਰਾਸ ਨਹਿਂ ਠਾਨਾ।

ਕਹਤਿ: 'ਕੂਰ[1]! ਖੋਈ ਕੁਲ ਕਾਨਾ ॥੪੧॥ [1]ਖੋਟੀਏ!
ਹਿੰਦੁਨ ਕੇ ਗੁਰ ਕੋ ਤੂੰ ਹੇਰੈਂ!
ਜਨਮੀ ਕਹਾਂ ਮੰਦ ਤੂੰ ਮੇਰੈ।'
ਬਹੁ ਚਾਬਕ ਮਾਰੇ ਬਲ ਸੰਗਿ।
ਉਤਰਜੋ ਚਰਮ ਲਗੇ ਸਭਿ ਅੰਗਿ ॥੪੨॥
ਹਾਇ ਹਾਇ ਕਰਿ ਰਹੀ ਬਿਚਾਰੀ।
ਸੁਨਿ ਦੌਰੀ ਤਿਸ ਕੀ ਮਹਿਤਾਰੀ।
ਝਿਰਕਜੋ ਕਾਜ਼ੀ[1] ਚਾਬਕ ਛੀਨਾ। [1]ਕਾਜ਼ੀ ਨੂੰ।
'ਕਜੋਂ ਨਿਜ ਸੁਤਾ ਹਤੀ ਦੁਖ ਦੀਨਾ? ॥੪੩॥
ਮਮ ਢਿਗ ਤੇ ਅਬਿ ਹੀ ਚਲਿ ਆਈ।
ਕਹਾਂ ਭਯੋ ਠਾਂਢੀ ਇਸ ਥਾਈਂ।
ਸੁਤਾ ਤਰੁਣ ਕੋ ਮਾਰਨਿ ਕਰੈਂ।
ਸੁਨਹਿ ਅਪਰ ਸ਼ੰਕਾ ਸਭਿ ਧਰੈਂ ॥੪੪॥
ਕਜੋਂ ਅਪਨੀ ਪਤਿ ਲਾਜ ਗਵਾਵਹਿ[1]। [1]ਕਿਉਂ ਆਪਣੀ ਇਜ਼ਤ (ਤੇ ਲੜਕੀ ਦੀ) ਲੱਜਜਾ ਨੂੰ ਵੰਞਾਉਂਦਾ ਹੈ।
ਹਸਹਿ ਲੋਕ ਕਰ ਤਾਲ ਬਜਾਵਹਿ[1]।' [1]ਤਾਉੜੀਆਂ ਮਾਰਨਗੇ।
ਰਿਸ ਮੈ ਕਹਤਿ 'ਖਰੋ ਗੁਰੁ ਹਿੰਦੂ।
ਨਾਮ ਜਾਂਹਿ ਸ੍ਰੀ ਹਰਿ ਗੋਬਿੰਦੂ ॥੪੫॥
ਤਰੈ ਖਰੋ ਤਿਸ ਕੀ ਦਿਸ਼ਿ ਦੇਖੈ।
ਤਨੁਜਾ ਦੇਹਿ[1] ਕਲੰਕ ਵਿਸ਼ੇਖੈ। [1]ਦੇਵੇਗੀ।
ਨਹਿਂ ਸਮੀਪ ਰਾਖਹਿਂ ਰਖਵਾਰੀ[1]। [1]ਤੂੰ) ਕੋਲ ਹੁੰਦਿਆਂ ਰਾਖੀ ਨਹੀਂ ਰੱਖਨੀਏਂ।
ਪਿਖੋਂ ਫੇਰ ਮੈਂ ਦੈ ਹੌਂ ਮਾਰੀ' ॥੪੬॥
ਇਮ ਕਹਿ ਕਾਜ਼ੀ ਬਹੁ ਦੁਖ ਪਾਇਸਿ।
ਵਹਿਰ ਨਿਕਟਿ ਬੈਠਜੋ ਪਛੁਤਾਇਸਿ।
ਸਤਿਗੁਰ ਗਏ ਆਪਨੇ ਡੇਰੇ।
ਉਤਰਿ ਬਿਰਾਜੇ ਪ੍ਰਭੁ ਬਡੇਰੇ ॥੪੭॥
ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਪ੍ਰਸੰਗ' ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥੧੮॥

੧੯. [ਕਉਲਾਂ ਦੀ ਪ੍ਰਾਰਥਨਾ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਤਿਸ ਕੀ ਮਹਿਤਾਰੀ ਤਬੈ, ਦੁਹਿਤਾ ਲਈ ਉਠਾਇ।
'ਹਾਇ ਹਾਇ' ਸੋ ਕਰਿ ਰਹੀ, ਮ੍ਰਿਦੁਲ ਸੇਜ ਪਰ ਪਾਇ† ॥੧॥

ਚੌਪਈ:

ਚੋਟਨਿ ਕੋ ਕੀਨਸਿ ਉਪਚਾਰੀ।
ਪਿਖਿ ਕਾਜ਼ੀ ਕੋ ਕਾਢਤਿ ਗਾਰੀ।
ਦੇਤੀ ਧੀਰਜ ਸਹਤ ਦਿਲਾਸਾ।
ਕਿਤਿਕ ਕਾਲ ਥਿਤ ਤਨੁਜਾ ਪਾਸਾ ॥੨॥
ਪੁਨ ਦਾਸੀ ਕੋ ਨਿਕਟ ਬਿਠਾਯੋ।
ਆਪ ਅਪਰ ਕਾਰਜ ਚਿਤ ਲਾਯੋ।
ਕੌਲਾਂ ਤਨ ਮਨ ਤੇ ਦੁਖ ਪਾਇ।
ਹਾਇ ਹਾਇ ਕਰਤੀ ਬਿਲਲਾਇ ॥੩॥
ਦਾਸੀ ਨੇ ਤਿਸ ਚਿਤ ਕੀ ਜਾਨੀ।
ਗੁਪਤ ਬਾਰਤਾ ਬੂਝਨਿ ਠਾਨੀ।
'ਕੌਨ ਹੁਤੋ ਜਿਸ ਦੇਖਤਿ ਰਹੀ?
ਪਿਖਿ ਕਾਜ਼ੀ ਹਟਕੇ ਦ੍ਰਿਗ ਨਹੀ[1]' ॥੪॥
ਤਬਿ ਕੌਲਾਂ ਨੇ ਸਕਲ ਬਤਾਈ।
'ਤਿਸ ਨਰ ਕੀ ਸੁਧਿ ਮੋਹਿ ਨ ਕਾਈ।
ਪਿਖ੍ਯੋ ਅਚਾਨਕ ਮਨ ਠਗਿ ਲਯੋ।
ਰਹੀ ਨ ਸੁਧਿ ਜੜ੍ਹ ਸਮ ਤਨ ਭਯੋ ॥੫॥
ਕਾਜ਼ੀ ਨੇ ਮਾਰਤਿ ਲਿਯ ਨਾਮੂ।
ਗੁਰੁ ਹਿੰਦਨ ਕੋ ਮੁਖ ਅਭਿਰਾਮੂ।
ਸ਼੍ਰੀ ਹਰਿ ਗੋਬਿੰਦ ਮਹਾਂ ਬਿਚੱਛਨ[1]।
ਮਹਾਂਰਾਜ ਕੇ ਜਿਸ ਮਹਿਂ ਲੱਛਨ ॥੬॥
ਕਯਾ ਉਪਮਾ ਕਰਿ ਤੋਹਿ ਸੁਨਾਵੋਂ।
ਜਿਸ ਕੇ ਸਮ ਕੋ ਅਪਰ ਨ ਪਾਵੋਂ।
ਕਾਜ਼ੀ ਨੇ ਮਾਰੀ, ਗੁਨ ਭਯੋ।
ਨਾਮ ਪਤਾ ਪ੍ਰਿਯ ਕੋ ਸੁਨਿ ਲਯੋ ॥੭॥

†ਪਾ:—ਮ੍ਰਿਦੁਲ ਸੇਜੀ ਪਰ ਜਾਇ।

[1]ਨੇਤ੍ਰ ਨਹੀਂ ਹਟਾਏ।

[1]ਪ੍ਰਬੀਨ।

ਹੇ ਦਾਸੀ! ਤੂੰ ਕਰਿ ਉਪਕਾਰ।
ਥਿਰਹਿਂ ਕਹਾਂ, ਖੋਜਹੁ ਹਿਤ ਧਾਰਿ।
ਬਹੁ ਧਨ ਦੈਹੋਂ ਮਾਨਿ ਇਸਾਨ[1]। [1]ਅਹਿਸਾਨ।
ਜੇ ਬਚਾਇ ਰਾਖੈਂ ਮਮ ਜਾਨ ॥੮॥
ਪ੍ਰਾਨ ਦਾਨ ਤੇ ਭਲੋ ਨ ਔਰ।
ਕਰਹੁ ਸਹੀ ਪਾਵਹਿਂ ਜਿਸ ਠੌਰ।'
ਸੁਨਿ ਦਾਸੀ ਨੇ ਸਕਲ ਸੁਨਾਯੋ।
'ਕਈ ਬਾਰਿ ਮੈਂ ਦਰਸ਼ਨ ਪਾਯੋ ॥੯॥
ਡੇਰਾ ਨਿਕਟਿ ਸੁ ਜਾਨਿ ਹਮਾਰੇ।
ਪੂਜਹਿਂ ਆਵਹਿਂ ਲੋਕ ਹਜ਼ਾਰੇ।
ਧਰਹਿਂ ਭਰੋਸਾ ਗੁਰੁ ਪਰ ਐਸੇ।
ਜਮ ਕੇ ਕਸ਼ਟ ਛੁਟਾਵਹਿਂ ਜੈਸੇ ॥੧੦॥
ਪਰਹਿਂ ਚਰਨ ਲਾਖਹੁਂ ਧਨ ਦੇਤਿ।
ਹੇਤੁ ਪ੍ਰਲੋਕ ਸਫਲ ਕਰਿ ਲੇਤਿ।
ਵਡੀ ਭੀਰ ਚਹੁਂ ਦਿਸ਼ਿ ਕੇ ਲੋਕ।
ਅਰਪਿ ਉਪਾਇਨ ਹੋਤਿ ਅਸ਼ੋਕ' ॥੧੧॥
ਸੁਨਿ ਕੌਲਾਂ ਪਰਫੁਲਜਤ ਹੋਈ।
ਪਾਇ ਕਲਪ ਤਰੁ ਜਿਮ ਨਰ ਕੋਈ।
'ਹੇ ਦਾਸੀ! ਤੂੰ ਧੰਨ ਮਹਾਨੀ।
ਕਰਿ ਮੇਰੋ ਸੰਕਟ ਅਬਿ ਹਾਨੀ ॥੧੨॥
ਮੋਹਿ ਬ੍ਰਿਥਾ ਕਿਮ ਜਾਇ ਸੁਨਾਵਹੁ।
ਚਹੈਂ ਕਿ ਨਹੀਂ, ਭੇਦ ਸਭਿ ਪਾਵਹੁ।
ਪਠਿ ਕਿਤਾਬ ਪਰਸੰਗੁ ਸੁ ਹੇਰੇ।
-ਪਰਮ ਪੁਰਖ ਬਸਿ ਪ੍ਰੇਮ ਘਨੇਰੇ- ॥੧੩॥
ਰੰਕ ਰਾਉ ਕੋ ਜਾਨਹਿਂ ਨਾਂਹੀ।
ਪ੍ਰੀਤੀ ਕਰਹਿ ਤਿਸ ਰਾਖਹਿਂ ਪਾਹੀ?
ਮੈਂ ਤਿਨ ਕੀ ਤਨ ਮਨ ਤੇ ਦਾਸੀ।
ਬਿਨਾਂ ਮੋਲ ਸੇਵੌਂ ਨਿਤ ਪਾਸੀ' ॥੧੪॥
ਦਾਸੀ ਕਹੇ 'ਕਹੌਂ ਕਿਮ ਜਾਇ?
ਨਹੀਂ ਚਿਨਾਰੀ ਕਬਿ ਤਿਨ ਪਾਇ।
ਬ੍ਰਿੰਦ ਨਰਨਿ ਮਹਿਂ ਗਮਨਹੁਂ ਕੈਸੇ।
ਅਪਰ ਕਰਹੁ ਬਿਧਿ ਕਹੌਂ ਸੁ ਜੈਸੇ[1] ॥੧੫॥ [1]ਜਿਵੇਂ ਮੈਂ ਤੈਨੂੰ ਦੱਸਦੀ ਹਾਂ।

ਲਿਖਿ ਕਾਗਦ ਪਰ ਅਪਨਿ ਬ੍ਰਿਤਾਂਤ।
ਜਿਮ ਸਜ਼ਾਇ ਹੋਈ ਸਭਿ ਗਾਤ।
ਮਨ ਕੋ ਪ੍ਰੇਮ ਬਿਨੈ ਬਹੁ ਬਾਰੀ।
ਲਖਹਿਂ ਹਕੀਕਤ ਕੋ ਜਿਮ ਸਾਰੀ' ॥੧੬॥
ਸੁਨਿ ਦਾਸੀ ਤੇ ਉਰ ਹਰਖਾਈ।
'ਸਦਾ ਆਫਰੀਂ[1] ਨੀਕ ਬਤਾਈ।'
ਸਰਬ ਪੀਰ[1] ਕੋ ਪਰਿਹਰਿ ਤਬੈ।
ਕਹ੍ਯੋ 'ਆਨਿ ਕਾਗਦ ਮਸੁ ਅਬੈ' ॥੧੭॥
ਕਲਮਦਾਨ ਕਾਜ਼ੀ ਕੋ ਹੇਰਾ।
ਉਠਿ ਦਾਸੀ ਲਜਾਈ ਤਿਸ ਬੇਰਾ।
ਪੂਰਬ ਲਿਖੀ ਜੋਰਿ ਕਰ ਬੰਦਨ।
'ਜਸੁ ਤੁਮਰੋ ਜਗ ਦੋਸ਼ ਨਿਕੰਦਨਿ ॥੧੮॥
ਦੋਹਰਾ:
ਦੇਤਿ ਮਹਾਂ ਜਮ ਸ਼ਾਸਨਾ,
ਤੁਮ ਦੇਖੇ ਛੁਟਿ ਜਾਇ।
ਇਸ ਹਿਤ ਦਰਸ਼ਨ ਆਪ ਕੋ,
ਕਰਹਿਂ ਆਨਿ ਸਮੁਦਾਇ- ॥੧੯॥
ਚੌਪਈ:
ਕਹੈਂ ਸੁਜਸੁ ਤੁਮਰੋ ਇਸ ਰੀਤਿ।
ਸੋ ਮੁਝ ਕੋ ਬਰਤ੍ਯੋ ਬਿੱਪ੍ਰੀਤਿ।
ਸੰਸੈ ਭਯੋ -ਕਹਤਿ ਇਹ ਝੂਠੇ?
ਕਿਧੌਂ ਕਰਮ ਹੈਂ ਮੋਰ ਅਪੂਠੇ ॥੨੦॥
ਏਕ ਘਰੀ ਮੈਂ ਦਰਸ਼ਨ ਕੀਨਾ।
ਪ੍ਰੇਮ ਕਾਮਨਾ ਤੇ ਮਨ ਦੀਨਾ।
ਮਾਰਿ ਕਹਿਰ ਕੀ ਮੋ ਪਰ ਹੋਈ-।
ਯਾਂ ਤੇ ਮੈਂ ਬਿਚਾਰ ਕਰਿ ਜੋਈ ॥੨੧॥
-ਜੇ[1] ਤੁਮਰੋ ਨਿਤ ਦਰਸ਼ਨ ਕਰੈਂ।
ਬਚਨ ਅਨੰਦ ਸੁਨਿ ਕੈ ਮਨ ਧਰੈਂ।
ਤਿਨਹੁਂ ਸਜ਼ਾਇ ਨਿਰੰਤਰ ਚਹਿਯਤਿ।
ਰੂਪ ਸੁਧਾ ਕੇ ਤਸਕਰ ਲਹਿਯਤਿ[1] ॥੨੨॥
-ਦੀਨ ਦੁਨੀ ਮਹਿਂ ਹੂਜਹੁ[1] ਵਾਲੀ-।
ਸੋ ਪ੍ਰਸੰਗ ਪਰਿਗਾ ਸਭਿ ਖਾਲੀ।

[1]ਸੌ ਸ਼ਾਬਾਸ [ਫਾ: ਸਦ ਆਫਰੀਂ]
[1]ਪੀੜਾ।
[1]ਜੋ।
[1]ਉਹ ਆਪ ਦੇ) ਰੂਪ ਅੰਮ੍ਰਿਤ ਦੇ ਚੋਰ ਜਾਣਨੇ ਚਾਹਿਯੇ।
[1]ਹੁੰਦੇ ਹੋ।

ਸੁਨੋ -ਪੀਰ ਕੇ ਪੀਰ ਬਡੇਰੇ ![1] -।

[1]ਮੈਂ ਸੁਣਿਆਂ ਸੀ ਕਿ ਤੁਸੀਂ ਵਡੇਰੇ ਪੀਰ ਹੋ (ਪਰ ਤੁਸੀਂ ਪੀਰ ਹੋ ਕਿ) ਪੀੜਾ ਹੋ। (ਅ) ਤੁਸੀਂ ਪੀਰਾਂ ਤੋਂ ਵਡੇ ਪੀਰ ਸੁਣੇ ਸਾਓ।

ਅਸ ਸੰਸਾ ਉਪਜਤਿ ਉਰ ਮੇਰੇ' ॥੨੩॥
ਇੱਤਜਾਦਿਕ ਲਿਖਿ ਕਾਗਦ ਆਛੇ।
ਕਹ੍ਯੋ ਜਿ 'ਮਮ ਤੁੰ ਜੀਵਨਿ ਬਾਂਛੇ।
ਏਕ ਬਾਰ ਗੁਰੁ ਕਰ ਪਕਰਾਵੋ।
ਪੁਨਿ ਸੁਨਾਉ ਜਿਮ ਉੱਤਰ ਪਾਵੋ ॥੨੪॥
ਦੈਹੋਂ ਦਰਬ ਬਿਭੂਖਨ ਨਾਨਾ।
ਰੰਗਦਾਰ ਅੰਬਰ ਦੁਤਿਵਾਨਾ।
ਨਹਿਂ ਬਿਸਰੋਂ ਕਬਿ ਤੋਰ ਅਸਾਨਾ[1]।

[1]ਅਹਿਸਾਨ, ਉਪਕਾਰ।

ਮੋ ਕੋ ਕਰਹਿਂ ਪ੍ਰਾਨ ਕੋ ਦਾਨਾ' ॥੨੫॥
ਸੰਧ੍ਯਾ ਭਈ ਤਿਮਰ ਕੁਛ ਛਾਯੋ।
ਦਾਸੀ ਸਮਾ ਜਾਨਿ ਕੋ ਪਾਯੋ।
ਬਿਸਦ ਬਿਸਾਲ ਬਸਤ੍ਰ ਬਰ ਲੀਨਾ।
ਤਨ ਸਗਰੋ ਆਛਾਦਨ ਕੀਨਾ ॥੨੬॥
ਡੇਰੇ ਨਿਕਟ ਜਾਇ ਸਿਖ ਹੇਰਾ।
'ਦਿਹੁ ਕਾਗਦ ਗੁਰ ਕੋ ਇਸ ਬੇਰਾ।'
ਲੇ ਤਿਸ ਨੇ ਅਰਪ੍ਯੋ ਤਤਕਾਲਾ।
ਪਢ੍ਯੋ ਖੋਲ ਕਰਿ ਅਖਿਲ ਹਵਾਲਾ ॥੨੭॥
ਪ੍ਰੇਮਾਤੁਰ ਦੀਨਾ ਬਹੁ ਡੀਠਿ[1]।

[1]ਬਹੁਤ ਪ੍ਰੇਮਾਤੁਰ ਤੇ ਨਿਮਾਣਿਆਂ ਡਿੱਠਾ (ਕੌਲਾਂ ਨੂੰ)।

ਲਿਖ੍ਯੋ ਤਿਸੀ ਕਾਗਦ ਕੀ ਪੀਠਿ।
'ਜੋ ਜਹਾਜ਼ ਚਢਿ ਗਏ ਹਮਾਰੇ[1]।

[1]ਜੋ ਸਾਡੇ ਦੀਨ ਵਿੱਚ ਆ ਗਏ ਹਨ।

ਦੀਨ ਦੁਨੀ ਹਮ ਤਿਸ ਰਖਵਾਰੇ ॥੨੮॥
ਬਿਨਾਂ ਜਹਾਜ਼ ਚਢੇ ਨਹਿਂ ਵਾਲੀ।
ਬਡ ਪੁਰਸ਼ਨਿ ਕੀ ਹੈ ਅਸ ਚਾਲੀ।'
ਤਿਹ ਸਿਖ ਕੇ ਕਰ ਬਹੁਰ ਪਠਾਯੋ।
ਦਿਯੋ ਆਨਿ ਅਰੁ ਭੇਵ ਬਤਾਯੋ ॥੨੯॥
ਉੱਤਰ ਸਤਿਗੁਰ ਨੇ ਲਿਖਿ ਦੀਨਾ।
ਸੁਨਿ ਹਰਖੀ ਕਾਗਦ ਸੋ ਲੀਨਾ।
ਕੌਲਾਂ ਕੇ ਕਰ ਸੋ ਪਕਰਾਯੋ।
ਦੇਨ ਰੁ ਲੇਨਿ ਪ੍ਰਸੰਗ ਬਤਾਯੋ ॥੩੦॥
ਸਭਿ ਤੇ ਛਪ ਕਰਿ ਦੀਪਕ ਪਾਸ।

ਖੋਲਿ ਬਿਲੋਕ੍ਯੋ ਹੋਤਿ ਹੁਲਾਸ।
ਉੱਤਰ ਪਠ੍ਯੋ ਪ੍ਰੇਮ ਤੇ ਗਦਗਦ।
ਰਿਦੇ ਅਨੰਦਤਿ ਫਿਰਿ ਫਿਰਿ ਬਦ ਬਦ[1] ॥੩੧॥
ਕਲਮਦਾਨ ਲੇ ਹੋਇ ਅਕੇਲੀ।
ਲਿਖ੍ਯੋ ਬਹੁਰ ਉਰ ਦੀਹ ਦੁਹੇਲੀ[1]।
'ਸੁਨੀਅਹਿ ਗੁਰੂ ਗਰੀਬ ਨਿਵਾਜੂ!
ਮੈਂ ਤਨ ਮਨ ਤੇ ਚਢੀ ਜਹਾਜੂ ॥੩੨॥
ਆਪ ਸੰਭਾਰੋ ਗਹੀਅਹਿ ਬਾਹੂੰ।
ਕਰੋਂ ਸੇਵ ਦਾਸੀ ਪਗ ਪਾਹੂੰ।
ਕੈ ਨਿਜ ਕਰ ਤੇ ਦੇਹੁ ਧਕੇਲਾ।
ਮਰੋਂ ਤੁਰਤ ਪਾਸੀ ਗਰ ਮੇਲਾ[1] ॥੩੩॥
ਪਿਤ ਕੇ ਘਰ ਮੈਂ ਜਿਯੋਂ ਨ ਕੈਸੇ।
ਮਹਾਂ ਰੋਗ ਤੇ ਆਤੁਰ ਜੈਸੇ।
ਦੁਇ ਮਹਿਂ ਏਕ ਬਾਤ ਹੁਇ ਮੋਹੀ।
ਕੈ ਮਰਿ ਹੌਂ ਕੈ ਦੇਖੋਂ ਤੋਹੀ ॥੩੪॥
ਘੋਰਿ[1] ਮਹਾਂ ਬਿਖ ਤੀਖਨ ਪੀਵੌਂ।
ਤੁਮ ਪਰਹਰਹੁ ਤਨਕ ਨਹਿਂ ਜੀਵੌਂ।'
ਇਮ ਕਹਿ ਦਾਸੀ ਬਹੁਰ ਪਠਾਈ।
ਗਈ ਗੁਰੂ ਕੇ ਢਿਗ ਪਹੁੰਚਾਈ ॥੩੫॥
ਖੋਲਿ ਪਠ੍ਯੋ ਨਿਸ਼ਚਲ ਤਬਿ ਜਾਨੀ।
ਦਾਸਨਿ ਕੇ ਪ੍ਰਿਯ[1] ਕੀਨਿ ਬਖਾਨੀ।
'ਧੀਰਜ ਧਰਹੁ ਕਾਮਨਾ ਤੇਰੀ।
ਹਮ ਪੂਰਨਿ ਕਰਿ ਹੈਂ ਇਸ ਬੇਰੀ[1] ॥੩੬॥
ਚਢਹਿਂ ਸੁਧਾਸਰ ਕੋ ਜਿਸ ਕਾਲ।
ਤੋ ਕਹੁ ਲੇ ਗਮਨਿਹੁਂ ਤਬਿ ਨਾਲ।
ਘਨੇ ਦਿਵਸ ਨਹਿਂ ਲਵਪੁਰਿ ਰਹੈਂ।
ਆਜ ਕਾਲ ਮੈਂ ਤਯਾਰੀ ਅਹੈ' ॥੩੭॥
ਸੁਨਿ ਦਾਸੀ ਉਰ ਹਰਖਤਿ ਹੋਈ।
ਆਨਿ ਬਰੀ ਨਹਿਂ ਹੇਰਤਿ ਕੋਈ[1]।
'ਕ੍ਰਿਪਾ ਨਿਧਾਨ ਕ੍ਰਿਪਾ ਬਹੁ ਕੀਨਿ।

[1]ਵਦ ਵਦ = ਬੋਲ ਬੋਲ ਕੇ ਭਾਵ ਪੜ੍ਹ ਪੜ੍ਹ ਕੇ।
[1]ਬਹੁਤ ਦੁਖੀ ਦਿਲ ਵਾਲੀ ਨੇ।
[1]ਫਾਹੀ ਗਲ ਵਿੱਚ ਪਾਕੇ।
[1]ਘੋਲਕੇ।
[1]ਭਾਵ ਸ੍ਰੀ ਹਰਿ ਗੋਬਿੰਦ ਜੀ ਨੇ।
[1]ਇਸ ਜਨਮ ਵਿਚ।
[1]ਆਪਨੇ ਘਰ) ਆ ਵੜੀ, ਵੇਖਦੀ ਹੈ ਕਿ ਕੋਈ (ਪਾਸ) ਨਹੀਂ (ਤਦ ਬੋਲੀ)।

ਤੁਝ ਕੋ ਅਬਿ ਅਪਨੀ ਕਰਿ ਲੀਨਿ ॥੩੮॥
ਸਰਬ ਪ੍ਰਕਾਰ ਭਰੋਸਾ ਦੀਨਿ।
ਅਪਨੇ ਬਿਖੈ ਪ੍ਰੇਮ ਤੁਵ ਚੀਨ।
ਚਲਹਿਂ ਸੁਧਾਸਰ ਲੇ ਤਬਿ ਸਾਥ।
ਅਬਿ ਲਵਪੁਰਿ ਨਹਿਂ ਬਸਿ ਹੈਂ ਨਾਥ' ॥੩੯॥
ਸੁਨਿ ਕੌਲਾਂ ਸਮ ਕਮਲ ਬਿਲੋਚਨ।
ਕਰਿ ਚਿਤ ਕੀ ਸਭਿ ਸੋਚ ਬਿਮੋਚਨ।
ਬਾਰਿ ਬਾਰਿ ਬੂਝਤਿ ਹੈ ਦਾਸੀ।
'ਸਗਰੀ ਬਾਤ ਕਰਹੁ ਮੁਝ ਪਾਸੀ ॥੪੦॥
ਮੁਝ ਪਰ ਕ੍ਰਿਪਾ ਕਰਤਿ ਕੈ ਨਾਂਹੀ।
ਰੁਖ ਪਰਖਜੋ ਕੈ ਨਹਿਂ ਹੁਇ ਪਾਹੀ?
ਨਹੀਂ ਟਾਰ ਕੀਨਸਿ ਕਹੁ ਕੈਸੇ।'
ਸੁਨਿ ਦਾਸੀ ਭਾਖਤਿ ਪੁਨ ਤੈਸੇ ॥੪੧॥
'ਅਧਿਕ ਛੁਧਤਿ ਸਮ ਕਯੋਂ ਡਹਕੈ ਹੈਂ[1]। [1]ਘਾਬਰਦੀ ਹੈਂ।
ਕਿਤਿਕ ਦਿਵਸ ਮਹਿਂ ਢਿਗ ਹੁਇ ਜੈਹੈਂ।
ਪੂਰਬ ਜਨਮ ਹੁਤੀ ਬਡਭਾਗਨਿ।
ਮਹਿਦ ਪੀਰ ਕੀ[1] ਭੀ ਅਨੁਰਾਗਨਿ' ॥੪੨॥ [1]ਵਡੇ ਗੁਰੂ ਜੀ ਦੀ।
ਸੁਨਿ ਅਨੰਦ ਉਰ ਲੀਨਿ ਦੁਰਾਈ।
ਪਰੀ ਸੇਜ ਪਰ ਪੀਯ ਨ ਖਾਈ।
ਜਨੁ ਨਾਗਨਿ ਮਣਿ ਰਿਦੇ ਛਪਾਈ।
ਮਹਾਂ ਕ੍ਰਿਪਨ ਕੋ ਜਿਮ ਨਿਧਿ ਪਾਈ ॥੪੩॥
ਰਖਿ ਅੰਤਰ ਵਹਿਰ ਨ ਬਿਦਤਾਵੈ।
ਊਪਰ ਤੇ ਨਿਜ ਪੀਰ ਜਨਾਵੈ।
ਬਾਰ ਬਾਰ ਬੋਲਤਿ ਮਹਿਤਾਰੀ।
ਕਰਹਿ ਨਿਹੋਰਨਿ ਜਿਸ ਬਹੁ ਪਜਾਰੀ ॥੪੪॥
ਨਹਿਂ ਮਾਨਤਿ ਮੁਖ ਕੀਨਿ ਮਲੀਨਾ।
ਗੁਰੂ ਪ੍ਰੇਮ ਚਢਿ ਰੰਗ ਨਵੀਨਾ।

ਨਿਸ ਮਹਿਂ ਪਰੀ ਪਰਮ ਦੁਖਿਆਰੀ।
ਹਾਇ ਹਾਇ ਕਬਿ ਕਰਤਿ ਉਚਾਰੀ
॥੪੫॥
ਵਹਿਰ ਪੀਰ[1] ਕੋ ਕਰਤਿ ਜਨਾਵਨਿ। [1]ਗੁਝੀ ਪੀੜ ਭਾਵ ਪ੍ਰੇਮ।
ਗੂਢ ਪੀਰ ਨਹਿਂ ਕਰਹਿ ਸੁਨਾਵਨਿ।
ਤਨ ਛਾਦਯੋ ਲੇ ਬਸਤ੍ਰ ਬਿਸਾਲਾ।
ਨਹੀਂ ਉਘਾਰਤਿ ਭੀ ਕਿਸ ਕਾਲਾ ॥੪੬॥
ਦਿਵਸ ਆਗਲੇ ਕਾਜ਼ੀ ਸੰਗਿ।
ਕਾਜ਼ਨਿ ਲਰੀ ਕਰੇ ਬਦਰੰਗ[1]। [1]ਲਾਲ ਪੀਲੀ ਹੋਕੇ।
'ਪਰੀ ਮਰਤਿ ਅਬਿ ਰਹਹੁ ਸੁਖਾਰੇ।
ਸਭਿ ਸ਼ਰੀਕ ਅਤਿ ਹਸਹਿਂ ਨਿਹਾਰੇ
॥੪੭॥
ਕਹੈਂ -ਕਹਾਂ ਹੋਯਹੁ ਇਸ ਪਾਸ।
ਐਸੀ ਮਾਰਿ ਕਰੀ ਦੇ ਤ੍ਰਾਸ-।'
ਸੁਨਿ ਕਾਜ਼ੀ ਤੂਸ਼ਨ ਹੁਇ ਰਹਯੋ।
ਨਹਿਂ ਦਾਰਾ ਸੋਂ ਕਿਮ ਕਛੁ ਕਹਯੋ ॥੪੮॥
ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ' ਪ੍ਰਸੰਗ ਬਰਨਨੰ ਨਾਮ ਏਕ ਊਨ ਬਿਸੰਤੀ ਅੰਸੂ ॥੧੯॥

੨੦. [ਮੀਆਂਮੀਰ ਮਿਲਾਪ]

੧੯<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਸ਼੍ਰੀ ਗੁਰ ਹਰਿ ਗੋਬਿੰਦ ਜੀ, ਕਏ ਪ੍ਰਾਤ
ਇਸ਼ਨਾਨ।
ਖਾਨ ਪਾਨ ਕਰਿ ਕੈ ਪ੍ਰਭੂ, ਬੈਠੇ ਰੁਚਿਰ
ਸਥਾਨ ॥੧॥

ਚੌਪਈ:

ਢਰੇ ਦੁਪਹਿਰੇ ਹੋਈ ਸੁਚੇਤਾ।
ਸੁੰਦਰ ਸ਼ਸਤ੍ਰ ਸੁ ਬਸਤ੍ਰ ਸਮੇਤਾ।
ਬ੍ਰਿਧ ਸੋਂ ਕਹ੍ਯੋ ਬਾਕ ਗੰਭੀਰ।
'ਮੀਆਂ ਮੀਰ ਇਹਾਂ ਬਡ ਪੀਰ ॥੨॥
ਤਿਨ ਕੋ ਮੇਲ ਭਯੋ ਕਬਿ ਨਾਂਹੀ।
ਨਿਸ਼ਚੈ ਬ੍ਰਹਮ ਗਜਾਨ ਕੇ ਮਾਂਹੀ।
ਮਹਾਂ ਸ਼ਕਤਿ ਜੁਤਿ ਚਹਹਿ ਸੁ ਕਰੈ।
ਤਊ ਛਿਮਾ ਧੀਰਜ ਗੁਨ ਧਰੈ' ॥੩॥
ਬ੍ਰਿਧ ਨੇ ਭਨ੍ਯੋ 'ਜਿ ਸਿਮਰ੍ਯੋ ਮਨ ਮੈਂ।
ਤੌਂ ਦਰਸ਼ਨ ਦੈ ਹੈਂ ਗੁਨ ਜਿਨ ਮੈਂ।'
ਜਾਮ ਦਿਵਸ ਬਾਕੀ ਜਬਿ ਰਹ੍ਯੋ।
ਮੀਆਂ ਮੀਰ ਪ੍ਰਸੰਗ ਸੁ ਲਹ੍ਯੋ[1] ॥੪॥ — [1]ਜਾਣ ਲਿਆ।
ਦਰਸ਼ਨ ਕੋ ਗਮਨ੍ਯੋ[1] ਤਜਿ ਥਾਨ। — [1]ਮੀਆਂ ਮੀਰ) ਟੁਰਿਆ।
ਸ਼੍ਰੀ ਗੁਰ ਸਰਬ ਬਾਰਤਾ ਜਾਨਿ।
ਕਹਤਿ ਸ਼ੀਘ੍ਰ ਹੀ ਹਯ ਮੰਗਵਾਯੋ।
ਹੁਇ ਅਰੂਢ ਕਰਿ ਬੇਗ ਚਲਾਯੋ ॥੫॥
ਘਰ ਤੇ ਪੀਰ ਥੋਰ ਈ ਚਲੇ।
ਜਾਇ ਅਗਾਊ ਸਤਿਗੁਰ ਮਿਲੇ।
ਲੋਕ ਬਿਲੋਕਤਿ ਇਮ ਲਖਿ ਪਾਯੋ।
'ਲੇਨਿ ਗੁਰੂ ਕੋ ਆਗੇ ਆਯੋ' ॥੬॥
ਹੇਰਿ ਪਰਸਪਰ ਵਧ੍ਯੋ ਅਨੰਦ।
ਮੀਆਂ ਮੀਰ ਮਿਲੇ ਕਰ ਬੰਦਿ।
ਸ਼੍ਰੀ ਹਰਿ ਗੋਬਿੰਦ ਉਤਰਨਿ ਲਾਗੇ।
ਗਹੀ ਰਕਾਬ ਸ਼ੀਘ੍ਰ ਹੁਇ ਆਗੇ ॥੭॥

ਹਯ ਪਰ ਚਢੇ ਲਿਯੇ ਚਲਿ ਆਯੋ।
ਹਾਥ ਰਕਾਬ ਸੰਗ ਇਕ ਲਾਯੋ।
ਜਬਿ ਸਥਾਨ ਕੋ ਆਯੋ ਧੌਰ।
ਉਤਰਨਿ ਲਗੇ ਸੋਢਿ ਕੁਲਮੌਰ ॥੮॥
ਗਹਿ ਰਕਾਬ ਜੁਗ ਹਾਥ ਲਗਾਏ।
ਸਨੈ ਸਨੈ ਹਯ ਤੇ ਉਤਰਾਏ।
ਧਰੇ ਹਾਥ ਮਹਿਂ ਹਾਥ ਅਗਾਰੇ।
ਹੋਇ ਬਰੋਬਰ ਜੁਗਲ ਪਧਾਰੇ ॥੯॥
ਰਹਿਨ ਭਵਨਿ ਮਹਿਂ ਗੇ ਗੁਨ ਭਵਨੁ[1]।

[1]ਮੀਆਂ ਮੀਰ ਦੇ) ਰਹਿਣ ਵਾਲੇ ਕਮਰੇ ਵਿੱਚ ਗੁਰੂ ਜੀ ਗਏ।

ਕੁਸ਼ਲ ਪ੍ਰਸ਼ਨ ਕੀਨਸਿ ਰਿਪੁਦਵਨੁ।
ਬੈਠੇ ਸਮੁਖ ਅਨੰਦ ਬਿਲੰਦ।
ਸ਼੍ਰੀ ਗੁਰ ਹਰਿਗੁਬਿੰਦ ਕੁਲ ਚੰਦੁ ॥੧੦॥
ਪੀਰ ਬਿਲੋਕਨ ਥਿਰੇ ਚਕੋਰਾ।
ਕਰਹਿਂ ਬਿਲੋਕਨ ਕੋ ਮਿਲਿ ਜੋਰਾ[1]।

[1]ਜੋੜਾ (ਅ) ਜ਼ੋਰ ਨਾਲ।

[1] 'ਕਹੋ ਪੀਰ ਜੀ! ਬ੍ਰਿਤਿ ਕਹਿਂ ਤੀਕ?

[1]ਗੁਰੂ ਜੀ ਬੋਲੇ।

ਹੱਕ ਸਹੀ ਕੀਨਸਿ ਤਹਿਕੀਕ[1]? ॥੧੧॥

[1]ਆਪ ਦੀ) ਬ੍ਰਿਤੀ ਨੇ ਨਿਰਨੇ ਕਰਕੇ ਵਾਹਿਗੁਰੂ ਨੂੰ ਕਿੱਥੋਂ ਤਕ ਨਿਸ਼ਚੇ ਕੀਤਾ ਹੈ।

ਕੌਨ ਅਵਸਥਾ ਕੋ ਰਸ ਲੇਤਿ?
ਮਨ ਪਰ ਕੈਸੇ ਰਹੋ ਸੁਚੇਤ।
ਨਾਸ਼ ਵਾਸ਼ਨਾ ਕੋ ਉਰ ਹੋਵਾ।
ਆਤਮ ਅਨੰਦ ਕਹੋ ਕਸ ਜੋਵਾ?' ॥੧੨॥
ਮੀਆਂ ਮੀਰ ਜੁ ਧੀਰ ਗੰਭੀਰ।
ਸੁਨਿ ਕਰਿ ਉਚਰਤਿ ਬਚ ਗੁਰ ਤੀਰ।
'ਕ੍ਰਿਪਾ ਆਪ ਕੀ ਜਿਸ ਪਰ ਹੋਤਿ।
ਤਿਸ ਕੋ ਨਿਸ਼ਚੈ ਹੱਕ ਉਦੋਤਿ ॥੧੩॥
ਜਹਿਂ ਜਹਿਂ ਮਿੱਥਜਾ ਤਜਿ ਤਜਿ ਤਹਾਂ।
ਰਹਾ ਏਕ ਜੋ ਜਾਇ ਨ ਕਹਾ।
ਮਨ ਬਾਨੀ ਕੋ ਬਿਸ਼ੈ ਨ ਹੋਵਤਿ।
ਸੁਨਹਿ ਨ ਸ਼੍ਰਵਨ ਆਂਖ ਨਹਿਂ ਜੋਵਤਿ ॥੧੪॥
ਸੋ ਸਰੂਪ ਲਖਿ ਹੌਮੈਂ ਤਜਾਗੀ।
ਥਿਰੀ ਬ੍ਰਿੱਤ ਏਕੈ ਲਿਵਲਾਗੀ।

ਪਰਾਰਬਧ ਬਸਿ ਤਨ ਇਹੁ ਥਿਰੈ।
ਲਹੈ ਅਜਤਨ ਸੁ ਭੁਕਤਨਿ ਕਰੈ[1] ॥੧੫॥ [1]ਜੋ ਜਤਨ ਰਹਿਤ ਮਿਲਦਾ ਹੈ ਸੋ ਭੋਗ ਰਿਹਾ ਹੈ।
ਪਾਇ ਪਦਾਰਥ ਹਰਖ ਨ ਭਾਨਾ[1]। [1]ਪ੍ਰਤੀਤ ਨਹੀਂ ਹੁੰਦਾ।
ਬਿਨਸਿ ਗਏ ਕਛੁ ਸ਼ੋਕ ਨ ਮਾਨਾ।
ਬਾਂਛਤਿ ਆਪ ਕਰਹਿ ਨਹਿਂ ਕੋਇ।
ਸਹਿਜੇ ਹੋਤਾ ਜਾਇ ਸੁ ਹੋਇ ॥੧੬॥
ਸਗਰੋ ਜਗ ਮਿੱਥਯਾ ਜਬਿ ਜਾਨਾ।
ਮੂਲ[1] ਹਾਨ ਤੇ ਵਾਸ਼ਨ ਹਾਨਾ। [1]ਭਾਵ ਅੱਗਯਾਨ।
ਅਨੰਦ ਆਤਮਾ ਕਹ੍ਯੋ ਨ ਜਾਈ।
ਗੁਰੂ ਭਨ੍ਯੋ[1] -ਗੁੰਗੇ ਮਠਿਆਈ- ॥੧੭॥ [1]ਮੁਰਸ਼ਿਦ ਨੇ ਇਹ ਕਹਿਆ ਹੈ।
ਜਿਸ ਪਰ ਕ੍ਰਿਪਾ ਆਪ ਕੀ ਹੋਵੈ।
ਹੌਮੈ ਮਲ ਗੁਰਮੁਤਿ ਜਲ ਧੋਵੈ।'
ਸੁਨਿ ਗੁਰ ਭਨ੍ਯੋ 'ਧੰਨ ਤੁਮ ਕਰਨੀ।
ਆਪ ਤਰੇ, ਤਾਰਹੁ ਸਮ ਤਰਨੀ' ॥੧੮॥
ਇਮ ਆਪਸ ਮਹਿਂ ਕਰਿ ਸੰਬਾਦੂ।
ਦਰਸ਼ਨ ਦੇਤਿ ਲੇਤਿ ਅਹਿਲਾਦੂ।
ਚਾਰ ਘਰੀ ਬੈਠੇ ਤਹਿਂ ਰਹੇ।
ਪਰਮ ਪ੍ਰੇਮ ਬਚ ਸੁਨਿ ਪੁਨ ਕਹੇ ॥੧੯॥
ਉਠੇ ਬਹੁਰ ਸ਼੍ਰੀ ਹਰਿ ਗੋਬਿੰਦੰ।
ਚਲ੍ਯੋ ਸੰਗਿ ਹੀ ਪੀਰ ਬਿਲੰਦੰ।
ਆਦਰ ਹੇਤੁ ਆਇ ਕਰਿ ਸਾਥ।
ਲਗੇ ਅਰੂਢਨਿ ਹਯ ਪਰ ਨਾਥ ॥੨੦॥
ਬਰਜਿ ਦਾਸ ਕੋ ਪਹੁੰਚਿ ਸ਼ਿਤਾਬ।
ਜੁਗ ਹਾਥਨ ਸੋਂ ਗਹੀ ਰਕਾਬ।
ਸ਼੍ਰੀ ਗੁਰੂ ਹਰਿ ਗੋਬਿੰਦ ਚਢਾਏ।
[1] 'ਥਿਰਹੁ ਪੀਰ ਜੀ! ਇਸ ਹੀ ਥਾਏਂ ॥੨੧॥ [1]ਗੁਰੂ ਜੀ ਬੋਲੇ।
ਬਹੁ ਤਕਲੀਫ ਆਪ ਕੋ ਹੋਈ।
ਨੰਮ੍ਰੀ ਧੀਰ ਛਿਮਾ ਬਹੁ ਜੋਈ।'
ਮਨਿ ਬਚਨ ਕੋ ਤਹਿਂ ਭਾ ਠਾਂਢੋ।
ਪਿਖਹਿ ਸਰੂਪ ਪ੍ਰੇਮ ਕਰਿ ਗਾਢੋ ॥੨੨॥
ਨੰਮ੍ਰਿ ਪਰਸਪਰ ਹ੍ਵੈ ਕਰਿ ਚਲੇ।

ਰਹੇ ਪੀਰ ਜੀ ਤਿਸ ਥਲ ਖਲੇ।
ਸਤਿਗੁਰ ਜਾਇ ਬਿਰਾਜੇ ਡੇਰੇ।
ਸੋਦਰ ਸੰਧ੍ਯਾ ਕਰਿ ਤਿਸ ਬੇਰੇ ॥੨੩॥
ਕੀਨਿ ਜਥਾ ਰੁਚਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਸੇਜ ਮਹਾਨਾ।
ਜਬਿ ਗੁਰ ਗਏ ਪੀਰ ਕੇ ਤੀਰ।
ਗਨ ਤੁਰਕਨਿ ਕੀ ਤਿਸ ਥਲ ਭੀਰ
॥੨੪॥
ਦੇਖਿ ਅਚੰਭਾ ਸਭਿ ਨੇ ਮਾਨ੍ਯੋ।
'ਇਹ ਕ੍ਯਾ ਕਰਮ ਪੀਰ ਜੀ ਠਾਨ੍ਯੋ?
ਸਭਿ ਕੇ ਬੀਚ ਬਿਸਾਲ ਭਨੰਤੇ।
ਸਰਬ ਆਇ ਕਰਿ ਨੰਮ੍ਰਿ ਹੁਵੰਤੇ ॥੨੫॥
ਇਹ ਚਲਿ ਗਯੋ ਆਪ ਉਠਿ ਕਰਿ ਕੈ।
ਹਿੰਦੂ ਕੋ ਆਦਰ ਚਿਤ ਧਰਿ ਕੈ।
ਬਹੁਰ ਬੰਦਨਾ ਕੀਨੀ ਜਾਇ।
ਹਾਥ ਰਕਾਬ ਧਰੀ ਚਲਿ ਆਇ ॥੨੬॥
ਹਯ ਤੇ ਸਾਦਰ ਤਰੇ ਉਤਾਰ੍ਯੋ।
ਅਪਨਿ ਥਾਨ ਕਰ ਧਰੇ[1] ਪਧਾਰ੍ਯੋ। [1]ਹੱਥ ਫੜਕੇ।
ਬਡ ਪੀਰਨ ਕੇ ਪੀਰ ਕਹੰਤੇ।
ਸਭਿ ਉਮਰਾਵ ਖਾਨ ਮਾਨੰਤੇ ॥੨੭॥
ਅਸ਼ਟ[1] ਦਿਵਸ ਮਹਿਂ ਆਵਤਿ ਸ਼ਾਹੂ। [1]ਅੱਠਵੇਂ।
ਕਰਿ ਬੰਦਨ ਬੈਠਤਿ ਹੈ ਪਾਹੂ।
ਅਪਰ ਪੀਰ ਇਸ ਕੇ ਢਿਗ ਆਵੈਂ।
ਜਾਨਹਿਂ ਕਾਮਲ ਸੀਸ ਨਿਵਾਵੈਂ ॥੨੮॥
ਇਹ ਹਿੰਦੂ ਆਗੈ ਨਿਵ ਚਲ੍ਯੋ।
ਨਿਜ ਤੇ ਬਡੋ ਜਾਨਿ ਕਰਿ ਮਿਲ੍ਯੋ।'
ਇਮ ਸਗਰੇ ਤੁਰਕਨਿ ਮਹਿਂ ਹੋਈ।
ਕਹ੍ਯੋ ਸ਼ਾਹੁ ਢਿਗ ਗਮਨ੍ਯੋ ਕੋਈ ॥੨੯॥
ਸਰਬ ਸਭਾ ਨੇ ਬੁਰਾ ਬਖਾਨਾ।
ਸ਼ਾਹਜਹਾਂ ਸੁਨਿ ਕਰਿ ਇਮ ਕਾਨਾ।
ਕਹ੍ਯੋ ਸਭਿਨਿ ਮਹਿਂ 'ਅਬਿ ਕੇ ਚਲੈਂ।
ਬੂਝਹਿਂ ਸਕਲ ਬੈਠਿ ਜਬਿ ਮਿਲੈਂ ॥੩੦॥

ਜੋ[1] ਨਿਤ ਸਾਥ ਹਮਾਰੇ ਰਹੈ।
ਆਵਨਿ ਜਾਨਿ ਕਰਹਿ ਜਿਮ ਕਹੈਂ।
ਸਦਾ ਰਹਹਿ ਹਮਰੇ ਅਨੁਸਾਰੀ।
ਐਸੋ ਹਰਿ ਗੋਬਿੰਦ ਹਿਤ ਧਾਰੀ ॥੩੧॥

[1]ਭਾਵ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ।

ਮਾਨਨੀਯ ਬਡ ਪੀਰ ਹਮਾਰੋ।
ਜਿਸ ਕੋ ਮਾਨਹਿਂ ਤੁਰਕ ਹਜ਼ਾਰੋਂ।
ਇਨਹੁ ਅਦਬ ਕਿਮ ਕੀਨਿ ਮਹਾਨਾ।
ਹੌਰਾ ਭਯੋ ਸਕਲ ਤੁਰਕਾਨਾ' ॥੩੨॥
ਇਮ ਬਹੁ ਤਰਕਤਿ ਸੋ ਦਿਨ† ਆਯਹੁ।
ਚਲ੍ਯੋ ਸ਼ਾਹੁ, ਲੋਕਨਿ ਸਿਮਰਾਯਹੁ[1]।
ਗਨ ਉਮਰਾਵਨਿ ਕੀ ਸੰਗ ਭੀਰ।
ਪਹੁੰਚ੍ਯੋ ਮਿਯਾਂ ਮੀਰ ਕੇ ਤੀਰ ॥੩੩॥

†ਪਾ:-ਸੋਚਤਿ।
[1]ਯਾਦ ਕਰਾਇਆ।

ਹਾਥ ਜੋਰਿ ਬੰਦਨ ਕੇ ਕਰਿ ਕੈ।
ਬੈਠ੍ਯੋ ਸ਼ਾਹਜਹਾਂ ਮਦ[1] ਭਰਿ ਕੈ।
ਬੂਝਤਿ ਭਯੋ 'ਮਿਲੇ ਗੁਰੁ ਹਿੰਦੂ।
ਨਾਮ ਜਿਨਹੁਂ ਸ੍ਰੀ ਹਰਿਗੋਬਿੰਦੂ ॥੩੪॥

[1]ਹੰਕਾਰ।

ਆਪ ਅਦਾਇਬ ਏਤਿਕ ਕੀਨੋ।
ਸਭਿਹਿਨਿ ਕੇ ਮਨ ਸੰਸੈ ਭੀਨੋ।
ਸੋ ਹਮਰੇ ਸਦੀਵ ਅਨੁਸਾਰੀ[1]।
ਤੁਮ ਗਮਨੇ ਹਿਤ ਲੇਨਿ ਅਗਾਰੀ ॥੩੫॥

[1]ਅਧੀਨ।

ਕਰਹਿ ਬਾਦ ਸਗਰੋ ਤੁਰਕਾਨਾ।
ਹਮਰੇ ਢਿਗ ਲੌਂ ਜਾਇ ਬਖਾਨਾ।'
ਮੀਆਂ ਮੀਰ ਸੁਨੀ ਇਮ ਕਾਨਾ।
ਉੱਤਰ ਤਤਛਿਨ ਕੀਨ ਬਖਾਨਾ ॥੩੬॥
'ਜੇਤਿਕ ਪੀਰ ਅਹੈਂ ਹਮ ਸਾਰੇ।
ਬਡੇ ਕਿ ਛੋਟੇ ਅਜ਼ਮਤਿ ਧਾਰੇ।
ਜਬਿ ਸਭਿ ਦਮ ਕਰਿ ਕੈ[1] ਇਕਿ ਬਾਰ।
ਪਹੁੰਚਹਿਂ ਜਹਿਂ ਖ਼ੁਦਾਇ ਦਰਬਾਰ ॥੩੭॥

[1]ਇੰਦ੍ਰੇ ਰੋਕ ਕੇ, ਭਾਵ ਸਮਾਧੀ ਲਗਾਕੇ। (ਅ) ਮੰਤ੍ਰ ਜਪਕੇ [ਫਾ: ਦਮ ਕਰਦਨ = ਜਪ ਕਰਨਾ, ਮੰਤ੍ਰ ਪੜ੍ਹਨਾ]

ਥਿਰਹਿਂ ਪੌਰ ਪਰ ਸਭਿ ਤਹਿਂ ਜਾਹਿਂ।
ਬੈਠਹਿਂ ਮੌਲਾ ਕੀ ਦਰਗਾਹਿ।

ਕਿਤਿਕ ਸਮੈ ਜਬਿ ਤਹਾਂ ਬਿਤਾਵੈਂ।
ਅੰਤਰਿ ਤੇ ਤਬਿ ਇਹ ਚਲਿ ਆਵੈਂ ॥੩੮॥
ਊਪਰ ਪੌਰ ਦਰੀਚੀ[1] ਸੁੰਦਰ।
ਤਹਾਂ ਆਇ ਬੈਠਹਿਂ ਇਹ ਅੰਦਰ।
ਜੋ ਜੋ ਕਾਰਜ ਜਿਸ ਜਿਸ ਹੋਇ।
ਦੇਖਤਿ ਅਰਜ਼ ਕਰਤਿ ਨਿਜ ਸੋਇ[†] ॥੩੯॥
ਬੰਦਹਿਂ ਹਾਥ ਬੰਦਨਾ ਕਰਿ ਹੀਂ।
ਪਦ ਅਰਬਿੰਦ ਸ ਪ੍ਰੇਮ ਨਿਹਰਿਹੀਂ।
ਸਭਿ ਕੋ ਹੁਇ ਸੰਸੈ ਤਿਸ ਠੌਰ।
-ਪਾਕ ਖ਼ੁਦਾਇ ਇਹੀ ਕੈ ਔਰ- ॥੪੦॥
ਇਸ ਮੂਰਤਿ ਕੋ ਦਰਸ਼ਨ ਕਰੈਂ।
ਅਪਰ ਨਹੀਂ ਕੋ ਦ੍ਰਿਸ਼ਟੀ ਪਰੈ।
ਯਾਂ ਤੇ ਜਾਨਹਾਰ ਜੇ ਤਹਾਂ।
ਕੌਨ ਨ ਕਰਹਿ ਅਦਾਇਬ ਮਹਾਂ ॥੪੧॥
ਇਹੀ ਬੈਠਿ ਕਰਤੇ ਬਖਸ਼ੀਸ਼।
ਕਿਸ ਕੀ ਕਿਹ ਸੋਂ ਪੁਜਹਿ ਨ ਰੀਸ।
ਜਿਸ ਪਰ ਕ੍ਰਿਪਾ ਦ੍ਰਿਸ਼ਟਿ ਇਹ ਧਰੈਂ।
ਮਨ ਭਾਵਤ ਤਿਸ ਬਖਸ਼ਿਸ਼ ਕਰੈਂ ॥੪੨॥
ਜਸੋਂ ਧਨਾਰਥੀ[1] ਤੋਰ ਅਗਾਰੀ।
ਬਨਹਿਂ ਦੀਨ ਕਹਿ ਬਚ ਅਨੁਸਾਰੀ।
ਤਸੋਂ ਇਨ ਤੇ ਲੈਬੇ ਹਿਤ ਦਾਤਿ।
ਖਰੇ ਅਨੇਕ ਬ੍ਰਿੰਦ ਬਿਲਲਾਤਿ ॥੪੩॥
ਕਹੁ, ਜਗ ਮਹਿਂ ਅਸ ਹੈ ਅਬਿ ਕੌਨ?
ਤੁਝ ਪਿਖਿ ਆਦਰ ਕਰਹਿ ਨ ਜੌਨ।
ਤਸੋਂ ਖੁਦਾਇ ਕੇ ਪ੍ਰੇਮੀ ਜੋਇ।
ਇਨ ਪਗ ਖਾਕ ਧਰਹਿਂ ਸਿਰ ਸੋਇ ॥੪੪॥
ਤੁਮ ਸੰਸਾਰੀ ਜਸੋਂ ਉਰ ਭਾਵੈ।
ਤਸੋਂ ਬਰਤੁਹ ਨਹਿਂ ਕੋ ਉਲਟਾਵੈ।
ਉਰ ਖ਼ੁਦਾਇ ਕੀ ਖ਼ਬਰ ਨ ਕੋਇ।

[1]ਬਾਰੀ।

[†]ਭਾਈ ਨੰਦਲਾਲ ਜੀ ਭੀ ਇਹ ਲਿਖਦੇ ਹਨ :— ਦੁਆਲਿਮ ਮੁਨੱਵਰ ਜ਼ਿ ਅਨਵਾਰਿ ਓ ਹਮਾਂ ਤਿਸ਼ਨਹਾਏ ਫ਼ੈਜ਼ਿ ਦੀਦਾਰਿ ਓ। [ਸਲਤਨਤ ਸ਼ਸ਼ਮ

[1]ਧਨ ਦੇ ਲੋੜਵੰਦ।

ਨਹਿਂ ਜਾਨਹੁਂ ਆਗੈ ਕਜਾ ਹੋਇ ॥੪੫॥
ਹਿੰਦੂ ਤੁਰਕ ਬਾਦ ਕੇ ਸਾਦ[1]।
ਪਚਿ ਪਚਿ ਮਰਹਿਂ ਖ਼ੁਦਾਇ ਨ ਯਾਦ।
ਕਰਹਿਂ ਸਾਹਿਬੀ ਚਾਰ ਦਿਵਸ ਕੀ।
ਸਦਾ ਲਾਲਸਾ ਬਿਸ਼ਿਯਨਿ ਰਸ ਕੀ ॥੪੬॥
ਛਿਨ ਭਰਿ ਮੌਲਾ ਯਾਦਿ ਨ ਕੋਇ।
ਤਰਕਹੁ ਮਿਲੇ ਰਹੈਂ ਨਿਤਿ ਜੋਇ[1]।
ਸਜਾਨੇ ਇਸ ਕੋ ਕਹੈਂ ਨ ਨੀਕੀ।
ਕਹੈਂ ਜੁ ਇਮ, ਤਿਨ ਕੀ ਮਤਿ ਫੀਕੀ ॥੪੭॥
ਨਹਿਂ ਦਰਗਾਹ ਬਿਖੈ ਤਿਸ ਢੋਈ।
ਦੋਜ਼ਕ ਕੀ ਸਜ਼ਾਇ ਲਹਿਂ ਸੋਈ।'
ਪੀਰ ਪ੍ਰਤਾਪਵੰਤ ਕੇ ਬੈਨ।
ਸੁਨੇ ਸਭਿਨਿ ਨੀਚੇ ਕਿਯ ਨੈਨ ॥੪੮॥
ਸਨਮੁਖ ਪਿਖਿ ਨਹਿਂ ਉੱਤਰ ਦੀਨਾ।
ਕਰੀ ਮੌਨ ਮਨ ਜਾਨਿ ਪ੍ਰਬੀਨਾ।
ਮੀਆਂਮੀਰ ਧੀਰ ਪੁਨ ਕਹਜੋ।
'ਨਹੀਂ ਮਹਾਤਮ[1] ਤੁਮ ਨੇ ਲਹਜੋ ॥੪੯॥
ਸ਼ਕਤਿ ਅਨੰਤ ਧਰਤਿ ਸਮਰੱਥ।
ਭੰਜਨ ਘੜਨਿ ਜਿਨਹੁ ਕੇ ਹੱਥ।
ਤਊ ਮਾਨਵੀ ਲੀਲਾ ਧਾਰੈਂ।
ਨਹਿਂ ਕਿਹ ਕੋ ਕਬਿ ਸ਼ਕਤਿ ਦਿਖਾਰੈਂ ॥੫੦॥
ਅਜਰ ਜਰਨ ਏਤੋ ਉਰ ਕਰੈਂ।
ਕੌਨ ਇਨਹੁ ਕੀ ਸਮਤਾ ਧਰੈ।'
ਸ਼ਾਹਜਹਾਂ ਸੁਨਿ ਸੀਸ ਨਿਵਾਯਹੁ।
ਤੂਸ਼ਨਿ ਹੀ ਉਠਿ ਕਰਿ ਚਲਿ ਆਯਹੁ ॥੫੧॥
ਵਹਿਰ ਆਇ ਕਰਿ ਕਹਾਂ ਬਤਾਵੈਂ।
[1] 'ਮਨ ਹਮਰੇ ਨਿਸ਼ਚੈ ਨਹਿਂ ਆਵੈ।
ਹਿੰਦੂ ਢਿਗ ਖ਼ੁਦਾਇ ਕੇ ਰਹੈ!

[1]ਝਗੜੇ ਦੇ ਸ੍ਵਾਦ ਵਿੱਚ ਹਨ।

[1]ਜੋ ਨਿੱਤ ਮਿਲੇ ਰਹਿੰਦੇ ਹਨ, (ਵਾਹਿਗੁਰੂ ਨਾਲ) ਉਹਨਾਂ ਨੂੰ ਤਰਕਾਂ ਕਰਦੇ ਹੋ।

[1]ਗੁਰੂ ਜੀ ਦਾ) ਮਹਾਤਮ।

[1]ਪਾਤਸ਼ਾਹ ਦੇ ਸਾਥੀ) ਬਾਹਰ ਆਕੇ ਕੀਹ ਦੱਸਦੇ ਹਨ।

ਸੁਨਿ ਇਮ, ਕਹਾਂ ਪੀਰ ਕੋ ਕਹੈਂ' ॥੫੨॥
ਤਿਨ ਅਨੁਸਾਰ ਸ਼ਾਹੁ ਭੀ ਹੋਇ।
ਕਹੈ 'ਨ ਮੁਝ ਪ੍ਰਤੀਤ ਅਸ ਹੋਇ।'
ਅੰਤਹਕਰਣ ਬਿਮਲ ਬਡਿਭਾਗੇ।
[1]ਤੌ ਗੁਰ ਮਹਿਮਾ ਮਹਿਂ ਮਨ ਲਾਗੇ ॥੫੩॥
ਮੰਦ ਮਤੀ ਪਖ ਬਾਦਿਨਿ ਰਿਦੇ।
ਗੁਰ ਕੀਰਤਿ ਠਹਿਰਤਿ ਨਹਿਂ ਕਦੇ।
ਧਰੇ ਸੰਦੇਹ ਗਏ ਨਿਜ ਦਾਮੂ।
ਸਗਰੇ ਕਰਤਿ ਭਏ ਬਿਸਰਾਮੂ ॥੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮੀਆਂਮੀਰ' ਪ੍ਰਸੰਗ ਬਰਨਨੰ ਨਾਮ ਬਿਸੰਤੀ ਅੰਸੂ ॥੨੦॥

[1]ਭਾਵ ਜੇ ਦਿਲ ਸਫਾ ਤੇ ਭਾਗ ਵੱਡੇ ਹੋਣ ਤਾਂ।

੨੧. [ਕਉਲਾਂ ਦੁਖੀ ਹੋ ਗੁਰੂ ਜੀ ਦੀ ਸ਼ਰਨ ਆਈ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਬਿਨ ਗੁਰੁ ਦੇਖੇ ਦੁਖ ਲਹੈ, ਕੌਲਾਂ ਬਹੁ ਬਿਲਲਾਇ।
ਰਿਦੈ ਬਿਲੋਕਨਿ ਲਾਲਸਾ, ਨਹਿਂ ਉਪਾਇ ਕੋ ਪਾਇ ॥੧॥

ਚੌਪਈ:

ਕਾਜ਼ੀ ਅਰੁ ਕਾਜ਼ਨਿ ਮਨ ਜਾਨੈਂ।
-ਚਾਬਕ ਲਗੇ ਪੀਰ ਕੋ ਮਾਨੈ[1]-।
ਰੁਚਿ ਸੋਂ ਖਾਨ ਪਾਨ ਨਹਿਂ ਕੀਨਿ।
ਪਰੀ ਰਹੀ ਮੁਖ ਪਰ ਪਟ ਲੀਨਿ ॥੨॥

[1]ਪੀਰ ਨੂੰ ਮੰਨਦੀ ਹੈ।

ਜਬਿ ਸੰਧ੍ਯਾ ਹੋਈ ਤਮ ਛਾਯੋ।
ਦਾਸੀ ਕੋ ਕਹਿ ਕਰ ਸਮੁਝਾਯੋ।
'ਜਾਹੁ ਪੀਰ ਢਿਗ ਕੀਜਹਿ ਅਰਜ਼ੀ।
-ਗੁਰ ਜੀ ਦਰਸ਼ਨ ਬਰਜੀ ਡਰਜੀ[1] ॥੩॥

[1]ਡਰ ਕਰਕੇ ਹੇ ਗੁਰੂ ਜੀ! ਦਰਸ਼ਨ ਤੋਂ ਵਰਜੀ ਹੋਈ ਹਾਂ।

ਸੁਧਿ ਬੁਧਿ ਅਪਰ ਰਹੀ ਨਹਿਂ ਕੋਈ।
ਕੇਵਲ ਦਰਸ ਪਰਾਯਨ[1] ਹੋਈ।
ਕ੍ਰਿਪਾ ਕਰਹੁ ਬਰ ਬਦਨ ਦਿਖਾਵਹੁ।
ਮੁਝ ਮਰਤੀ ਕੇ ਪ੍ਰਾਨ ਬਚਾਵਹੁ- ॥੪॥

[1]ਆਸਰੇ।

ਦਾਸੀ! ਦਸ਼ਾ ਪਿਖਤਿ ਹੈਂ ਜੈਸੀ।
ਗੁਰ ਢਿਗ ਕਰਹੁ ਨਿਵੇਦਨ[1] ਤੈਸੀ।'
ਸੁਨਤਿ ਦੁਖਾਤੁਰ ਦੀਰਘ ਜਾਨੀ।
ਦੁਇ ਦਿਨਿ ਮਹਿਂ ਦੁਰਬਲੀ ਮਹਾਨੀ ॥੫॥

[1]ਭਾਵ ਦੱਸ ਦੇਹ।

ਖਾਨ ਪਾਨ ਕੀ ਰੁਚਿ ਜਿਨ ਤ੍ਯਾਗੀ?
ਏਕਹੁ ਬਾਰਿ ਮਹਾਂ ਅਨੁਰਾਗੀ।
ਕਹਿ ਦਾਸੀ ਨੇ ਧੀਰਜ ਦੀਨਿ।
'ਕ੍ਯੋਂ ਤਰਫਤਿ ਜ੍ਯੋਂ ਜਲ ਬਿਨ ਮੀਨ? ॥੬॥

ਕਰੋ ਸ਼ੀਘ੍ਰਤਾ ਅਤਿਸ਼ੈ ਨਾਂਹੀ।
ਬਿਰਹ ਸਿੰਧੁ ਤੇ ਪਾਰ ਪਰਾਹੀਂ[1]।'
ਤਿਮਰ ਭਯੋ ਪਿਖਿ ਗਮਨੀ ਡੇਰੇ।

[1]ਪਾਰ ਹੋ ਜਾਏਂਗੀ।

ਹਾਥ ਜੋਰਿ ਕਰਿ ਖਰੀ ਅਗੇਰੇ ॥੭॥
'ਸੁਨਹੁ ਪੀਰ ਜੀ ! ਤੁਮ ਸਭਿ ਜਾਨਹੁ।
ਭਈ ਬਿਕਲ ਬਹੁ ਕਹਾਂ ਬਖਾਨਹੁਂ[1]।
ਦਰਸ਼ਨ ਕੋ ਤਰਫਤਿ ਦਿਨ ਰੈਨਿ।
ਮਹਾਂ ਦੀਨ ਮੁਝ ਸੋਂ ਕਹਿ ਬੈਨਿ ॥੮॥
-ਗੁਰੁ ਢਿਗ ਜਾਹੁ ਦੇਹੁ ਸੁਧਿ ਮੇਰੀ।
ਬਿਤਹਿ ਨ ਦਿਨ† ਸੰਮਤ ਸਮ[1] ਹੇਰੀ-।
ਪਰੀ ਪ੍ਰਯੰਕ ਬਹੁਤ ਬਿਲਲਾਵੈ।
-ਹਾਇ ਹਾਇ- ਮੁਖ ਸਭਨਿ ਸੁਨਾਵੈ ॥੯॥
ਜਾਨੈਂ ਸਕਲ -ਚੋਟ ਤਨ ਲਾਗੀ-।
ਲਖਹਿਂ ਨ ਪੀਰ ਛਪੀ ਅਨੁਰਾਗੀ[1]।
ਹੋਈ ਆਪ ਕੀ ਜਥਾ ਰਜ਼ਾਇ।
ਤਿਸ ਪ੍ਰਕਾਰ ਮੈਂ ਜਾਇ ਸੁਨਾਇ' ॥੧੦॥
ਸ਼੍ਰੀ ਹਰਿ ਗੋਬਿੰਦ ਪ੍ਰੇਮ ਮਹਾਨਾ।
ਕੌਲਾਂ† ਕੇ ਮਨ ਕੋ ਮਨ ਜਾਨਾ[1]।
ਕ੍ਰਿਪਾ ਧਾਰਿ ਕਰਿ ਬਾਕ ਸੁਨਾਏ।
ਧਰਹੁ ਧੀਰ ਅਬਿ ਬਿਲਮ ਨ ਕਾਏ ॥੧੧॥
ਡੇਰਾ ਕੂਚ ਕਰਾਵਹਿਂ ਪ੍ਰਾਤੀ।
ਤੁਝ ਲੇ ਸੰਗਿ ਚਢਹਿਂ ਹਮ ਰਾਤੀ।
ਸਭਿ ਨਿਸਿ ਮਹਿਂ ਜਾਗ੍ਰਤ ਹੀ ਰਹੀਅਹਿ।
ਤੁਰੰਗ ਹਮਾਰੇ ਕੋ ਰਵ[1] ਲਹੀਅਹਿ ॥੧੨॥
ਤਤਛਿਨ ਤਰੇ ਉਤਰ ਕਰਿ ਆਵਹੁ।
ਕਿਸ ਤੇ ਨਹੀਂ ਤ੍ਰਾਸ ਉਪਜਾਵਹੁ।
ਕੋਇ ਨ ਜਾਨਿ ਸਕਹਿ ਲੇ ਚਲੈਂ।
ਆਗੈ ਜਾਇ ਸੈਨ ਸੰਗਿ ਮਿਲੈਂ' ॥੧੩॥
ਸੁਨਿ ਦਾਸੀ ਹਰਖਤਿ ਹਟਿ ਆਈ।
ਸਭਿ ਕੌਲਾਂ ਕੇ ਨਿਕਟ ਸੁਨਾਈ।
ਰਿਦੇ ਅਨੰਦ ਬਿਲੰਦ ਉਪਾਵਾ।
ਜਨਮ ਰੰਕ ਜਿਮ ਨਵਨਿਧਿ ਪਾਵਾ ॥੧੪॥
ਆਛੇ ਹੁਤੇ ਬਿਭੂਖਨ ਜੋਇ।

[1]ਬਹੁਤਾ ਕੀ ਕਹਾਂ।

[1]ਸਾਲ ਬਰੱਬਰ। †ਪਾ:—ਛਿਨ।

[1]ਇਹ ਨਹੀਂ ਜਾਣਦੇ ਜੋ ਪਿਆਰ ਦੀ ਲੁਕੀ ਪੀੜਾ ਲੱਗੀ ਹੈ ਸੁ।

[1]ਆਪਣੇ ਮਨ ਵਿਚ ਜਾਣਿਆਂ। †ਦੇਖੋ ਰਾਸ ੬ ਅੰਸੂ ੨੪ ਅੰਕ ੧੧ ਦੀ ਹੇਠਲੀ ਟੂਕ।

[1]ਖੜਾਕ, ਸ਼ਬਦ, ਅਵਾਜ਼।

ਦਏ ਬਖਸ਼ ਦਾਸੀ ਕੋ ਸੋਇ।
'ਏ ਰੀ![1] ਦਈ ਜਾਨ ਤੈਂ ਮੇਰੀ।
ਸਦਾ ਅਸਾਨਵੰਦ ਮੈਂ ਤੇਰੀ ॥੧੫॥
ਜਬਿ ਲਗਿ ਰਹੈਂ ਪ੍ਰਾਨ ਤਨ ਮਾਂਹੀ।
ਦੇਤਿ ਰਹੌਂ ਧਨ, ਬਿਸਰੌਂ ਨਾਂਹੀ।
ਉਤਰਨਿ ਕੋ ਨਿਕੇਤ ਬਿਧਿ ਜੋਈ।
ਕੀਜਹਿ ਜਤਨ ਤਯਾਰ ਹ੍ਵੈ ਸੋਈ ॥੧੬॥
-ਨਹਿਂ ਡਰ ਕਛੁ- ਪੀਰ[1] ਬਚ ਕਹ੍ਯੋ।
ਕਰਹੁ ਕਮੰਦ[1] ਜਥਾ ਬਿਧਿ ਲਹ੍ਯੋ।
ਇਸ ਤਾਕੀ ਤੇ ਉਤਰੋਂ ਤਰੇ।
ਬਹੁਰ ਸੰਭਾਰ ਲੇਉਂ ਮੈਂ ਪਰੇ[1] ॥੧੭॥
ਇੱਤ੍ਯਾਦਿਕ ਸਭਿ ਰਚੇ ਉਪਾਇ।
ਨਿਸਿ ਮਹਿਂ ਤਯਾਰੀ ਕਰਤਿ ਬਿਤਾਇ।
ਦਿਵਸਿ ਬਿਖੈ ਸੁਪਤਹਿ ਰਹਿ ਪਰੀ।
ਸਭਿਨਿ ਦਿਖਾਇ ਅਧਿਕ ਦੁਖ ਭਰੀ ॥੧੮॥
ਕਰਹਿ ਨਿਹੋਰਨਿ ਬਹੁ ਮਹਿਤਾਰੀ।
ਕਸ਼ਟ ਦਿਖਾਇ, ਨ ਖਾਇ ਅਹਾਰੀ।
ਸਰਬ ਕੁਟੰਬ ਮ੍ਰਿਦੁਲ ਬਚ ਕਹੈ।
ਦੁਖੀ ਲਖਹਿ, ਮਾਰੀ ਬਹੁ, ਲਹੈ ॥੧੯॥
ਇਤਿ ਸਤਿਗੁਰੁ ਨੈਂ ਨਿਸਾ ਬਿਤਾਈ।
ਕਹ੍ਯੋ ਬਾਕ 'ਸੁਨੀਅਹਿ ਬ੍ਰਿਧ ਭਾਈ!
ਅਬਿ ਲਵਪੁਰਿ ਕਯਾ ਕਾਜ ਹਮਾਰੋ।
ਸ਼ਾਹਜਹਾਂ ਤੇ ਹੁਜਹਿ ਨ੍ਯਾਰੋ ॥੨੦॥
ਸੰਗ ਲੇਹੁ ਡੇਰਾ ਸਭਿ ਸੈਨ।
ਕਰਹ ਮਜਲ ਟਿਕੀਅਹਿ ਪਿਖਿ ਰੈਨ।
ਪੰਚ ਕੋਸ ਅੰਮ੍ਰਿਤਸਰ ਉਰੇ।
ਟਿਕਹੁ ਪ੍ਰਤੀਖਨਿ ਹਮਰੀ ਧਰੇ ॥੨੧॥
ਹਮ ਨਿਸ ਮਹਿਂ ਹ੍ਵੈ ਕੈ ਅਸਵਾਰਾ।
ਉਲੰਘਹਿ ਸ਼ੀਘ੍ਰ ਪੰਥ ਜੋ ਸਾਰਾ।
ਆਨਿ ਮਿਲਹਿਂ ਤੁਮਰੇ ਸੰਗ ਹੋਵੈਂ।
ਸ਼੍ਰੀ ਅੰਮ੍ਰਿਤਸਰ ਦਰਸ਼ਨ ਜੋਵੈਂ' ॥੨੨॥

[1]ਹੇ ਸਖੀ।
[1]ਭਾਵ, ਸ਼੍ਰੀ ਗੁਰੂ ਜੀ ਨੇ।
[1]ਕਮੰਦ ਤਿਆਰ ਕਰੋ।
[1]ਅੱਗੋਂ।

ਮਾਨਿ ਬਚਨ ਹੋਏ ਸਭਿ ਤਜਾਰੀ।
ਗਮਨਜੋ ਸਭਿ ਤੇ ਬ੍ਰਿੱਧ ਅਗਾਰੀ।
ਸਨੈ ਸਨੈ ਸੈਨਾ ਸਭਿ ਮਿਲੀ।
ਸ਼੍ਰੀ ਅੰਮ੍ਰਿਤਸਰ ਕੇ ਮਗ ਚਲੀ ॥੨੩॥
ਸੰਧਜਾ ਲਗਿ ਸਿਖ ਸੇਵਕ ਸਾਰੇ।
ਮਿਲਿ ਮਿਲਿ ਸਤਿਗੁਰੁ ਪੰਥ ਪਧਾਰੇ।
ਤੰਬੂ ਲਗਜੋ ਰਹਜੋ ਗੁਰੁ ਕੇਰੋ।
-ਡੇਰੋ ਹੈ ਮੁਕਾਮ- ਸਭਿ ਹੇਰੋ[1] ॥੨੪॥
ਢਾਢੀ ਪਾਤਿਸ਼ਾਹ ਕੇ ਜੋਇ।
ਦ੍ਵੈ ਘਟਿਕਾ ਦਿਨ ਆਏ ਸੋਇ।
ਚਹੈਂ ਸੁਨਾਵਨਿ ਅਪਨੋ ਰਾਗ।
ਦਰਬ ਲੇਨ ਕੋ ਉਰ ਅਨੁਰਾਗ ॥੨੫॥
ਤਿਨ ਕੋ ਪਿਖਿ ਨਿਜ ਨਿਕਟਿ ਬਿਠਾਏ।
ਸ਼੍ਰੀ ਹਰਿ ਗੋਬਿੰਦ ਬਾਕ ਸੁਨਾਏ।
'ਆਜ ਨਿਸਾ ਸਗਰੀ ਤੁਮ ਗਾਵਹੁ।
ਬਹੁ ਜੋਧਾ ਕਿਯ ਜੁੱਧ ਸੁਨਾਵਹੁ' ॥੨੬॥
ਸੁਨਿ ਢਾਢੀ ਮਨ ਹਰਖ ਉਪਾਏ।
ਜਾਨਜ ਧਨ ਗੁਰ ਤੇ ਬਹੁ ਪਾਏਂ।
ਲਗੇ ਸੁਨਾਵਨਿ ਜੰਗ ਅਖਾਰੇ।
ਭਾਂਤਿ ਭਾਂਤਿ ਕੇ ਮਹਿਦ ਪਵਾਰੇ[1] ॥੨੭॥
ਸਤਿਗੁਰ ਬੈਠੇ ਤਿਨਹੁਂ ਅਗਾਰੀ।
ਤਾਨ ਸਮੈਂ ਗੁਰ 'ਅਹੋ' ਉਚਾਰੀ।
ਤੰਬੂ ਮਹਿਂ ਬਜਿ ਰਹਜੋ ਰਬਾਬ।
ਗਾਵੈਂ ਊਚੇ ਰਾਗ ਅਜਾਬ ॥੨੮॥
ਕਾਜ਼ੀ ਹਿਤ ਧਨ ਲੇਨਿ ਉਪਾਇ।
ਸ਼ਾਹਜਹਾਂ ਸੋ ਸਕਲ ਸੁਨਾਇ।
'ਕਰਜੋ ਦੇਨਿ ਜਿਸ ਦਿਨ ਤਕਰਾਰ।
ਕਰਿ ਸੀਨੇ ਜ਼ੋਰੀ[1] ਦੈ ਟਾਰ ॥੨੯॥
ਆਜ ਕਾਲ ਕਹਿ ਦੇਤਿ ਸੁ ਨਾਂਹੀ।
ਤੁਮ ਜੋ ਪਠਹੁ ਮਨੁਖ ਕੋ ਤਾਂਹੀ।
ਤਬਹਿ ਦਰਬ ਪਾਲੇ ਮਮ ਪਰਿਹੀ[1]।
ਨਾਂਹਿ ਤ ਟਾਰ ਇਸੀ ਬਿਧਿ ਕਰਿਹੀ'

[1]ਡੇਰਾ ਇਸੇ ਮੁਕਾਮ ਤੇ ਹੈ, ਸਭ ਨੇ ਦੇਖਿਆ।

[1]ਲੜਾਈਆਂ

[1]ਜ਼ੋਰਾਵਰੀ ਨਾਲ।

[1]ਤਦ ਹੀ ਧਨ ਮੇਰੇ ਪੱਲੇ ਪਵੇਗਾ।

॥੩੦॥
ਸ਼ਾਹ ਜਹਾਂ ਕਹਿ 'ਹੋਵਹਿ ਭੋਰ।
ਲੇ ਨਰ ਜਾਹੁ ਗੁਰੂ ਕੀ ਓਰ।
ਕਹਿ ਕੈ ਸਰਬ ਦਰਬ ਦਿਲਵਾਵਹਿ।
ਸੋ ਭੀ ਨਹਿਂ ਰਾਖਹਿਂ ਚਿਤ ਆਵਹਿ[1]'
॥੩੧॥
ਸੰਧਯਾ ਸਮੈਂ ਪਿਖਯੋ[1] ਗੁਰੁ ਡੇਰਾ।
-ਅਹੈ ਅਲਪ ਨਹਿਂ ਰਹਯੋ ਘਨੇਰਾ।
ਚਲੇ ਨ ਜਾਹਿਂ ਦਰਬ ਕੋ ਲੈਕੇ-।
ਅਸ ਚਿੰਤਾ ਚਿਤ ਕਾਜ਼ੀ ਕੈ ਕੈ ॥੩੨॥
ਗਯੋ ਅਗਾਰੀ ਤਿਸ ਹੀ ਥਾਨਾ।
ਤਿਮਰ ਭਏ ਹਟਿਆ ਇਤ ਜਾਨਾ[1]।
ਗਾਵਨਿ ਕੋ ਸੁਨਿ ਸ਼ਬਦ ਬਿਲੰਦ।
ਲਖਯੋ -ਅਹੈਂ ਸ਼੍ਰੀ ਹਰਿਗੋਬਿੰਦ ॥੩੩॥
ਲੇਉਂ ਭੋਰ ਕੋ ਅਪਨੋ ਦਰਬ।
ਜੋਰ ਦਿਖਾਇ ਸ਼ਾਹੁ ਕੋ ਸਰਬ-।
ਹੋਇ ਨਿਚਿੰਤ[†] ਟਿਕਯੋ ਨਿਜ ਥਾਨ।
ਏਕ ਲਾਲਸਾ ਦਰਬ ਮਹਾਨ ॥੩੪॥
ਬੈਠਯੋ ਰਾਗ ਸੁਨੈਂ ਗੁਰੁ ਪੂਰਾ।
ਤਾਨ ਸਮੈਂ ਮੁਖ ਦੇਤਿ ਹੰਗੂਰਾ।
ਜ਼ੀਨ ਤੁਰੰਗ ਕਸਯੋ ਢਿਗ ਖਰਯੋ।
ਤਥਾ ਆਪ ਸਵਧਾਨੀ ਕਰਯੋ ॥੩੫॥
ਬਖਸ਼ਯੋ ਦਰਬ ਰੀਝ ਕਈ ਵਾਰ।
ਤਾਨ ਸਰਾਹੈਂ ਬਿਬਿਧ ਪ੍ਰਕਾਰ।
ਆਧੀ ਨਿਸਾ ਬੀਤਿ ਜਬਿ ਗਈ।
ਉਠਿ ਸਤਿਗੁਰ ਨਿਜ ਤਯਾਰੀ ਕਈ
॥੩੬॥
ਵਹਿਰ ਨਿਕਸਿ ਕਰਿ ਚਢੇ ਤੁਰੰਗ।
ਬਿੰਦ ਸ਼ਸਤ੍ਰ ਪਹਿਰੇ ਨਿਜ ਅੰਗ।
ਤੰਬੂ ਮਹਿਂ ਤਿਮ ਹੋਤਿ ਹੰਗੂਰੇ।
ਜਥਾ ਦੇਤਿ ਬੈਠੇ ਗੁਰੁ ਪੂਰੇ ॥੩੭॥

[1]ਸਾਡੇ ਇਹ ਚਿੱਤ ਵਿਚ ਆਂਵਦਾ ਹੈ।

[1]ਕਾਜ਼ੀ) ਨੇ ਡਿੱਠਾ।

[1]ਹਨੇਰਾ ਹੋ ਜਾਣ ਕਰਕੇ ਮੁੜ ਪਿਆ (ਤੇ ਇਹ) ਜਾਣ ਲਿਆ (ਕਿ ਗੁਰੂ ਜੀ) ਏਥੇ ਹੀ ਹੈਨ।

[†]ਪਾ:-ਹੁਇ ਨਿਸਚਿਤ।

ਹੁਤੇ ਜਿਤਿਕ ਤਹਿਂ ਗਾਵਨਿ ਹਾਰੇ।
ਨਹਿਂ ਜਾਨੇ ਨਹਿਂ ਨਯਨ ਨਿਹਾਰੇ।
ਪ੍ਰਥਮ ਸਮਾਨ ਜਾਨਿ ਗੁਰੁ ਬੈਸੇ।
ਸੁਨਤਿ ਹੰਗੂਰਾ ਗਾਵਹਿਂ ਤੈਸੇ ॥੩੮॥
ਜੌਂ ਲਗਿ ਪ੍ਰਾਤ ਹੋਤਿ ਤਮ ਰਹਜੋ।
ਤੌਂ ਲਗਿ ਸਭਿਨਿ ਤਹਾਂ ਗੁਰੁ ਲਹਜੋ।
ਦਰਬ ਅਧਿਕ ਪ੍ਰਾਪਤਿ ਕੋ ਜਾਨਾ।
ਗਾਵਹਿਂ ਰਾਗਨਿ ਬਿੱਦਜਾ ਨਾਨਾ ॥੩੯॥
ਪੂਰਬ ਹੀ ਨਹਿਂ ਦੀਪ ਜਗਾਯੋ।
ਸਿਵਰ ਕੂਚ ਕਰਿ ਦੀਨਿ ਸੁਨਾਯੋ।
'ਇਸੀ ਰੀਤਿ ਗਾਵਹੁ ਹਮ ਬੈਸੇ।'
ਗਾਵਤਿ ਰਹੇ ਰਾਗ ਮਿਲਿ ਤੈਸੇ ॥੪੦॥
ਸਤਿਗੁਰੁ ਹਯ ਕੋ ਅੱਗ੍ਰ ਚਲਾਯੋ।
ਜਿਤ ਕਾਜ਼ੀ ਕੋ ਸਦਨ ਸੁਹਾਯੋ।
ਪਹੁਂਚਤਿ ਭਏ ਤੁਰੰਗ ਟਿਕਾਯੋ।
ਚਾਹਤਿ ਕੌਲਾਂ ਤਰੇ ਬੁਲਾਯੋ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕੌਲਾਂ ਕੋ' ਪ੍ਰਸੰਗ ਬਰਨਨੰ ਨਾਮ ਏਕ ਬਿਸੰਤੀ ਅੰਸੂ ॥੨੧॥

੨੨. [ਸ਼੍ਰੀ ਅੰਮ੍ਰਿਤਸਰ ਆਏ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਕੌਲਾਂ ਕਰਤਿ ਪ੍ਰਤੀਖਨਾ, ਲੋਚਨ ਰਹੀ ਲਗਾਇ।
ਦਾਸੀ ਸੰਗ ਸਹਾਇਤਾ, ਚਾਹਤਿ ਕਾਜ ਬਨਾਇ ॥੧॥

ਚੌਪਈ:

ਜਬਿ ਸਤਿਗੁਰੁ ਲਖਿ ਮੰਦਰ ਕਾਜ਼ੀ।
ਤਰੇ ਦਰੀਚੀ[1] ਕੇ ਕਿਯ ਬਾਜ਼ੀ। [1]ਬਾਰੀ।
ਤਤਛਿਨ ਕੌਲਾਂ ਲਖਿ ਆਗਵਨੂ।
ਤੂਰਨ ਚਹਤਿ ਤਜਜੋ ਨਿਜ ਭਵਨੂ ॥੨॥
ਸਤਿਗੁਰੁ ਅਜ਼ਮਤ ਜੁਤਿ ਰਿਪੁਦਵਨੂ।
ਜਾਨਿ ਰਿਦੈ ਡਰ ਕਰਹਿ ਨ ਕਵਨੂ[1]। [1]ਕਿਸੇ ਦਾ ਡਰ ਨਹੀਂ ਕਰਦੀ (ਕੌਲਾਂ)।
ਧਰਿ ਕਮੰਦ ਤਰ ਕੋ ਲਰਕਾਈ[1]। [1]ਕਮੰਦ ਹੇਠ ਲਟਕਾਈ।
ਕਰ ਦਾਸੀ ਕੋ ਦ੍ਰਿਢ ਗਹਿਵਾਈ[1] ॥੩॥ [1]ਫੜਾਈ (ਕਮੰਦ)।
ਤੂਰਨ ਤਰੇ ਉਤਰ ਕਰਿ ਆਈ।
ਗੁਰੁ ਪਗ ਪੰਕਜ ਗਹਿ ਸਿਰ ਲਾਈ।
ਰਿਦੇ ਅਨੰਦ ਬਿਲੰਦ ਉਮੰਗਾ।
ਭਯੋ ਰੋਮ ਹਰਖਨ ਸਭਿ ਅੰਗਾ ॥੪॥
ਗਦਗਦ ਗਿਰਾ ਨ ਕੁਛ ਕਹਿ ਜਾਈ।
ਗਹੀ ਬਾਂਹੁ ਗੁਰ ਬੇਲ[1] ਚਢਾਈ। [1]ਘੋੜੇ ਦੀ) ਪਿੱਠ ਤੇ।
ਪ੍ਰੇਰਜੋ ਹਯ ਪੁਰਿ ਬਾਹਿਰ ਆਏ।
ਬਡੇ ਬੇਗ ਬਾਯੁ ਸਮ ਜਾਏ ॥੫॥
ਕਿਤਿਕ ਦੂਰ ਜਬਿ ਗਏ ਅਗਾਰੀ।
ਖਰੇ ਪੰਚ ਸਿਖ ਆਯੁਧ ਧਾਰੀ।
ਜੇਠਾ ਆਦਿਕ ਬੀਰ ਬਿਸਾਲੇ।
ਮਿਲੇ ਗੁਰੂ ਸੰਗ ਆਗੇ ਚਾਲੇ ॥੬॥
ਖਸ਼ਟ ਤੁਰੰਗ ਚਪਲ ਬਲਿ ਭਾਰੀ।
ਚਲਹਿਂ ਚਾਲ ਸੁਖਦਾ ਅਸੁਵਾਰੀ।
ਥੋਰੇ ਕਾਲ ਦੂਰ ਚਲਿ ਜਾਈ।
ਨਹਿਂ ਅਸਵਾਰਨ ਪਰਹਿਂ ਲਖਾਈ ॥੭॥

ਜਬਿ ਕੁਛ ਪਤਾ ਲਖਹਿਂ ਕੈ ਊਚੇ[1]।
[1]ਉਚੇ ਹੋਕੇ ਪਤਾ ਦੇਖਦੇ ਹਨ।
ਤਬਿ ਜਾਨਹਿਂ-ਹਮ ਆਨਿ ਪਹੂਚੇ[1]-।
[1]ਅਸੀਂ ਆ ਪਹੁੰਚੇ ਹਾਂ (ਆਪਣੇ ਘਰ)।
ਜਬਿ ਅਰਣੋਦੈ ਹੋਵਤਿ ਜਾਨਾ।
ਉਤਰ ਪਰੇ ਸਤਿਗੁਰ ਇਕ ਥਾਨਾ ॥੮॥
ਕਹ੍ਯੋ 'ਸੁਧਾਸਰ ਕੇਤਿਕ ਰਹ੍ਯੋ?
ਇਸ ਥਲ ਕੋ ਆਛੇ ਤੁਮ ਲਹ੍ਯੋ।'
ਤਬਿ ਸਿੱਖਨਿ ਕਰ ਜੋਰਿ ਬਖਾਨਾ।
'ਗੁਰੂ ਗਰੀਬ ਨਿਵਾਜ ਸੁਜਾਨਾ! ॥੯॥
ਸਪਤ ਕੋਸ ਅਬਿ ਤਾਲ ਅਮੀ ਕੋ।
ਆਨਿ ਪਹੂੰਚੋ ਸਦਨ ਨਜੀਕੋ।
ਥਿਰਹੁ ਆਪ ਕੀਜੈ ਬਿਸਰਾਮੂ?
ਘੋਰੇ ਹੁਤੇ ਸ਼ੀਘ੍ਰ ਬਹੁ ਗਾਮੂ[1]' ॥੧੦॥
[1]ਥੋੜੇ ਸਮੇਂ ਵਿਚ ਬਹੁਤਾ ਚਲਣ ਵਾਲੇ।
ਗੁਰ ਬੂਝਨਿ ਕੀਨੇ ਸਿਖ ਫੇਰ।
'ਜਾਨ੍ਯੋ ਕੌਨ ਪਤਾ ਤੁਮ ਹੇਰਿ।
ਇਸ ਥਲ ਚਹੂੰ ਦਿਸ਼ਨਿ ਬਨ ਗਾਢੋ।
ਲਘੁ ਤਰੁ ਅਹੈ ਨ, ਊਚਾ ਠਾਂਢੋ ॥੧੧॥
ਨਿਕਟ ਗ੍ਰਾਮ ਭੀ ਲਖੀਯਤਿ ਨਾਂਹਿ।
ਮਹਾਂ ਉਜਾਰ ਸਭਿਨਿ ਦਿਸ਼ਿ ਮਾਂਹਿ।'
ਪੁਨ ਸਿਖ ਭੇਤੀ ਤਹਿਂ ਕੇ ਹੁਤੇ।
ਲਗੇ ਬਤਾਵਨਿ ਸਗਰੇ ਪਤੇ ॥੧੨॥
'ਮਾਦੋ ਕੇ ਬੈਰਾੜ ਜੁ ਨਾਮ।
ਅਹੈ ਨਿਕਟ ਸੋ ਜਾਨਹੁ ਗ੍ਰਾਮ।
ਕਈ ਬਾਰਿ ਹਮ ਇਤ ਕੋ ਆਏ।
ਮਗ ਕੋ ਭੇਤੀ ਸਭਿ ਲਖਿ ਪਾਏ' ॥੧੩॥
ਤਹਾਂ ਚੌਤਰਾ ਏਕ ਨਿਹਾਰਾ।
ਤਰੁ ਪਲਾਸ ਕੇ ਤਰੈ ਸੁਧਾਰਾ।
ਤਿਸ ਪਰ ਆਸਨ ਡਾਸਨਿ ਕੀਨਿ।
ਬੈਠਿ ਗਏ ਸਤਿਗੁਰੂ ਪ੍ਰਬੀਨਿ ॥੧੪॥
ਗਹ੍ਯੋ ਪਿਰਾਣੇ ਗੁਰੂ ਤੁਰੰਗ।
ਬਾਂਧੀ ਡੋਰ ਤਰੋਵਰ ਸੰਗ।
ਚਲਦਲ[1] ਬ੍ਰਿੱਛ ਨਿਕਟ ਇਕ ਭਾਰੀ।
[1]ਪਿੱਪਲ ਦਾ।
ਤਹਿਂ ਬੈਠੀ ਕੌਲਾਂ ਹੁਇ ਨਜਾਰੀ ॥੧੫॥

ਜਯੋਂ ਜਯੋਂ ਰਵਿ ਪ੍ਰਕਾਸ਼ ਦਿਖਰਾਵੈ।
ਤਯੋਂ ਤਯੋਂ ਪਿਖਿ ਸਰੂਪ ਬਲਿ ਜਾਵੈ।
ਕਹੈ ਕਿ 'ਧੰਨ ਭਾਗ ਹੈਂ ਮੇਰੇ।
ਜਿਨ ਤੇ ਪੀਰ ਪੀਰ ਮੁਖ ਹੇਰੇ[1] ॥੧੬॥

[1]ਜਿਨ੍ਹਾਂ (ਭਾਗਾਂ ਕਰਕੇ) ਪੀਰਾਂ ਦੇ ਪੀਰ ਦਾ ਮੁਖ ਡਿੱਠਾ ਹੈ।

ਜੇਠੇ ਸੰਗ ਕਹਯੋ 'ਫਿਰ ਕਰਿ ਕੈ।
ਕਰਹੁ ਆਨਿ ਸੁਧਿ, ਨੀਰ ਨਿਹਰਿਕੈ[1]।
ਸੁਨਿ ਆਇਸੁ ਇਤ ਉਤ ਬਹੁ ਫਿਰਯੋ।
ਘਨੋ ਨੀਰ ਨਹਿਂ ਕਹੂੰ ਨਿਹਰਯੋ ॥੧੭॥

[1]ਜਲ ਦੇਖਕੇ ਆਕੇ ਖਬਰ ਕਰੋ।

ਕਹਯੋ ਆਨਿ ਕਰਿ 'ਅਪਰ ਨ ਨੀਰ।
ਕਛੁਕ ਇਹੀ ਹੈ ਜੋ ਤੁਮ ਤੀਰ।
ਸੋ ਮਹਿਖਨਿ ਲਿਟਿ ਕਰਦਮ ਘੋਰਾ[1]।
ਜਲ ਮੋਟੋ[1] ਦੀਖਤਿ ਇਸ ਠੌਰਾ' ॥੧੮॥

[1]ਮੱਝੀਆਂ ਨੇ ਲਿਟਕੇ ਚਿੱਕੜ ਘੋਲ ਦਿਤਾ ਹੈ।

[1]ਗਾੜ੍ਹਾ।

ਗੁਰ ਕਹਯੋ 'ਅਬਿ ਆਛੋ ਇਹੀ।
ਛਿਤ ਸੋਂ ਮਿਲਿ ਜਲ ਪਾਵਨ ਲਹੀ।
ਹੋਇ ਬਿਮਲ ਹਮ[†] ਚਹੈਂ ਸ਼ਨਾਨਾ।
ਨਾਮ -ਗੁਰੂ ਸਰ- ਹੁਇ ਇਸ ਥਾਨਾ ॥੧੯॥

[†]ਪਾ:—ਸਰ।

ਅਪਰ ਸਿੱਖ ਜੇ ਮੱਜਨ ਕਰਹਿਂ।
ਸੰਕਟ ਬਿਕਟ ਤਿਨਹੁਂ ਕੇ ਟਰਹਿਂ।'
ਇਮ ਕਹਿ ਸਤਿਗੁਰ ਕੀਨਿ ਸ਼ਨਾਨਾ।
ਬੈਠਿ ਸਰੂਪ ਧਯਾਨ ਕੋ ਠਾਨਾ[1] ॥੨੦॥

[1]ਕੀਤਾ।

ਪੁਨ ਪੰਚਹੁਂ ਸਿਖ ਮੱਜਨ ਕੀਨਾ।
ਆਯੁਧ ਧਰੇ ਖਰੇ, ਬਨ ਚੀਨਾ[1]।
ਚਹੁਂਦਿਸ਼ ਰਹੇ ਸਚੇਤ ਫਿਰੰਤੇ।
ਮਨਹੁਂ ਸ਼ੇਰ ਨਿਰਭੈ ਬਿਚਰੰਤੇ ॥੨੧॥

[1]ਖਰੇ ਸ਼ਸਤ੍ਰ ਧਾਰਕੇ ਬਨ ਦੀ ਦੇਖਭਾਲ ਕੀਤੀ।

ਪੁਨ ਕੌਲਾਂ ਕੀਨਿਸਿ ਇਸ਼ਨਾਨਾ।
ਦੂਰ ਖਰੀ ਹੁਇ ਬੰਦਨ ਠਾਨਾ।
ਤਿਸ ਚਲਦਲ ਕੇ ਤਰ ਤਬਿ ਆਈ।
ਗੁਰ ਮੂਰਤਿ ਰਵਿ ਦੈ ਦਿਖਰਾਈ ॥੨੨॥
ਕਮਲ ਬਿਲੋਚਨ ਬਿਕਸਿਤ ਜਾਤਿ।
ਰਿਦਾ ਅਨੰਦ ਬਿਲੰਦ ਉਦਾਤ।

ਕਿਤਿਕ ਦਿਵਸ ਬੈਠੇ ਜਬਿ ਚਰਯੋ।
ਗੁਰੂ ਧਯਾਨ ਉਰ ਕੋ ਤਬਿ ਟਰਯੋ ॥੨੩॥
ਚਹਯੋ ਸੁਧਾਸਰ ਕੋ ਤਬਿ ਹੇਰਨਿ।
ਜੁਗ ਸਿਖਨਿ ਕੋ ਕੀਨਸਿ ਪ੍ਰੇਰਨਿ।
'ਆਨਹੁ ਜਾਇ ਕਹਾਰਨ ਗ੍ਰਾਮੂ[1]।
ਹਿਤ ਕੌਲਾਂ ਲੇ ਚਲਿਬੇ ਧਾਮੂ' ॥੨੪॥
ਤੁਰੰਗ ਧਵਾਇ ਜਾਇ ਕਰਿ ਆਨੇ।
ਬਸਤ੍ਰ ਸ਼ਸਤ੍ਰ ਗੁਰ ਪਹਿਰਨਿ ਠਾਨੇ।
ਕੀਮਤਿ ਲੱਛ ਦਰਬ ਕੀ ਜਾਂਹਿ।
ਹਯ ਮੰਗਵਾਵਤਿ ਭੇ ਤਬਿ ਪਾਹਿ ॥੨੫॥
ਭਏ ਅਰੂਢਨਿ ਕੀਨਸਿ ਪਯਾਨਾ।
ਸਨੈ ਸਨੈ ਗਮਨੇ ਬਲਵਾਨਾ।
ਸਭਿ ਸੈਨਾ ਚਲਿ ਆਇ ਅਗਾਊ।
ਮਿਲੇ ਨਮੋ ਕਰਿ ਉਰ ਧਰਿ ਭਾਊ ॥੨੬॥
ਪਹੁੰਚੇ ਸ਼੍ਰੀ ਅੰਮ੍ਰਿਤਸਰ ਤੀਰ।
ਮਿਲੀ ਆਇ ਗਨ ਸਿੱਖਨਿ ਭੀਰ।
ਬਹੁ ਉਤਸਵ ਕੋ ਸਕਲ ਕਰੰਤੇ।
ਸ਼ਬਦ ਗੁਰੂ ਕੇ ਮੁਖ ਉਚਰੰਤੇ ॥੨੭॥
ਜੁਗ ਪਦ ਪਦਮ ਸਦਨ ਸੁਖ ਕੇਰੇ।
ਬੰਦਹਿਂ ਸਤਿਗੁਰ ਕੇ ਹੁਇ ਨੇਰੇ।
ਜਾਇ ਸੁ ਪਹੁੰਚੇ ਤਖਤ ਅਕਾਲੰ।
ਉਤਰ ਪਰੇ ਤਿਸ ਥਾਨ ਕ੍ਰਿਪਾਲੰ ॥੨੮॥
ਧਰਿ ਪ੍ਰਸਾਦਿ ਅਰਦਾਸ ਕਰਾਈ।
ਪੁਨ ਸਭਿ ਕੌ ਦੀਨਸਿ ਬਰਤਾਈ।
ਬਹੁਰੋ ਗਏ ਦਰਸ਼ਨੀ ਪੌਰ।
ਨੰਮ੍ਰਿ ਭਏ ਸੋਢੀ ਸਿਰਮੌਰ ॥੨੯॥
ਪੁਨ ਪਹੁੰਚੇ ਦਰਬਾਰ ਅਗਾਰੀ।
ਸਨਮੁਖ ਹੋਇ ਬੰਦਨਾ ਧਾਰੀ।
ਕੀਨਿ ਪ੍ਰਕਰਮਾ ਫਿਰ ਚਹੁੰ ਬਾਰੀ।
ਦਰਸ਼ਨ ਦਰਸ ਪ੍ਰਮੋਦਤਿ ਭਾਰੀ ॥੩੦॥
ਗੰਗ ਮਾਤ ਕੇ ਸੇਵਕ ਆਏ।
ਮਿਲੇ ਧਾਇ ਕਰਿ ਸਿਖ ਸਮੁਦਾਏ।

[1]ਪਿੰਡ ਤੋਂ।

ਪਿਖ੍ਯੋ ਅਗਾਰੀ ਆਵਤਿ ਡੋਰਾ।
ਬੂਝਨਿ ਕਰ੍ਯੋ 'ਆਇ ਕਿਤ ਓਰਾ?'
॥੩੧॥
ਜੋ ਸਿੱਖ ਜਾਨਤਿ ਤਿਨਹਿ ਬਤਾਯਹੁ।
'ਇਹ ਡੋਰਾ ਸ਼੍ਰੀ ਸਤਿਗੁਰ ਲ੍ਯਾਯਹੁ।
ਕਾਜ਼ੀ ਕੀ ਤਨੁਜਾ ਬਡਭਾਗਨਿ।
ਗੁਰੁ ਤਨ ਸੌਂ ਹੋਈ ਅਨੁਰਾਗਨਿ†'
॥੩੨॥
ਧਾਇ ਗਏ ਸ਼੍ਰੀ ਗੰਗਾ ਪਾਸ।
ਸਰਬ ਬਾਰਤਾ ਕੀਨਿ ਪ੍ਰਕਾਸ਼।
ਸੁਨਤਿ ਮਾਤ ਨੇ ਰਿਸ ਉਪਜਾਈ।
-ਪੁੱਤ੍ਰ ਕਹਾਂ ਕਰਤੂਤ ਉਪਾਈ? -
॥੩੩॥
ਇਤਨੇ ਮਹਿਂ ਸ਼੍ਰੀ ਹਰਿ ਗੋਬਿੰਦ।
ਆਇ ਕਰੀ ਬੰਦਨ ਕਰ ਬੰਦਿ।
ਬਹੁ ਸਨੇਹ ਤੇ ਨਿਕਟਿ ਬਿਠਾਏ।
ਮਸਤਕ ਸੂੰਘਤਿ ਪਜਾਰ ਵਧਾਏ ॥੩੪॥
'ਸੁਨਹੁ ਪੁੱਤ੍ਰ ! ਇਹ ਕ੍ਯਾ ਤੁਮ ਕੀਨਾ?
ਜਿਸ ਤੇ ਸੁਜਸੁ ਹੋਇ ਜਗ ਹੀਨਾ।
ਤੁਮਰੋ ਉੱਤਮ ਬੰਸ ਬਿਸਾਲਾ।
ਕੌਨ ਕਰਹਿ ਇਸਿ ਭਾਂਤਿ ਕੁਚਾਲਾ
॥੩੫॥
ਸਭਿ ਤੇ ਬਡਿ ਸ਼੍ਰੀ ਨਾਨਕ ਗਾਦੀ।
ਤਿਸ ਪਰ ਤੁਮ ਥਿਤ ਨਿਤ ਅਹਿਲਾਦੀ।
ਅਪਨੀ ਕ੍ਯੋਂ ਨ ਪਿਖੀ ਬਡਿਆਈ।
ਕਹੈ ਕਹਾਂ ਸੰਗਤਿ ਸਮੁਦਾਈ ॥੩੬॥
ਬੇਦੀ ਤਿਹਣ ਜੁ ਭੱਲਜਨਿ ਬੰਸ।
ਕੁਲ ਸੋਢਿਨਿ ਸਭਿ ਕੋ ਅਵਿਤੰਸ਼।
ਕ੍ਯਾ ਨਹਿਂ ਨਿੰਦਾ ਕਰਹਿਂ ਤੁਮਾਰੀ।
ਮਹਾਂ ਅਨੁਚਿਤਿ ਰੀਤਿ ਜੋ ਧਾਰੀ ॥੩੭॥
ਪਿਤਾ ਤੁਮਾਰੋ ਸ਼ਾਂਤਿ ਸੁਭਾਊ।
ਪੀਰ ਮੀਰ ਰਾਖਹਿਂ ਜਿਨ ਭਾਊ।

†ਕਉਲਾਂ ਦੇ ਸੱਚੇ ਪ੍ਰੇਮ ਬਾਬਤ ਦੇਖੋ ਰਾਸ ੬ ਅੰਸੂ ੨੪ ਅੰਕ ੧੧ ਦੀ ਹੇਠਲੀ ਟੂਕ।

ਜਗ ਮਹਿਂ ਤੁਮ ਸਭਿ ਕੇ ਸਿਰਮੌਰ।
ਨਹੀਂ ਮਨਿੰਦ ਹੋਤਿ ਕੋ ਔਰਿ ॥੩੮॥
ਇਸ ਕੁਕਰਮ ਕੋ ਕੈਸੇ ਕੀਨਸਿ।
ਕਿਸ ਕੀ ਨਹੀਂ ਜਿਠਾਈ ਚੀਨਸਿ[1]।' [1]ਕਿਸੇ ਦੀ ਵਡਿਆਈ ਦਾ ਖਿਆਲ ਨਹੀਂ ਕੀਤਾ।
ਸ਼੍ਰੀ ਹਰਿ ਗੋਬਿੰਦ ਸੁਨਿ ਕਰਿ ਬੈਨ।
ਜਨਨੀ ਤੇ ਕਰਿ ਨੀਚੇ ਨੈਨ ॥੩੯॥
ਕਹਤਿ ਭਏ 'ਹਮਰੇ ਬਸਿ ਨਾਂਹੀ।
ਹੁਤੀ ਜਿ ਬਸੀ ਤੌਂ ਕਰਤੇ ਕਾਂਹੀ।
ਬਲੀ ਪੁਰਖ ਨੇ ਇਮ ਕਰਿਵਾਯੋ।
ਕਿਯ ਬਿਚਾਰ ਕੁਛ ਬਸਿ ਨ ਬਸਾਯੋ ॥੪੦॥
ਇਹ ਕਾਰਜ ਕੋ ਕੀਨਿ ਲਚਾਰ[1]। [1]ਇਹ ਕਾਜ ਮਜਬੂਰੀ ਨਾਲ ਕੀਤਾ ਹੈ।
ਬਹੁ ਅਸਮੰਜਸ ਰਹੇ ਬਿਚਾਰ[1]।' [1]ਇਸ) ਅਣਬਣ ਨੂੰ ਬੜਾ ਵਿਚਾਰਦੇ ਰਹੇ ਹਾਂ।
ਇਮ ਕਹਿ ਤੂਸ਼ਨਿ ਹੁਇ ਚਲਿ ਆਏ।
ਪੁਨ ਡੋਰਾ ਮਹਿਲੀਂ ਪਹੁੰਚਾਏ* ॥੪੧॥
ਗੰਗ ਬਿਲੋਕਤਿ ਰਿਸ ਉਪਜਾਈ।
'ਇਸ ਕੋ ਮੇਲ ਨਹੀਂ ਇਸ ਥਾਈਂ।
ਮਹਾਂ ਕੁਜਸੁ ਇਹ ਕੋ ਘਰ ਰਾਖੇ।
ਚਲੀ ਜਾਹਿ ਜਿਤ ਹ੍ਵੈ ਅਭਿਲਾਖੇ' ॥੪੨॥
ਸ਼੍ਰੀ ਗੰਗਾ ਨੇ ਦੀਨਿ ਜਬਾਬ।
ਸੁਧਿ ਆਈ ਗੁਰ ਨਿਕਟਿ ਸ਼ਿਤਾਬ।
ਪੈੜਾ ਦੇਖਜੋ ਖਰੋ ਅਗਾਰੀ।
ਕਰਿ ਸਮੀਪ ਕੋ ਗਿਰਾ ਉਚਾਰੀ ॥੪੩॥
'ਦੱਖਣ ਦਿਸ਼ਿ ਸ਼੍ਰੀ ਅੰਮ੍ਰਿਤਸਰ ਤੇ।
ਪਿਖਹੁ ਸੁਥਲ ਸਮੀਪ ਬਟ ਤਰ ਤੇ[1]। [1]ਬੋਹੜ ਬ੍ਰਿੱਛ ਦੇ ਨੇੜੇ।
ਤਹਿਂ ਤੰਬੂ ਕੋ ਦਿਹੁ ਲਗਵਾਇ।
ਡੋਰੇ ਕਹੁ ਡੇਰਾ ਕਰਿਵਾਇ ॥੪੪॥
ਹੋਤਿ ਪ੍ਰਾਤਿ ਕਾਰੀਗਰ ਗਨ ਕੋ।
ਦਿਹੁ ਲਗਾਇ ਕਰਿ ਲੇਹਿਂ ਸਦਨ ਕੋ।
ਤੂਰਨ ਬਨਹਿ ਬਿਲਮ ਹੁਇ ਨਾਂਹੀ।
ਸਰਬ ਵਸਤੁ ਪਹੁੰਚਵਾਹੁ ਪਾਹੀ ॥੪੫॥
ਇਸਤ੍ਰੀ ਕਿਤਿਕ ਨਿਕਟ ਤਿਸ ਰਹੈਂ।

ਹੁਇ ਅਨੁਸਾਰਿ ਕਰਹਿਂ ਜਿਮ ਕਹੈਂ।'
ਹੁਕਮ ਪਾਇ ਕਰਿ ਤੂਰਨ ਗਯੋ।
ਕਾਜ ਜਥੋਚਿਤ ਕਰਤਿ ਸੁ ਭਯੋ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਆਵਨ' ਪ੍ਰਸੰਗ ਬਰਨਨੰ ਨਾਮ ਦੋਇ ਬਿਸੰਤੀ ਅੰਸੂ ॥੨੨॥

੨੩. [ਕਾਜ਼ੀ ਧਨ ਲੈਣ ਸੁਧਾਸਰ ਆਇਆ]

੨੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਸ਼੍ਰੀ ਗੁਰ ਬਾਸੇ ਮਹਿਲ ਨਿਜ, ਖਾਨ ਪਾਨ
ਸ਼ੁਭ ਕੀਨਿ।
ਰਾਮਦਾਸ ਪੁਰਿ ਮਹਿਂ ਮਹਾਂ, ਉਤਸਵ ਕਰਿ
ਸੁਖ ਭੀਨਿ ॥੧॥

ਚੌਪਈ:

ਦੀਪਮਾਲਕਾ ਜਹਿਂ ਕਹਿਂ ਹੋਈ।
ਘਰ ਘਰ ਹਰਖਤਿ ਹੁਇ ਸਭਿ ਕੋਈ।
ਗੁਰੂ ਸਰਾਹਤਿ ਆਪਸ ਮਾਂਹੂ।
'ਡੀਲ ਬਿਲੰਦ, ਕਰੀ ਕਰ ਬਾਹੂ[1] ॥੨॥
ਮੁਖ ਮਯੰਕ ਸੁੰਦਰ ਅਕਲੰਕਾ।
ਬਨ੍ਯੋ ਬਨਾਉ ਬੀਰ ਬਰ ਬੰਕਾ।'
ਕੇਚਿਤ ਕਹਹਿ 'ਸੋਹਿਂ ਸੋਂ ਬੋਲੇ।
ਮੁਸਕਾਵਤਿ ਪਿਖਿ ਦਸਨ ਅਮੋਲੇ' ॥੩॥
'ਬੂਝੀ ਕੁਸ਼ਲ ਮੋਹਿ' ਕਹਿ ਕੋਈ।
ਕਹਿ ਕੋ 'ਕ੍ਰਿਪਾ ਦ੍ਰਿਸ਼ਟਿ ਮੁਝ ਹੋਈ।'
ਕੇਚਿਤ ਕਹੈਂ 'ਬਿਸਾਲ ਸੁਸ਼ੀਲ।'
ਬਰਨਹਿ ਕੋ 'ਬਿਲੰਦ ਬਰ ਡੀਲ' ॥੪॥
ਦੀਪਕ ਬਾਰੇ ਊਚ ਅਟਾਰਨਿ।
ਸਦਨ ਸਦਨ ਕੇ ਸੁੰਦਰ ਦ੍ਵਾਰਨਿ।
'ਬਹੁ ਦਿਵਸਨਿ ਮਹਿਂ[1] ਬਸੇ ਅਵਾਸ।
ਜਹਾਂਗੀਰ ਲੇ ਗਮਨ੍ਯੋ ਪਾਸ' ॥੫॥
ਪੁਰਿ ਜਨ ਇਸ ਪ੍ਰਕਾਰ ਬਹੁ ਰੀਤਿ।
ਕਰਹਿਂ ਸੁਜਸੁ ਕੋ ਉਰ ਧਰਿ ਪ੍ਰੀਤ।
ਬੀਚ ਬਜ਼ਾਰਨਿ ਦੀਪਕ ਬਾਰੇ।
ਬਹੁ ਰਵਣਕ[1] ਹੋਈ ਪੁਰਿ ਸਾਰੇ ॥੬॥
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭੋਰ ਭਈ ਉਠਿ ਕਰਿ ਸਮੁਦਾਈ।
ਸੌਚ ਸੁ ਮੱਜਨ ਕਰਿ ਕਰਿ ਸਾਰੇ।
ਸ਼੍ਰੀ ਹਰਿ ਗੋਵਿੰਦ ਰੂਪ ਨਿਹਾਰੇ ॥੭॥

[1]ਬਾਹਾਂ ਹਾਥੀ ਦੀ ਸੁੰਡ ਵਤ।

[1]ਪਿੱਛੋਂ।

[1]ਰੌਣਕ।

ਸਭਿ ਸੰਗਤਿ ਕੋ ਦਰਸ਼ਨ ਦੇਤਿ।
ਮਨ ਬਾਂਛਤਿ ਫਲ ਗੁਰ ਤੇ ਲੇਤਿ।
ਬਜਹਿਂ ਰਬਾਬ ਮ੍ਰਿਦੰਗ ਸੁਹਾਏ।
ਗਾਵਹਿਂ ਸ਼ਬਦ ਰਾਗ ਸਮੁਦਾਏ ॥੮॥
ਪੰਚਾਂਮ੍ਰਿਤ ਕਰਿ ਕਰਿ ਬਹੁ ਆਨਹਿਂ।
ਖਰੇ ਹੋਇ ਅਰਦਾਸ ਬਖਾਨਹਿਂ।
ਜਾਮ ਚਢੇ ਦਿਨ ਅਚਵਿ ਅਹਾਰ।
ਪੁਨ ਪ੍ਰਯੰਕ ਪੌਢੇ ਸਖ ਧਾਰ ॥੯॥
ਸਤਿਗੁਰ ਉਠੇ ਮੰਗਾਇ ਤੁਰੰਗ।
ਭਏ ਅਰੂਢਨਿ ਕੁਛ ਭਟ ਸੰਗ।
ਬਾਜ ਲਿਏ ਹਿਤ ਕਰਨਿ ਅਖੇਰ।
ਨੇਰ ਨੇਰ ਫਿਰ ਕਰਿ ਤਹਿਂ† ਹੇਰਿ ॥੧੦॥ †ਪਾ:—ਤਰੁ।
ਉਤ ਕਾਜ਼ੀ ਕੀ ਸੁਨੀਯਹਿ ਬਾਤ।
ਉਠਤਿ ਭਯੋ ਸੁ ਪ੍ਰਕਾਸ਼ੇ ਪ੍ਰਾਤ[1]। [1]ਸਵੇਰ ਹੋਏ ਤੇ।
ਘਰ ਕੀ ਸੁਧਿ ਕੁਛ ਨਹਿਂ ਤਿਸ ਕਾਲਾ।
ਉਠਤਿ ਮੂਢ ਕਾਰਜ ਕੋ ਚਾਲਾ ॥੧੧॥
ਕਿਸ ਉਮਰਾਵ ਨਿਕਟਿ ਥੋ ਜਾਨਾ।
ਤਜਿ ਸੋਵਨਿ ਥਲ ਕੀਨਿ ਪਯਾਨਾ।
ਆਇ ਬਰੋਬਰ ਜਬਿ ਗੁਰ ਡੇਰੇ।
ਨਰ ਗਨ ਫਿਰਤੇ ਤਹਾਂ ਨ ਹੇਰੇ ॥੧੨॥
ਸੰਸੈ ਕਰਯੋ -ਸੁਪਤਿ ਕਜਾ ਅਬਿ ਲੌਂ?
ਨਿਸ਼ਚੈ ਹੋਹਿ ਨ ਹੇਰਹਿਂ ਜਬਿ ਲੌਂ-।
ਥਿਰ ਹੁਇ ਆਛੀ ਰੀਤਿ ਨਿਹਾਰਾ।
ਜਾਨਯੋ ਮਨ ਮਹਿਂ -ਗੁਰੂ ਸਿਧਾਰਾ ॥੧੩॥
ਤਜਿ ਮਗ ਕੋ ਡੇਰੇ ਮਹਿਂ ਗਇਊ।
ਇਕ ਤੰਬੂ ਥਿਰ[1] ਦੇਖਤਿ ਭਇਊ। [1]ਖਲੋਤਾ।
ਦਲਕਯੋ ਰਿਦਾ ਚਿੰਤ ਦੁਖ ਭਾਰਾ।
-ਧਨ ਗਨ ਲੇ ਮਮ ਗੁਰੂ ਪਧਾਰਾ ॥੧੪॥
ਹੁਕਮ ਸ਼ਾਹੁ ਨੇ ਕੀਨਿ ਦਿਵਾਵਨਿ।
ਸੋ ਕਿਨ ਕੀਨਹੁ ਇਨਹਿਂ ਸੁਨਾਵਨਿ।
ਗਏ ਭਾਗ ਦੇਨੋ ਧਨ ਪਰੈ।
ਬਲ ਤੇ ਸ਼ਾਹੁ ਦਿਵਾਵਨਿ ਕਰੈ ॥੧੫॥

ਹੁਇ ਹੈਂ ਸ਼੍ਰੀ ਅੰਮ੍ਰਿਤਸਰ ਗਏ।
ਅਪਨੇ ਸਦਨ ਪਹੂੰਚਤਿ ਭਏ।
ਹੋਇ ਨ ਅਸ ਤਹਿਂ ਤੇ ਚਲਿ ਜਾਂਹੀ।
ਬਹੁਰ ਦਰਬ ਪ੍ਰਾਪਤਿ ਹ੍ਵੈ ਨਾਂਹੀ ॥੧੬॥
ਜੰਗਲ ਦੇਸ਼ ਜਹਾਂ ਨਹਿਂ ਪਾਨੀ।
ਬਿਗਰ ਪਰਹਿਂ, ਪਹੁੰਚਹਿਂ ਤਿਸ ਥਾਨੀ।
ਤਹਾਂ ਨ ਤ੍ਰਾਸ ਸ਼ਾਹੁ ਕੋ ਹੋਇ।
ਜਲ ਬਿਨ ਸੈਨ ਜਾਇ ਨਹਿਂ ਕੋਇ ॥੧੭॥
ਯਾਂ ਤੇ ਉਚਿਤ ਮੋਹ ਕੋ ਜਾਨਾ।
ਮਿਲੌਂ ਲੇਹੁਂ ਧਨ ਅਬਿ ਤਿਸ ਥਾਨਾ।
ਜੇ ਬਲ ਕਰਹਿਂ ਨ ਦੇਵੈਂ ਸੋਇ।
ਆਇ ਸ਼ਾਹੁ ਢਿਗ ਕਹਿਬੋ ਹੋਇ ॥੧੮॥
ਸੈਨਾ ਲੈਕੇ ਬਹੁਰ ਸਿਧਾਵੌਂ।
ਸ਼ਾਹੁ ਹੁਕਮ ਬਲ ਤੇ ਸਭਿ ਲਜਾਵੋਂ-।
ਇਮ ਗਿਨ ਕੈ ਮਨ ਗਯੋ ਤਬੇਲੇ।
ਜ਼ੀਨ ਤੁਰੰਗ ਪਰ ਤੂਰਨ ਮੇਲੇ ॥੧੯॥
ਏਕ ਨਫਰ ਲੈ ਸੰਗਿ ਸਿਧਾਰਾ।
ਸੁਧਿ[1] ਬੂਝਤਿ 'ਗੁਰੁ ਨਗਰਿ ਮਝਾਰਾ[2]?

[1]ਜਾਪਦਾ ਹੈ ਕਿ ਕਾਜ਼ੀ ਇਕ ਰਾਤ ਰਸਤੇ ਵਿਚ ਰਿਹਾ ਹੈ ਤੇ ਅਗਲੇ ਦਿਨ ਰਾਹੀਆਂ ਤੋਂ ਪੁੱਛਦਾ ਹੈ। [2]ਕੀ ਗੁਰੂ ਜੀ ਅੰਮ੍ਰਿਤਸਰ ਹੀ ਹਨ?

ਸੁਨਤਿ ਮਾਰਗੀ[1] ਦੇਤਿ ਬਤਾਇ।
'ਸਤਿਗੁਰ ਸਦਨ ਬਿਰਾਜੇ ਜਾਇ ॥੨੦॥

[1]ਰਾਹੀ।

ਉਤਸਵ ਆਦਿਕ ਦੀਪਕ ਮਾਲਾ।
ਛੁਟੀ ਤੁਫੰਗੈਂ ਸ਼ਲਖ[1] ਬਿਸਾਲਾ।

[1]ਬੰਦੂਕਾਂ ਦਾ ਇਕ ਵਾਰਗੀ ਹੀ ਚੱਲਣਾ। [ਤੁ: ਸ਼ਲਕ਼]

ਸੰਗਤਿ ਆਵਤਿ ਜਾਤਿ ਅਨੇਕ।
ਸੁਜਸੁ ਕਰਤਿ ਬਹੁ ਜਲਧਿ ਬਿਬੇਕ' ॥੨੧॥
ਸੁਨਿ ਕਾਜ਼ੀ ਉਰ ਨਿਸ਼ਚੈ ਆਵਤਿ।
-ਨਿਜ ਪੁਰਿ ਘਰ ਤਜਿ ਕਰਿ ਕਿਮ ਜਾਵਤਿ।
ਇਹਾਂ ਰਹਤਿ ਧਨ ਰਹਹਿ ਨ ਮੋਰਾ।
ਲੇਵੋਂ ਭਲੇ ਪਾਇ ਕਰਿ ਜੋਰਾ ॥੨੨॥
ਬਿਗਰਜੋ ਬ੍ਰਿਧ ਦਿਵਾਨ[1] ਮੁਝ ਸੰਗ।

[1]ਭਾਵ, ਭਾਈ ਬੁੱਢਾ।

ਸੋ ਕਹਿ ਕਰਹਿ ਨ ਕਛੂ ਕੁਢੰਗ।
ਦੇਹਿ ਸੁਖੇਨ ਤਊ ਰਸ ਰਹੈ।
ਨਤੁਰ ਬਿਰਸ, ਬਿਗਰਯੋ ਹੀ ਅਹੈ[1]- ॥੨੩॥
ਇਮ ਚਿਤਵਤਿ ਚਿਤ ਚਿੰਤਾ ਸੰਗ।
ਮੂਰਖ ਲਖਹਿ ਨ ਭਯੋ ਕੁਢੰਗ।
ਪਹੁੰਚਯੋ ਰਾਮਦਾਸਪੁਰਿ ਆਇ।
ਸੁੰਦਰ ਸਦਨ ਸ਼ੁਭਤਿ ਸਮੁਦਾਇ ॥੨੪॥
ਤਿਤ ਦਿਸ਼ਿ ਗੁਰੂ ਅਖੇਰ ਸਿਧਾਰੇ।
ਨਿਰਖੇ[1] ਹਯ ਪਰ ਹੈਂ ਭੁਜ ਭਾਰੇ।
ਦੇਖਿ ਦੂਰ ਤੇ ਹਰਖਤਿ ਹੋਹੀ।
ਲਖਯੋ -ਖ਼ੁਦਾਇ ਮਦਤ ਬਹੁ ਮੋਹੀ ॥੨੫॥
ਹੁਤੋ ਨਗਰ ਮਹਿਂ ਸਦਨ ਪ੍ਰਵੇਸ਼ਾ[1]।
ਹੋਤਿ ਮਿਲਿਨਿ ਮਹਿਂ ਬਿਲਮ ਬਿਸੇਸ਼ਾ।
ਵਹਿਰ ਤੁਰਤ ਹੀ ਕਹਿਬੋ ਹੋਇ।
ਦੇਤਿ ਕਿ ਨਹੀਂ, ਪਰਖ ਹੈਂ ਸੋਇ- ॥੨੬॥
ਗਯੋ ਨਿਕਟ ਝੁਕਿ ਕਰੀ ਸਲਾਮੂ।
ਟਿਕੇ[1], ਗਏ ਮਿਲਿ ਸੁਭਟ ਤਮਾਮੂ।
'ਕਾਜ਼ੀ ! ਆਉ' ਕਹੀ ਗੁਰ ਬਾਨੀ।
'ਆਵਨਿ ਇਤਹਿ ਸ਼ੀਘ੍ਰਤਾ ਠਾਨੀ ॥੨੭॥
ਲਖੀਯਤਿ ਦਰਬ ਹੇਤੁ ਕਰਿ ਧਾਏ।
ਆਛੀ ਕਰੀ ਤੁਰਤ ਚਲਿ ਆਏ।'
ਸੁਨਿ ਕਾਜ਼ੀ ਬੋਲਯੋ ਹਰਖਾਨਾ।
'ਆਪ ਅਚਾਨਕ ਕੀਨਸਿ ਪਯਾਨਾ ॥੨੮॥
ਇਕ ਤੇ ਲਰਯੋ ਦਿਵਾਨ ਤੁਮਾਰਾ।
ਬਿਨ ਸੁਧਿ ਆਪ ਭਏ ਅਸਵਾਰਾ।
ਥਿਰਯੋ ਨ ਗਯੋ ਰਿਦੇ ਧ੍ਰਿਤ ਧਰਿ ਕੈ।
ਯਾਂ ਤੇ ਆਯੋ ਤੂਰਨ ਕਰਿ ਕੈ ॥੨੯॥
ਆਜ ਕਾਲ ਕਰਤੇ ਦਿਨ ਬੀਤੇ।
ਬਿਨਾਂ ਲਿਏ ਕਿਮ ਆਇ ਪ੍ਰਤੀਤੇ।'
ਸ਼੍ਰੀ ਹਰਿਗੋਬਿੰਦ ਪਰਖਨਿ ਠਾਨਾ।

[1] ਨਹੀਂ ਤਾਂ ਬੇਰਸੀ ਹੋਵੇਗੀ, ਕਿਉਂਕਿ ਉਹ ਤਾਂ ਬਿਗੜਿਆ ਹੋਇਆ ਹੈ (ਮੇਰੇ ਨਾਲ)।
[1] ਦੇਖੋ।
[1] ਜੇ ਘਰ ਵਿਚ ਵੜੇ ਹੋਏ ਹੁੰਦੇ।
[1] ਠਹਿਰੇ।

-ਸੁਤਾ ਪ੍ਰਸੰਗ ਨ ਲਖ੍ਯੋ ਅਜਾਨਾ-
॥੩੦॥
ਸਭਿ ਸੁਭਟਨਿ ਭੀ ਜਾਨ੍ਯੋ ਐਸੇ।
ਦੁਹਿਤਾ ਬਾਤ ਨ ਜਾਨੀ ਕੈਸੇ।
ਸਾਦਰ ਸਤਿਗੁਰ ਤਬਹਿ ਬਖਾਨਾ।
'ਲਿਹੁ ਅਪਨੋ ਧਨ ਜੇਤਿਕ ਜਾਨਾ ॥੩੧॥
ਰਹਹੁ ਰੈਨਿ ਕਹੁ ਪ੍ਰਾਤ ਸਿਧਾਵਹੁ।
ਧਨ ਕੀ ਹੁੰਡੀ ਲਿਖਿ ਲੇ ਜਾਵਹੁ।'
ਲਏ ਸੰਗ ਗੁਰ ਪੁਰਿ ਕੋ ਮੁਰੇ।
ਗਮਨ ਕੀਨਿ ਕੇਤਿਕ ਜਬਿ ਉਰੇ ॥੩੨॥
ਇਕ ਸੇਵਕ ਕੋ ਨਿਕਟਿ ਹਕਾਰ੍ਯੋ।
ਸਹਜ ਕਰਨਿ ਮਹਿਂ[1] ਬਾਕ ਉਚਾਰ੍ਯੋ।
'ਤੂਰਨ ਹਮ ਤੇ ਜਾਹੁ ਅਗਾਰੀ।
ਦਿਹੁ ਸੁਧਿ ਕੌਲਾਂ ਪਾਸ ਉਚਾਰੀ ॥੩੩॥
-ਲਵਪੁਰਿ ਤੇ ਆਯਹੁ ਪਿਤ ਤੇਰੋ।
ਕੀਜਹਿ ਤ੍ਯਾਰ ਅਹਾਰ ਘਨੇਰੋ।
ਹਮ ਭੇਜਹਿਂ ਤੁਵ ਨਿਕਟ ਨਿਹਾਰ।
ਅਪਨੇ ਹਾਥ ਪਰੋਸਹੁ ਥਾਰ ॥੩੪॥
ਹਾਂਕਿ ਪੌਨ ਠਾਨਹੁ ਸਨਮਾਨਾ।
ਬੈਠਿ ਸਮੀਪ ਖੁਲਾਵਹੁ ਖਾਨਾ-।'
ਸੁਨਤਿ ਸਊਰ[1] ਧਵਾਯਹੁ ਘੋਰਾ।
ਤੂਰਨ ਗਮਨ੍ਯੋ ਤਿਸ ਘਰ ਓਰਾ ॥੩੫॥
ਦਾਸੀ ਕੋ ਹਕਾਰ ਕਰਿ ਭਾਖਾ।
'ਕਹੁ ਮਾਤਾ ਸੰਗ ਇਮ ਗੁਰ ਕਾਂਖਾ।
-ਤੋਰ ਪਿਤਾ ਲਵਪੁਰਿ ਤੇ ਆਯਹੁ।
ਦਿਹੁ[†] ਅਹਾਰ ਢਿਗ ਬੈਠਿ ਖੁਲਾਯਹੁ-'
॥੩੬॥
ਗੁਰੁ ਕੀ ਕਹਿਵਤਿ ਸਕਲ ਸੁਨਾਈ।
ਉਰ ਅਨੰਦ ਸਭਿ ਤਥਾ ਬਨਾਈ।
ਮਧੁਰ ਸਲਵਣ ਅਨੇਕ ਪ੍ਰਕਾਰਾ।
ਬਹੁ ਸ੍ਵਾਦਲ ਕਰਿ ਤ੍ਯਾਰਿ ਅਹਾਰਾ
॥੩੭॥

[1]ਹੌਲੇ ਜਿਹੇ ਕੰਨ ਵਿਚ।

[1]ਅਸਵਾਰ।

[†]ਪਾ:—ਤਿਹ।

ਗੁਰੁ ਆਇਸੁ ਅਰੁ ਨਿਜ ਪਿਤ ਜਾਨਾ।
ਯਾਂ ਤੇ ਭਲੀ ਭਾਂਤਿ ਸਭਿ ਠਾਨਾ।
ਸਤਿਗੁਰ ਆਏ ਲਾਇ ਦਿਵਾਨ।
ਬੈਠੇ ਸਿੱਖ ਸੁਭਟ ਗਨ ਆਨਿ ॥ ੩੮ ॥
ਕਾਜ਼ੀ ਕੋ ਨਿਜ ਨਿਕਟ ਬਿਠਾਯੋ।
ਸਾਦਰ ਧਨ ਕੋ ਦੇਨਿ ਅਲਾਯੋ।
'ਖਾਯੋ ਕੈ ਨਹਿਂ ਮਗ ਮਹਿਂ ਖਾਨਾ?
ਕਿਧੌਂ ਨ ਉਤਰੇ ਕਿਸ ਹੂੰ ਥਾਨਾ?'
॥ ੩੯ ॥
ਕਾਜ਼ੀ ਕਹ੍ਯੋ 'ਬਨਹਿ ਇਕ ਕਾਲ[1]।
ਮਾਰਗ ਚਲਿਬੇ ਜਤਨ ਬਿਸਾਲ।
ਅਬਿ ਤਯਾਰ ਕਰਿ ਕੈ ਅਚਿ ਲੈ ਹੈਂ।
ਏਕ ਨਿਸਾ ਤੁਮ ਨਿਕਟ ਰਹੈ ਹੈਂ' ॥ ੪੦ ॥
ਤਬਿ ਸ਼੍ਰੀ ਹਰਿ ਗੋਬਿੰਦ ਉਚਾਰਾ।
'ਪ੍ਰਥਮ ਪਠ੍ਯੋ ਕਹਿ[1], ਭਯੋ ਸੁ ਤ੍ਯਾਰਾ।
ਅਹੋ ਛੁਧਤਿ[1] ਲਿਹੁ ਖਾਨਾ ਖਾਇ।
ਤੁਰਕ ਮੇਲ ਅਪਨੇ ਮਹਿਂ ਜਾਇ' ॥ ੪੧ ॥
ਇਕ ਸੇਵਕ ਸੋਂ ਸਹਿਜ[1] ਸੁਨਾਯਹੁ।
'ਕਾਜ਼ੀ ਕੋ ਨਿਜ ਸੰਗ ਲਿਜਾਯਹੁ।
ਕੌਲਾਂ ਕੇ ਗ੍ਰਿਹ[†] ਦਿਹੁ ਪਹੁੰਚਾਇ।
ਸੋ ਇਸ ਖਾਨਾ ਦੇਹਿ ਖੁਲਾਇ' ॥ ੪੨ ॥
ਸੁਨਿ ਗੁਰ ਕੇ ਕਾਜ਼ੀ ਸੰਗ ਲੀਨਿ।
ਉਠ੍ਯੋ ਨਫਰ ਜੁਤਿ ਛੁਧਾ ਅਧੀਨ।
ਤਿਸ ਤਨੁਜਾ ਕੇ ਥਾਨ ਪੁਚਾਯੋ।
ਆਗੇ ਪਿਖ੍ਯੋ ਪ੍ਰਯੰਕ ਡਸਾਯੋ ॥ ੪੩ ॥
ਤਹਿਂ ਦਾਸੀ ਨੇ ਆਨਿ ਬਿਠਾਵਾ।
ਪਿਖਿ ਥਲ ਕੋ ਕਾਜ਼ੀ ਹਰਖਾਵਾ।
-ਕਿਸੀ ਤੁਰਕ ਕੋ ਸਦਨ[+]-ਪਛਾਨਾ।
-ਕਰਿਵਾਯਹੁ ਗੁਰ ਮੁਝ ਹਿਤ ਖਾਨਾ-
॥ ੪੪ ॥

[1]ਕੱਲ ਇਕ (ਡੰਗ ਖਾਣਾ) ਬਣਿਆਂ ਸੀ।

[1]ਕਹਿ ਘੱਲਿਆ ਸੀ (ਖਾਣਾ ਤਿਆਰ ਕਰੋ)।

[1]ਭੁੱਖੇ ਹੋ।

[1]ਹੌਲੀ ਜੇਹੀ।

[†]ਪਿਛਲੇ ਅੰਸੂ ਦੇ ਅੰਕ ੪੫ ਮੂਜਬ ਤਾਂ ਇਸ ਵੇਲੇ ਕਾਰੀਗਰ ਉਸਾਰੀ ਵਾਲੇ ਪੁੱਜੇ ਹੋਣਗੇ, ਗ੍ਰਿਹ ਤੇ ਸਦਨ ਕਿੱਥੋਂ ਆ ਗਏ?

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਪ੍ਰਸੰਗ' ਬਰਨਨੰ ਨਾਮ ਤ੍ਰੈਬਿੰਸਤੀ ਅੰਸੂ ॥੨੩॥

੨੪. [ਕਾਜ਼ੀ ਗੁੱਸੇ ਹੋ ਵਾਪਸ ਲਾਹੌਰ ਗਿਆ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:
ਕਾਜ਼ੀ ਸਥਿਤਿ ਪ੍ਰਯੰਕ ਪਰ,
ਤਰੇ ਨਫਰ ਬੈਠਾਇ।
ਕੌਲਾਂ ਕੋ ਤਬਿ ਸੁਧਿ ਕਰੀ,
ਦਾਸੀ ਅੰਤਰ ਜਾਇ ॥੧॥
ਚੌਪਈ:
ਭਾਂਤਿ ਭਾਂਤਿ ਕੇ ਤਜਾਰ ਅਹਾਰ।
ਕਰਿ ਚਤੁਰਈ ਪਰੋਸਜੋ ਥਾਰ।
ਕਰ ਦਾਸੀ ਕੇ ਪ੍ਰਥਮ ਪਠਾਯੋ।
ਪਿਖਿ ਕਾਜ਼ੀ ਨੇ ਹਰਖ ਉਪਾਯੋ ॥੨॥
ਆਗੈ ਕੀਨਸਿ ਥਾਰ ਰਖਾਵਨਿ।
ਹੁਤੋ ਛੁਧਿਤਿ ਸੋ ਲਾਗਜੋ ਖਾਵਨਿ।
ਕੇਤਿਕ ਖਾਇ ਲੀਨਿ ਜਬਿ ਖਾਨਾ।
ਆਛੀ ਬਿਧਿ ਸੋਂ ਨਹਿਂ ਤ੍ਰਿਪਤਾਨਾ ॥੩॥
-ਉਠਹਿ ਨ ਛੁਧਿਤਿ- ਜਾਨਿ ਮਨ ਮਾਹੀ।
ਪੁਨ ਕੌਲਾਂ ਆਵਨਿ ਕੌ ਚਾਹੀ।
ਭੋਜਨ ਕੁਛਕ ਹਾਥ ਮੈਂ ਧਾਰਾ।
ਚਲੀ ਹੋਤਿ ਭੂਖਨ ਝੁਨਕਾਰਾ ॥੪॥
ਕਾਜ਼ੀ ਮੂਢ ਹੇਰਿ ਅਭਿਰਾਮੂ।
ਮਨ ਮਹਿਂ ਕਹੈ -ਆਇ ਕੋ ਬਾਮੂ।
ਬਸਤ੍ਰ ਬਿਭੂਖਨ ਮੋਲ ਬਿਸਾਲੇ।
ਨਾਦਤਿ ਕਰਹਿਂ ਸਦਨ ਜਬਿ ਚਾਲੇ- ॥੫॥
ਨੀਚੇ ਨਯਨ ਕਰੇ ਚਲਿ ਆਈ।
ਕਾਜ਼ੀ ਨੇ ਉਤ ਦ੍ਰਿਸ਼ਟਿ ਲਗਾਈ।
ਨਿਕਟ ਆਨਿ ਜਬਿ ਸਨਮੁਖ ਹੇਰਾ।
'ਬਾਵਾ ਜੀ[1] !' ਸਲਾਮ ਲਿਹੁ ਮੇਰਾ' ॥੬॥ [1]ਪਿਤਾ ਜੀ !
ਪਿਖਤਿ ਸੁਨਤਿ ਜਬਿ ਪਰਖਨਿ ਠਾਨੀ।
ਮੂਰਖ ਬੂਡ ਗਯੋ ਬਿਨ ਪਾਨੀ।
ਇਹ ਤਨੁਜਾ ਕਿਤ ਕੋ ਚਲਿ ਆਈ।
ਗ਼ਰਕ ਹੋਨਿ ਛਿਤਿ ਛਿੱਦ੍ਰ[1] ਨ ਪਾਈ ॥੭॥ [1]ਗ਼ਰਕ ਹੋਣ ਨੂੰ ਪ੍ਰਿਥਵੀ ਵਿਚ ਛੇਕ ਨਾ ਲੱਭੇ।

ਥਿਰਜੋ, ਗ੍ਰਾਸ[1] ਕੋ ਹਾਥ ਨ ਹਾਲਾ।
ਨਹੀ ਖਾਨ ਕੇ ਹਿਤ ਮੁਖੁ ਚਾਲਾ।
ਅੰਤਰ ਅੰਨ ਨ ਸਕਹਿ ਲੰਘਾਈ।
ਭਯੋ ਸੋਚ ਬਸਿ ਬਾਹਰ ਆਈ ॥ ੮ ॥
ਕੁਛਕ ਨੀਰ ਸੋਂ ਹਾਥ ਪਖਾਰੇ।
ਕਰਕਤਿ ਸਰ ਛਾਤੀ ਜਨੁ ਮਾਰੇ।
ਬਿਸਰਿ ਗਈ ਸੁਧਿ ਤਨ ਅਰੁ ਮਨ ਕੀ।
ਕਹਾਂ ਬਾਤ ਲੈਬੇ ਨਿਜ ਧਨ ਕੀ ॥ ੯ ॥
ਚੱਕ੍ਰਿਤ ਹੋਇ ਗਟੀ ਉਰ ਗਿਨੈ।
-ਅਬਿ ਮੋ ਕੋ ਕਰਤਬ ਕਜਾ ਬਨੈ-।
ਉਠਨਿ ਹੇਤ ਕੋ ਤਨ ਉਕਸਾਵਾ।
ਕੌਲਾਂ ਕਹੈ 'ਰਿਸਜੋ ਕਿਮ ਬਾਵਾ? ॥ ੧੦ ॥
ਖਾਨਾ ਖਾਹੁ ਦਰਬ ਨਿਜ ਲੇਹੂ।
ਹੋਤਿ ਪ੍ਰਾਤ ਕੇ ਗਮਨਹੁ ਗ੍ਰੇਹੂ।'
ਚੀਰਾ ਚਰਮ[1] ਲਵਣ ਜਨੁ ਡਾਲਾ।
ਬਿਖ ਸਮ ਬੋਲਜੋ ਨਿਠੁਰ ਬਿਸਾਲਾ ॥ ੧੧ ॥
'ਹੇ ਖ਼ੁਦਾਇ ਮਾਰੀ! ਕਜਾ ਕਰੀ?
ਜਨਮਤਿ ਕਜੋਂ ਨ ਪ੍ਰਥਮ ਹੀ ਮਰੀ।
ਅਜਹੂੰ ਬੋਲਤਿ ਨਿਡਰ ਨਿਲਾਜਾ।
ਗਈ ਆਬਰੋ ਦੀਰਘ ਆਜਾ' ॥ ੧੨ ॥
[1] 'ਸੁਨੀਅਹਿ ਪਿਤਾ! ਖ਼ੁਦਾਇ ਨ ਮਾਰੀ।
ਭਾ ਸਹਾਇ ਭਵ ਸਾਗਰ ਤਾਰੀ[1]।
ਧੰਨ ਆਪ ਕੋ ਮਾਨਿ ਅਨੰਦਹੁ[1]।
ਪਰਵਦਗਾਰ ਬੰਦਿ ਕਰ ਬੰਦਹੁ ॥ ੧੩ ॥
ਇਮ ਸਬੰਧ ਕਾਦਰ ਨੇ ਕੀਨਿ।
ਪੀਰਨ ਪੀਰ ਆਸਰਾ ਦੀਨਿ।
ਜਿਸ ਕੋ ਜ਼ਾਹਰ ਜਗਤ ਜ਼ਹੂਰਾ[1]।
ਹਿੰਦੁ ਤੁਰਕ ਜਿਸ ਕਹਿਂ -ਗੁਰੁ ਪੂਰਾ-
॥ ੧੪ ॥
ਮੈਂ ਤੋ ਤਰੀ, ਪਰੀ ਸ਼ਰਨਾਈ।
ਨਿਕਸੀ ਨਰਕ, ਸੁਰਗ ਮਹੁਂ ਆਈ।
ਅਬਿ ਤੂੰ ਕਰਹਿਂ ਕਾਮਨਾ ਜੈਸੇ।

[1]ਗ੍ਰਾਹੀ।
[1]ਚੀਰੇ ਮਾਸ ਤੇ।
[1]ਕੌਲਾਂ ਬੋਲੀ।
[1]ਸੰਸਾਰ ਸਮੁੰਦਰ ਤੋਂ ਤਾਰਨ ਹਾਰ।
[1]ਮੰਨਕੇ ਖੁਸ਼ ਹੋਵੋ।
[1]ਪ੍ਰਤਾਪ।

ਭਲੀ ਕਿ ਬੁਰੀ ਲਹੈਂ ਫਲ ਤੈਸੇ' ॥੧੫॥
ਸੁਨਿ ਕਾਜ਼ੀ ਉਰ ਜਰਿ ਬਰਿ ਗਇਊ।
ਗਮਨਤਿ ਵਹਿਰ ਕਹਤਿ ਇਮ ਭਇਊ।
'ਹੈ ਸਦ ਹੈਫ[1] ਲਾਜ ਕੁਲ ਤੋਟੀ[2]।
ਮਾਰਤਿ ਪ੍ਰਥਮ ਲਖਤਿ ਅਸ ਖੋਟੀ ॥੧੬॥
ਅਬਿ ਭੀ ਫਾਸੀ ਦੇ ਤੁਝ ਮਾਰੌਂ।
ਨਹਿਂ ਪਰੰਤੁ ਬਸਿ ਚਲਹਿ ਬਿਚਾਰੌਂ।'
ਇਮ ਕਹਿ ਗਾਰੀ ਬ੍ਰਿੰਦ ਨਿਕਾਰਤਿ।
ਨਿਕਸਯੋ ਵਹਿਰ ਸ਼ੋਕ ਰਿਸ ਧਾਰਤਿ ॥੧੭॥
ਸ਼੍ਰੀ ਹਰਿ ਗੋਬਿੰਦ ਥਿਤਿ ਜਿਸ ਥਾਨ।
ਲਗਯੋ ਸਮੀਪ ਦਿਵਾਨ ਮਹਾਨ।
ਤਹਾਂ ਤੁਰੰਗ ਬਾਂਧਿ ਕਰਿ ਗਯੋ।
ਲੈਬੇ ਹੇਤੁ ਸੁ ਆਵਤਿ ਭਯੋ ॥੧੮॥
ਬੁਰਕਾ ਮਨਹੁ ਲਾਜ ਕੋ ਪਾਵਾ।
ਨਹਿਂ ਊਚੇ ਕੋ ਬਦਨ ਉਠਾਵਾ।
ਸ਼੍ਰੀ ਗੁਰ ਪਿਖਯੋ ਦੂਰਿ ਤੇ ਆਵਤਿ।
ਸੁੰਦਰ ਬਦਨ ਮੰਦ ਮੁਸਕਾਵਤਿ ॥੧੯॥
ਅਪਰ ਜਿ ਸਿਖ ਜਾਨਹਿਂ ਬਿਰਤਾਂਤ।
ਦੇਖਿ ਗੁਰੂ ਕੀ ਦਿਸ਼ਿ ਮੁਸਕਜਾਤਿ।
'ਨਿਜ ਤਨੁਜਾ ਸੋਂ ਮਿਲਿ ਕਰਿ ਕਾਜ਼ੀ।
ਰਿਸਯੋ ਰਿਦੈ ਕੈ ਹੋਯਸਿ ਰਾਜ਼ੀ ॥੨੦॥
ਆਵਤਿ ਦਿਖਤਿ ਕ੍ਰੋਧ ਤੇ ਦੀਨ।
ਨੀਚੇ ਕੀਨਸਿ ਬਦਨ ਮਲੀਨ।'
ਸਤਿਗੁਰ ਭਨਯੋ ਸੁ 'ਜਾਨਯੋ ਜਾਇ।
ਮਿਲਿ ਤਨੁਜਾ ਸੰਗ ਭਾ ਜਿਸ ਭਾਇ' ॥੨੧॥
ਖਰੇ ਹੋਇ ਢਿਗ ਨਫਰ ਪਠਾਵਾ।
ਹਿਤ ਅਰੂਢਿਬੇ ਤੁਰੰਗ ਮੰਗਾਵਾ।
ਸ਼੍ਰੀ ਹਰਿ ਗੋਬਿੰਦ ਦਾਸ ਪਠਾਯੋ।
ਕਾਜ਼ੀ ਕੋ ਸਮੀਪ ਬੁਲਵਾਯੋ ॥੨੨॥
ਜਬਿ ਸੇਵਕ ਨੇ ਜਾਇ ਹਕਾਰਾ।

[1]ਸੌ ਵਾਰੀ ਹਮਸੋਸ ਹੈ [ਅ: ਹੈਫ਼]। [2]ਤੋੜੀ।

ਮਹਾਂ ਕ੍ਰੋਧ ਤੇ ਨਿਠੁਰ ਉਚਾਰਾ।
'ਮੈਂ ਨਹਿਂ ਜਾਉਂ ਅਹੈ ਦੁਖਦਾਨੀਂ।
ਕੌਨ ਗੁਰੂ? ਕਜਾ ਕਰਹਿ ਬਖਾਨੀ?
॥੨੩॥
ਆਨਿ ਚਮੂੰ ਬਹੁ ਪਕਰੌਂ ਜਬੈ।
ਮਿਲੌਂ ਭਲੇ ਅਰੁ ਬੋਲੌਂ ਤਬੈ।'
ਸੇਵਕ ਕਹਜੋ ਗੁਰੂ ਢਿਗ ਜਾਇ।
'ਨਿਕਟ ਨ ਆਇ ਕਰਹਿ ਬਕਬਾਇ
॥੨੪॥
-ਮੈਂ ਸੈਨਾ ਗਨ ਕੌ ਲੇ ਆਵੌਂ।
ਗਹੌਂ ਗੁਰੂ ਤਬਿ ਬਦਲਾ ਪਾਵੌਂ-।
ਇਤਜਾਦਿਕ ਰਿਸ ਕਰਿ ਕਰਿ† ਕਹੈ।
ਮੂਰਖ ਬਨਜੋ ਨ ਸ਼ਾਂਤੀ ਲਹੈ' ॥੨੫॥
ਪੁਨ ਗੁਰ, ਬਿਧੀਆ ਜੇਠਾ ਜੋਊ।
'ਆਨਹੁ ਕਾਜੀ' ਪਠੇ ਸੁ ਦੋਊ।
'ਜਾਹੁ ਮ੍ਰਿਦੁਲ ਸਨਮਾਨ ਬਖਾਨਹੁ।
ਗਹਿ ਭੁਜ ਦੋਨਹੁ ਹਮ ਢਿਗ ਆਂਨਹੁ'
॥੨੬॥
ਜਾਇ ਕਹਜੋ 'ਕਜੋਂ ਕੋਪ ਕਰੀਜੈ।
ਸਤਿਗੁਰ ਢਿਗ ਗਮਨਹੁ ਧਨ ਲੀਜੈ।'
[1] 'ਮੈਂ ਨ ਮਿਲੌਂ, ਨਹਿਂ ਲੈਹੋਂ ਧਨ ਕੋ।
ਨਹੀਂ ਲਖਜੋ ਅਸ ਕਪਟੀ ਮਨ ਕੋ'
॥੨੭॥
ਗਹੀ ਬਾਂਹੁ ਰਿਸ ਕਰਤਿ ਛੁਟਾਵਤਿ।
ਤਊ ਦੁਊ ਬਲ ਧਰਿ ਲੇ ਜਾਵਤਿ[1]।
ਕੋਮਲ ਕਹਤਿ ਗਏ ਲੇ ਤੀਰ।
ਬੋਲੇ ਸ਼੍ਰੀ ਹਰਿਗੋਵਿੰਦ ਧੀਰ ॥੨੮॥
'ਦਸ ਹਜ਼ਾਰ ਲਿਹੁ ਆਪਨਿ ਦਰਬ।
ਨਹੀਂ ਬਿਲਮ ਗਿਨ ਦੇਵਹਿਂ ਸਰਬ।
ਲਰਜੋ ਬ੍ਰਿੱਧ ਕੇ ਸਾਥ ਬਿਸਾਲਾ।
ਤਿਸ ਕੋ ਫਲ ਪਾਇਸਿ ਇਸ ਕਾਲਾ'
॥੨੯॥

†ਪਾ:—ਕਰਕਸ ਬਦ।

[1]ਕਾਜ਼ੀ ਨੇ ਕਿਹਾ।

[1]ਫੜਕੇ ਲੈ ਗਏ।

ਸੁਨ ਕਾਜ਼ੀ ਕਹਿ 'ਧਨ ਨਹਿਂ ਲੈਹੌਂ।
ਇਹ ਸਭਿ ਸ਼ਾਹੁ ਨਿਕਟ ਕਹਿ ਦੈਹੌਂ।
ਗਹਿ ਤੁਮ ਕੋ ਸਭਿ ਲੇਉਂ ਉਧਾਰੋ।
ਨਾਂਹਿ ਤ ਤਜਾਗਿ ਦੇਉਂ ਮੈਂ ਸਾਰੋ ॥੩੦॥
ਮੋਰ ਆਬਰੂ ਬਡੀ ਉਤਾਰੀ।
ਸ਼ਾਹੁ ਕਚਹਿਰੀ ਮਾਨਹਿਂ ਸਾਰੀ।
ਤਨੁਜਾ ਮਮ ਲੁਭਾਇ ਲੇ ਆਏ।
ਇਸ ਕੋ ਫਲ ਤੂਰਨਿ ਲਿਹੁ ਪਾਏ' ॥੩੧॥
ਗੁਰ ਕਹਿਂ 'ਅਹੈ ਅਪਰ ਜੋ ਝਗਰਾ।
ਜਿਸ ਚਹਿ ਤਥਾ ਨਿਬੇਰਹੁ ਸਗਰਾ।
ਕੈ ਤੁਮ ਦਰਬ ਲੇਹੁ ਨਿਜ ਅਬੈ।
ਨਤੁ ਭਾਖਹੁ -ਹਮ ਲੀਨਹੁ ਸਬੈ- ॥੩੨॥
ਨਹੀਂ ਕਰਜ਼ ਸਿਰ ਰਹੈ ਹਮਾਰੇ।
ਤੀਨ ਬਾਰਿ ਇਮ ਕਰਹੁ ਉਚਾਰੇ।
ਤੋਹਿ ਅਰਿਣੀ ਹੋਹਿਂ ਹਮ ਤਬੈ।
ਲੇਹੁ ਦਰਬ ਕੈ ਤਜਾਗਹੁ ਸਬੈ ॥੩੩॥
ਲੇਨਿ ਸਥਾਨ ਅਹੈਂ ਹਮ ਤੇਰੇ।
ਇਸ ਕਾਰਣ ਤੇ ਕਹੁ ਤ੍ਰੈ ਬੇਰੇ।'
ਸੁਨਿ ਕਾਜ਼ੀ ਕਹਿ 'ਗਹਿ ਹੌਂ ਤੁਮੈਂ।
ਲੈਬੋ ਦਰਬ ਕਰੌਂ ਤਿਹ ਸਮੈਂ ॥੩੪॥
ਨਾਂਹਿ ਤ ਕਹਜੋ[1] ਸਰਬ ਮੈਂ ਛੋਰਾ। [1]ਕਹਿੰਦਾ ਹਾਂ।
ਕਜਾ ਮੁਖ ਲੈ ਆਵੌਂ ਤੁਮ ਓਰਾ।'
ਪੁਨ ਗੁਰ ਕਹਜੋ 'ਜਿ ਦਰਬ ਨ ਲੇਤਿ।
ਨਿਸਾ ਬਸਹੁ ਬਹੁ ਸ਼੍ਰਮਹਿ ਸਮੇਤਿ[1] ॥੩੫॥ [1]ਥੱਕੇ ਹੋਏ ਹੋ।
ਜੋ ਬਲ ਹੋਇ ਸੋਊ ਕਰਿ ਲੀਜੈ।
ਰਾਤ ਬਿਤਾਵਨਿ ਸੁਖ ਸੋਂ ਕੀਜੈ।'
[1] 'ਮੋਹਿ ਛੁਟਾਵਹੁ ਮੈਂ ਨਹਿਂ ਰਹੌਂ। [1]ਕਾਜ਼ੀ ਕਹਿੰਦਾ ਹੈ।
ਲਵਪੁਰਿ ਅਬਹਿ ਪਹੁੰਚਬੋ ਚਹੌਂ ॥੩੬॥
ਥਕਜੋ ਨਹੀਂ ਅਬਿ ਹਟਿ ਕਰਿ ਜਾਵੌਂ।
ਸਹਿ ਨ ਸਕੌਂ ਉਰ ਪਿਖਿ ਪਛੁਤਾਵੌਂ।'
ਤਬਿ ਸਤਿਗੁਰ ਕਹਿ ਭੁਜਾ ਛੁਟਾਈ।
ਚਢਜੋ ਤੁਰੰਗ ਕਸ਼ਟ ਬਹੁ ਪਾਈ ॥੩੭॥

ਸੰਗ ਨਫਰ ਲੇ ਤੂਰਨ ਪ੍ਰੇਰਾ।
ਗਮਨਜੋ ਕਾਜ਼ੀ ਕ੍ਰੋਧ ਘਨੇਰਾ।
ਜਹਿਂ ਲਗਿ ਮਗ ਮਹਿਂ ਤਮ ਨਹਿਂ ਛਾਵਾ।
ਤਹਿਂ ਲੌ ਚਲਜੋ ਗਯੋ ਸ਼੍ਰਮ ਪਾਵਾ ॥੩੮॥
ਹੇਰਿ ਗ੍ਰਾਮ ਕੋ ਉਤਰਜੋ ਥਾਨ।
ਚਿੰਤਾ ਬਸੀ ਭਯੋ ਦੁਖ ਮਾਨਿ।
ਨੀਠ ਨੀਠ ਕਰਿ ਨਿਸਾ ਗੁਜ਼ਾਰੀ।
ਉਠਜੋ ਪ੍ਰਾਤ ਕੀਨਸਿ ਅਸੁਵਾਰੀ ॥੩੯॥
ਦਿਵਸ ਆਗਲੇ ਪਹੁੰਚਜੋ ਜਾਈ।
ਪੁਰਿ ਮਹਿਂ ਸੁਧਿ ਪਸਰੀ ਅਗਵਾਈ।
'ਕਾਜ਼ੀ ਸੁਤਾ ਅਧਿਕ ਨਿਜ ਮਾਰੀ।
ਨਿਕਸਿ ਗਈ ਅਤਿ ਦੁਖੀ ਬਿਚਾਰੀ'
॥੪੦॥
ਨਿੰਦਾ ਸੁਨਤਿ ਆਪਨੈ ਕਾਨ।
ਬਦਨ ਬਸਨ ਤੇ ਛਾਦਨਿ ਠਾਨਿ[1]।
ਤੂਰਨ ਤੁਰੰਗ ਪ੍ਰੇਰ ਕਰਿ ਗਯੋ।
ਕਾਜ਼ਨਿ ਰੁਦਤਿ ਬਿਲੋਕਤਿ ਭਯੋ ॥੪੧॥
ਨਹਿਂ ਬੋਲਜੋ ਕੁਛ ਸੰਕਟ ਪਾਵਾ।
ਬੈਠਿ ਇਕਾਕੀ ਬਹੁ ਪਛੁਤਾਵਾ।
ਦੋਸ਼ ਆਪਨੋ ਰਿਦੈ ਬਿਚਾਰਤਿ।
-ਰਹਤਿ ਸਦਨ ਜੇ ਮੈਂ ਨਹਿਂ ਮਾਰਤਿ
॥੪੨॥
ਭਈ ਤਰੁਨ ਨਹਿਂ ਕਰਜੋ ਨਿਕਾਹ-।
ਇੱਤਜਾਦਿਕ ਗਿਨ ਕਰਿ ਮਨ ਮਾਂਹਿ।
ਤਿਸ ਦਿਨ ਸ਼ਾਹ ਸਮੀਪਿ ਨ ਗਯੋ।
ਚਿੰਤਾਤੁਰ ਘਰ ਮਹਿਂ ਦੁਖ ਭਯੋ ॥੪੩॥
ਕਾਜ਼ਨਿ ਝਿਰਕਜੋ ਬਹੁ ਰਿਸਿ ਧਰਿ ਕੇ।
ਬਾਰ ਬਾਰ ਸ਼ਰਮਿੰਦਤਿ ਕਰਿ ਕੈ।
'ਗਈ ਗੁਰੂ ਸੰਗ' ਕਹਿ[1] ਭਾ ਮੌਨਿ।
ਨਿਸਾ ਬਿਤੀਤ ਕਰੀ ਨਿਜ ਭੌਨ ॥੪੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਪ੍ਰਸੰਗ' ਬਰਨਨੰ ਨਾਮ ਚਤਰਬਿਸੰਤੀ ਅੰਸੂ ॥੨੪॥

[1]ਕੱਜਕੇ।

[1]ਕਾਜ਼ੀ) ਕਹਿਕੇ।

੨੫. [ਕਾਜ਼ੀ ਦੀ ਸ਼ਾਹ ਅਗੇ ਫਰਯਾਦ]

੨੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੨੬

ਦੋਹਰਾ:
ਉਠ੍ਯੋ ਪ੍ਰਾਤ ਸੁਧਿ ਪਾਇ ਕਰਿ,
ਮੁਖ ਪਖਾਰ ਲੇ ਬਾਰ।
ਕਹਨਿ ਸ਼ਾਹੁ ਢਿਗ ਮਦਤਿ ਹਿਤ,
ਚਿਤ ਬਿਚਾਰਿ ਬਹੁ ਬਾਰ ॥੧॥
ਚੌਪਈ:
ਬਸਤ੍ਰਨਿ ਪਹਿਰਿ ਕਚਹਿਰੀ ਗਯੋ।
ਪਾਤਿਸ਼ਾਹ ਕੋ ਦੇਖਤਿ ਭਯੋ।
ਕਰਿ ਸਲਾਮ ਬਹੁ ਬਾਰਿ ਅਗਾਰੀ।
ਬੋਲ੍ਯੋ ਅਪਨੀ ਕੀਨਿ ਪੁਕਾਰੀ ॥੨॥
'ਹਰਿਗੋਬਿੰਦ ਹਿੰਦੁਨ ਕੋ ਪੀਰ।
ਕਰੀ[1] ਸੁ ਕਹੌਂ ਆਪ ਕੇ ਤੀਰ। [1]ਜੋ ਮੇਰੇ ਨਾਲ) ਕੀਤੀ ਹੈ।
ਰੋਗੀ ਤੁਮ ਤਰੰਗ[†] ਮੁਝ ਦੀਨਿ।

[†]ਇਸ ਘੋੜੇ ਦਾ ਪ੍ਰਸੰਗ ਕਿਸੇ ਹੋਰ ਪੁਰਾਣੇ ਇਤਿਹਾਸ ਤੋਂ ਅਜੇ ਨਹੀਂ ਮਿਲਿਆ, ਜਿਵੇਂ ਇੱਥੇ ਲਿਖਿਆ ਹੈ, ਇਹ ਦੱਸਦਾ ਹੈ ਕਿ ਪਠਾਣ ਰਾਜ ਦੇ ਸਮੇਂ ਤੇ ਅਕਬਰ ਦੇ ਪ੍ਰਸਿੱਧ ਨਜਾਈ ਰਾਜ ਵਿਚ ਯਾ ਉਸ ਦੇ ਰਤਾ ਕੁ ਮਗਰੋਂ ਵੀ ਹਿੰਦੂ ਦੀ ਸੁਹਣੀ ਚੀਜ਼ ਲੈ ਲੈਣੀ ਤੇ ਪਾਤਸ਼ਾਹ ਤਕ ਦਾ ਇਸ ਗੱਲੋਂ ਨਾ ਰੁਕਣਾ ਇਕ ਹੀਣਤਾਈ ਦੀ ਬੱਜ ਸੀ, ਜੋ ਅਜੇ ਬੀ ਹਿੰਦੂ ਦੇ ਮੱਥੇ ਲੱਗੀ ਹੀ ਖੜੀ ਸੀ। ਸਤਿਗੁਰੂ ਜੀ ਨੂੰ ਘੋੜੇ ਦਾ ਲੋਭ ਨਹੀਂ ਸੀ, ਚਲੇ ਜਾਣ ਦਾ ਸ਼ੋਕ ਨਹੀਂ ਸੀ, ਪਰ ਸਿੱਖ ਦੇ ਮਨ ਦੇ ਭਾਵ ਨੂੰ ਸੱਟ ਵੱਜਣੋਂ ਬਚਾਉਣਾ, ਤੇ ਇਸ ਮੌਕੇ ਤੇ ਆਤਮ ਸੱਤਾ ਮਾਤ੍ਰ ਨਾਲ ਘੋੜੇ ਨੂੰ ਮੰਗਾ ਲੈਣਾਂ, ਤੇ ਆਤਮ ਮੰਡਲ ਦੀ ਸ਼ਕਤੀ ਨੂੰ ਪ੍ਰਤੱਖ ਦਿਖਾ ਦੇਣਾ ਪ੍ਰਯੋਜਨ ਸੀ ਕਿ ਆਤਮ ਦੁਨੀਆਂ ਵਿਚ ਇਨਸਾਫ ਤੁਲਦਾ ਹੈ ਤੇ ਮਾਲਕ ਦੀ ਸ਼ੈ ਮਾਲਕ ਪਾਸ ਪੁਜਦੀ ਹੈ। ਫਿਰ ਬੀ ਕਾਜ਼ੀ ਨੂੰ ਰੁਪਏ ਦੇਣੋਂ ਸਤਿਗੁਰਾਂ ਕਦੇ ਨਾਂਹ ਨਹੀਂ ਕੀਤੀ, ਥੋੜਾ ਵਕਤ ਜ਼ਰੂਰ ਲਗਾ ਹੈ, ਪਰ ਜਿਸ ਵੇਲੇ ਰੁਪਏ ਦੇਣ ਲੱਗੇ ਹਨ, ਤਾਂ ਕਾਜ਼ੀ ਆਪਣੇ ਰੋਹ ਵਿਚ ਕਿ ਉਸ ਦੀ ਲੜਕੀ ਦੀਨ ਛੋਡ ਗਈ ਹੈ, ਲੈਂਦਾ ਨਹੀਂ, ਸਾਫ ਕਹਿੰਦਾ ਹੈ, ਕਿ ਐਉਂ ਨਹੀਂ ਪਰ ਜ਼ੋਰ ਜ਼ੁਲਮ ਨਾਲ ਲੈਸਾਂ, ਉਸ ਵਿਚ ਓਹ ਨਾ-ਕਾਮਯਾਬ ਰਹਿੰਦਾ ਹੈ, ਸਤਿਗੁਰਾਂ ਵਲੋਂ ਨਾਂਹ ਕਿਤੇ ਨਹੀਂ ਹੋਈ।

ਤਿਨ, ਹਜ਼ਾਰ ਦਸ ਮੋਲ ਸੁ ਲੀਨਿ[1] ॥੩॥ [1]ਤਿਨ੍ਹਾਂ ਨੇ ਦਸ ਹਜ਼ਾਰ ਨੂੰ ਮੁੱਲ ਲੀਤਾ।
ਕਰੇ ਉਧਾਰ ਨ ਅਬਿ ਲੌ ਦਿਏ*।
ਆਜ ਕਾਲ ਕਹਿ ਟਾਰੇ ਕਿਏ।
ਅਬਿ ਤਨੁਜਾ ਮੇਰੀ ਬਿਰਮਾਇ।
ਪੁਰਿ ਤੇ ਨਿਕਸ੍ਯੋ ਗਯੋ ਪਲਾਇ' ॥੪॥
ਰੁਦਿਤਿ ਕਹਤਿ ਨਹਿਂ ਸਮੁਝੀ ਗਾਥ[1]। [1]ਰੋ ਕੇ ਕਹਿੰਦੇ ਦੀ ਗੱਲ ਪਾਤਸ਼ਾਹ ਨੇ ਸਮਝੀ ਨਾਂ।
ਆਗੈ ਸ਼ਾਹੁ ਰਿਸ੍ਯੋ ਕਿਹ ਸਾਥ।
ਰਕਤ ਨੇਤ੍ਰ ਤੇ ਤਾੜਤਿ ਕਾਂਹੂ[1]। [1]ਤਾੜਦਾ ਸੀ ਕਿਸੇ ਨੂੰ।
ਕਾਜ਼ੀ ਪਹੁੰਚ੍ਯੋ ਇਤਨੇ ਮਾਂਹੂ ॥੫॥
ਪਟਕੀ[1] ਸਿਰ ਤੇ ਪਾਗ ਉਤਾਰੀ। [1]ਪਟਕਾ ਕੇ ਮਾਰੀ।

'ਮੁਝ ਕੋ ਕੀਨਿਸਿ ਜਗਤ ਖੁਆਰੀ।'
ਕੁਪਤਿ ਸ਼ਾਹੁ ਕਹਿ 'ਮੇਲਤਿ ਰੌਰਾ[1]। — [1]ਰੌਲਾ ਪਾਂਵਦਾ ਹੈ।
ਸਮੁਝ ਨ ਪਰਹਿ ਕਹਤਿ ਜਿਮ ਬੌਰਾ ॥੬॥
ਨਾਂਗੋ ਸਿਰ ਨਹਿਂ ਕਰਹੁ ਅਗਾਰੀ।
ਭਲੋ ਸਯਾਨੋ ਜਨੋਂ ਮਤਿ ਮਾਰੀ।'
ਸ਼ਾਹੁ ਰਿਸਤ ਪਿਖਿ ਤੂਸ਼ਨਿ ਰਹਯੋ।
ਨਿਕਟਿ ਵਜ਼ੀਰ ਖਾਨ ਤਬਿ ਕਹਯੋ[1] ॥੭॥ — [1]ਕਿਹਾ (ਪਾਤਸ਼ਾਹ ਨੂੰ)।
'ਹਜ਼ਰਤ! ਸੁਨਹੁ ਕਹਾਂ ਕਿਸ ਕਹੀਅਹਿ।
ਕਲਿਜੁਗ ਸਮਾ ਕਹਿਰ ਕੋ ਲਹੀਅਹਿ।
ਤਨੁਜਾ ਤਰੁਨ ਕੀਨਿ ਦੁਖਿਆਰੀ।
ਕਰਯੋ ਨਿਕਾਹ ਨ, ਦਿਨ ਪ੍ਰਤਿ ਮਾਰੀ[1] ॥੮॥ — [1]ਰੋਜ਼ ਮਾਰਦਾ ਸੀ।
ਹੁਇ ਲਚਾਰ ਨਿਕਸੀ ਗ੍ਰਿਹ ਛੋਰਿ।
ਬਿਚਰਤਿ ਗਈ ਸੁਧਾਸਰ ਓਰ।
ਇਸ ਕੇ ਮਾਰਨਿ ਤੇ ਡਰਿ ਧਰਿ ਕੈ।
ਬਸੀ ਤਹਾਂ ਆਇ ਨ ਮੁਰਿ ਕਰਿ ਕੈ ॥੯॥
ਸ੍ਰੀ ਗੁਰ ਕੋ ਘਰ ਸਦਾ ਕ੍ਰਿਪਾਲੁ।
ਪਰੇ ਅਨੇਕ ਰਹਹਿਂ ਨਰ ਬਾਲ[1]। — [1]ਨਰ ਤੇ ਇਸਤ੍ਰੀਆਂ।
ਅੰਨ ਸਭਿਨਿ ਕੋ ਦੇਤੇ ਰਹੈਂ।
ਅਸਨ ਬਸਨ ਬਸਹਿ ਜੁ ਤਹਿਂ ਲਹੈ ॥੧੦॥
ਤਿਨ ਪਰ ਕਰਤਿ ਪੁਕਾਰ ਅਜਾਨ।
ਜਿਨਹੁੰ ਦੀਨਿ ਬਡ ਹਜ਼ਰਤ[1] ਪ੍ਰਾਨ। — [1]ਭਾਵ ਜਹਾਂਗੀਰ ਨੂੰ।
ਮੀਆਂਮੀਰ ਆਦਿ ਜੇ ਪੀਰ।
ਜਿਨ ਤੇ ਅਦਬ ਕਰਹਿਂ ਮਿਲਿ ਤੀਰ ॥੧੧॥
ਨਹੀਂ ਆਪ ਕੋ ਬਿਗਰਨਿ ਬਨੈ।
ਯਾਂ ਤੇ ਕਯੋਂ ਤੁਮ ਇਨ ਤੇ ਸੁਨੈ।
ਤਨਕ ਬਾਤਿ ਕਜਾ ਇਸ ਕੀ ਅਹੈ।
ਖ਼ਲਕਤਿ ਸਗਰੀ ਤੁਮ ਸੁਖ ਚਹੈ' ॥੧੨॥
ਸ਼ਾਹਜਹਾਂ ਸੁਨਿ ਕੈ ਸਭਿ ਬਾਤਿ।
ਕਾਜ਼ੀ ਸੋਂ ਕਹਿ 'ਕਯੋਂ ਨ ਲਜਾਤਿ।

ਤੋਹਿ ਨ ਉਚਿਤ ਹੁਤੀ ਇਮ ਕਰਨੀ।
ਰਖੀ ਨਿਕੇਤ ਤਨੁਜਾ ਤਰੁਨੀ ॥੧੩॥
ਪੀਰ ਫਕੀਰ ਸੰਗ ਨਹਿਂ ਅਰਨਾ[1]। [1]ਅੜਨਾ।
ਇਨ ਕੋ ਸਦਾ ਅਦਾਇਬ ਕਰਨਾ।
ਜੇ ਮੁਖ ਤੇ ਕਹਿ ਦੇਤਿ ਕੁਵਾਕ।
ਕਰਹਿਂ ਪਲਕ ਮਹਿਂ ਬਡ ਗਿਰ ਖ਼ਾਕ ॥੧੪॥
ਬੀਚ ਕਚਹਿਰੀ ਪਰਦਾ ਪਾਰਾ।
ਦੇਸ ਬਿਦੇਸ਼ਨਿ ਮਹਿਂ ਭਾ ਖ਼੍ਵਾਰਾ।
ਘਰ ਤਜਿ ਨਿਕਸੀ, ਗਯੋ ਇਮਾਨ[1]। [1](ਇਕ) ਘਰ ਛੱਡ ਗਈ (ਦੂਜੇ) ਦੀਨ ਛੱਡ ਬੈਠੀ, ਭਾਵ ਮਜ਼ਹਬ ਬਦਲ ਲਿਆ।
ਪੁਨ ਆਨਹਿ, ਕਜਾ ਕਹਹਿ ਜਹਾਨ? ॥੧੫॥
ਧਰੋ ਮੌਨ ਨਹਿਂ ਜ਼ਿਕਰ ਚਲਾਵਹੁ।
ਅਪਨੋ ਕਰਜੋ ਪਾਇ ਪਛੁਤਾਵਹੁ।'
ਸੁਨਿ ਕਾਜ਼ੀ ਮੁਖ ਨੀਚੇ ਕਰਜੋ।
ਕਹੇ ਸਾਹ ਕੇ ਅਤਿ ਦੁਖ ਭਰਜੋ ॥੧੬॥
-ਬੋਲਨ ਤੇ ਭੀ ਮੋਹਿ ਹਟਾਯੋ-।
ਧਰੀ ਪਾਗ ਸਿਰ ਹਟਿ ਕਰਿ ਆਯੋ।
ਰਿਦੇ ਬਿਚਾਰਤਿ -ਕਜਾ ਇਹ ਭਯੋ।
ਜਿਤ ਕਿਤ ਤੇ ਸੰਕਟ ਹੁਇ ਗਯੋ ॥੧੭॥
ਦਸ ਸਹੱਸ੍ਰ ਜੋ ਦਰਬ ਸਰਬ ਹੈ।
ਰਾਖਹਿ ਗੁਰੂ ਗਹੀਰ[1] ਗਰਬ ਹੈ। [1]ਭਾਰੀ।
ਮੁਝ ਕੋ ਜਾਨਹਿ ਤ੍ਰਿਣ ਸਮ ਰੰਕ।
ਅਬਿ ਕੈਸੇ ਕਰਿ ਧਰੇ ਅਤੰਕ[1]? ॥੧੮॥ [1]ਹੁਣ ਮੇਰਾ ਡਰ ਕੀਕੂੰ ਮੰਨੇ।
ਦੇਹਿ ਨ ਧਨ, ਤਨੁਜਾ ਲੇ ਗਯੋ।
ਮਰਨ ਮਨਿੰਦ ਮੋਹਿ ਕਰਿ ਗਯੋ।
ਜਿਸ ਕੋ ਜਤਨ ਨ ਅਬਿ ਕਛੁ ਬਨੈ।
ਪਲਟਾ ਗਹਨਿ, ਕਿ ਪ੍ਰਾਨਨ ਹਨੈ[1] ॥੧੯॥ [1]ਬਦਲਾ ਲੈਣ ਦਾ = ਫੜਨ ਦਾ, ਅਥਵਾ ਪ੍ਰਾਣਾਂ ਦੇ ਨਾਸ਼ ਦਾ।
ਸ਼ਾਹੁਜਹਾਂ ਪਰ ਹੁਤੋ ਭਰੋਸਾ।
ਸੋ ਉਚਰਨਿ ਲਾਗਜੋ ਮਮ ਦੋਸ਼ਾ।
ਕਹਾਂ ਖੁਦਾਇ ਕੀਨਿ ਸੰਗ ਮੇਰੇ।

ਸੰਕਟ ਹੇਰਤਿ ਹੌਂ ਚਹੁੰਫੇਰੇ ॥੨੦॥
ਸਕਲ ਕੁਟੰਬ ਰੁਦਤਿ ਕਰਿ ਨੇਹੂ।
ਅਸ ਬਿਛੁਰੀ ਜੋ ਮਿਲਹਿ ਨ ਕੇਹੂ-।
ਰਿਦੈ ਬਿਸੂਰਿ ਬਿਸੂਰਿ ਪਰਜੋ ਹੈ।
ਗੁਰੂ ਦ੍ਰੋਹ ਤੇ ਕਸ਼ਟ ਪਰਜੋ ਹੈ ॥੨੧॥
ਬਹੁਰ ਨ ਜ਼ਿਕਰ ਕਰਜੋ ਕਿਸ ਥਾਨ।
ਜਾਨਤਿ -ਲਾਜ ਹੋਤਿ ਮਮ ਹਾਨ-।
ਸ਼ਾਹੁਜਹਾਂ ਆਛੀ ਮਨ ਚੀਨ।
ਖਾਨ ਵਜ਼ੀਰ ਸਰਾਹਨਿ ਕੀਨਿ ॥੨੨॥
'ਤੈਂ ਆਛੀ ਮਸਲਤਿ ਕਹਿ ਦਈ।
ਜਿਸ ਤੇ ਬਡੀ ਬਾਤਿ ਨਹਿਂ ਭਈ।
ਗੁਰ ਸੋਂ ਪਰੈ ਅਚਾਨਕ ਬੈਰ।
ਜਿਸ ਤੇ ਬਿਨਸਹਿ ਤਨ ਕੀ ਖ਼ੈਰ ॥੨੩॥
ਕਾਜ਼ੀ ਕਰਮ ਕਰੇ ਕੁਰਿਆਰੇ।
ਬਿਗਰਤਿ ਗਰ ਪਰ ਜਾਤਿ ਹਮਾਰੇ।
ਕਜਾ ਲੈਨੋ ਕਜਾ ਦੇਨੋ ਤਿਨ ਸੋਂ।
ਕਹਨਿ ਵਾਕ ਤੇ ਡਰੀਅਹਿ ਜਿਨ ਸੋਂ'
॥੨੪॥
ਸੁਨਿ ਵਜ਼ੀਰ ਖਾਂ ਪੁਨ ਸਮੁਝਾਵੈ।
'ਰਾਵਰਿ ਕੁਸ਼ਲ ਸਭਿਨਿ ਕੋ ਭਾਵੈ।
ਹਜ਼ਰਤ ! ਬਡੇ ਪਿਤਾ ਜੁ ਤੁਮਾਰੇ।
ਤਿਨ ਢਿਗ ਚੰਦੂ ਛਲ ਬਲ ਧਾਰੇ ॥੨੫॥
ਕਰਤਿ ਬੈਰ ਗੁਰੁ, ਸ਼ਾਹ ਸਿਖਾਏ।
ਤਬੈ ਗੁਆਲਿਅਰ ਮਹਿਂ ਪਹੁੰਚਾਏ।
ਚਾਲੀ ਦਿਨ ਬੀਤੇ ਜਿਸ ਕਾਲ।
ਹਜ਼ਰਤ ਹੇਰੇ ਸ਼ੇਰ ਕਰਾਲ ॥੨੬॥
ਨਿਸ ਮਹਿਂ ਤ੍ਰਾਸਤਿ ਰਿਦੇ ਬਿਲੰਦ।
ਸਿਮਰਤਿ ਭੇ ਸ਼੍ਰੀ ਹਰਿ ਗੋਬਿੰਦ।
ਰੱਛਾ ਕਰੀ ਧਾਇ ਕਰਿ ਆਇ।
ਦੋਨਹੁਂ ਕੇਹਰਿ ਦਏ ਹਟਾਇ ॥੨੭॥
ਤਬਹਿ ਹਕਾਰਨਿ ਚਾਹੇ ਪਾਸ।
ਮਹਿਪਾਲਕ ਕੈਦੀ ਤਹਿਂ ਬਾਸ।

ਗੁਰੂ ਕਹਯੋ -ਛੂਟਹਿਂ ਮਹਿਪਾਲਾ।
ਹਮਰੋ ਦਰਸ ਹੋਇ ਤਿਸ ਕਾਲਾ ॥੨੮॥
ਹੁਤੀ ਜ਼ਰੂਰ ਹਕਾਰਨਿ ਕੇਰੀ।
ਛੋਰੇ ਨ੍ਰਿਪ ਬਾਵਨ ਤਿਸ ਬੇਰੀ।
ਨਿਕਟਿ ਹਕਾਰਿ ਕੀਨਿ ਸਨਮਾਨਾ।
ਜਯੋਂ ਗੁਰ ਕਹਯੋ ਸੁ ਹਜ਼ਰਤ ਮਾਨਾ ॥੨੯॥
ਤਿਨ ਕੇ ਸੰਗ ਬਿਰੋਧ ਉਠਾਵਨਿ।
ਨਹਿਂ ਆਛੀ ਤੁਮ ਕੋ, ਸੁਖ ਪਾਵਨਿ[1]।
ਨਿਜ ਅਨਜਾਨ ਪਨੋ ਕਰਿ ਮੰਦ।
ਖੋਇ ਆਬਰੂ ਹੁਤੀ ਬਿਲੰਦ ॥੩੦॥
ਤਿਸ ਕੇ ਕਹੇ ਆਪ ਕਯੋਂ ਕਰਤੇ।
ਜਿਸ ਕੋ ਕਰਮ ਹੁਤੋ ਸੋ ਬਰਤੇ।'
ਇਮ ਕਹਿ ਸੁਨਿ ਕੈ ਤਜਯੋ ਬ੍ਰਿਤੰਤ।
ਚਿਤ ਮਹਿਂ ਚਿਤਵਯੋ ਨਹੀਂ ਕਦੰਤ ॥੩੧॥
ਇਹ ਸਗਰੀ ਸੁਧਿ ਕਹਿ ਲਿਖਵਾਈ।
ਗੁਰ ਢਿਗ ਖਾਨ ਵਜ਼ੀਰ ਪਠਾਈ।
ਆਯੋ ਲਵਪੁਰਿ ਤੇ ਚਲਿ ਚਾਰ[1]।
ਸਿੱਖ ਪ੍ਰਤੀਖਤਿ ਹੁਤੇ ਉਦਾਰ ॥੩੨॥
[1]-ਕਾਜ਼ੀ ਕੁਛ ਉਤਪਾਤ ਉਠਾਵੈ।
ਕਹੈ ਸ਼ਾਹੁ ਸੋਂ ਚਮੂੰ ਪਠਾਵੈ।
ਪਰਹਿ ਜੰਗ ਗਨ ਸੁਭਟਨਿ ਹਾਨੀ।
ਸਤਿਗੁਰ ਮਿਟਹਿਂ ਨ, ਜਾਇ ਸੁ ਜਾਨੀ[1]- ॥੩੩॥
ਚਿੰਤਾ ਬਸੀ ਮਸੰਦ ਬਿਲੰਦ।
-ਬਿਗਰਿ ਜਾਹਿਂਗੇ ਕਾਰਜ ਬ੍ਰਿੰਦ-।
ਸ਼੍ਰੀ ਗੰਗਾ ਢਿਗ ਜਾਇ ਸੁਨਾਵਤਿ।
'ਐਸੀ ਬਾਤ ਨ ਕਿਮ ਮਨ ਭਾਵਤਿ ॥੩੪॥
ਕੀਨਿ ਅਨੁਚਿਤ ਅਯੋ ਪੁਨ ਕਾਜ਼ੀ।
ਕਰਯੋ ਹਾਸ ਤਿਸ, ਭਯੋ ਵਿਰਾਜੀ[1]।
ਗਯੋ ਪੁਕਾਰਨਿ ਸ਼ਾਹੁ ਸਮੀਪ।

[1]ਸੁਖ ਪਾਵਣਾ ਕਰੋ।

[1]ਦੂਤ।

[1]ਸਿੱਖਾਂ ਨੇ ਵਿਚਾਰ ਕੀਤੀ।

[1]ਸਤਿਗੁਰਾਂ ਨੇ ਟਲਣਾ ਨਹੀਂ, (ਇਹ ਗੱਲ) ਜਾਣੀਂਦੀ ਪਈ ਹੈ।

[1]ਗੁੱਸੇ।

ਸੁਨਤਿ ਰਿਸਹਿ ਭੇਜਹਿ ਅਵਨੀਪ[1] ॥੩੫॥
ਚਮੂੰ ਬ੍ਰਿੰਦ ਜਬਿ ਚੜ੍ਹ ਕਰਿ ਆਵੈ।
ਗੁਰ ਆਗੇ ਤੇ ਜੰਗ ਮਚਾਵੈਂ।
ਨਹੀਂ ਦੇਸ਼ ਕੋ ਰਾਜ ਹਮਾਰੇ।
ਲਰਨਿ ਹੇਤੁ ਨਹਿਂ ਲਸ਼ਕਰ ਭਾਰੇ ॥੩੬॥
ਸ਼ਾਹੁ ਸੰਗ ਕਿਮ ਸਮਤਾ ਹੋਇ।
ਚਲਹਿਂ ਪਲਾਇ ਤਜਹਿਂ ਪੁਰਿ ਸੋਇ।
ਪਿਤਾ ਪਿਤਾਮੇ ਕੋ ਇਸਥਾਨ।
ਛੁਟਿ ਜੈ ਹੈ ਤਬਿ ਬਸਹਿਂ ਇਹਾਂ ਨ' ॥੩੭॥
ਸੁਨਿ ਸੁਨਿ ਮਾਤ ਗੰਗ ਪਛੁਤਾਇ।
ਕਹੈ ਕਿ 'ਹਮ ਤੇ ਹ੍ਵੈ ਨ ਉਪਾਇ।
ਪੰਚ ਗੁਰੂ ਪੂਰਬ ਜੇ ਭਏ।
ਸ਼ਾਂਤਿ ਰੂਪ ਸਿੱਖੀ ਬਿਦਤਏ ॥੩੮॥
ਇਨਹੁਂ ਤਖਤ ਰਚਿ ਆਯੁਧ ਧਾਰੇ।
ਸੋ ਕਬਹੂੰ ਰਣ ਰਚਹਿਂ ਅਖਾਰੇ।
ਮੈਂ ਬਹੁ ਕਹ੍ਯੋ ਰਹੀ ਸਮੁਝਾਇ।
-ਹੇ ਸੁਤ! ਤੁਮ ਨਹਿਂ ਇਹ ਬਨਿ ਆਇ- ॥੩੯॥
ਉੱਤਰ ਦੇਤਿ ਕਿ -ਬਸਿ ਨਹਿਂ ਮੋਰੇ।
ਜੇ ਬਸਿ ਹੋਇ ਤ ਦੇਵੌਂ ਮੋਰੇ-।
ਸਰਬ ਪ੍ਰਕਾਰ ਆਪਿ ਸੋ ਸਜਾਨਾ।
ਪਰਹਿ ਬਿਗਾਰ ਹੋਹਿ ਰਣ ਥਾਨਾ ॥੪੦॥
ਕਰਹਿ ਉਪਾਇ ਆਪ ਹੀ ਸੋਈ।
ਹਮ ਤੁਮ ਤੇ ਅਬਿ ਹੋਹਿ ਨ ਕੋਈ।
ਜੌਂ ਤੁਮ ਤੇ ਸਮੁਝਾਯਹੁ ਜਾਇ।
ਕਹਹੁ ਜਾਇ ਦਿਹੁ ਜੰਗ ਮਿਟਾਇ ॥੪੧॥
ਮਮ ਦਿਸ਼ਿ ਤੇ ਤੁਮ ਕਰਹੁ ਉਚਾਰਨਿ।
ਨਹਿਂ ਨੀਕੇ ਕਰਿਬੇ ਰਣ ਕਾਰਨ[1]।'
ਸੁਨਤਿ ਮਸੰਦ ਗਏ ਸਮੁਦਾਇ।
ਹਾਥ ਜੋਰਿ ਬੰਦਨ ਕਰਿ ਪਾਇ ॥੪੨॥

[1]ਬਾਦਸ਼ਾਹ ਭੇਜੇਗਾ (ਸੈਨਾ)।

[1]ਰਣ ਕਰਨੇ।

ਉਦਤਿ ਭਏ ਜਬਿ ਕਹਿਬੇ ਕਾਰਨ।
ਇਤਨੇ ਮਹਿਂ ਕਿਯ ਚਾਰ ਨਿਹਾਰਨਿ।
ਤਿਨ ਦਿਸ਼ਿ ਤੇ ਰੁਖ ਫੇਰਨਿ ਕੀਨਿ।
ਕਾਗਦ ਦੀਨਿ, ਸਿੱਖ ਨੈ ਲੀਨਿ ॥੪੩॥
ਪਠਿ ਸਗਰੋ ਪਰਸੰਗ ਸੁਨਾਯੋ।
ਸੁਨਤਿ ਸਭਿਨਿ ਮਨ ਆਨੰਦ ਪਾਯੋ।
ਢਿਗ ਗੰਗਾ ਸੁਧਿ ਤੁਰਤ ਪਠਾਈ।
ਜਾਨੀ ਭਲੀ ਰਿਦੇ ਹਰਖਾਈ ॥੪੪॥
ਸਭਿ ਕੇ ਚਿਤ ਕੀ ਚਿੰਤ ਬਿਨਾਸੀ।
ਅਪਨੋ ਬਸਨ ਲਖ੍ਯੋ ਅਬਿਨਾਸ਼ੀ[1]।

[1]ਆਪਣਾ ਵੱਸਣਾ ਅਟੱਲ ਜਾਣਿਆਂ। (ਅ) ਲਖਿਆ ਕਿ ਆਪਣੇ ਵਸ ਦੀ ਗੱਲ ਨਹੀਂ ਸੀ, (ਤੇ ਜੋ ਗੱਲ ਹੋ ਗਈ ਸੀ) ਸੋ ਹੁਣ ਨਾਸ਼ ਹੋਈ (ਮੁੱਕ ਗਈ)। (ੲ) ਜਾਣਿਆਂ ਕਿ ਆਪਣੇ ਵਸ ਦੀ ਗੱਲ ਤਾਂ ਨਹੀਂ ਸੀ, ਪਰ (ਅਬਿਨਾਸ਼ੀ =) ਵਾਹਿਗੁਰੂ ਜੀ ਨੇ (ਆਪ ਸਹਾਇਤਾ ਕੀਤੀ ਹੈ)।

ਹੋਤਿ ਭਏ ਬਹੁ ਮੰਗਲਚਾਰ।
ਹਰਿਮੰਦਿਰ ਅਰਦਾਸ ਉਚਾਰਿ ॥੪੫॥
ਪੰਚਾਂਮ੍ਰਿਤ ਬਨਵਾਵਹਿ ਕੋਈ।
'ਮਿਟ੍ਯੋ ਬਖੇਰਾ ਬਸਿਬੋ ਹੋਈ।'
ਸ੍ਰੀ ਸਤਿਗੁਰ ਕੋ ਟੇਕਹਿਂ ਮਾਥ।
'ਸਭਿ ਕਰਿ ਸਕਹੁ ਆਪ ਕੇ ਹਾਥ'
॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪਾਤਸ਼ਾਹ ਤੇ ਕਾਜ਼ੀ ਪੁਕਾਰ ਕੀ ਸੁਧਿ ਆਵਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

੨੬. [ਦੂਸਰੇ ਵਿਵਾਹ ਦੀ ਤਿਆਰੀ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਰਾਮਦਾਸ ਪੁਰਿ ਕੇ ਬਿਖੈ, ਸ਼੍ਰੀ ਹਰਿਗੋਬਿੰਦ
ਬਾਸ।
ਮਨ ਭਾਵਤਿ ਨਿਸ ਦਯੋਸ ਮਹਿਂ, ਬਿਲਸਤਿ
ਬਹੁਤ ਬਿਲਾਸ ॥੧॥

ਚੌਪਈ:

ਆਯੁਧ ਬਿੱਦਯਾ ਕੋ ਅੱਭਯਾਸੂ।
ਨਿਤ ਕਰਾਇਂ ਗਨ ਜੋਧਨਿ ਪਾਸੂ।
ਅਨਿਕ ਪ੍ਰਕਾਰ ਆਪ ਭੀ ਕਰੈਂ।
ਛੋਰਿ ਤੁਫੰਗ ਤੁਰੰਗਨਿ ਚਰੈਂ ॥੨॥
ਹਯ ਧਵਾਇ ਤੋਮਰ ਕੋ ਫੇਰਨਿ।
ਕਰਹਿਂ ਪ੍ਰਹਾਰ ਨਿਸ਼ਾਨੋ ਹੇਰਨਿ।
ਤਰਵਾਰਨਿ ਕੋ ਵਾਰ ਕਰੰਤੇ।
ਬਾਨ ਮਹਾਨ ਕਮਾਨ ਖਿਚੰਤੇ ॥੩॥
ਕਬਿ ਘੋਰੇ ਪਰ ਕਬਿ ਹੁਇਂ ਖਰੇ।
ਵਾਰ ਅਨੇਕ ਪ੍ਰਹਾਰਨਿ ਕਰੇ।
ਸੁਭਟ ਕਰਹਿਂ ਗੁਰੁ ਕੋ ਦਰਸਾਵੈਂ।
ਤੋਮਰ ਤੀਰ ਤੁਫੰਗ ਚਲਾਵੈਂ ॥੪॥
ਸਿਪਰ ਖੜਗ ਕੋ ਦਾਵਨਿ ਪੇਲੈਂ[1]।
[1]ਦਾਵਾਂ ਨੂੰ ਰੋਕਦੇ ਹਨ।
ਅਰਹਿਂ ਏਕ ਕੋ ਦੁਤੀ ਧਕੇਲੈ।
ਹੋਇ ਮੰਡਲਾਕਾਰ[1] ਚਲਾਇਂ।
[1]ਗੋਲਾਕਾਰ।
ਕਰਹਿਂ ਸ਼ੀਘ੍ਰਤਾ ਇਤ ਉਤ ਧਾਇ ॥੫॥
ਮਨਹੁ ਪਰਤਿ ਹੈਂ ਮੱਲਜ[1] ਅਖਾਰਾ।
[1]ਪਹਿਲਵਾਨ ਦਾ।
ਭਾਵ ਦਾਵ[1] ਕਰਿ ਅਨਿਕ ਪ੍ਰਕਾਰਾ।
[1]ਦਾਵ ਦੇ ਪ੍ਰਕਾਰ।
ਬਹੁਤ ਸ਼ੀਘ੍ਰਤਾ ਕਰਿ ਦਿਖਰਾਵੈਂ।
ਕਿਧੌਂ ਲੱਛ ਕੋ ਮਾਰਿ ਗਿਰਾਵੈਂ ॥੬॥
ਤਿਹ ਪਿਖਿ 'ਸਾਧ ਸਾਧ' ਗੁਰ ਕਹੈਂ।
ਕਰਹਿਂ ਰਿਝਾਵਨਿ ਬਖਸ਼ਿਸ਼ ਲਹੈਂ।
ਇਸ ਪ੍ਰਕਾਰ ਸ਼ਸਤ੍ਰਨਿ ਅੱਭਯਾਸੂ।
ਹੋਹਿ ਨਿਤਾਪ੍ਰਤਿ ਅਧਿਕ ਪ੍ਰਕਾਸ਼ੂ ॥੭॥

ਦੇਸ਼ ਬਿਦੇਸ਼ਨਿ ਮਹਿਂ ਜਸੁ ਫ਼ੈਲਾ।
ਬਖਸ਼ਤਿ ਬਹੁ ਧਨ ਸ਼੍ਰੀ ਗੁਰ ਛੈਲਾ।
ਸੁਨਿ ਸੁਨਿ ਸੁਭਟ ਆਨਿ ਗਨ ਰਹੈਂ।
ਜੇ ਬਹੁ ਸ਼ਸਤ੍ਰਨਿ ਬਿੱਦਜਾ ਲਹੈਂ ॥੮॥
ਸੰਗਤਿ ਸਿੱਖ ਦੇਸ਼ ਪਰਦੇਸ਼ੀ।
ਆਇ ਨਿਤਾਪ੍ਰਤਿ ਭੀਰ ਵਿਸ਼ੇਸ਼ੀ।
ਅਨਿਕ ਕਾਮਨਾ ਪੂਰਨ ਕਰਨੀ।
ਜਨ ਪਰ ਭੀਰ ਪਰਹਿ ਸੋ ਹਰਨੀ ॥੯॥
ਬੈਠਿ ਦਿਵਾਨ ਦਰਸ ਕੋ ਦੈਨਾ।
ਲੈਨਿ ਸਕਲ ਸੁਧਿ ਹਯ ਗਨ, ਸੈਨਾ।
ਜਹਿਂ ਕਹਿਂ ਮਹਿ ਮਹਿਅ, ਦਾਸਨਿ ਕਾਜੂ।
ਸਿਮਰਹਿਂ ਗੁਰੂ ਗਰੀਬ ਨਿਵਾਜੂ ॥੧੦॥
ਸਭਿ ਥਲ ਜਾਇ ਸਹਾਇਕ ਹੋਨਾ।
ਨਿਜ ਜਨ ਕੋ ਦਿਖਾਇ ਕਬਿ ਭੌ ਨਾ।
ਵਹਿਰ ਅਖੇਰ ਬ੍ਰਿੱਤ ਕਬਿ ਜਾਵੈਂ।
ਕਾਨਨ ਮਹਿਂ ਜੀਵਨਿ ਕੋ ਘਾਵੈਂ ॥੧੧॥
ਸ਼ਲਖ ਤੁਫੰਗਨਿ ਗਨ ਕੀ ਹੋਇ।
ਮੰਗਲ ਨਾਨਾ ਸਮੈ ਸੁ ਦੋਇ।
ਕਰਹਿਂ ਸੁਧਾਸਰ ਮੱਜਨ ਜਾਇ।
ਸ਼੍ਰੀ ਹਰਿਮੰਦਿਰ ਦਰਸ਼ਨ ਪਾਇ ॥੧੨॥
ਬੰਦਤਿ ਕਰਹਿਂ ਪ੍ਰਕਰਮਾ ਚਾਰ।
ਅਲਪ ਸਮੈ ਠਹਿਰਹਿਂ ਦਰਬਾਰ।
-ਅਦਬ ਨ ਰਹਹਿ ਥਿਰੇ ਚਿਰ ਕਾਲੂ-।
ਇਮ ਲਖਿ ਕਰਿ ਉਠਿ ਆਇਂ ਕ੍ਰਿਪਾਲੂ
॥੧੩॥
ਤਖਤ ਅਕਾਲ ਬਿਸਾਲ ਸਥਾਨ।
ਬੈਠਹਿਂ ਗੁਰੂ ਲਗਾਇ ਦਿਵਾਨ।
ਸੰਧਜਾ ਭਏ ਮਹਿਲ ਨਿਜ ਜਾਵੈਂ।
ਤਹਿਂ ਦਮੋਦਰੀ ਸੇਵ ਕਮਾਵੈ ॥੧੪॥
ਗਨ ਦਾਸੀ ਕੋ ਬਰਜਨਿ ਕਰੈ।
ਨਿਜ ਕਰ ਤੇ ਸੇਵਨਿ ਰੁਚਿ ਧਰੈ।
ਨੀਰ ਪਖਾਰਹਿ ਪਦ ਅਰਬਿੰਦ।

ਪੌਂਛਹਿ ਪਟ ਸੋਂ ਪ੍ਰੇਮ ਬਿਲੰਦ ॥੧੫॥
ਲਏ ਬੀਜਨਾ ਹਾਂਕਤਿ ਪੌਨ।
ਚਾਂਪੀ ਕਰਹਿ ਚਰਣ ਜੁਗ ਲੌਨ।
ਇੱਤਜਾਦਿਕ ਸੇਵਾ ਕਰਿ ਸਾਰੀ।
ਕਰਹਿ ਪ੍ਰਸੰਨ ਰਹਹਿ ਅਨੁਸਾਰੀ ॥੧੬॥
ਕਬਿ ਕਬਿ ਮਾਤ ਗੰਗ ਢਿਗ ਜਾਹਿਂ।
ਬਿਵਹਾਰਨ ਕੀ ਬਾਤਿ ਉਮਾਹਿ।
ਸੁਤ ਸੁੰਦਰ ਕੋ ਪਿਖਿ ਹਰਖੰਤੀ।
ਜੋਧਾ ਬਲੀ ਬਡੋ ਪਰਖੰਤੀ ॥੧੭॥
ਬਹੁ ਸਨੇਹ ਤੇ ਕਰਹਿ ਉਚਾਰਨਿ।
ਮਧੁਰ ਬਚਨ ਸੁਤ ਕੇ ਅਨੁਸਾਰਨਿ।
ਇਮਿ ਜਬਿ ਬੀਤਜੋ ਕੇਤਿਕ ਕਾਲ।
ਗੰਗ ਮਾਤ ਨੇ ਸੁਧਿ ਸੰਭਾਲ ॥੧੮॥
-ਬਾਕ ਸਫਲ ਬਡ ਗੁਰੁ ਕੋ ਭਯੋ।
ਸੋ ਕਰਿ ਗ੍ਰਿੰਥ ਬਿਖੈ ਲਿਖਿ ਦਯੋ।
'ਵਧੀ ਵੇਲਿ ਬਹੁ ਪੀੜੀ ਚਾਲੀ।
ਧਰਮ ਕਲਾ ਹਰਿ ਬੰਧਿ ਬਹਾਲੀ' ॥੧੯॥
ਅਬਿ ਲੌਂ ਪੌਤ੍ਰ ਨਹੀਂ ਉਪਜਯੋ।
ਨਹੀਂ ਬਿਲੋਚਨ ਮੈਂ ਪਿਖਿ ਲਯੋ।
ਨਹੀਂ ਕਾਮਨਾ ਪੂਰਨ ਹੋਈ।
ਜਬਿ ਲੌਂ ਸੁਤ ਕੋ ਸੁਤ ਨਹਿਂ ਜੋਈ- ॥੨੦॥
ਕੇਤਿਕ ਦਿਨ ਲੌਂ ਚਿਤਵਤਿ ਰਹੀ।
ਇਕ ਦਿਨ ਗੁਰੂ ਪੁੱਤ੍ਰ ਸੋਂ ਕਹੀ।
'ਸਫਲ ਬਾਕ ਨਿਤ ਪਿਤਾ ਤੁਮਾਰੇ।
ਬੰਸ ਬਧਾਵਨਿ ਹੇਤ ਉਚਾਰੇ ॥੨੧॥
ਤਿਨ ਪਰ ਹੈ ਮੇਰੋ ਬਿਸਵਾਸੇ।
ਬਡੋ ਬੰਸ ਜਗ ਬਿਖੈ ਪ੍ਰਕਾਸੇ।
ਤਉ ਏਕ ਚਿੰਤਾ ਚਿਤ ਧਾਰੌਂ।
ਤੁਮ ਸੁਤ ਹੁਇ ਮੈਂ ਨੈਨ ਨਿਹਾਰੌਂ ॥੨੨॥
ਹੈ[†] ਬਿਪਰੀਤਿ ਪ੍ਰੀਤਿ ਉਰ ਮੇਰੇ[1]।

[1]ਮੇਰੇ ਦਿਲ ਦੀ ਉਲਟੀ ਜਿਹੀ ਪ੍ਰੀਤ ਹੈ (ਜੋ ਆਪ ਸਾਮ੍ਹਣੇ ਕਹਿੰਦੀ ਹਾਂ ਕਿ ਪੋਤ੍ਰਾ ਹੋਵੇ)। [†]ਪਾ:—ਹ੍ਵੈ।

ਚਹੌਂ ਕਿ ਸੁਤ ਕੋ ਸੁਤ ਲਿਉਂ ਹੇਰੇ।
ਸਭਿ ਸਿੱਖਿਨਿ ਕੀ ਪੂਰੋ ਆਸਾ।
ਕਸੋਂ ਮਨ ਮੇਰੋ ਕਰਹੁ ਨਿਰਾਸਾ ॥੨੩॥
ਨਿਜ ਸੁਤਿ ਕੋ ਦਿਖਰਾਵਨਿ ਕਰੀਅਹਿ।
ਅਧਿਕ ਪ੍ਰਮੋਦ ਕੁਟੰਬ ਮਹਿਂ ਧਰੀਅਹਿ।'
ਸੁਨਿ ਬੋਲੇ ਸ਼੍ਰੀ ਹਰਿਗੋਬਿੰਦ।
'ਪੂਰਹਿਂ ਸਤਿਗੁਰੁ ਆਸਾ ਬ੍ਰਿੰਦ ॥੨੪॥
ਤੁਮ ਹੋ ਬਡੇ ਆਸ਼ਿਖਾ ਦੇਹੂ।
ਬਧੈ ਬੰਸ ਲੀਜਹਿ ਸੁਖ ਏਹੂ।
ਕੇਤਿਕ ਦਿਨ ਮਹਿਂ ਪੌਤ੍ਰ ਨਿਹਾਰਹੁ।
ਪੁਰਹੁ ਮਨੋਰਥ ਆਨੰਦ ਧਾਰਹੁਂ ॥੨੫॥
ਸੁਨਿ ਹਰਖਤਿ ਹੋਈ ਮਨ ਗੰਗਾ।
ਨਿਸ਼ਚੇ ਥਿਰਯੋ ਅਨੰਦ ਉਮੰਗਾ।
-ਪਿਖੌਂ ਪੌਤ੍ਰ ਕੋ ਸੁਤ ਨੇ ਭਾਖਾ।
ਪੂਰਨ ਹੋਇ ਮੋਰਿ ਅਭਿਲਾਖਾ- ॥੨੬॥
ਨਿਸ ਮੈਂ ਨਿਤ ਦਮੋਦਰੀ ਸੇਵੈ।
ਦਰਸ਼ਨ ਤੇ ਆਨੰਦ ਕੋ ਲੇਵੈ।
ਧਰਯੋ ਗਰਭ ਕੋ ਤੇਜ ਬਿਲੰਦ।
ਦਿਨ ਪ੍ਰਤਿ ਜਥਾ ਦੂਜ ਕੋ ਚੰਦ ॥੨੭॥
ਸਭਿ ਮਹਿਂ ਬਿਦਤਿ ਭਈ ਇਹ ਬਾਤਿ।
ਅਧਿਕ ਅਨੰਦਤਿ ਗੰਗਾ ਮਾਤ।
ਉਤਸਵ ਰਚੇ ਅਨੇਕ ਪ੍ਰਕਾਰਾ।
ਸੁਨਿ ਹਰਖਯੋ ਸਗਰੋ ਪਰਵਾਰਾ ॥੨੮॥
ਲੇ ਦਮੋਦਰੀ ਗੰਗਾ ਸੰਗਿ।
ਸ਼੍ਰੀ ਹਰਿਮੰਦਰ ਗਈ ਉਮੰਗਿ।
ਹਾਥ ਜੋਰਿ ਕਰਿ ਮਾਥ ਟਿਕਾਯੋ।
'ਬੰਸ ਬ੍ਰਿੱਧ ਹਿਤ ਬਾਕ ਅਲਾਯੋ[1] ॥੨੯॥ [1]ਕਹਿਆ ਸੀ।
ਸਰਬ ਮਨੋਰਥ ਕੇ ਤੁਮ ਦਾਤੇ।
ਪ੍ਰੇਮੀ ਦਾਸਨਿ ਕੇ ਹਿਤ ਰਾਤੇ।
ਕੁਲ ਬਰਧਕ ਗੁਨ ਜੁਤਿ ਸੁਤ ਦੀਜੈ।
ਬਿਰਦ ਆਪਨੋ ਪ੍ਰਭੁ ਜਨੀਜੈ' ॥੩੦॥
ਏਵ ਮਨੋਰਥ ਮਨ ਮਹਿਂ ਧਾਰੇ।

ਕਰਜੋ ਪ੍ਰਨਾਮ ਪ੍ਰਦੱਛਨ ਸਾਰੇ।
ਖਰੇ ਹੋਇ ਅਰਦਾਸਿ ਕਰਾਈ।
ਸਰਬ ਪ੍ਰਸਾਦਿ ਦੀਨਿ ਬਰਤਾਈ ॥੩੧॥
ਬਹੁਰ ਸਨੁਖਾ ਕੋ ਲੇ ਸੰਗਿ।
ਅਧਿਕ ਉਮੰਗਤਿ ਹਟਿਕਰਿ ਗੰਗ।
ਆਈ ਗ੍ਰੇਹਿ ਬਡੀ ਬਡਭਾਗਨਿ।
ਪੌਤ੍ਰ ਪਿਖਿਨਿ ਹੋਈ ਅਨੁਰਾਗਨਿ ॥੩੨॥
ਕਿਤਿਕ ਦਿਵਸ ਬੀਤੇ ਇਸ ਭਾਂਤੀ।
ਆਈ ਬਹੁਰ ਬਜਾਹ† ਕੀ ਪਾਤੀ।

†ਸ਼੍ਰੀ ਗੁਰੂ ਹਰਿਗੋਵਿੰਦ ਜੀ ਦੇ ਵਿਵਾਹਾਂ ਬਾਬਤ ਦੇਖੋ ਇਸ ਤੋਂ ਅਗਲੇ ਅੰਸੂ ਦੇ ਅੰਕ ੪੬ ਦੀ ਹੇਠਲੀ ਟੂਕ।

ਹਰੀਚੰਦ ਗੁਰੁ ਸਸੁਰੋ ਦੂਜਾ।
ਸ਼੍ਰੀ ਅਰਜਨ ਕੋ ਜਿਸ ਨੇ ਪੂਜਾ ॥੩੩॥
ਇਕ ਦਿਨ ਦੋਨਹੁੰ ਭਈ ਸਗਾਈ।
ਚੰਦੁ ਸੁਤਾ ਕੀ ਜਬਹਿ ਹਟਾਈ।
ਹਰੀਚੰਦ ਕੀ ਜੋ ਸੁ ਕੁਮਾਰੀ।
ਬੈਸ ਅਲਪ ਕੀ ਸੁਤਾ ਬਿਚਾਰੀ ॥੩੪॥
ਯਾਂ ਤੇ ਬਜਾਹ ਪ੍ਰਿਥਮ ਨਹਿਂ ਕਿਯੋ।
ਸਮੋ ਜਾਨਿ ਕਾਗਦਿ ਪਠਿ ਦਯੋ।
'ਮਾਸ ਵਿਸਾਖ ਪ੍ਰਿਥਮ ਦਿਨ ਮਾਂਹੀ।'
ਲਿਖਿ ਭੇਜਜੋ ਸ਼੍ਰੀ ਗੰਗਾ ਪਾਹੀ ॥੩੫॥
ਸ਼ਾਦੀ ਪਰ ਸ਼ਾਦੀ ਅਹਿਲਾਦੀ[1]।
ਵਧਿਤਿ ਸਮਾਜ ਅਧਿਕ ਗੁਰੁ ਗਾਦੀ।
ਸੁਨਿ ਸੁਨਿ ਗੁਰ ਕੇ ਦਾਸ ਰੁ ਦਾਸੀ।
ਅਤਿ ਅਨੰਦਤਾ ਰਿਦੇ ਪ੍ਰਕਾਸ਼ੀ ॥੩੬॥
ਸ਼੍ਰੀ ਗੰਗਾ ਕੋ ਦੇਤਿ ਬਧਾਈ।
ਸਭਿ ਦਿਸ਼ਿ ਤੇ ਸ਼ਾਦੀ ਢੁਰਿ ਆਈ[1]।
ਜੋ ਜੋ ਵਸਤੁ ਬਜਾਹੁ ਮਹਿਂ ਚਹੀਯਹਿ।
ਨਗਰ ਸੁਧਾਸਰ ਤੇ ਨਹਿਂ ਲਹੀਯਹਿ ॥੩੭॥
ਤਿਨ ਹਿਤ ਬਿਧੀਏ ਕੋ ਦੇ ਦਰਬਾ।
ਕਹਜੋ 'ਜਾਇ ਆਨਹੁ ਸ਼ੁਭ ਸਰਬਾ।'
ਘ੍ਰਿਤ ਮਿਸ਼ਟਾਨ ਹੋਤਿ ਧਨ ਬ੍ਰਿੰਦ।

[1]ਖੁਸ਼ੀ ਉਤੇ ਖੁਸ਼ੀ ਅਨੰਦ ਦਾਇਕ।

[1]ਖੁਸ਼ੀ ਨੇੜੇ ਆਈ।

ਜੇਠਾ ਅਰ ਲੇ ਅਪਰ ਮਸੰਦ ॥੩੮॥
ਸਗਲ ਭਾਂਤਿ ਕੇ ਅੰਨ ਅਨਾਏ।
ਖਰਚ ਸਮੁਝਿ ਦਸ ਗੁਨ ਇਕਠਾਏ[1]। [1]ਭਾਵ ਖਰਚ ਦਾ ਤਖਮੀਨਾ ਲਾਕੇ ਉਸ ਤੋਂ ਦਸ ਗੁਣਾਂ ਇਕੱਠੇ ਕੀਤੇ।
ਗੁਰੁ ਘਰ ਮਹਿਂ ਨਿਤ ਖਰਚ ਬਿਸਾਲਾ।
ਆਇਂ ਹਜ਼ਾਰਹੁਂ ਨਰ ਸਭਿ ਕਾਲਾ ॥੩੯॥
ਲੇਨਿ ਦੇਨਿ ਸੰਭਾਰਨਿ ਕਰਨਾ।
ਸਰਬ ਕਰਜੋ ਬ੍ਰਿੱਧ ਕੇ ਅਨੁਸਰਨਾ।
ਗਨ ਮਸੰਦ ਜਿਤ ਕਿਤ ਕੋ ਧਾਏ।
ਕਰੀ ਸਕਲ ਵਸਤੂ ਇਕ ਥਾਏਂ ॥੪੦॥
ਮੇਲ ਹਕਾਰਨ ਮਨੁਜ ਪਠਾਏ।
ਗੋਇੰਦਵਾਲ ਖਡੂਰਿ ਸਿਧਾਏ।
ਲਵਪੁਰਿ ਮਹਿਂ ਸੋਢੀ ਰਹਿਂ ਭਾਈ।
ਸੁਧਿ ਬਯਾਹ ਕੀ ਤੁਰਤ ਪਠਾਈ ॥੪੧॥
ਬਹੁਰ ਗ੍ਰਾਮ ਮਉ[1] ਓਰ ਗਏ ਹੈਂ। [1]ਮਾਤਾ ਗੰਗਾ ਜੀ ਦੇ ਪੇਕੇ ਪਿੰਡ ਦਾ ਨਾਮ।
ਸੁਨਿ ਸੁਨਿ ਸਭਿ ਕੇ ਅਨੰਦ ਭਏ ਹੈਂ।
'ਸ਼੍ਰੀ ਅਰਜਨ ਕੋ ਬਡੋ ਸਪੂਤ।'
ਜਹਿਂ ਕਹਿਂ ਸੁਜਸੁ ਕਹਤਿ ਹੈਂ ਪੂਤ ॥੪੨॥
'ਸਭਿ ਬਿਧਿ ਤੇ ਬਿਰਧਾਇ ਸਮਾਜਾ।
ਸੈਨ ਸਕੇਲਿ ਬਨਜੋ ਮਹਾਂਰਾਜਾ।
ਤਿਮ ਹੀ ਦੂਸਰ ਬਜਾਹਿ ਕਰਾਯਹੁ।
ਪਤਿਸ਼ਾਹਨਿ ਤੇ ਚਰਨ ਪੁਜਾਯਹੁ ॥੪੩॥
ਕਾਜ਼ੀ ਤਨੁਜਾ ਕੋ ਅਪਰਾਧ।
ਸ਼ਾਹੁ ਸੁਨਤਿ ਸਹਿ ਤੂਸ਼ਨਿ ਸਾਧ[1]। [1]ਚੁਪ ਵੱਟ ਗਿਆ।
ਕਰਜੋ ਅਦਾਇਬ, ਕਛੂ ਨ ਕੀਨਾ।
ਯਾਂ ਤੇ ਲਖੀਯਤਿ ਭੇ ਬਡਿ ਪੀਨਾ[1]' ॥੪੪॥ [1]ਬੜੇ ਬਲਵਾਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਬਯਾਹ ਉਤਸਵ' ਪ੍ਰਸੰਗ ਬਰਨਨੰ ਨਾਮ ਖਟਬਿੰਸਤੀ ਅੰਸੂ ॥੨੬॥

੨੭. [ਬਰਾਤ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਸੁਨਿ ਸੁਨਿ ਗੁਰ ਉਤਸਾਹੁ ਕੋ, ਮੇਲ ਭਯੋ ਆਮੋਦ[1]।
ਆਵਨ ਕੋ ਤਯਾਰੀ ਕਰੀ, ਠਾਨਤਿ ਹਾਸ ਬਿਨੋਦ ॥੧॥

[1]ਬਹੁਤ ਖੁਸ਼ੀ, ਪ੍ਰਸੰਨ।

ਚੌਪਈ:

ਇਕ ਤੌ ਕਰਨਿ ਸੁਧਾਸਰ ਮੱਜਨ।
ਦਿਵਸ ਵਿਸਾਖੀ ਮੇਲਾ ਸ੍ਰਜਨ[1]।
ਦੁਤੀਏ ਸਨਬੰਧੀ ਜੇ ਆਵੈਂ।
ਸਭਿ ਸੋਂ ਮਿਲੈਂ ਅਨੰਦ ਉਪਜਾਵੈਂ ॥੨॥

[1]ਮਿੱਤ੍ਰਾਂ ਦਾ ਮੇਲ।

ਤ੍ਰਿਤੀਏ ਸ਼੍ਰੀ ਗੁਰੁ ਹਰਿ ਗੋਬਿੰਦ।
ਮਿਲੇ ਪ੍ਰਥਮ ਭਾ ਕਾਲ ਬਿਲੰਦ।
ਜਹਾਂਗੀਰ ਨੇ ਰਾਖੇ ਤੀਰ।
ਰਹੇ ਨਿਕੇਤ ਨਹੀਂ ਬਰ ਬੀਰ ॥੩॥
ਚੰਦੂ ਆਦਿਕ ਮਾਰਨਿ ਕਰੇ।
ਮਾਨਹਿ ਸ਼ਾਹੁ ਅਦਬ ਕੌ ਧਰੇ।
ਆਯੁਧ ਬਿੱਦਯਾ ਮਹਿਂ ਅੱਭਯਾਸੂ।
ਇੱਤਯਾਦਿਕ ਭਾ ਸੁਜਸੁ ਪ੍ਰਕਾਸ਼ੂ ॥੪॥
ਸੁਨਿ ਸੁਨਿ ਪਿਖਨਿ ਹੋਤਿ ਚਿਤ ਚਾਉ।
ਬਹੁਰ ਬਯਾਹੁ ਕੋ ਸਬਬ ਬਨਾਊ।
ਯਾਂ ਤੇ ਬਹੁ ਅਨੰਦ ਜੁਤਿ ਸਬੈ।
ਮਿਲਯੋ ਮੇਲ ਮਿਲਿ ਮੋਦਤਿ ਤਬੈ ॥੫॥
ਕੁਲ ਭੱਲਯਨ ਕੀ ਗੋਇੰਦਵਾਲ।
ਪਹੁੰਚੇ ਆਨਿ ਤ੍ਰਿਯਾ ਨਰ ਜਾਲ।
ਤ੍ਰੇਹਣ ਕੁਲ ਖਡੂਰ ਤੇ ਆਏ।
ਗੰਗ ਮਾਤ ਪਿਤ[1] ਮਉ ਤੇ ਧਾਏ ॥੬॥

[1]ਸ਼੍ਰੀ ਗੰਗਾ ਜੀ ਦੇ ਮਾਤਾ ਪਿਤਾ।

ਅਪਰ ਮੇਲ ਲਵਪੁਰਿ ਤੇ ਆਦੀ।
ਆਨਿ ਪਿਖੀ ਸੁੰਦਰ ਗੁਰੁ ਸ਼ਾਦੀ।
ਜਥਾ ਜੋਗ ਮਿਲਿ ਸਭਿ ਹਰਖਾਏ।
ਇਸਤ੍ਰੀ ਪੁਰਖ ਮੇਲ ਸਮੁਦਾਏ ॥੭॥

ਕਰਿ ਕਰਿ ਸਗੁਨ ਗੀਤ ਗੁਨ ਗਾਵੈਂ।
ਕੌਤਕ ਕਰਤਿ ਅਨੇਕ ਸੁਹਾਵੈਂ।
ਨੌਬਤ ਬਜਤਿ ਮੋਦ ਉਪਜਾਵਤਿ।
ਉਤਸਵ ਸਕਲ ਦਿਸ਼ਿਨਿ ਦਿਸਿ ਆਵਤਿ[1] ॥ ੮ ॥

[1]ਸਾਰਿਆਂ ਪਾਸਿਆਂ ਤੋਂ ਦਿਖਾਈ ਦੇ ਰਿਹਾ ਹੈ (ਅ) ਤਰਫਾਂ ਤਰਫਾਂ ਤੋਂ ਆਂਵਦਾ ਹੈ।

ਚਹੁੰਦਿਸ਼ਿ ਕੀ ਸੰਗਤਿ ਬਹੁ ਆਈ।
ਸੁਨਿ ਪਿਖਿ ਬਜਾਹੁ ਮੁਦਤਿ ਅਧਿਕਾਈ†।
ਅਨਗਨਿ ਭੀਰ ਸੁਧਾਸਰ ਹੋਈ।
ਉਤਸਵ ਪਿਖਯੋ ਚਹਤਿ ਸਭਿ ਕੋਈ ॥ ੯ ॥

†ਪਾ:—ਮੰਗਲ ਸਬਦ ਗਾਇ ਸੁਖ ਪਾਈ।

ਅਨਗਨ ਆਇ ਉਪਾਇਨ ਤਬੈ।
ਬ੍ਰਿੰਦ ਮਸੰਦ ਸੰਭਾਰਤਿ ਸਬੈ।
ਤਖਤ ਥਿਰਹਿਂ ਸ਼੍ਰੀ ਹਰਿ ਗੋਵਿੰਦ।
ਤਮ ਹਤਿ ਮਾਰਤੰਡ ਮਾਨਿੰਦ[1] ॥ ੧੦ ॥

[1]ਸੂਰਜਵਤ ਅਨ੍ਹੇਰਾ (ਰੂਪ ਅੱਗਜਾਨ ਦੇ) ਨਾਸ਼ ਕਰਤਾ।

ਦਾਸਨ ਬਦਨ ਬਿਲੰਦ ਅਨੰਦਤਿ।
ਅਰਬਿੰਦਨਿ ਦੁਤਿ ਬ੍ਰਿੰਦ ਮਨਿੰਦਤਿ†।
ਚੱਕ੍ਰਵਾਕ ਸਮ ਚਾਰਹੁੰ ਬਰਨਾ[1]।
ਬਿਰਹ ਬਿਨਾਸ਼ਕ ਦਰਸ਼ਨ ਕਰਨਾ[1] ॥ ੧੧ ॥

†ਪਾ:—ਬਿਨਿੰਦਤਿ।
[1]ਚਕਵੇ ਚਕਵੀ ਵਰਗੇ (ਬਿਰਹਾਤੁਰ) ਚਾਰਾਂ ਹੀ ਵਰਨਾਂ ਦੇ।
[1]ਦਰਸ਼ਨ ਕਰ ਰਹੇ ਹਨ।

ਗੁਰੁ ਦੋਖੀ ਪੇਚਕ ਸਮ[1] ਦੁਰੇ।
ਤਿਮਰ ਦੰਭ ਹਤਿ ਬੇਮੁਖ ਮੁਰੇ[1]।
ਬਡੋ ਦਿਵਾਨ ਲਗਤਿ ਸਭਿ ਓਰ।
ਫਰਸ਼ ਹੋਤਿ ਪੂਰਬ ਚਹੁੰ ਕੋਰ ॥ ੧੨ ॥

[1]ਉੱਲੂ ਵਤ।
[1]ਦੰਭ ਰੂਪ ਅੰਧੇਰਾ ਨਾਸ ਹੋਇਆ ਤੇ ਬੇਮੁਖ ਮੁੜ ਗਏ।

ਚਾਮੀਕਾਰ ਚਿੱਤ੍ਰਤਿ ਗੁਲਜ਼ਾਰ[1]।
ਬਿਜਨਾ[1] ਝੁਲਤਿ ਮੰਡਲਕਾਰ[2]।
ਜਨੁ ਸੂਰਜ ਝੁਕਿ ਝੁਕਿ ਚਢਿ ਜਾਤਿ।
ਚਮਕਤਿ ਚਾਰੁ ਚਲਤਿ ਚਪਲਾਤਿ[1] ॥ ੧੩ ॥

[1]ਬੇਲ ਬੂਟੇ।
[1]ਪੱਖਾ। [2]ਗੋਲਾਕਾਰ।
[1]ਚੰਚਲਤਾ ਨਾਲ।

ਚਹੁੰਦਿਸ਼ਿ ਤੇ ਬੰਦਹਿਂ ਕਰ ਜੋਰਿ।
ਚਾਰੁ ਚਮਰ ਢੋਰਤਿ ਜੁਗ ਓਰ।
ਅਰਪਹਿਂ, ਖਰੇ ਹੋਹਿ ਅਰਦਾਸ।
ਦਰਸ਼ਨ ਕਰਤਿ ਭੀਰ ਬਡਿ ਪਾਸ ॥ ੧੪ ॥

ਚਮੂ ਸੁਭਟ ਗਹਿ ਖੜਗ ਰੁ ਢਾਲੇ।
ਗੁਰੁ ਪ੍ਰਤਾਪ ਤੇ ਬਲੀ ਬਿਸਾਲੇ।
ਕੇਹਰਿ ਕੀ ਸਮਤਾ ਕੋ ਧਰੈਂ।
ਬੈਠੇ ਸ਼ੁਭਤਿ, ਸੁ ਦਰਸ਼ਨ ਕਰੈਂ ॥੧੫॥
ਭੱਲੇ ਤੇਹਣ ਆਦਿਕ ਔਰ।
ਭੀਰ ਹਜ਼ਾਰੋਂ ਕੀ ਤਿਸ ਠੌਰ।
ਕੌਨ ਕੌਨ ਕਹਿ ਗਿਨੇ ਸਮਾਜ।
ਲੇਨਿ ਦੇਨਿ ਸਮ ਹੁਇ ਮਹਾਰਾਜ ॥੧੬॥
ਨਿਕਟ ਬਜਾਹੁ ਕੋ ਦਿਵਸ ਜੁ ਆਯੋ।
ਅੰਤਹਿ ਪੁਰ ਸ਼੍ਰੀ ਗੁਰੂ ਬੁਲਾਯੋ।
ਲੌਕਿਕ ਬੈਦਿਕ ਰੀਤਿ[†] ਅਨੇਕ।
ਸਕਲ ਕਰੀ ਕੋ ਕਹੈ ਬਿਬੇਕ[1] ॥੧੭॥
ਕੀਨਿਸਿ ਬਟਨਾ ਮਰਦਨਿ ਤਨ ਕੋ।
ਸਪਤ ਸੁਹਾਗਨਿ ਮਿਲੀ ਸ਼ਗੁਨ ਕੋ।
ਕੰਚਨ ਭੀਨੇ ਭੂਖਨ ਅੰਗਾ[1]।
ਸੂਖਮ ਬਸਤ੍ਰ ਧਰੇ ਬਹੁ ਗੰਗਾ ॥੧੮॥
ਜੁਤਿ ਦਮੋਦਰੀ ਅਪਰ ਸਹੇਲੀ।
ਗੀਤਨ ਕੀ ਚਰਚਾ ਬਹੁ ਮੇਲੀ।
ਸਾਕ ਸ਼ਰੀਕਨਿ ਤ੍ਰਿਯ ਗਨ ਮੇਲਿ।
ਗਾਵਤਿ, ਗਾਰਿ ਨਿਕਾਰਤਿ ਗੇਲ[1] ॥੧੯॥
ਪੀਤ ਬਸਤ੍ਰ ਸੁੰਦਰ ਬਹੁ ਰੰਗ।
ਸ਼੍ਰੀ ਗੁਰ ਹਰਿਗੁਬਿੰਦ ਧਰਿ ਅੰਗ।
ਉਦਤਿ ਅਧਿਕ ਦੁਤਿ ਮੁਦਤਿ ਨਿਹਾਰਹਿਂ।
ਤਨ ਮਨ ਧਨ ਤ੍ਰੀਯਨਿ ਗਨ ਵਾਰਹਿਂ ॥੨੦॥
ਜਬਰ ਜਰਾਉ ਜਵਾਹਰ ਜਰੇ।
ਭੂਖਤਿ ਭੂਖਨ ਅੰਗਨਿ ਧਰੇ।
ਚਿਤਵਤਿ ਚਿਤਹਿ ਚੁਰਾਵਤਿ ਚਾਰੂ[1]।
ਹਾਥ ਕੰਕਨਾ ਬੰਧਿ[1] ਉਦਾਰੂ ॥੨੧॥
ਬ੍ਰਿੰਦ ਮਸੰਦ ਬਿਲੰਦ ਬਰਾਤੀ।
ਭੱਲੇ ਤ੍ਰੇਹਨ ਸਜਿ ਭਲਿ ਭਾਂਤੀ।
ਸਿਖ ਪਰਧਾਨ ਬਿਦੇਸ਼ਨਿ ਆਏ।

[†]ਦੇਖੋ ਰਾਸਿ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।
[1]ਵੀਚਾਰ ਕੌਣ ਕਹਿ ਸਕੇ।
[1]ਸੋਨੇ ਦੇ ਗਹਿਣਿਆਂ ਨਾਲ ਅੰਗ ਭਰੇ ਹੋਏ ਹਨ।
[1]ਨਾਲ ਹੀ।
[1]ਸੁਹਣੀ ਤੱਕਣੀ ਨਾਲ ਚਿਤ ਨੂੰ ਚੁਰਾ ਲੈਂਦੇ ਹਨ।
[1]ਬੰਨ੍ਹਿਆ ਹੋਇਆ ਹੈ।

ਸੰਗ ਸੰਗਤਾਂ ਜਿਨਿ ਸਮੁਦਾਏ ॥੨੨॥
ਭਈ ਬਟੋਰਨਿ ਬਡੀ ਬਰਾਤ।
ਸ਼੍ਰੀ ਸਤਿਗੁਰੁ ਅਸੁ ਚਢੇ ਪ੍ਰਯਾਤਿ।
ਡਫ ਗਨ ਪਟਹ[1] ਬੰਸਰੀ ਬਾਜਤਿ।
ਧੁਨਿ ਦੁੰਦਭਿ ਸੁਨਿ ਕੈ ਘਨ ਲਾਜਤਿ ॥੨੩॥
ਚਲੇ ਬੈਰਕਾਂ[1] ਧਰੇ ਅਗਾਰੀ।
ਖਰੇ ਪੁੰਜ ਹੇਰਤਿ ਨਰ ਨਾਰੀ।
ਹਯ ਪੌਰਨਿ ਤੇ ਨਾਦਤਿ ਅਵਨੀ।
ਦੂਲਹੁ ਜੁਤਿ ਬਰਾਤ ਬਨਿ ਰਵਨੀ ॥੨੪॥
ਪੁਰਿ ਮਹਿਂ ਸਦਨ ਹੁਤੋ ਜਿਸ ਥਾਨ।
ਹਰੀ ਚੰਦ ਜਿਹ ਭਾਗ ਮਹਾਨ।
ਇਕ ਥਲ ਮਿਲਿ ਖੱਤ੍ਰੀ ਸਮੁਦਾਏ।
ਹਿਤ ਸਨਮਾਨ ਅਗਾਊ ਆਏ ॥੨੫॥
ਅਨਗਨ ਧਨ ਜਨੁ ਘਨ ਬਨਿ ਬਰਖੇ।
ਗੁਰੁ ਰੁਖ਼ ਪਿਖਿ ਗੇਰਤਿ ਉਰ ਹਰਖੇ।
ਭਏ ਨਿਹਾਲ ਰੰਕ ਜੇ ਜਾਲ।
ਗੁਰੁ ਕੀਰਤਿ ਬਰਨੰਤਿ ਬਿਸਾਲ ॥੨੬॥
ਹਰੀਚੰਦ ਹਿਤ ਮਿਲਨੀ ਆਯੋ।
ਬਸਤ੍ਰ ਦਰਬ ਅਰਪਨ ਕੋ ਲ੍ਯਾਯੋ।
ਇਤ ਸਤਿਗੁਰ ਨੇ ਰਿਦੇ ਬਿਚਾਰ੍ਯੋ।
-ਮਿਲਹਿਂ ਬ੍ਰਿੱਧ ਸਾਹਿਬ- ਨਿਰਧਾਰ੍ਯੋ ॥੨੭॥
ਕਰਿ ਕੁਲ ਰੀਤਿ ਮਿਲ੍ਯੋ, ਹਟਿ ਆਏ।
ਤਬਿ ਢੁਕਾਉ ਕਰਿ ਬੇਗ ਮੰਗਾਏ।
ਲੋਕ ਹਜ਼ਾਰਨਿ ਹੇਰਨਿ ਕਰੈਂ।
ਭਈ ਭੀਰ ਭਾਰੀ ਭਰਪੂਰੇ ॥੨੮॥
ਦੂਲਹੁ ਚਢਿ ਬੜਵਾ ਅਤਿ ਸੋਹਤਿ।
ਗਨ ਨਰ ਨਾਰਿਨ ਕੇ ਮਨ ਮੋਹਤਿ।
ਜਾਇ ਦ੍ਵਾਰ ਲਗਿ ਕਿਯ ਕੁਲ ਚਾਲ।
ਬੋਲਤਿ ਮਧੁਰ ਬਿਲੋਕਤਿ ਬਾਲ[1] ॥੨੯॥
ਬਹੁਰ ਬਰਾਤ ਕਰ੍ਯੋ ਸਭਿ ਡੇਰਾ।

[1]ਵੱਡੇ ਢੋਲ।

[1]ਝੰਡੀਆਂ [ਤੁ: ਬੈਰਕ੍]

[1]ਇਸਤ੍ਰੀਆਂ।

ਜਥਾ ਜੋਗ ਜਹਿਂ ਥਲ ਜਿਨਿ ਹੇਰਾ।
ਅਧਿਕ ਧੂਮ[1] ਸਗਰੇ ਪੁਰਿ ਹੋਈ।
ਦੇਖਨਿ ਹੇਤ ਮਿਲੇ ਸਭਿ ਕੋਈ ॥੩੦॥
ਜੋ ਮੰਗਤ ਜਨ ਮਾਂਗਤਿ ਆਵੈ।
ਮਨ ਭਾਵਤਿ ਸਤਿਗੁਰ ਤੇ ਭਾਵੈ।
ਆਇਸੁ ਪਾਇ ਮਸੰਦਨਿ ਦਰਬ।
ਦਿਯੋ ਰੰਕ ਗਨ ਕੋ, ਜੇ ਸਰਬ ॥੩੧॥
ਬਾਜੇ ਬਜਹਿਂ ਅਨੇਕ ਪ੍ਰਕਾਰ।
ਬੀਤਯੋ ਦਿਵਸ ਤਿਮਰ ਬਿਸਤਾਰ।
ਝਾਰ[1] ਮਸਾਲੈਂ ਜ੍ਵਲਤਿ ਮਤਾਬੀ।
ਹਰੀਚੰਦ ਨਰ ਪਠਯੋ ਸ਼ਿਤਾਬੀ ॥੩੨॥
'ਭਲੋ ਮਹੂਰਤਿ ਧੇਨੁ ਧੂਲਿ[1]।
ਬਿਨ ਬੂਝੇ ਸ਼ੁਭ ਮੰਗਲ ਮੂਲ।'
ਸੁਨਤਿ ਹਨੇ ਬਾਜਨਿ[1] ਪਰ ਡੰਕੇ।
ਦੂਲਹੁ ਚਲ੍ਯੋ ਬੇਸ ਬਰ ਬੰਕੇ ॥੩੩॥
ਮੁੱਖਿ ਮਸੰਦ ਸੰਗਿ ਸਭਿ ਗਏ।
ਜਾਇ ਬੇਦਕਾ[1] ਮਹਿਂ ਥਿਤ ਭਏ।
ਦੇਖਤਿ ਉਠੇ ਤਹਾਂ ਸਮੁਦਾਇ।
ਬੈਠਿ ਗਏ ਸਤਿਗੁਰੁਨਿ ਬਿਠਾਇ ॥੩੪॥
ਬਿੱਪ੍ਰ ਰੀਤਿ ਸ਼ੁਭ ਪੂਜਨ ਕੇਰੀ।
ਲਈ ਦੱਛਨਾ ਜਾਚਿ ਘਨੇਰੀ।
ਕਰਯੋ ਪ੍ਰਕਾਸ਼ ਹੁਤਾਸਨ ਤਹਾਂ।
ਡਾਰ ਸਰੋਏ[1] ਤੇ ਘ੍ਰਿਤ ਮਹਾਂ ॥੩੫॥

ਹਰੀਚੰਦੁ ਨਿਜ ਤਨੁਜਾ ਸਾਥਿ।
ਅਗਨਿ ਪ੍ਰਦੱਛਨ ਫੇਰੇ ਨਾਥ[†]।
ਅਪਰ ਰੀਤਿ ਸਭਿ ਜੇਤਿਕ ਹੋਇ।
ਜਥਾ ਜੋਗ ਕਹਿ ਕੀਨੀ ਸੋਇ[†] ॥੩੬॥
ਲੇ ਲਾਵਾਂ ਡੇਰੇ ਜਬਿ ਆਏ।
ਬੈਠੇ ਹੁਤੇ ਕੁਛਕ ਨਿਜ ਥਾਏਂ।
ਹੇਤੁ ਅਹਾਰ ਹਕਾਰਨਿ ਆਏ।
ਗੁਰੁ ਜੁਤਿ ਚਲਿ ਬਰਾਤਿ ਸਮੁਦਾਏ

[1]ਧੂਮ ਧਾਮ, ਰੌਣਕ।
[1]ਝਾੜ = ਸ਼ਾਖੇ ਜਿਨ੍ਹਾਂ ਤੇ ਪਲੀਤੇ ਲਾਕੇ ਬਾਲਦੇ ਹਨ।
[1]ਗਊ ਧੂੜ ਦਾ ਵੇਲਾ।
[1]ਵਾਜਿਆਂ ਤੇ (ਅ) ਧੌਂਸਿਆਂ ਤੇ।
[1]ਵੇਦੀ।
[1]ਘਿਉ ਦੀ ਆਹੁਤੀ ਦੇਣ ਵਾਲੀ ਲਕੜੀ ਦੀ ਛੋਟੀ ਜਿਹੀ ਕੜਛੀ।
[†]ਦੇਖੋ ਰਾਸਿ ੪ ਅੰਸੂ ੧੨ ਅੰਕ ੨੮ ਦੀ ਹੇਠਲੀ ਟੂਕ।
[†]ਦੇਖੋ ਰਾਸਿ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।

॥੩੭॥
ਆਤਸ਼ਬਾਜੀ ਛੁਟਤਿ ਹਵਾਈ।
ਜਨੁ ਸੁਰ ਪੁਰਿ ਕੋ ਖ਼ਬਰ ਪਠਾਈ।
ਕੌਤਕ ਭਾਂਤਿ ਅਨੇਕਨਿ ਹੋਤਿ।
ਪਿਖਿ ਪਿਖਿ ਸਭਿ ਕੇ ਅਨੰਦ ਉਦੋਤਿ
॥੩੮॥
ਹਰੀਚੰਦ ਕੇ ਸਦਨ ਪਹੂਚੇ।
ਭੋਜਨ ਹੇਤੁ ਬੈਠਿ ਕਰਿ ਊਚੇ।
ਗੁਰੁ ਹਿਤ ਚੌਂਕੀ ਬਡੀ ਬਿਛਾਇ।
ਜਥਾ ਉਚਿਤ ਸਭਿ ਦਿਏ ਬਿਠਾਇ
॥੩੯॥
ਭਾਂਤਿ ਭਾਂਤਿ ਕੇ ਗਨ ਪਕਵਾਨ।
ਧਰਿ ਧਰਿ ਥਾਰਿ ਪਰੋਸਨ ਠਾਨਿ।
ਮੇਵੇ ਬਹੁ ਮਿਲਾਇ ਬਨਿਵਾਏ।
ਸਭਿ ਕੋ ਦੇ ਕਰਿ ਕਹਿ ਅਚਵਾਏ ॥੪੦॥
ਸ੍ਵਾਦਤਿ ਅਚਵਨਿ ਲਗੇ ਅਹਾਰ।
ਕੋਕਿਲ ਕੰਠੀ ਗਾਵਤਿ ਨਾਰਿ।
ਹੋਤਿ ਅਨੰਦਤਿ ਹੇਰਤਿ ਅਚਵਤਿ।
ਸਨੇ ਸਨੇ ਭੋਜਨ ਤੇ ਤ੍ਰਿਪਵਤਿ ॥੪੧॥
ਜੂਠ ਬਿਖੈ ਬਹੁ ਧਨ ਕੋ ਡਾਰੇ†।

†ਇਹ ਰਾਜਸੀ ਘਰਾਂ ਦੀ ਚਾਲ ਮਗਰੋਂ ਦੀ ਹੈ, ਸਤਿਗੁਰੂ ਜੀ ਧਨ ਇੰਵ ਨਹੀਂ ਗਵਾਉਂਦੇ ਸਨ।

ਲੇ ਸਭਿ ਨੇ ਜਲ ਪਾਨ ਪਖਾਰੇ।
ਇਸੀ ਪ੍ਰਕਾਰ ਤੀਨ ਦਿਨ ਬਾਸੇ।
ਰੀਤਿ ਜਥੋਚਿਤ ਸਕਲ ਪ੍ਰਗਾਸੇ ॥੪੨॥
ਦਾਇਜ ਦੀਨਿ ਪ੍ਰਯੰਕ ਬਿਠਾਏ।
ਬਸਤ੍ਰ ਬਿਭੂਖਨ ਧਰਿ ਸਮੁਦਾਏ।
ਜਥਾਸ਼ਕਤਿ ਬਡ ਬਾਸਨ ਦੀਨਿ।
ਹਾਥ ਜੋਰਿ ਬਿਨਤੀ ਪੁਨ ਕੀਨਿ ॥੪੩॥
ਹਰੀਚੰਦ ਹਰਦੇਈ ਦੰਪਤਿ।
ਕਹੈਂ 'ਗੁਰੂ! ਹਮ ਦਈ ਜੁ ਸੰਪਤਿ।
ਭੁਗਤੈਂ ਸਗਰੋ ਦਾਨ ਤੁਮਾਰ।
ਨਹਿੰ ਸਮ ਕੋ, ਸਭਿ ਕੋ ਦਾਤਾਰ ॥੪੪॥
ਇਕ ਦਾਸੀ ਸੇਵਾ ਹਿਤ ਦੀਨਿ।'

ਇਮ ਕਹਿ ਦੁਹਨਿ ਬੰਦਨਾ ਕੀਨਿ।
ਬਿਦਾ ਕਰੇ ਸਗਰੀ ਬਿਧਿ ਆਛੇ।
ਜਾਤਿ ਚਲੀ ਤਨੁਜਾ ਕੋ ਪਾਛੇ[1] ॥੪੫॥

[1]ਪਿੱਛੇ ਚਲੀ ਜਾਂਦੀ ਪੁੱਤ੍ਰੀ ਨੂੰ।

ਲਾਇ ਗਰੇ ਸੰਗਿ ਦ੍ਰਿਗ ਜਲ ਭਰੇ।
ਅਪਰ ਸਹੇਲੀ ਮਿਲਿਬੋ ਕਰੇ।
ਬਿਦਾ ਹੋਇ ਸਤਿਗੁਰ ਚਲਿ ਪਰੇ।
ਅਪਨੇ ਸਦਨ ਆਇਬੋ ਕਰੇ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਦੁਤਿਯ ਬਜਾਹ' ਪ੍ਰਸੰਗ ਬਰਨਨੰ ਨਾਮ ਸਪਤਬਿੰਸਤੀ ਅੰਸੂ ॥੨੭॥

ਇਕ ਤੋਂ ਵਧੀਕ ਵਿਆਹਾਂ ਬਾਬਤ ਕਈ ਵੇਰ ਪੁੱਛ ਹੁੰਦੀ ਹੈ। ਪਰ ਹਾਲਾਤ ਪੂਰੇ ਖੋਜੇ ਨਹੀਂ ਜਾ ਚੁਕੇ। ਜੋ ਕੁਛ ਹੁਣ ਤੱਕ ਪਤਾ ਚੱਲਦਾ ਹੈ ਇਉਂ ਹੈ, ਕਿ ਅਕਸਰ ਪ੍ਰੇਮੀ ਮਾਤਾ ਪਿਤਾ ਆਪਣੀਆਂ ਲੜਕੀਆਂ ਲਈ ਇਹ ਪ੍ਰਣ ਕਰ ਦੇਂਦੇ ਸਨ, ਕਿ ਬੀਬੀ ਨੂੰ ਗੁਰੂ ਘਰ ਵਿੱਚ ਪਰਨਾਉਂਣਾ ਹੈ। ਇਹ ਗੱਲ ਜਿਸ ਬੀਬੀ ਬਾਬਤ ਪ੍ਰਗਟ ਹੋ ਜਾਏ, ਉਸ ਨੂੰ ਸਾਰੇ ਸਿੱਖ ਮਾਤਾ ਜੀ ਸੱਦਣ ਲੱਗ ਜਾਂਦੇ ਸਨ, ਤੇ ਕੋਈ ਹੋਰ ਉਨ੍ਹਾਂ ਨੂੰ ਵਿਆਹੁੰਦਾ ਨਹੀਂ ਸੀ। ਸਿੱਖਾਂ ਦੀਆਂ ਇਸ ਤਰ੍ਹਾਂ ਦੀਆਂ ਭਾਵਨਾ ਦੂਸਰੇ ਵਿਆਹ ਦਾ ਕਾਰਨ ਹੋ ਜਾਯਾ ਕਰਦੀਆਂ ਸਨ, ਜਿਵੇਂ ਮਰਵਾਹੀ ਜੀ ਦੇ ਪਿਤਾ ਦਾ ਸੁਨੇਹਾ ਆਉਣ ਪਰ ਭਾਈ ਜੇਠੇ ਨੇ ਸਤਿਗੁਰਾਂ ਨੂੰ ਕਿਹਾ ਹੈ:—

'ਪੁਰਹੁ ਭਾਵਨਾ ਜਿਮ ਕਿਮ ਚਹਜੋ।
ਜੇ ਕੋ ਆਨਿ ਪਰਹਿ ਸ਼ਰਨਾਈ। ਨਹਿ ਤਜਾਗਹੁ ਇਹ ਬਿਰਦ ਸਦਾਈ।

[ਰਾਸ ੫ ਅੰਸੂ ੫੨ ਅੰਕ ੪੨

ਇਕ ਦਸ਼ਾ ਹੋਰ ਹੈ ਜਿਵੇਂ ਕਿ ਪੰਚਮ ਸਤਿਗੁਰਾਂ ਦੇ ਪਹਿਲੇ ਮਹਿਲ ਚੜ੍ਹ ਗਏ ਸਨ, ਤੇ ਮਗਰੋਂ ਦੂਸਰਾ ਵਿਆਹ ਸ੍ਰੀ ਪਾਵਨ ਗੰਗਾ ਜੀ ਨਾਲ ਹੋਇਆ ਸੀ। ਇਹ ਗੱਲ ਸੁਣੀ ਹੈ ਕਿ ਪੰਜ ਸੌ ਸਾਖੀ ਵਿਚ ਲਿਖੀ ਹੈ। ਦਸਵੇਂ ਸਾਹਿਬਾਂ ਦੇ ਤੀਸਰੇ ਮਹਿਲ ਮਾਤਾ ਸਾਹਬ ਦੇਵਾਂ ਜੀ ਮਾਪਿਆਂ ਦੇ ਪ੍ਰਣ ਕੀਤੇ ਹੋਏ ਹੋਣ ਕਰਕੇ ਆਏ ਸਨ, ਪਰ ਉਹਨਾਂ ਤੋਂ ਸਤਿਗੁਰਾਂ ਨੇ ਕੁਆਰੇ ਰਹਿਣ ਦਾ ਪ੍ਰਣ ਲੈ ਕੇ ਮਹਿਲੀਂ ਵਾਸ ਦਿੱਤਾ ਸੀ, ਤੇ ਸਾਈਂ ਸਿਮਰਨ ਵਿੱਚ ਯੋਗੀ ਰਾਜ ਤੇ ਖਾਲਸੇ ਦੀ ਮਾਤਾ ਹੋਏ ਹਨ। ਜੀਤੋ ਜੀ ਤੇ ਸੁੰਦਰੀ ਜੀ ਦੇ ਦੋ ਹੋਰ ਵਜਾਹ ਹਨ, ਪਰ ਕਈਆਂ ਦਾ ਖਿਆਲ ਹੈ ਕਿ ਜੀਤੋ ਜੀ ਦੀ ਹੀ ਅੱਲ ਸੁੰਦਰੀ ਸੀ, ਤੇ ਕਈਆਂ ਦਾ ਖਯਾਲ ਹੈ, ਜੀਤੋ ਜੀ ਦੇ ਚਲਾਣੇ ਤੋਂ ਬਾਦ ਆਪ ਵਜਾਹੇ ਗਏ ਸਨ, ਪਰੰਤੂ ਤ੍ਰੈਏ ਮਾਤਾ ਸਾਹਿਬਾਨ ਦੇ ਦੇਹੁਰੇ ਹੈਨ। ਅਨੰਦ ਪੁਰ ਸਾਹਿਬ ਦੇ ਲਾਗੇ ਮਾਤਾ ਜੀਤੋ ਜੀ ਦਾ ਤੇ ਦਿੱਲੀ ਵਿਚ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦਾ।

ਸੱਤਵੇਂ ਪਾਤਸ਼ਾਹ ਜੀ ਦੇ ਸੱਤ ਯਾ ਅੱਠ ਵਿਆਹ ਦੱਸੇ ਜਾਂਦੇ ਹਨ। ਦੋਹਾਂ ਮਹਿਮਾ ਪ੍ਰਕਾਸ਼ਾਂ ਵਿੱਚ ਇਹ ਗੱਲ ਨਹੀਂ ਲਿਖੀ। ਇਹ ਗ੍ਰੰਥ ਸੂਰਜ ਪ੍ਰਕਾਸ਼ ਤੋਂ ਪੁਰਾਣੇ ਹੈਨ। ਛਾਪੇ ਦੇ ਨੁਸਖੇ ਤੋਂ ਸਿਵਾ ਅਸੀਂ ਕਈ ਲਿਖਤੀ ਨੁਸਖੇ ਤੱਕੇ ਹਨ, ਸ਼੍ਰੀ ਗੁਰ ਪ੍ਰਤਾਪ ਸੂਰਜ ਵਿੱਚ ਸਤਿਗੁਰਾਂ ਦੇ ਪ੍ਰਸੰਗ ਵਿਚ ਸੱਤਾਂ ਯਾ ਅੱਠਾਂ ਵਿਆਹਾਂ ਦਾ ਜ਼ਿਕਰ ਨਹੀਂ ਆਯਾ। ਇੱਕ ਸਾਨੂੰ ਲਹਿੰਦੇ ਦੇ ਨੁਸਖੇ ਵਿੱਚ ਇਹ ਪ੍ਰਸੰਗ ਮਿਲਿਆ ਹੈ, ਪਰ ਉਸ ਵਿੱਚ ੫੫੭ ਸਫੇ ਤੇ ਅੱਗੇ ੪ ਸਫਿਆਂ ਦੇ ਅੰਗ ਨਹੀਂ ਲੱਗੇ ਹੋਏ ਤੇ ੪ ਸਫੇ ਦੇ ਮਗਰੋਂ ਫੇਰ ੫੫੮ ਸਫਾ ਹੀ ਸ਼ੁਰੂ ਹੋ ਜਾਂਦਾ ਹੈ। ਜਿਸ ਤੋਂ ਬਿਨਾ ਸ਼ੱਕ ਪਿਆ ਦਿਸਦਾ ਹੈ ਕਿ ਏਹ ਚਾਰ ਸਫ਼ੇ ਮਗਰੋਂ ਪਾਏ ਗਏ ਹਨ ਤੇ ਆਖੇਪ ਕਰਨ ਵਾਲਾ ਸਫਿਆਂ ਦੇ ਅੰਗ ਬੀ ਨਹੀਂ ਬਦਲਾ ਕੇ ਗੱਲ ਨੂੰ ਲੁਕਾ ਸੱਕਿਆ। ਇਸ ਅਧਜਾਯ ਦੀ ਕਵਿਤਾ ਕਵਿ ਸੰਤੋਖ ਸਿੰਘ ਜੀ ਦੀ ਕਵਿਤਾ ਨਾਲੋਂ ਸਿਥਲ ਹੈ, ਇਸ ਵਿੱਚ ਕਵਿ ਸੰਤੋਖ ਸਿੰਘ ਵਾਲਾ ਜ਼ੋਰ ਨਹੀਂ, ਅਨੇਕਾਂ ਹੀ ਤੁਕਾਂ ਵਿੱਚ ਮਾਤ੍ਰਾ ਤੱਕ ਗਲਤ ਹਨ। ਫਿਰ ਹਾਸੋ ਹੀਣੀ ਬਾਤ ਇਹ ਹੈ ਕਿ ਸ਼੍ਰੀ ਗੁਰੂ ਹਰਿਰਾਇ ਜੀ ਦੀ ਉਮਰ ਇਸ ਵੇਲੇ ੧੦ ਸਾਲ ਦੀ ਸੀ, ਇੱਕ ਆਦਮੀ ਦੀਆਂ ਸੱਤ ਲੜਕੀਆਂ, ਜੋ ਅਤਿ ਛੇਤੀ ਛੇਤੀ ਬੀ ਜੰਮੀਆਂ ਹੋਣ, ਤਾਂ ਸਵਾ ਸਾਲ ਦਾ ਫਰਕ ਹਰ ਇਕ ਵਿੱਚ ਲੋੜੀਏ। ਇਸ ਹਿਸਾਬ ਜੇ ਵੱਡੀ ਲੜਕੀ ਦਸ ਸਾਲ ਦੀ ਮਿਥ ਲਈਏ ਤਾਂ ਸਭ ਤੋਂ ਛੋਟੀ ਲੜਕੀ ਵਰ੍ਹੇ ਸਵਾ ਵਰ੍ਹੇ ਦੀ ਬੈਠਦੀ ਹੈ, ਉਸ ਲੜਕੀ ਨੇ ਤੇ ਉਸ ਤੋਂ ਵੱਡੀ

ਧੀ ਦਸ ਸਾਲ ਦੀ ਨੇ ਕੀਕੂੰ ਗੁਰੂ ਜੀ ਨਾਲ ਵਿਆਹ ਦਾ ਪ੍ਰਣ ਵਿਚਾਰਿਆ ਤੇ ਕੀਤਾ। ਤੇ ਜੇ ਮਾਪਿਆਂ ਨੇ ਪ੍ਰਣ ਕੀਤਾ ਤਾਂ ਸਵਾ ਵਰ੍ਹੇ ਦੀ ਬਾਲਕੀ ਲਈ ਦਸ ਬਰਸ ਦਾ ਵਰ ਸੋਚਣਾ ਕੋਈ ਦਿਮਾਗ਼ ਵਾਲੇ ਦਾ ਕੰਮ ਨਹੀਂ ਹੋ ਸਕਦਾ, ਇਸ ਵਿਚਾਰ ਨਾਲ ਬੀ ਇਹ ਕਥਾ ਆਖੇਪਕ ਤੇ ਝੂਠੀ ਸਾਬਤ ਹੁੰਦੀ ਹੈ, ਪਰ ਤਾਂ ਬੀ ਅਸਾਂ ਜੋ ਸਾਨੂੰ ਸਭ ਤੋਂ ਪੁਰਾਤਨ ਨੁਸਖਾ ਗੁਰ ਪ੍ਰਤਾਪ ਸੂਰਜ ਦਾ ਮਿਲ ਸਕਿਆ ਹੈ ਵੇਖਿਆ ਹੈ। ਇਹ ੧੯੧੯ ਸੰਮਤ ਦਾ ਲਿਖਤੀ ਹੈ ਅਰਥਾਤ ਕਵਿ ਜੀ ਦੇ ਚਲਾਣੇ ਤੋਂ ਕੇਵਲ ੧੯ ਬਰਸ ਦੇ ਵਿਚ ਸਮਾਪਤ ਹੋਇਆ ਹੋਇਆ ਹੈ, ਇਸ ਵਿੱਚ ਇਹ ਅੰਸੂ ਵਿਆਹਾਂ ਵਾਲਾ ਨਹੀਂ ਹੈ, ਜਿਸ ਤੋਂ ਨਿਰਸੰਸੇ ਸਿੱਧ ਹੋ ਗਿਆ, ਕਿ ਏਹ ਆਖੇਪਕ ਹੈ। ਸੋ ੭ ਵਿਆਹਵਾਂ ਵਾਲੀ ਗੱਲ ਸਾਨੂੰ ਨਾ ਗੁਰ ਪ੍ਰਤਾਪ ਸੂਰਜ ਤੋਂ ਮਿਲੀ ਤੇ ਨਾ ਹੀ ਮਹਿਮਾ ਪ੍ਰਕਾਸ਼ ਤੋਂ। ਮਹਿਮਾ ਪ੍ਰਕਾਸ਼ ਵਿਚ ਕੇਵਲ ਇਕ ਮਹਲ ਦਾ ਨਾਮ ਦਿੱਤਾ ਹੈ, ਐਉਂ ਲਿਖਦੇ ਹਨ:—

"ਬਾਬਾ ਗੁਰਦਿੱਤਾ ਪਿਤਾ, ਰਾਜ ਕੌਰ ਜੀ ਮਾਤ।
'ਸੁਲਖਣੀ' ਪਤਿ ਹਰਿ ਰਾਇ ਗੁਰੂ, ਹਰਿਕ੍ਰਿਸ਼ਨ ਰਾਮਰਾਇ ਤਾਤ।"

ਤਵਾਰੀਖ ਖਾਲਸਾ ਨੇ ਚਾਰ ਵਿਆਹ ਪਤਾ ਨਹੀਂ ਕਿੱਥੋਂ ਸਹੀ ਕਰਕੇ ਲਿਖੇ ਹਨ, ਤੇ ਮੈਕਾਲਫ ਨੇ ਸ਼ਾਯਦ ਇੱਥੋਂ ਹੀ ਸੱਤਵੇਂ ਸਤਿਗੁਰਾਂ ਦੇ ਵਜਾਹ ਬਹੁ ਵਚਨ ਵਿੱਚ ਲਿਖੇ ਹਨ। ਸਾਨੂੰ ਸੰਸਾ ਹੁੰਦਾ ਹੈ ਕਿ ਗੁਰ ਪ੍ਰਤਾਪ ਸੂਰਜ ਦੇ ਕਿਸੇ ਐਸੇ ਆਖੇਪ ਵਾਲੇ ਨੁਸਖੇ ਤੋਂ ਇਨ੍ਹਾਂ ਲੇਖਕਾਂ ਤੇ ਲੋਕਾਂ ਨੇ ਭੁਲੇਖਾ ਖਾਧਾ ਹੈ।

ਸੂਰਜ ਪ੍ਰਕਾਸ਼ ਦੇ ਬੰਸਾਵਲੀ ਵਾਲੇ ਅੰਸੂ ਵਿੱਚ ਪਤਾ ਨਹੀਂ ਅੱਠ ਵਿਆਹਾਂ ਦੀ ਗਿਣਤੀ ਕਿਵੇਂ ਚੜ੍ਹੀ ਹੈ, ਇਸਦੀ ਖੋਜ ਅਜੇ ਮੁਕੀ ਨਹੀਂ। ਪਰੰਤੂ ਮਹਿਮਾ ਪ੍ਰਕਾਸ਼ ਸੂਰਜ ਪ੍ਰਕਾਸ਼ ਤੋਂ ਪੁਰਾਣਾ ਹੋਣ ਕਰਕੇ ਉਸਦੇ ਮੁਕਾਬਲੇ ਤੇ ਹਾਲੇ ਸਾਨੂੰ ਸਾਰੀਆਂ ਲਿਖਤਾਂ ਖੰਡਤ ਸਮਝਣੀਆਂ ਚਾਹੀਏ, ਤੇ ਸ਼੍ਰੀ ਗੁਰੂ ਹਰਿ ਰਾਇ ਜੀ ਦੀ ਇਕੋ ਸੁਪਤਨੀ ਮਾਤਾ ਸੁਲੱਖਣੀ ਜੀ ਹੀ ਸਹੀ ਸਮਝਣੀ ਚਾਹੀਯੇ, ਜਿਸਨੂੰ ਉਨ੍ਹਾਂ ਨੇ ਰਾਮ ਰਾਇ ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਾਤਾ ਲਿਖਿਆ ਹੈ।

੨੮. [ਸ਼੍ਰੀ ਨਾਨਕ ਮਤੇ ਦਾ ਹਾਲ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:
ਸ਼੍ਰੀ ਗੰਗਾ ਆਗਵਨ ਲਖਿ,
ਸਹਿਤ ਸਨੁਖਾ ਨੰਦ।
ਸਭਿ ਬਰਾਤ ਜੁਤਿ ਪ੍ਰਥਮ ਗੇ,
ਹਰਿਮੰਦਿਰ ਸੁਖ ਕੰਦ ॥੧॥
ਚੌਪਈ:
ਹਾਥ ਬੰਦਿ ਬੰਦਨ ਕਰਿ ਆਛੇ।
ਦਈ ਪ੍ਰਦੱਛਨ ਫਿਰ ਸੁਖ ਬਾਂਛੇ।
ਲੇ ਪੁਨ ਗਈ ਸਦਨ ਕੋ ਗੰਗਾ।
ਕਰਿ ਕੁਲਿ ਰੀਤਿ ਜਥੋਚਿਤ ਸੰਗਾ ॥੨॥
ਵਾਰਿ ਦਰਬ ਕੋ ਦੇਤਿ ਘਨੇਰੇ।
ਸਗਰੇ ਹਰਖਹਿਂ ਮੁਖ ਗੁਰੁ ਹੇਰੇ।
ਬਸਤ੍ਰ ਬਜਾਹ ਕੇ ਪੀਤ ਸੁਹਾਏ।
ਪਿਖਹਿਂ ਜਿ ਦੇਸ਼ ਬਿਦੇਸ਼ਨਿ ਆਏ ॥੩॥
ਕਰੈਂ ਕਾਮਨਾ ਮਨ ਮੈਂ ਜੈਸੇ।
ਤਿਸ ਛਿਨਿ ਦਰਸ ਦੇਇਂ ਗੁਰ ਤੈਸੇ।
ਜੇ ਸਿਖ ਅਬਿ ਲਗਿ ਧਾਰੈਂ ਧਜਾਨਾ।
ਸੁੰਦਰ ਬਨਜੋ† ਕੇਸਰੀ ਬਾਨਾ ॥੪॥
ਕਜੋਂ ਨ ਕਾਮਨਾ ਸਿਖ ਸੋ ਲਹੈਂ।
ਜਿਨ ਕੇ ਰਿਦੇ ਸਤਗਿਰੁ ਰਹੈਂ।
ਜਲ ਕੋ ਵਾਰਿ ਪਾਨਿ ਕਰਿ ਗੰਗਾ।
ਮੰਦਰ ਕੇ ਅੰਦਰ ਲੇ ਸੰਗਾ ॥੫॥
ਨੁਖਾ ਦੂਸਰੀ ਜਾਇ ਬਿਠਾਈ।
ਨਾਰਿ ਬਿਲੋਕਤਿ ਹੈਂ ਸਮੁਦਾਈ।
ਨਾਮ ਨਾਨਕੀ ਸੁੰਦਰ ਰੂਪ।
ਜੋ ਸਭਿ ਤੇ ਬਡਿਭਾਗ ਅਨੂਪ ॥੬॥
ਤੇਗ ਬਹਾਦਰ ਜਿਨ ਹੁਇਂ ਨੰਦਨ।
ਪੌਤ੍ਰ ਬਲੀ ਬਿਦਤਹਿ ਜਗ ਬੰਦਨ।
ਜੋ ਨਿਜ ਦਾਸਨਿ ਦੇ ਛਿਤਿ ਰਾਜ।
ਕਰਹਿ ਬਿਨਾਸ਼ਨਿ ਤੁਰਕ ਸਮਾਜ ॥੭॥
ਪਿਖਹਿ ਪੌਤ੍ਰ ਜਿਹ ਬੈਸ ਬਡੇਰੀ।

†ਪਾ:—ਨਯੋ।

ਯਾਂ ਤੇ ਬਡ ਭਾਗਨਿ ਸਭਿ ਹੇਰੀ।
ਤੇਹਣ ਭੱਲਜਨਿ ਕੁਲ ਕੀ ਦਾਰਾ।
ਕਰਹਿਂ ਸਰਾਹਨ 'ਰੂਪ ਉਦਾਰਾ' ॥੮॥
ਇਮ ਦਿਨ ਕਿਤਿਕ ਮੇਲ ਸਭਿ ਹਰਜੋ।
ਬਹੁਰ ਸਦਨ ਗਮਨੈ ਚਿਤ ਚਹਜੋ।
ਜੇ ਦਮੋਦਰੀ ਕੇ ਪਿਤ ਮਾਤਾ।
ਰੀਤਿ ਜਥੋਚਿਤ ਕਰੇ ਪ੍ਰਯਾਤਾ[1] ॥੯॥
ਗੋਇੰਦਵਾਲ ਖਡੂਰ ਜੁ ਮੇਲ।
ਦਾਨ ਮਾਨ ਜੁਤਿ ਗਮਨੇ ਗੇਲ।
ਪੁਨ ਸੰਗਤਿ ਜੋ ਮੇਲੇ ਆਈ।
ਦਰਸਜੋ ਬਜਾਹ ਮੋਦ ਉਪਜਾਈ ॥੧੦॥
ਲੇ ਲੇ ਸਿਰੇਪਾਉ ਗੁਰੁ ਘਰ ਤੇ।
ਨਿਜ ਨਿਜ ਘਰ ਗੇ ਜਸੁ ਗੁਰੁ ਕਰਤੇ[†]।

'ਪ੍ਰਥਮ ਗੁਰਨਿ ਤੇ ਇਨਿ ਬਿਧਿ ਨਜਾਰੀ।
ਪੀਰੀ ਮੀਰੀ ਲੀਨਿ ਉਦਾਰੀ ॥੧੧॥
ਮਹਾਰਾਜ ਸਮ ਵਧਜੋ ਸਮਾਜੇ।
ਬਡਿ ਐਸ਼੍ਵਰਜ ਕੇ ਸਹਿਤ ਬਿਰਾਜੇ।'
ਇਮਿ ਉਤਸਵ ਸਤਿਗੁਰ ਕੇ ਭਯੋ।
ਕਰਿ ਸੰਖੇਪ ਜਥਾ ਕਹਿ ਦਯੋ ॥੧੨॥
ਤਿਹ ਪੀਛੇ ਸ਼੍ਰੀ ਹਰਿ ਗੋਬਿੰਦ।
ਬਸੇ ਕਿਤਿਕ ਦਿਨ ਅਨੰਦ ਬਿਲੰਦ।
ਬਡਭਾਗੀ ਸਿਖ ਮਿਲਹਿਂ ਜਿ ਆਇ।
ਦੇਂ ਉਪਦੇਸ਼ ਗਜਾਨ ਸਿਖਰਾਇ ॥੧੩॥
ਗਜਾਨ ਪਾਇ ਭੇ ਮੁਕਤਿ ਘਨੇਰੇ[†]।

ਜੋ ਜੋ ਆਇ ਚਰਨ ਗੁਰ ਹੇਰੇ[+]।
ਨਾਨਕ ਮਤੇ ਜਾਨ ਕੀ ਕਥਾ।
ਭਈ ਜਥਾ ਅਬਿ ਉਚਰੌਂ ਤਥਾ ॥੧੪॥
ਇਕਿ ਸਤਿਗੁਰ ਕੋ ਸਿਖ ਮਤਿਵੰਤਾ।
ਤੀਰਥ ਕਰਨਿ ਗਯੋ ਰਤਿਵੰਤਾ[1]।
ਕਰਤਿ ਕਰਤਿ ਪੂਰਬ ਕੀ ਓਰ।
ਮੱਜਤਿ ਜਾਤਿ ਪਾਵਨੀ ਠੌਰ ॥੧੫॥

[1]ਕਰਕੇ ਚਲੇ ਗਏ।

[†]ਪਾ:—ਦੇ ਦੇ ਸਿਰੇਪਾਉ ਗੁਰ ਕਰ ਤੇ। ਜਿਤ ਕਿਤ ਜਾਤਿ ਸੁਜਸੁ ਗੁਰ ਕਰਤੇ।

[†]ਇਹ ਦੋ ਸਤਰਾਂ ਲਿਖਤੀ ਨੁਸਖਿਆਂ ਵਿੱਚ ਨਹੀਂ ਹਨ, ਤੇ ਚੌਪਈ ਦੇ ਦੋ ਹੀ ਚਰਣ ਹਨ।

[1]ਪਿਆਰ ਵਾਲਾ।

ਪਹੁੰਚਯੋ ਤਬਿ ਸ਼੍ਰੀ ਨਾਨਕ ਮਤੇ।
ਬੰਦਨ ਕਰਿ ਸਥਾਨ ਸ਼ੁਭ ਚਿਤੇ[1]। [1]ਦਰਸ਼ਨ ਕੀਤਾ।
ਜ਼ਾਹਰਿ ਜਹਿਂ ਅਜ਼ਮਤਿ ਦ੍ਰਿਸ਼ਟਾਵੈ।
ਚਲਦਲ ਫੇਨਲ[1] ਬ੍ਰਿੱਛ ਸੁਹਾਵੈ ॥੧੬॥ [1]ਪਿੱਪਲ ਤੇ ਰੇਠੜੇ ਦਾ।
ਤਹਿਂ ਗੋਰਖ ਚੇਲਨਿ ਕੋ ਬਾਸਾ।
ਅਪਨੋ ਕੀਨਸਿ ਅਧਿਕ ਪ੍ਰਕਾਸ਼ਾ।
ਗੁਰ ਕੇ ਥਾਨ ਅਵੱਗਯਾ ਕਰੈਂ।
ਗੋਰਖ ਕੋ ਜਸੁ ਸੋ ਵਿਸਤਰੈਂ ॥੧੭॥
ਸਹਿ ਨ ਸਕਯੋ ਪਿਖਿ ਕਰਿ ਅਕੁਲਾਯਹੁ।
ਨਿਜ ਗੁਰੁ ਥਲ ਲਖਿ ਕਰਿ ਠਹਿਰਾਯਹੁ।
ਸੇਵਾ ਕਰਨਿ ਲਗਯੋ ਸਭਿ ਭਾਂਤਿ।
ਦੀਪਕ ਬਾਰਹਿ ਹੋਵਤਿ ਰਾਤਿ ॥੧੮॥
ਭੋਰ ਉਠਹਿ ਇਸ਼ਨਾਨ ਕਰੰਤਾ।
ਸ਼੍ਰੀ ਹਰਿਗੋਬਿੰਦ ਕੋ ਸਿਮਰੰਤਾ।
ਬਢਨੀ[1] ਫੇਰੈ, ਲੇਪਨ ਕਰਿਤਾ। [1]ਬੁਹਾਰੀ।
ਪੁਸ਼ਪ ਧੂਪ ਪੂਜਨਿ ਆਚਰਿਤਾ[1] ॥੧੯॥ [1]ਪੂਜਾ ਕਰਦਾ।
ਤਹਾਂ ਜੁ ਬਾਸ ਸਿੱਧ ਕੁਛ ਕਰਿਤੇ।
ਧਰਹਿਂ ਈਰਖਾ ਇਸਹਿ ਨਿਹਰਿਤੇ।
ਬਹੁਰੋ ਬਾਦ ਕਰਨ ਕੋ ਲਾਗੇ।
'ਚਲਯੋ ਜਾਹੁ ਇਸਿ ਥਲ ਕੋ ਤਜਾਗੇ' ॥੨੦॥
ਦਿਨ ਪ੍ਰਤਿ ਬੋਲਤਿ ਬਧਯੋ ਬਿਖੇਰਾ।
ਕਰਹਿਂ ਓਜ ਇਹ ਏਕਲ ਹੇਰਾ।
'ਗੁਰੁ ਕੋ ਸਿੱਖ ਨਹੀਂ ਕੋ ਨੇਰੇ।
ਦਿਹੁ ਨਿਕਾਸ ਹਮ ਅਹੈਂ ਘਨੇਰੇ ॥੨੧॥
ਪੂਰਬ ਹੁਤੋ ਹਮਾਰੋ ਥਾਨ।
ਬੈਠਯੋ ਗੋਰਖ, ਤਪਯੋ ਮਹਾਨ।
ਸ਼੍ਰੀ ਨਾਨਕ ਤਿਨ ਕੇ ਢਿਗ ਆਏ।
ਦੁਇ ਤ੍ਰੈ ਬਾਸੁਰ ਬਸਯੋ ਬਿਤਾਏ ॥੨੨॥
ਜਿਮ ਪਰਾਹੁਨੋਂ ਕਿਸ ਕੇ ਆਵੈ।
ਕਯਾ ਮਾਲਿਕ ਤਿਸ ਘਰ ਹੁਇ ਜਾਵੈ?
ਤਿਮ ਬੈਠੇ ਗੁਰੁ ਕੋ ਕਿਮ ਅਹੈ?

ਚਿਰੰਕਾਲ ਕੇ ਸਿਧ ਗਨ ਰਹੈਂ ॥੨੩॥
ਗੋਰਖ ਮਤਾ ਬਿਦਤਿ ਜਗ ਨਾਮੂ।
ਤਪ ਤੇ ਕਿਯ ਪੁਨੀਤ ਅਭਿਰਾਮੂ।'
ਗੁਰੁ ਸਿਖ ਕਹੈ 'ਬ੍ਰਿੱਛ ਇਹ ਦੋਊ।
ਅਜ਼ਮਤ ਇਨ ਮੈਂ ਜ਼ਾਹਰ ਹੋਊ ॥੨੪॥
ਸ੍ਰੀ ਨਾਨਕ ਕੋ ਥਾਨ ਜਨਾਵੈਂ[1]। [1]ਦੱਸਦੇ ਹਨ।
ਸਿੱਖ ਗੁਰੂ ਕੇ ਪੂਜਨਿ ਆਵੈਂ।
ਗੁਰੁ ਕੇ ਚਿੰਨ੍ਹ, ਅਜਹੁਂ ਦਰਸੰਤੇ।
ਕਰੌਂ ਬਤਾਵਨਿ ਕਜੋਂ ਨ ਪਿਖੰਤੇ ॥੨੫॥
ਚਲਦਲ ਦਲ ਪਰ ਕਰ ਗੁਰ ਚਿੰਨ੍ਹ[1]। [1]ਪਿੱਪਲ ਦੇ ਪੱਤਿਆਂ ਤੇ ਤਾਂ ਗੁਰੂ ਜੀ ਦੇ ਹੱਥ ਦਾ ਨਿਸ਼ਾਨ ਹੈ।
ਯਾਂ ਤੇ ਸਭਿ ਤਰੁ ਤੇ ਇਹ ਭਿੰਨ।
ਫੇਨਲ[1] ਕੋ ਤਰੁ ਦੋਇ ਪ੍ਰਕਾਰ। [1]ਰੇਠੜਾ।
ਜਿਸ ਕੇ ਹੈਂ ਬਿਸਾਲ ਦ੍ਵੈ ਡਾਰਿ ॥੨੬॥
ਇਕਿ ਕੇ ਫਲ ਮਧੁਰੇ ਇਕ ਕੌਰੇ।⚐

⚐ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ ਅਧਜਾਯ ੨੦ ਅੰਕ ੮੦ ਦੀ ਟੂਕ ਵਿੱਚ ਅਸੀਂ ਰੀਠੇ ਦੇ ਬ੍ਰਿੱਛ ਦਾ ਹਾਲ ਦੇ ਆਏ ਹਾਂ। ਉਸ ਤੋਂ ਮਗਰੋਂ ਕੁਛ ਸੰਤ ਜੋ ਕੱਤਕ ਦੇ ਮਹੀਨੇ ਆਪ ਉਥੇ ਹੋਕੇ ਆਏ ਸਨ ਤੇ ਆਪ ਮਿੱਠੇ ਰੀਠੇ ਖੁੱਲ੍ਹੇ ਛਕਕੇ ਆਏ ਸਨ, ਜੋ ਹਾਲ ਉਨ੍ਹਾਂ ਤੋਂ ਪ੍ਰਾਪਤ ਹੋਏ ਸੋ ਇਸ ਪ੍ਰਕਾਰ ਹਨ।

ਨਾਨਕ ਮਤਾ ਤੇ ਰੀਠੇ ਦਾ ਅਸਥਾਨ ਪੀਲੀ ਭੀਤ ਦੇ ਜ਼ਿਲੇ ਵਿੱਚ ਹੈ, ਖਟੇਮਾਂ ਅਸਟੇਸ਼ਨ (ਜ਼ਿਲਾ ਨੈਨੀਤਾਲ) ਤੋਂ ਕੋਈ ੧੦ ਮੀਲ ਦੀ ਵਾਟ ਤੇ ਨਾਨਕ ਮਤਾ ਗੁਰਦਵਾਰਾ ਹੈ। ਇਸ ਤੋਂ ਅੱਗੇ ੪੫ ਮੀਲ ਦੇ ਲਗਪਗ ਪਹਾੜੀ ਤੇ ਜੰਗਲੀ ਵਾਟ ਤੇ ਰੀਠੇ ਦਾ ਅਸਥਾਨ ਹੈ, ਇਸ ਅਸਥਾਨ ਨੂੰ ਰੇਲਵੇ ਅਸਟੇਸ਼ਨ ਕਾਠ ਗੁਦਾਮ ਤੋਂ ਵੀ ਰਾਹ ਜਾਂਦਾ ਹੈ ਇਹ ਨਾਨਕ ਮਤੇ ਵਾਲੇ ਰਾਹ ਤੋਂ ਥੋਹੜਾ ਪੰਥ ਹੈ, ਰਾਹ ਦੋਵੇਂ ਪਹਾੜੀ ਨਿਰਜਨ ਹਨ। ਗੁਰੂ ਨਾਨਕ ਦੇਵ ਜੀ ਦੇ ਕੀਤੇ ਮਿੱਠੇ ਰੀਠੇ ਦੇ ਬੀਜ ਤੋਂ ਕੁਝਕੁ ਹੋਰ ਰੀਠੇ ਬ੍ਰਿਛ ਵੀ ਉੱਗੇ ਹਨ, ਪ੍ਰੰਤੂ ਓਹਨਾਂ ਦੀ ਮਿਠਾਸ ਉਤਨੀਂ ਨਹੀਂ ਜਿੰਨੀ ਕਿ ਸਤਿਗੁਰ ਜੀ ਦੇ ਮਿੱਠੇ ਕੀਤੇ ਰੇਠੇ ਦੀ ਹੈ, ਇਹ ਅਸਥਾਨ ਨਾਨਕ ਮਤੇ ਦੇ ਗੁਰਦਵਾਰੇ ਦੇ ਅਧੀਨ ਹੈ।

ਨਾਨਕ ਮਤੇ ਤੋਂ ਰੀਠੇ ਦੇ ਅਸਥਾਨ ਜਾਣ ਲੱਗਿਆਂ ਪਹਿਲਾ ਮੁਕਾਮ ੧੪ ਮੀਲ ਦੀ ਵਾਟ ਤੇ ਚੋਰ ਗਲੀ ਹੈ, ਉਸ ਤੋਂ ਅੱਗੇ ੧੫ ਮੀਲ ਦੀ ਵਾਟ ਤੇ ਦੁਰਗਾ ਪਿੱਪਲ ਹੈ, ਇਸ ਤੋਂ ਅੱਗੇ ੭ ਮੀਲ ਪਹਾੜ ਦੀ ਚੜ੍ਹਾਈ ਹੈ, ਇੱਕ ਦੇਵ ਅਸਥਾਨ ਹੈ, ਜਿਥੇ ਲੋਹੇ ਦੀ ਪੀਂਘ ਤੇ ਛੋਟੇ ਛੋਟੇ ਧਨੁਖ ਪਏ ਹਨ, ਇਥੋਂ ੭ ਮੀਲ ਦੀ ਉਤਰਾਈ ਤੋਂ ਦੋ ਮੀਲ ਦੇ ਮੈਦਾਨ ਵਿੱਚ ਮਿੱਠੇ ਰੀਠੇ ਦਾ ਬ੍ਰਿੱਛ ਹੈ।

ਆਮ ਲੋਕਾਂ ਵਿੱਚ ਓਥੇ ਹੁਣ ਤੱਕ ਪ੍ਰਸਿੱਧੀ ਹੈ, ਕਿ ਇਹ ਰੀਠਾ ਗੁਰੂ ਨਾਨਕ ਨੇ ਮਿੱਠਾ ਕੀਤਾ ਹੈ, ਓਹ ਲੋਕ ਬ੍ਰਿੱਛ ਨੂੰ 'ਬਾਬੇ ਨਾਨਕ ਦਾ ਗੁਲੀਆ ਰੀਠਾ' ਕਹਿੰਦੇ ਹਨ। ਮਾਲੂਮ ਹੁੰਦਾ ਹੈ ਕਿ ਜਿਵੇਂ ਸਿੱਧਾਂ ਨੇ ਨਾਨਕ ਮਤੇ ਦਾ ਪਿੱਪਲ ਸਾੜਿਆ ਸੀ, ਕਿਸੇ ਸਮੇਂ ਕੋਈ ਹਮਲਾ ਰੀਠੇ ਤੇ ਬੀ ਕਿਸੇ ਪ੍ਰਕਾਰ ਹੋਇਆ ਹੈ, ਪ੍ਰੰਤੂ ਸਾਈਂ ਦੀ ਮਿਹਰ ਨਾਲ ਅਸਲੀ ਬ੍ਰਿੱਛ ਦੇ ਉਸ ਪਾਸਿਓਂ ਜੋ ਸਤਿਗੁਰ ਨੇ ਮਿੱਠਾ ਕੀਤਾ ਸੀ, ਫਿਰ ਬ੍ਰਿੱਛ ਫੁਟਕੇ ਲਹਿ ਲਹਿ ਕਰ ਰਿਹਾ ਹੈ ਤੇ ਉਹ ਮਿੱਠੇ ਫਲ ਹੁਣ ਤੱਕ ਦੇ ਰਿਹਾ ਹੈ, ਜਿਵੇਂ ਸ੍ਰੀ ਨਾਨਕ ਮਤੇ ਨਿਸ਼ਾਨੀ ਵਾਲਾ ਪਿੱਪਲ ਝੂਮ ਰਿਹਾ ਹੈ।

ਮਧੁਰ ਭਯੋ ਕਾਂਡ[1] ਜੁ ਗੁਰੁ ਓਰੇ। [1]ਸ਼ਾਖ।

ਸਿੱਧਨਿ ਦਿਸ਼ਿ ਕੋ ਅਬਿ ਲਗਿ ਕੌਰਾ।
ਜਿਸ ਤੇ ਮਾਨ ਭਯੋ ਤਿਨ ਹੌਰਾ ॥੨੭॥
ਸ਼੍ਰੀ ਨਾਨਕ ਕੀ ਕਥਾ ਰਸਾਲਾ।
ਹਮ ਨੇ ਪਠੀ ਸੁਨੀ ਤਤਕਾਲਾ।
ਸਰਬ ਬ੍ਰਿਤਾਂਤ ਇਹਾਂ ਕੋ ਜਾਨਾ।
ਸਭਿ ਸਿੱਧਨਿ ਕੋ ਹਾਨਿਸਿ ਮਾਨਾ ॥੨੮॥
ਮੈਂ ਨਿਜ ਗੁਰ ਕੀ ਥਾਉਂ ਨ ਛੋਰੌਂ।
ਨਿਜ ਪ੍ਰਾਕ੍ਰਮ ਤੇ ਮੁਖ ਤੁਮ ਮੋਰੌਂ।
ਸ਼੍ਰੀ ਨਾਨਕ ਕੀ ਗਾਦੀ ਤਾਂ ਪਰਿ।
ਬੈਠੇ ਗੁਰੁ ਹਰਿਗੋਵਿੰਦ ਜਾਂ ਪਰ ॥੨੯॥
ਪੀਰੀ ਮੀਰੀ ਧਰੀ ਪ੍ਰਚੰਡ।
ਦੰਡ ਉਚਿਤ ਕੇ ਦਾਤਾ ਦੰਡ[1]।
ਸਿਮਰੇ ਜਹਿਂ ਕਹਿਂ ਹਾਜ਼ਰ ਸਾਰੇ।
ਸਿੱਖੀ ਬੇਲ ਬਧਾਵਨਿ ਹਾਰੇ ॥੩੦॥
ਐਸੇ ਗੁਰੁ ਪੂਰਨ ਸਮਰੱਥ।
ਸਿਰ ਮੇਰੇ ਪਰ ਤਿਨ ਕੋ ਹੱਥ।
ਕਰਹਿਂ ਸਹਾਇ ਆਨਿ ਤਤਕਾਲਾ।
ਲਖਹੁ ਇਕਾਕੀ ਨਹਿਂ, ਇਸ ਹਾਲਾ’ ॥੩੧॥
ਸੁਨਿ ਕਨਪਾਟੇ ਜੋਗੀ ਬ੍ਰਿੰਦ।
ਉਠੇ ਤੁਰਤ ਰਿਸਿ ਧਾਰਿ ਬਿਲੰਦ।
‘ਦੇਖਹਿਂ ਤੋਰ ਗੁਰੂ ਕਜਾ ਕਰੈ।
ਇਸ ਪੀਪਰ ਕੋ ਹਮ ਪਰਹਰੈਂ ॥੩੨॥
ਯਹੀ ਚਿੰਨ੍ਹ ਤੂ ਬਹੁਤ ਬਤਾਵੈਂ।
ਯਾਂ ਕੋ ਖੋਜ ਰਹਨਿ ਨਹਿਂ ਪਾਵੈ।’
ਈਂਧਨ ਅਗਨਿ ਲੀਏ ਸਭਿ ਆਏ।
ਧਰਿ ਚਹੁੰਦਿਸ਼ਿ ਮੈਂ ਕਰਿ ਸਮੁਦਾਏ ॥੩੩॥
ਜਾਰਿ ਦਯੋ ਪੀਪਰ ਮਤਿਮੰਦ।
ਤਬਿ ਬੋਲਜੋ ਅਲਮਸਤ[1] ਬਿਲੰਦ।
‘ਆਗੇ ਸਿਧ ਗੋਰਖ ਜੁਤਿ ਹੋਇ।
ਲਗੇ ਉਡਾਵਨਿ ਚਲਦਲ ਸੋਇ ॥੩੪॥

[1]ਦੰਡਯਗ ਨੂੰ ਦੰਡ ਦੇਣ ਵਾਲੇ।

[1]ਨਾਮ ਸੀ ਸਿੱਖ ਦਾ।

ਸ਼੍ਰੀ ਨਾਨਕ ਨਿਜ ਕਰ ਤੇ ਗਹਯੋ।
ਸਿਧ ਹਾਰੇ ਇਸਥਿਰੁ ਹੀ ਰਹਯੋ।
ਅਬਿ ਭੀ ਸਤਿਗੁਰ ਬਨੈਂ ਸਹਾਈ।
ਸਕਲ ਥਾਨ ਮੈਂ ਲੇਉਂ ਛੁਟਾਈ ॥੩੫॥
ਕਰਹੁ ਅਵੱਗਜਾ ਤਸ ਫਲ ਪਾਵਹੁ।
ਅਪਨਿ ਉਖਾਰ ਜਰਾਂ ਪਛੁਤਾਵਹੁ।'
ਇਮ ਉਤਪਾਤ ਕਰਯੋ ਜੋਗੀਨਿ।
ਰਿਪੁ ਗਨ ਆਪ ਇਕਾਕੀ ਚੀਨਿ[1] ॥੩੬॥
ਲਗਯੋ ਅਰਾਧਨਿ ਤਪ ਕਰਿ ਬ੍ਰਿੰਦ।
ਬਿਨਤੀ ਨਿਤਪ੍ਰਤਿ ਕਰਤਿ ਬਿਲੰਦ।
'ਸ਼੍ਰੀ ਹਰਿ ਗੋਵਿੰਦ! ਬਨਹੁ ਸਹਾਯਕ।
ਰੱਛਹੁ ਆਪ ਸਿੱਖ ਕੀ ਲਾਯਕ[1] ॥੩੭॥
ਸਰਬ ਘਟਨਿ ਕੋ ਅੰਤਰਜਾਮੀ!
ਦਾਤਾ ਸਭਿ ਜੀਵਨਿ ਕੋ ਸ੍ਵਾਮੀ!
ਪਰੀ ਭੀਰ ਸਿਮਰਨ ਉਰ ਕਰਿਤਾ।
ਰਿਦੇ ਭਰੋਸਾ ਰਾਵਰਿ ਧਰਿਤਾ ॥੩੮॥
ਬਹੁ ਮਿਲਿ ਬਲ ਕੀਨਸਿ ਜੋਗੀਨਿ।
ਸ਼੍ਰੀ ਨਾਨਕ ਥਲ ਲੀਨਸਿ ਛੀਨ।
ਦੇਸ਼ ਦੂਰ ਰਾਵਰਿ ਕੋ ਅਹੈ।
ਬਿਨ ਆਏ ਇਹ ਥਾਨ ਨ ਰਹੈ ॥੩੯॥
ਬਿਰਦ ਆਪ ਕੋ ਹੋਵਤਿ ਹੀਨ।
ਧਰਹਿ ਦਾਸ ਬਿਸਵਾਸੁ ਸੁ ਪੀਨ[1]†।
ਜਨ ਰੱਖਯਕ ਇਹ ਨਾਮ ਤੁਮਾਰਾ।
ਬਿਦਤਿ ਪੁਕਾਰਤਿ ਹੈ ਜਗ ਸਾਰਾ' ॥੪੦॥
ਇੱਤਯਾਦਿਕ ਨਿਤ ਬਿਨਤੀ ਕਰਿਤਾ।
ਖਾਨ ਪਾਨ ਕੋ ਸੰਜਮ ਧਰਿਤਾ।
ਆਤਪ ਬਰਖਾ ਸੀਤ ਸਹਾਰੇ।
ਕਰੈ ਸ਼ਨਾਨ ਕਿ ਗੁਰੂ ਚਿਤਾਰੈ ॥੪੧॥
ਮਹਾਂ ਪ੍ਰੇਮ ਤੇ ਰਿਦੇ ਬਸਾਏ।
ਰਾਤਿ ਦਿਵਸ ਨਹਿੰ ਧਯਾਨ ਭੁਲਾਏ।

[1] ਵੈਰੀ ਬਹੁਤੇ ਤੇ ਆਪ ਨੂੰ ਇਕੱਲਾ ਜਾਣਕੇ।

[1] ਸਿੱਖ ਦੀ (ਰੱਖਿਆ ਦੇ) ਲਾਇਕ ਹੈ।

[1] ਦਾਸ (ਆਪ ਜੀ ਦਾ) ਭਾਰੀ ਭਰੋਸਾ ਰੱਖਦਾ ਹੈ।
† ਪਾ:- ਛੀਨ।

ਸ਼੍ਰੀ ਹਰਿਗੋਬਿੰਦ ਸਭਿ ਬਿਧਿ ਜਾਨੀ।
ਭਈ ਪ੍ਰੇਮ ਕੀ ਖੈਂਚ ਮਹਾਨੀ ॥੪੨॥
ਰਹ੍ਯੋ ਨ ਜਾਇ ਅਧਿਕ ਅਕੁਲਾਏ।
ਘਰੀ ਘਰੀ ਛਿਨਿ ਛਿਨਿ ਲਲਚਾਏ।
ਪ੍ਰਿਯ ਸੇਵਕ ਕੋ ਮਿਲਹਿਂ ਨ ਜਾਵਤਿ[1]।
ਕਹਾਂ ਸ਼ਾਂਤਿ ਸਤਿਗੁਰ ਕੋ ਭਾਵਤਿ ॥੪੩॥
-ਏਕਲ ਬਨਹਿ ਨ ਤਿਹਠਾਂ ਜਾਨੋ।
ਨਾਂਹਿ ਤ ਪਲਕ ਬਿਖੈ ਪ੍ਰਸਥਾਨੋ।
ਕੁਛ ਸੁਭਟਨਿ ਕੋ ਲੇ ਕਰਿ ਸਾਥ।
ਬਨਹਿਂ ਸਹਾਯਕ ਤੌਂ ਸ਼ੁਭ ਗਾਥ- ॥੪੪॥
ਇੱਤਯਾਦਿਕ ਬਹੁ ਰਿਦੈ ਬਿਚਾਰੈਂ।
ਕਿਮ ਸ਼੍ਰੀ ਨਾਨਕ ਮਤੇ ਸਿਧਾਰੈਂ।
ਇਕ ਤੌਂ ਖੈਂਚ ਸਾਧ ਨੈ ਕਰੀ।
-ਇਹਠਾਂ ਮਿਲਹਿਂ- ਕਾਮਨਾ ਧਰੀ
॥੪੫॥

[1]ਜਦ ਤਕ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਨਾਨਕ ਮਤੇ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

੨੯. [ਡਰੋਲੀ, ਭਾਈ ਸਾਈਂਦਾਸ-ਰਾਮੋ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਡੱਲੇ ਗ੍ਰਾਮ ਦਮੋਦਰੀ, ਮਾਤ ਪਿਤਾ ਕੇ ਧਾਮ।
ਇਕ ਭਗਨੀ ਇਸ ਕੀ ਬਡੀ, ਰਾਮੋਂ ਤਿਸ ਕੋ ਨਾਮ ॥੧॥

ਚੌਪਈ:

ਤਿਸ ਕੋ ਪਤਿ ਸਿਖ ਸਾਂਈ ਦਾਸ।
ਗ੍ਰਾਮ ਡਰੋਲੀ ਵਸਹਿ ਅਵਾਸ।
ਸਤਿਸੰਗਤਿ ਬਹੁ ਡੱਲੇ ਗ੍ਰਾਮੂ।
ਮਿਲਿ ਮਿਲਿ ਸਿਮਰਤਿ ਹੈ ਸਤਿਨਾਮੂ ॥੨॥
ਸਾਈਂਦਾਸ ਬਸਯੋ ਸਸੁਰਾਰੇ।
ਨਰ ਗਨ ਹੇਰੇ ਗੁਰੁਮਤਿ ਧਾਰੇ।
ਤਿਨ ਕੀ ਸੰਗਤਿ ਤੇ ਮਨ ਢਰਯੋ।
ਸ੍ਰੀ ਅਰਜਨ ਕੋ ਸਤਿਗੁਰੁ ਕਰਯੋ ॥੩॥
ਸਿੱਖੀ ਗੁਨ ਸਮੇਤ ਉਰ ਧਾਰੀ।
ਸ਼ਰਧਾਲੂ ਚਿਤ ਭਗਤਿ ਉਦਾਰੀ।
ਨਿਜ ਨਿਕੇਤ ਗਮਨਯੋ ਗੁਰ ਭਜੈ।
ਸਿਮਰਤਿ ਸੱਤਿਨਾਮ ਨਿਤ ਜਜੈ ॥੪॥
ਇਮ ਸਿਖ ਭਾ ਕੇਤਿਕ ਦਿਨ ਪਾਛੈ।
ਭਾ ਸਨਬੰਧ ਗੁਰੂ ਕੋ ਆਛੈ।
ਅਤਿ ਅਨੰਦ ਤਿਸ ਕੋ ਮਨ ਹੋਵਾ।
ਕਈ ਬਾਰ ਗੁਰੁ ਦਰਸ਼ਨ ਜੋਵਾ ॥੫॥
ਪਾਰੋ ਪਰਮ ਸਿੱਖ ਕੁਲ ਜਾਂਹੀ।
ਰਾਮੋ ਜਨਮ ਲੀਨਿ ਤਿਸ ਮਾਂਹੀ।
ਪਰੰਪਰਾ ਸਿੱਖੀ ਘਰ ਜਾਂਹੂ।
ਯਾਂ ਤੇ ਗੁਰੁਮਤਿ ਧਰਿ ਉਰ ਮਾਂਹੂ ॥੬॥
ਮਾਤ ਪਿਤਾ, ਗੁਰੁ ਕੇ ਸਿੱਖ ਭਾਰੇ।
ਕਯੋਂ ਸੰਤਤਿ ਸਿੱਖੀ ਨਹਿਂ ਧਾਰੇ।
ਰਾਮੋ ਸਿਮਰਿ ਸਤਿਗੁਰੁ ਨੀਤਿ।
ਹਿਤ ਕੱਲਯਾਨ ਪ੍ਰੇਮ ਧਰਿ ਚੀਤ ॥੭॥
ਦੰਪਤਿ ਮਹਿਂ ਗੁਰਮਤਿ ਅਤਿ ਹੋਈ।

ਗੁਰੁ ਗੁਰੁ ਸਿਮਰਤਿ ਦੁਰਮਤਿ ਖੋਈ।
ਹੋਇ ਪੁਰਬ ਦਿਨ ਦੀਪਕ ਮਾਲਾ।
ਕਿਧੋਂ ਵਿਸਾਖੀ ਮੇਲ ਬਿਸਾਲਾ ॥ ੮ ॥
ਦੰਪਤਿ ਆਇ ਦਰਸ ਕੌ ਕਰਿਤੇ।
ਮਿਲਿ ਮਿਲਿ ਬ੍ਰਿਹੁ ਕੇ ਦੁਖ ਪਰਹਰਿਤੇ।
ਤਿਨਹੁ ਸਦਨ ਚਿਨਵਾਵਨਿ ਕੀਨਾ।
ਧਨ ਗਨ ਤਹਿਂ ਲਗਾਇ ਸੁਖ ਭੀਨਾ ॥ ੯ ॥
ਬਹੁ ਸੁੰਦਰ ਮੰਦਿਰ ਜਬਿ ਬਨਜੋ।
ਕਾਰੀਗਰਨਿ ਸੁਮਤਿ ਤੇ ਚਿਨਜੋ।
ਦੰਪਤਿ ਨੇ ਅਵਿਲੋਕਜੋ ਆਛੇ।
ਤਿਸ ਮੈਂ ਬਸਿਬੋ ਨਹਿਂ ਉਰ ਬਾਂਛੇ ॥ ੧੦ ॥
ਕਰਜੋ ਪ੍ਰੇਮ -ਗੁਰੁ ਪੂਰਬ ਬਸੈਂ।
ਪੁਨ ਪਸ਼ਚਾਤਿ ਸਦਨ ਇਸ ਧਸੈਂ।
ਪ੍ਰਥਮ ਨਹੀਂ ਇਹ ਹਮਰੇ ਜੋਗ।
ਗੁਰੁ ਪੀਛੇ ਹਮ ਬਸਿਬੋ ਹੋਗ- ॥ ੧੧ ॥
ਇਮ ਗਾਢੋ ਪ੍ਰਣ ਕਰਿ ਮਨ ਮਾਂਹੂ।
ਰੁਚਿਰ ਕਿਵਾਰ ਬਨਾਇਸਿ ਤਾਂਹੂ।
ਦ੍ਵਾਰ ਅਸੰਜਤਿ ਕਰਿ ਦਿਯ ਤਾਰੋ[1]। [1]ਜੰਦਰਾ ਮਾਰ ਦਿੱਤਾ।
ਕਬਹੁਂ ਨ ਹੇਰਨਿ ਹੇਤੁ ਉਘਾਰੋ[1] ॥ ੧੨ ॥ [1]ਕਦੀ ਦੇਖਣ ਵਾਸਤੇ ਵੀ ਨਾਂ ਖੋਲ੍ਹਿਆ।
ਦੀਨਬੰਧੁ ਗੁਰੁ ਬਿਰਦ ਬਿਸਾਲਾ।
ਜਿਨ ਇਛਾ ਪੁਰਵਹਿਂ ਤਤਕਾਲਾ।
ਅਪਰ ਸਮੱਗ੍ਰੀ ਕਰਿ ਕਰਿ ਤਜਾਰੀ।
ਸਿਮਰਤਿ ਰਾਖਤਿ ਸਦਨ ਮਝਾਰੀ ॥ ੧੩ ॥
ਬਹੁ ਸੁੰਦਰ ਪਰਯੰਕ ਬਨਾਏ।
ਦੇ ਦੇ ਦਰਬ ਤਜਾਰਿ ਕਰਿਵਾਏ।
ਹਿਤ ਭੋਜਨ ਕੇ ਸੁੰਦਰ ਅੰਨ।
ਆਨਿ ਧਰਹਿ ਹੁਇ ਸਿਦਕ ਸਪੰਨ[1] ॥ ੧੪ ॥ [1]ਸਮੇਤ।
ਜਜੋਂ ਜਜੋਂ ਵਸਤੁ ਤਜਾਰ ਕਰਿ ਜੋਵਤਿ।
ਤਜੋਂ ਤਜੋਂ ਅਧਿਕ ਪ੍ਰੇਮ ਉਰ ਹੋਵਤਿ।
ਦਿਨ ਪ੍ਰਤਿ ਪ੍ਰੇਮਾਤੁਰ ਹੁਇ ਦੰਪਤਿ।
ਗੁਰੁ ਬਿਨ ਲਗਹਿ ਨ ਆਛੀ ਸੰਪਤਿ

॥੧੫॥
ਕਰਹਿਂ ਪ੍ਰਤੀਖਨ -ਕਬਿ ਗੁਰ ਆਵਹਿਂ।
ਹਮਰੇ ਮਨ ਅਭਿਲਾਖ ਪੁਰਾਵਹਿਂ-।
ਗੁਰੁ ਪ੍ਰਸੰਗ ਕਹਿ ਆਪਸ ਮਾਂਹੂ।
ਸੁਜਸੁ ਬਖਾਨਤਿ ਰਿਦੇ ਉਮਾਹੂ ॥੧੬॥
ਬੀਤੇ ਕਿਤਿਕ ਦਿਵਸ ਇਸ ਭਾਂਤੀ।
-ਗੁਰੁ ਨ ਆਏ ਤਾਪਤਿ ਛਾਤੀ।
ਕਜਾ ਕਾਰਨ ਭਾ ਮਿਲੇ ਨ ਸ੍ਵਾਮੀ?
ਚੌਦਹਿ ਲੋਕਨਿ ਅੰਤਰਜਾਮੀ ॥੧੭॥
ਸ਼੍ਰੀ ਗੁਰੁ ਹਰਿਗੋਵਿੰਦ ਮੁਖ ਚੰਦ।
ਹਮ ਚਕੋਰ ਕਬਿ ਦੇਹਿਂ ਅਨੰਦ।
ਸਮ ਸੂਰਜ ਕਬਿ ਤੇਜ ਦਿਖਾਵੈਂ।
ਹਮਰੇ ਰਿਦੇ ਕਮਲ ਬਿਕਸਾਵੈਂ ॥੧੮॥
ਚਾਤ੍ਰਿਕ ਸਮ ਦੰਪਤਿ ਬਿਲਪਾਈਂ।
ਸ੍ਵਾਂਤਿ ਬੂੰਦ ਕਬਿ ਮਿਲਹਿਂ ਗੁਸਾਈਂ[1]।
ਤਰੁ ਸੂਕਤਿ ਦੁਰਬਲ ਹਮ ਤੈਸੇ।
ਕਬਿ ਗੁਰ ਮਿਲਹਿ ਜਲਦ ਜਲ ਜੈਸੇ[1] ॥੧੯॥
ਜਬਿ ਦੇਖੈਂ ਜੁਗੁ ਪਦ ਅਰਬਿੰਦ।
ਤਬਿ ਹਰਖਹਿਂ ਮਨ ਹੋਇ ਮਲਿੰਦ।
ਅਜਹੁੰ ਨ ਆਏ, ਹਮ ਨਿਰਭਾਗੇ।
ਕਿਧੌਂ ਨ ਰਿਦੈ ਪ੍ਰੇਮ ਬਹੁ ਜਾਗੈ ॥੨੦॥
ਬਸੀ ਪ੍ਰੀਤਿ ਕੇ ਸੁਨੇ ਸਦੀਵੇ।
ਆਇਂ ਤੁਰਤ ਜਿਮ ਜਲ ਥਲ ਨੀਵੇ-।
ਕਰਤਿ ਪ੍ਰਤੀਖਨ ਦਿਨ ਭੇ ਘਨੇ।
ਤਬਿ ਰਾਮੋ ਨਿਜ ਪਤਿ ਸੋਂ ਭਨੇ ॥੨੧॥
'ਚਲਹੁ ਸੁਧਾਸਰ ਮਿਲਿ ਕਰਿ ਲਜਾਵੈਂ।
ਬਿਨਤੀ ਬਨਿ ਕੈ ਦੀਨ ਸੁਨਾਵੈਂ।
ਜਜੋਂ ਕਜੋਂ ਕਰਿ ਨਿਜ ਘਰਿ ਮਹਿਂ ਆਨੈ।
ਸਦਨ ਬਸਾਵਹਿਂ ਜਜੋਂ ਇਛ ਠਾਨੈਂ' ॥੨੨॥
ਸਾਈਂ ਦਾਸ ਭਨਜੋ 'ਸੁਨਿ ਭੋਰੀ!

[1]ਸ੍ਵਾਂਤੀ ਬੂੰਦ ਦੇ ਸਮਾਨ ਗੁਸਾਈਂ ਕਦੋਂ ਮਿਲਨਗੇ।
[1]ਬੱਦਲ ਦੇ ਜਲ ਵਾਂਗ।

ਨੀਕੀ ਲਗਹਿ ਬਾਤਿ ਨਹਿਂ ਤੋਰੀ।
ਅਲਪੱਗਜਨਿ ਸੋਂ ਇਮ ਬਨਿ ਆਵੈ।
ਬਿਨਾਂ ਭਨੇ ਜੋ ਭੇਵ ਨ ਪਾਵੈਂ ॥੨੩॥
ਗੁਰੁ ਹੈਂ ਪੂਰਨ ਪੁਰਖ ਕ੍ਰਿਪਾਲੂ।
ਘਟ ਘਟ ਕੀ ਜਾਨਹਿਂ ਸਭਿ ਕਾਲੂ।
ਮਨ ਚਿਤਵਨਿ ਤੇ ਇਹਾਂ ਬੁਲਾਵੈਂ।
ਨਹਿਂ ਆਵਹਿਂ, ਬੈਠੇ ਗੁਨ ਗਾਵੈਂ ॥੨੪॥
ਕਬਹੂੰ ਪਿਖਹਿਂ ਹਮਾਰੀ ਓਰ।
ਪੂਰਨਿ ਕਰੈਂ ਆਇ ਕਰਿ ਲੋਰ।'
ਸਾਈਂ ਦਾਸ ਪ੍ਰੇਮ ਭਾ ਗਾਢੋ।
'ਘਰ ਮਹਿਂ ਦਰਸੋਂ' ਇਮ ਨਿਤ ਬਾਢੋ ॥੨੫॥
ਊਠਤਿ ਬੈਠਤਿ ਸੋਵਤਿ ਚਾਲਤਿ।
ਗੁਰ ਆਗਵਨ ਸਦੀਵ ਸੰਭਾਲਤਿ।
'ਯੁਤਿ ਦਮੋਦਰੀ ਕੇ ਚਲਿ ਆਵੈਂ।
ਮਮ ਘਰ ਬੈਠਹਿਂ ਦਰਸ ਦਿਖਾਵੈਂ' ॥੨੬॥
ਕਿਤਿਕ ਦਿਵਸ ਐਸੇ ਜਬਿ ਬੀਤੇ।
ਪੁਨ ਰਾਮੋ ਕਹਿ ਪਤਿ ਸੋਂ ਪ੍ਰੀਤੇ।
'ਜੇ ਨਹਿਂ ਚਲਹੁ ਮਾਨਿ ਬਚ ਮੋਰਾ।
ਪਾਤੀ ਲਿਖਿ ਪਠੀਅਹਿ ਗੁਰ ਓਰਾ ॥੨੭॥
ਉੱਤਰਿ ਲਿਖਹਿਂ ਜਾਇ ਸਭਿ ਜਾਨੀ।
ਆਵਨਿ ਹੋਹਿ ਕਿ ਨਹਿਂ ਇਸ ਥਾਨੀ।
ਬਹੁਰ ਕਰਹੁ ਜਿਮ ਤੁਵ ਉਰ ਭਾਵੈ।
ਪ੍ਰਣ ਪੂਰਨ[1] ਕੀ ਸਭਿ ਸੁਨਿ ਪਾਵੈਂ' ॥੨੮॥

[1]ਸਾਡੀ) ਪ੍ਰਤੱਗਯਾ ਪੂਰਨ ਕਰਨ ਦੀ (ਵਾਰਤਾ)।

ਸਾਈਂਦਾਸ ਭਨੵੋ ਪੁਨ ਬੈਨ।
ਬੋਲਤਿ ਭਰੵੋ ਪ੍ਰੇਮ ਜਲ ਨੈਨ।
'ਹੇ ਸੁਮੱਧਮੇਂ[1]† ! ਨਹਿਂ ਮੈਂ ਮਾਨੌਂ।
ਰਿਦੈ ਪ੍ਰੇਮ ਤੇ ਇਹਠਾਂ ਆਨੌਂ ॥੨੯॥
ਸਕਲ ਦੇਸ਼ ਕੋ ਹੋਵਹਿ ਭਲੇ।

[1]ਸੁੰਦਰੀ। [ਸੰਸ: ਸੁਮੱਧਯਮ = ਸੁਹਣੀ ਕਮਰ ਵਾਲੀ, ਭਾਵ ਇਸਤ੍ਰੀ]। †ਪਾ:-ਹੇ ਸੁਮਤੇ ਇਹ।

ਸਿੱਖੀ ਸਾਰਹਿ[1] ਸਤਿਗੁਰੁ ਮਿਲੇ।
ਆਪ ਨ ਜਾਉਂ, ਲਿਖੋਂ ਨਹਿਂ ਪਾਤੀ।
ਸਿਮਰੌਂ ਨਿਸ ਦਿਨ ਕਰਿ ਮਤਿ ਰਾਤੀ ॥੩੦॥
ਆਇੰ ਆਪ ਹੀ ਤੇ ਸੁਖ ਕਰੈਂ।
ਲਖਹਿਂ ਪ੍ਰੀਤਿ ਉਰ ਆਸਾ ਪੁਰੈਂ।'
ਦਿਨ ਪ੍ਰਤਿ ਵਸਤੂ ਸਕਲ ਸਕੇਲੇ।
'ਬਹੁ ਦਾਸਨ ਯੁਤ ਗੁਰੁ ਕੋ ਮੇਲੇ[1] ॥੩੧॥
ਸਗਰੀ ਸੇਵ ਕਰੌਂ ਨਿਜ ਘਰ ਤੇ।
ਨਹੀਂ ਆਪ ਤੇ ਲੇ ਕੁਛ ਬਰਤੇਂ।'
ਤਜਾਰੀ ਕਰਤਜੋ ਦਿਵਸ ਬਿਤਾਵੈ।
ਕਹੌਂ ਕਹਾਂ ਲਗਿ ਪ੍ਰੇਮ ਉਪਾਵੈ ॥੩੨॥
ਬਸਨ ਬਿਭੂਖਨ ਦੇਨ ਉਪਾਇਨ।
ਕਰਿ ਕਰਿ ਤਜਾਰ ਧਰਤਿ ਹੈ ਆਇਨ[1]।
-ਆਜ ਕਾਲਿ ਮਹਿਂ ਗੁਰੂ ਆਗਵਨੂ।
ਆਇ ਬਿਰਾਜਹਿਂਗੇ ਮਮ ਭਵਨੂ ॥੩੩॥
ਧੰਨ ਭਾਗ ਮੈਂ ਤਿਸ ਦਿਨ ਹੋਵੌਂ।
ਨਿਜ ਘਰ ਮਹਿਂ ਥਿਤ ਸਤਿਗੁਰੁ ਜੋਵੌਂ।
ਜਬਹਿ ਕ੍ਰਿਪਾ ਧਾਰਹਿਂਗੇ ਨਾਥ।
ਸਭਿ ਪਰਵਾਰ ਲੇਹਿਂ ਨਿਜ ਸਾਥ ॥੩੪॥
ਮੋਹਿ ਦੀਨ ਕੀ ਦਸ਼ਾ ਨਿਹਾਰਹਿਂ।
ਤਤਛਿਨ ਮਾਰਗ ਮਹਿਂ ਪਗ ਡਾਰਹਿਂ।
ਸਫਲ ਕਰੈਂ ਮਮ ਸਦਨ ਚਿਨਾਯੋ।
ਬਸਹਿਂ ਆਨ ਪਰਯੰਕ ਡਸਾਯੋ ॥੩੫॥
ਹਾਥ ਜੋਰਿ ਮੈਂ ਥਿਰੌਂ ਅਗਾਰੀ।
ਕਰਿ ਹੌਂ ਜਜੋਂ ਜਜੋਂ ਸੁਮੁਖ ਉਚਾਰੀ[1]-।
ਐਸੀ ਖੈਂਚਿ ਪ੍ਰੇਮ ਕੀ ਭਈ।
ਸੁਧਿ ਬਿਵਹਾਰ ਬਿਸਰਿ ਸਭਿ ਗਈ ॥੩੬॥
ਦੋਨਹੁ ਦਿਸ਼ਿ ਕੋ ਪ੍ਰੇਮ ਪਛਾਨਾ।
ਸ਼੍ਰੀ ਗੁਰੁ ਹਰਿਗੋਵਿੰਦ ਸੁਜਾਨਾ।

[1]ਸਾਰੀ ਨੂੰ। (ਅ) ਸੰਭਾਲਨਗੇ।

[1]ਮੇਲ ਹੋਵੇਗਾ।

[1]ਘਰ ਵਿੱਚ।

[1]ਜਿਵੇਂ ਜਿਵੇਂ ਆਪਣੇ ਸੁਹਣੇ ਮੁਖੋਂ ਉਚਾਰਨਗੇ (ਗੁਰੂ ਜੀ)।

-ਨਾਨਕ ਮਤੇ ਅਰਾਧਹਿ ਸਾਧੂ।
ਸਿੱਧਨ ਤੇ ਲਹਿ ਬਾਧਾ ਆਧੂ[1] ॥੩੭॥

[1]ਮਾਨਸਕ ਪੀੜਾ।

ਗ੍ਰਾਮ ਡਰੋਲੀ ਸਾਈਂਦਾਸ।
ਠਾਨਜੋ ਪ੍ਰਣ 'ਗੁਰੁ ਬਸਹਿਂ ਅਵਾਸ'-।
ਪ੍ਰੇਮ ਦਾਮ ਤੇ ਐਂਚਨਿ ਹੋਏ।
ਮਿਲਜੋ ਚਹਤਿ ਚਿਤਵਤਿ ਦਿਸ਼ਿ ਦੋਏ ॥੩੮॥
ਬਿਰਦ ਸੰਭਾਰਿ ਗ਼ਰੀਬ ਨਿਵਾਜੂ।
ਚਹਤਿ ਕਰੇ ਦਾਸਨਿ ਕੇ ਕਾਜੂ।
ਜੁਤਿ ਪਰਵਾਰ ਡਰੋਲੀ ਚਾਹਤਿ।
ਨਿਜ ਘਰ ਬਿਖੈ ਬਸਾਇ ਉਮਾਹਤਿ ॥੩੯॥
ਸਾਧ ਚਹੈ ਜੋਗਨਿ ਕੀ ਜੀਤਿ।
ਸ੍ਰੀ ਨਾਨਕ ਥਲ ਮਹਿਂ ਧਰਿ ਪ੍ਰੀਤਿ।
ਜਿਮ ਪ੍ਰਸਥਾਨ ਬਨਹਿ ਜੁਗ ਥਾਨ।
ਤਥਾ ਬਿਚਾਰਤਿ ਗੁਰੁ ਭਗਵਾਨ ॥੪੦॥
ਸਭਿ ਬਿਧਿ ਕੋ ਸਮੁਝਨਿ ਕਰਿ ਮਨ ਮੈਂ।
ਚਿਤ ਕੋ ਧਾਰਤਿ ਪੰਥ ਗਮਨਿ ਮੈਂ।
ਬਨਜੋ ਅਵੱਸਜ ਪਹੁੰਚਨੋ ਤਹਾਂ।
ਸ੍ਰੀ ਹਰਿਗੋਵਿੰਦ ਸਮਰਥ ਮਹਾਂ ॥੪੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਡਰੋਲੀ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

੩੦. [ਮਾਤਾ ਗੰਗਾ ਜੀ ਡਰੋਲੀ ਪੁੱਜੇ]

੨੯<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਗੁਰ ਇਕੰਤ ਦਾਮੋਦਰੀ, ਨਿਕਟਿ ਸੁ ਬੈਠੀ ਆਇ।
ਤਿਸ ਕੀ ਬਹਨਿ[1] ਪ੍ਰਸੰਗ ਕੋ, ਸਗਰੋ ਦਿਯੋ ਸੁਨਾਇ ॥੧॥

ਚੌਪਈ:

'ਸਾਈਂਦਾਸ ਸਦਨ ਚਿਨਵਾਯੋ।
ਪਿਖਿ ਸੁੰਦਰ ਪ੍ਰਣ ਰਿਦੇ ਬਸਾਯੋ।
ਤੋਹਿ ਸਹਤ ਚਹਿ ਹਮਹਿ ਬਸਾਯਹੁ।
ਇਸ ਕਾਰਣ ਤੇ ਇਹਾਂ ਨ ਆਯਹੁ ॥੨॥
ਦੰਪਤਿ ਸਿਮਰਤਿ ਚਾਤ੍ਰਿਕ ਜੈਸੇ।
ਨਿਸ ਦਿਨ ਮਹਿਂ ਬਿਸਰਤਿ ਨਹਿਂ ਕੈਸੇ।
ਦਿਹੁ ਸਲਾਹਿ ਕਿਮ ਕਰਹਿਂ ਪਯਾਨਾ।
ਮਿਲਹਿਂ ਤਿਨਹੁਂ ਬ੍ਰਿਹੁ ਕਰਿਹੈਂ ਹਾਨਾ' ॥੩॥
ਸੁਨਿ ਦਮੋਦਰੀ ਭਗਨਿ ਪ੍ਰਸੰਗਿ।
ਬਿਨੈ ਭਨੀ ਮਨ ਸੰਗ ਉਮੰਗ।
ਬਾਂਛਤਿ ਬਾਨੀ ਕਾਨ ਸੁਨਾਈ।
'ਸਾਈਂ ਦਾਸ ਭਗਨਿ ਕੋ ਸਾਈਂ[1] ॥੪॥
ਏਵ ਕਾਮਨਾ ਜੇ ਤਿਨ ਕੀਨਿ।
ਦੰਪਤਿ ਸਿਮਰਤਿ ਜੇ ਬਨਿ ਦੀਨ।
ਅਹੈ ਪ੍ਰੇਮ ਬਸਿ ਬਿਰਦ ਤੁਮਾਰੇ।
ਦਾਸਨਿ ਕੇ ਸਦ ਹੀ ਹਿਤਕਾਰੇ ॥੫॥
ਬਹੁਰ ਸਬੰਧ ਅਹੈ ਤਿਨ ਸਾਥਿ।
ਚਲਹੁ ਮਿਲਹੁ ਤੂਰਨ ਹੀ, ਨਾਥ!
ਬਿਛੁਰਨਿ ਤੇ ਬੀਤਯੋ ਚਿਰਕਾਲ।
ਦੇਖਨਿ ਕੋ ਚਿਤ ਚਹਤਿ ਬਿਸਾਲ' ॥੬॥
ਸ਼੍ਰੀ ਗੁਰ ਕਹਯੋ 'ਕਰਹੁ ਅਬਿ ਤਯਾਰੀ।
ਗਮਹੁ ਡਰੋਲੀ ਬਿਲਮ ਬਿਸਾਰੀ।
ਨਿਸ ਦਿਨ ਕਸਕਤਿ[1] ਹੈ ਮਨ ਮੇਰੋ।

[1]ਭੈਣ ਦਾ।
[1]ਭੈਣ ਦਾ ਪਤੀ।
[1]ਪੀੜ ਕਰਦਾ ਹੈ।

ਜਾਨਿ ਜਾਨਿ† ਤਿਨ ਪ੍ਰੇਮ ਘਨੇਰੋ ॥੭॥
ਰਹਜੋ ਨ ਜਾਹਿ ਮੋਹਿ ਤੇ ਕੈਸੇ।
ਬੰਧ ਜਿ ਬਾਰੂ ਬਾਰੀ ਜੈਸੇ[1]।'
ਇਮ ਕਹਿ ਮਾਤਾ ਕੇ ਢਿਗ ਆਏ।
ਦੁਹੁ ਦਿਸ਼ ਤੇ ਪ੍ਰਸਤਾਵ ਸੁਨਾਏ ॥੮॥
'ਨਾਨਕ ਮਤੈ ਜ਼ਰੂਰੀ ਜਾਨਾ।
ਤਹਾਂ ਸਾਧ ਕੇ ਪ੍ਰੇਮ ਮਹਾਨਾ।
ਝਗਰਹਿਂ ਕਨਪਾਟੇ ਜੋਗੀਨਿ।
ਸਿਖ ਏਕਲ ਕੋ ਕੀਨਸਿ ਦੀਨ ॥੯॥
ਸਤਿਗੁਰ ਕੋ ਇਸਥਾਨ ਬਿਗਾਰਾ।
ਹਮਰੋ ਤ੍ਰਾਸ ਨਹੀਂ ਉਰ ਧਾਰਾ।
ਬਨੌਂ ਸਹਾਇ ਸਥਾਨ ਛੁਰਾਵੌਂ†।
ਬਿਲਮ ਬਿਹੀਨ ਤਹਾਂ ਕੋ ਜਾਵੌਂ ॥੧੦॥
ਦੁਤਯਿ ਪ੍ਰਸੰਗ ਡਰੋਲੀ ਮਾਂਹਿ।
ਤੋਰ ਨੁਖਾ ਕੀ[1] ਭਗਨੀ ਤਾਂਹਿ।
ਪਤਿ ਜੁਤਿ ਸਿਮਰਤਿ ਸਦਨ ਉਤਾਰਨ[1]।
ਹਮ ਹਿਤ ਕੀਨਿ ਨਵੀਨਿ ਉਸਾਰਨ ॥੧੧॥
ਤਿਸ ਮਹਿਂ ਆਪ ਨ ਪ੍ਰਵਿਸ਼ਹਿ ਸੋਇ।
-ਪ੍ਰਥਮ ਨਿਵਾਸ ਗੁਰੂ ਕੋ ਹੋਇ।
ਪਾਛੇ ਆਪ ਬਸਨਿ- ਤਹਿਂ ਚਾਹੈ।
ਨਿਸ ਦਿਨ ਮਮ ਸਿਮਰਨ ਮਨ ਮਾਂਹੈ' ॥੧੨॥
ਸੁਨਿ ਮਾਤਾ ਨੇ ਸੁਤ ਚਿਤ ਕੇਰੀ।
ਕਹਜੋ 'ਬਾਟ ਤੁਹਿ ਪਰਹਿ ਘਨੇਰੀ।
ਪੂਰਬ ਮਹਿਂ ਸਥਾਨ ਬਹੁ ਦੂਰ।
ਤਹਾਂ ਜਾਨਿ ਕੋ ਚਹਹਿਂ ਜ਼ਰੂਰ ॥੧੩॥
ਬਹੁਰ ਡਰੋਲੀ ਜੁਤਿ ਪਰਵਾਰ।
ਗਮਨੇ ਚਾਹਤਿ ਪ੍ਰੇਮ ਸੰਭਾਰਿ।
ਤੁਮ ਸਮਰੱਥ ਕਰਹੁ ਜਿਮ ਭਾਵੈ।
ਜਿਸ ਕਰਿਬੇ ਬਿਨ ਨਹਿਂ ਬਨਿ ਆਵੈ' ॥੧੪॥

†ਪਾ:-ਜਾਨ ਜਾਨ।
[1]ਜਿਵੇਂ ਰੇਤੇ ਦੇ ਬੰਨ੍ਹ ਤੋਂ ਜਲ (ਨਹੀਂ ਰੁਕ ਸਕਦਾ)।
†ਪਾ:-ਸੁਹਾਵੌਂ।
[1]ਨੋਂਹ ਦੀ।
[1]ਘਰ ਵਿਚ ਉਤਾਰਨ ਲਈ।

ਸੁਨਿ ਗੰਗਾ ਤੇ ਗੁਰੂ ਉਚਾਰੀ।
'ਇਸ ਪ੍ਰਕਾਰ ਹਮ ਰਿਦੇ ਬਿਚਾਰੀ।
ਦੋਨਹੁ ਨੁਖਾ ਸੰਗਿ ਨਿਜ ਲੀਜੈ।
ਗਮਨ ਡਰੋਲੀ ਕੋ ਤੁਮ ਕੀਜੈ ॥੧੫॥
ਚਲਿ ਧੀਰਜ ਦਿਹੁ ਸਾਈਂਦਾਸ।
ਮਿਲਿ ਕਰਿ ਬਾਸਹੁ ਤਾਂਹਿ ਅਵਾਸ।
ਦਾਸੀ ਦਾਸ ਲੇਹੁ ਸਭਿ ਸੰਗ।
ਸੁਭਟ ਪਚੀਸ ਜੁ ਚਢੇ ਤੁਰੰਗ[1] ॥੧੬॥
ਸਜੰਦਨ ਬਹਿਲ ਸਕਟ ਧਰਿ ਭਾਰਾ।
ਸਨੈ ਸਨੈ ਕਰਿ ਪੰਥ ਪਧਾਰਾ।
ਸੁਖ ਸੋਂ ਸਭਿ ਸੰਭਾਰਿ ਬਸੀਜੈ।
ਹਮ ਆਗਵਨ ਪ੍ਰਤੀਖਨ ਕੀਜੈ ॥੧੭॥
ਦਿਨ ਕੇਤਿਕ ਮਹਿਂ ਹਮ ਚਲਿ ਆਵੈਂ।
ਮਿਲਹਿਂ ਡਰੋਲੀ ਅਨੰਦ ਉਪਾਵੈਂ।
ਇਮ ਮਸਲਤ ਕਰਿ ਮਾਤਾ ਸਾਥ।
ਨਿਕਸੇ ਆਇ ਸਭਾ ਮਹਿਂ ਨਾਥ ॥੧੮॥
ਬ੍ਰਿਧ ਜੁਤਿ ਸਭਿਨਿ ਮਸੰਦਨਿ ਸੰਗਿ।
ਚਲਿਬੇ ਬਰਨਜੋ ਸਕਲ ਪ੍ਰਸੰਗ।
'ਬਨਜੋ ਅਵੱਸ਼ਜਕ ਜਾਨਿ ਹਮਾਰਾ।
ਕਰਿ ਨਿਰਨੈ ਚਿਤ ਲੀਨਿ ਬਿਚਾਰਾ'
॥੧੯॥
ਬਿਰਹੁ ਹੋਨਿ ਤੇ[†] ਸਭਿ ਅਕੁਲਾਏ।
ਨਿਜ ਨਿਜ ਹਿਤ ਕੇ ਬਾਕ ਸੁਨਾਏ।
ਦੀਨਿ ਅਖਿਲ ਕੋ ਧੀਰ ਘਨੇਰੇ।
ਕਰੀ ਮਾਤ ਤਜਾਰੀ ਤਿਸ ਬੇਰੇ ॥੨੦॥
ਨਾਰਿ ਨਗਰ ਕੀ[†] ਸੁਨਿ ਕਰਿ ਆਈ।
ਅਰਪਿ ਅਕੋਰਨਿ ਬਿਨੈ ਅਲਾਈ।
'ਤੂਰਨ ਨਿਜ ਪੁਰਿ ਕੀ ਸੁਧਿ ਲੀਜੈ।
ਆਨਿ ਹਮੈ ਦਰਸ਼ਨ ਕੋ ਦੀਜੈ ॥੨੧॥
ਤੁਮਰੇ ਕਰਿ ਸਨਾਥ[1] ਹਮ ਸਾਰੇ।
ਏਕ ਆਸਰੋ ਗੁਰੁ ਕੋ ਧਾਰੇ।
ਤੁਮ ਬਿਨ ਰੱਖਜਕ ਕੌਨ ਹਮਾਰੋ।

[1]ਘੋੜ ਚੜ੍ਹੇ।

[†]ਪਾ:-ਬ੍ਰਿੱਧ ਆਦਿਕ ਸੁਨਿ।

[†]ਪਾ:-ਨਾਰਿ ਨਾਗਰੀ।

[1]ਮਾਲਕ ਵਾਲੇ ਹਾਂ।

ਤਾਂ ਤੇ ਵਹਿਰ ਨ ਬਹੁ ਦਿਨ ਟਾਰੋ' ॥੨੨॥
ਸੁਨਿ ਮਾਤਾ ਨੇ ਧੀਰਜ ਦੀਨੋ।
'ਪੁਰਿ ਕੇ ਰੱਖਜਕ ਨਿਤ ਗੁਰ ਚੀਨੋ।
ਕਰਹੁ ਅਰਾਧਨਿ ਸ਼੍ਰੀ ਹਰਿਮੰਦਰ।
ਜਾਗਤਿ ਜੋਤਿ ਗੁਰੂ ਕੀ ਅੰਦਰਿ' ॥੨੩॥
ਸੁਨਿ ਬੰਦਨ ਕਰਿ ਦਰਸ਼ਨ ਦੇਖਿ।
ਗਮਨੀ ਪੁਰਿ ਕੀ ਤ੍ਰਿਯਾ ਵਿਸ਼ੇਖ।
ਸ਼੍ਰੀ ਅੰਮ੍ਰਿਤਸਰ ਗੰਗ ਸ਼ਨਾਨੀ।
ਪੌਰ ਦਰਸ਼ਨੀ ਬੰਦਨ ਠਾਨੀ ॥੨੪॥
ਥਿਰੀ ਜਾਇ ਦਰਬਾਰ ਅਗਾਰੀ।
ਦੌਨ ਸਨੂਖਾ ਕੇਰਿ ਮਝਾਰੀ।
ਬਿਨਤੀ ਭਨੀ ਜੋਤਿ ਗੁਰ ਜ਼ਾਹਰ।
'ਕੁਸ਼ਲ ਕਰਹੁ ਸਭਿ ਘਰ ਅਰੁ ਬਾਹਰ
॥੨੫॥
ਹਾਥ ਜੋਰਿ ਅਰਦਾਸ ਕਰਾਇ।
ਦਈ ਪ੍ਰਦੱਛਨਿ ਸੀਸ ਨਿਵਾਇ।
ਨਿਕਸਿ ਵਹਿਰ ਫਿਰਿ ਤਾਲ ਚੁਫੇਰੇ।
ਪੁਨ ਪੁਨ ਬੰਦਤਿ ਮੰਦਿਰ ਹੇਰੇ ॥੨੬॥
ਰਥ ਅਰੂਢ ਗੰਗਾ ਤਿਸ ਬੇਰੇ।
ਸੂਤ[1] ਤੁਰੰਗਮ ਮਾਰਗ ਪ੍ਰੇਰੇ। [1]ਰਥਵਾਹੀ ਨੇ।
ਦੌਨ ਸਨੂਖਾ ਚਢਿ ਕਰਿ ਡੋਰੇ।
ਗਮਨ ਕੀਨਿ ਦੱਖਣ ਦਿਸ਼ਿ ਓਰੇ ॥੨੭॥
ਦਾਸੀ ਬਹਿਲਨ ਮਹਿਂ ਚਢਿ ਚਾਲ।
ਭਾਰ ਉਸ਼ਟ ਪਰ ਗਮਨੇ ਨਾਲ।
ਸੁਭਟ ਤੁਰੰਗ ਅਰੂਢਤਿ ਹੋਏ।
ਹਿਤ ਸਵਧਾਨੀ ਸ਼ਸਤ੍ਰੀ[1] ਜੋਏ ॥੨੮॥ [1]ਸ਼ਸਤ੍ਰਧਾਰੀ।
ਸਿਖ ਸੇਵਕ ਗਨ ਚਾਲੇ ਸੰਗ।
ਹਿਤ ਸੇਵਾ ਕੇ ਹਰਖਤਿ ਅੰਗ।
ਸਨੇ ਸਨੇ ਮਗ ਉਲੰਘੇ ਸਾਰਾ।
ਤੀਰਥ ਤਾਰਨ ਤਰਨ ਨਿਹਾਰਾ ॥੨੯॥
ਪ੍ਰਥਮ ਬਾਸ ਕਰਿ ਨਿਸ ਬਿਸਰਾਮੇ।
ਉਠੇ ਪ੍ਰਾਤਿ ਸਿਮਰਤਿ ਗੁਰੁ ਨਾਮੇ।

ਕੀਨਿ ਸ਼ਨਾਨ ਪ੍ਰਦੱਛਨ ਦੈ ਕੈ।
ਹਾਥ ਜੋਰਿ ਅਭਿਬੰਦਨ ਕੈ ਕੈ ॥੩੦॥
ਗਮਨੇ ਮਾਰਗ ਗਏ ਅਗਾਰੀ।
ਸਨੈ ਸਨੈ ਚਲਿ ਇਸੀ ਪ੍ਰਕਾਰੀ।
ਕਿਤਿਕ ਦਿਵਸ ਮਹਿਂ ਪਹੁੰਚੇ ਜਾਈ।
ਪਠਜੋ ਸਊਰ[1] ਏਕ ਅਗੁਵਾਈ ॥੩੧॥
ਮਿਲਜੋ ਜਾਇ ਕਰਿ ਸਾਈਂਦਾਸ।
ਕੀਨੋ ਸਕਲ ਪ੍ਰਸੰਗ ਪ੍ਰਕਾਸ਼।
ਜਨੁ ਤਰੁਵਰ ਕੁਮਲਾਵਤਿ ਜਾਤੋ।
ਮਿਲਜੋ ਨੀਰ ਭਾ ਹਰੋ ਸਪਾਤੋ[1] ॥੩੨॥
ਜਨੁ ਗ੍ਰੀਖਮ ਮਹਿਂ ਸਰ ਜਲ ਥੋਰਾ।
ਤਰਫਤਿ ਝਖ[1], ਬਰਖਜੋ ਘਨ ਘੋਰਾ।
ਔਚਕ ਸੁਨਿ ਆਨੰਦ ਬਿਲੰਦਾ।
ਮੇਘ ਗਰਜ ਤੇ ਮੋਰ ਮਨਿੰਦਾ ॥੩੩॥
ਜਾਇ ਭਾਰਜਾ ਨਿਕਟਿ ਸੁਨਾਈ।
'ਗੁਰ ਜਨਨੀ ਗੰਗਾ ਚਲਿ ਆਈ।
ਸੰਗ ਨੁਖਾ ਜੁਗ ਮਿਲਿਬੇ ਹੇਤੁ।
ਕ੍ਰਿਪਾ ਕਰੀ ਹਮ ਅਏ ਨਿਕੇਤ' ॥੩੪॥
ਮੁਦਤਿ ਲਗੀ ਬੂਝਨਿ ਪਤਿ ਪਾਹੀ।
'ਸਤਿਗੁਰ ਨਾਥ ਸਾਥਿ ਕੈ ਨਾਂਹੀ?'
'ਸੁਨਹੁ ਪ੍ਰਿਯੇ! ਗੁਰੁ ਪੁਰਵਹਿਂ ਆਸ।
ਕਜੋਂ ਨ ਆਇ ਦੇਂ ਦਰਸ਼ਨ ਪਾਸ ॥੩੫॥
ਨਾਨਕ ਮਤੈ ਆਪ ਅਬਿ ਗਏ।
ਹਮ ਸਮ ਉਨ੍ਹੈ ਅਵਾਹਨਿ ਕਿਏ।
ਬਸੀ ਪ੍ਰੇਮ ਕੇ ਟਿਕਜੋ ਨ ਜਾਇ।
ਹਿਤ ਰੱਛਜਾ ਕੇ ਗੇ ਸਹਿਸਾਇ ॥੩੬॥
ਹਟਹਿਂ ਤਹਾਂ ਤੇ ਕਰੁਨਾ ਧਰਿ ਹੈਂ।
ਹਮਹਿਂ ਨਿਹਾਲ ਦਰਸ ਦੇ ਕਰਿ ਹੈਂ।
ਪ੍ਰਣ ਮੇਰੋ ਪੂਰਜੋ ਲਖਿ ਦੀਨ।
ਅੰਤਰਜਾਮੀ ਗੁਰੂ ਪ੍ਰਬੀਨ ॥੩੭॥
ਅਬਿ ਤੂੰ ਉਠਹੁ ਉਤਾਇਲ ਠਾਨਿ।
ਆਗੇ ਚਲਹੁ ਕਰਨਿ ਸਨਮਾਨ।

[1]ਅਸਵਾਰ।
[1]ਪੱਤਿਆਂ ਸਮੇਤ ਹਰਾ।
[1]ਮਛੀਆਂ।

ਮਸਤਕ ਟੇਕਿ ਸਫਲ ਹਮ ਹੋਵੈਂ।
ਅਨਿਕ ਜਨਮ ਕੇ ਪਾਤਿਕ ਖੋਵੈਂ' ॥੩੮॥
ਤਤਛਿਨ ਪੂਰਜੋ ਥਾਰ ਪ੍ਰਸਾਦਿ।
ਦੰਪਤਿ ਚਲੇ ਧਰੇ ਅਹਿਲਾਦ।
ਨਗਨ ਚਰਨ ਹ੍ਵੈ ਗਏ ਅਗਾਰੀ।
ਮਿਲੇ ਮਾਤ ਕੋ ਬੰਦਨ ਧਾਰੀ ॥੩੯॥
ਦੋਨਹੁ ਨੇ ਪਗ ਪਰ ਸਿਰ ਰਾਖਾ।
ਗੰਗਾ ਪਿਖਿ ਆਸ਼ਿਖ ਮੁਖ ਭਾਖਾ।
ਬੂਝੀ 'ਕੁਸ਼ਲ ਅਹੈ ਸਭਿ ਥਾਰੇ?'
'ਕ੍ਰਿਪਾ ਆਪ ਕੀ' ਤਿਨਹੁਂ ਉਚਾਰੇ ॥੪੦॥
ਕਰਿ ਦਰਸ਼ਨਿ ਵਧਿ ਗਯੋ ਅਨੰਦ।
ਪਿਖਜੋ ਚਕੋਰਨਿ ਪੂਰਨ ਚੰਦ।
ਪੁਨ ਰਾਮੋ ਨਿਜ ਭਗਨੀ ਸੰਗਿ।
ਮਿਲੀ ਗਰੇ ਸੋਂ ਹਰਖਤਿ ਅੰਗ ॥੪੧॥
ਜਬਿ ਬੰਦਨ ਪਾਇਨ ਪਰ ਕੀਨਿ।
ਤਬਿ ਦਮੋਦਰੀ ਬਰਜਤਿ ਚੀਨ[1]।
'ਮੋ ਤੇ ਬਡੀ ਆਰਬਲ ਤੇਰੀ।
ਉਚਿਤ ਨ ਨਮੋ ਕਰਨਿ ਕੋ ਮੇਰੀ' ॥੪੨॥
ਕਹਿ ਰਾਮੋ 'ਤੂੰ ਹੈਂ ਬਡਿਭਾਗਨਿ।
ਜਗ ਬੰਦਨ ਕੀ ਪ੍ਰਿਯਾ ਸੁਹਾਗਨਿ।
ਭੂਤਲ ਕਹਾਂ ਜਿ ਚੌਦਹਿਂ ਲੋਗ।
ਤੂੰ ਸਭਿ ਕੇ ਨਿਤ ਬੰਦਨ ਜੋਗ' ॥੪੩॥
ਛੋਟਿ ਬਧੂ ਗੁਰ ਕੀ ਪਿਖਿ ਦੂਜੀ।
ਮਿਲਿ ਕਰਿ ਨਮੋ ਕਰਨਿ ਤੇ ਪੂਜੀ।
ਮਿਲੀ ਗਰੇ ਸੋਂ ਮੋਦ ਵਧਾਏ।
ਕੁਸ਼ਲ ਪ੍ਰਸਨ ਕਰਿ ਦੁਹਨਿ ਬਤਾਏ ॥੪੪॥
ਇਮ ਸਨਮਾਨਤਿ ਲੈ ਕਰਿ ਸੰਗਿ।
ਆਈ ਸਦਨ ਅਨੰਦਤਿ ਅੰਗ।
ਸਨੈ ਸਨੈ ਸਭਿ ਕੋ ਉਤਰਾਵਾ।
ਸਭਿ ਵਾਹਨ ਕੋ ਸਿਵਰ ਕਰਾਵਾ ॥੪੫॥

[1](ਇਹ) ਦੇਖਕੇ ਰੋਕਿਆ।

ਦੋਨਹੁ ਲਏ ਸਨੂਖਾ ਸੰਗ।
ਆਈ ਸਦਨ ਅਨੰਦਤਿ ਅੰਗ।
ਜੋ ਸਤਿਗੁਰ ਹਿਤ ਰਾਖੜੋ ਮੰਦਰ।
ਖੋਲਿ ਕਿਵਾਰ ਉਤਾਰੇ ਅੰਦਰ ॥੪੬॥
ਜਥਾ ਜੋਗ ਸਭਿ ਸੇਵਾ ਕੀਨਿ।
ਬ੍ਰਿਖਭ ਤੁਰੰਗਨਿ ਦਾਨਾ ਦੀਨਿ।
ਮਨ ਭਾਵਤਿ ਤ੍ਰਿਣ ਦਏ ਬਤਾਇ।
'ਇਹ ਆਗੇ ਮੈਂ ਰਖੇ ਬਨਾਇ' ॥੪੭॥
ਬਹੁ ਬਿਧਿ ਕੇ ਅਹਾਰ ਕਰਿ ਤਜਾਰਾ।
ਭਾਉ ਸਮੇਤਿ ਪਰੋਸੇ ਥਾਰਾ।
ਮ੍ਰਿਦੁਲ ਗਿਰਾ ਜੁਤਿ ਧਰਿ ਅਚਵਾਏ।
ਕਰਿ ਸੇਵਾ ਸਗਰੇ ਹਰਖਾਏ ॥੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਗੰਗਾ ਗਮਨ ਡਰੋਲੀ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

੩੧. [ਸ਼੍ਰੀ ਨਾਨਕ ਮਤੇ ਨੂੰ ਪਠਾਣ ਆਏ]

੩੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੨

ਦੋਹਰਾ:
ਦੰਪਤਿ ਸੇਵਾ ਕਰਤਿ ਭੇ, ਵਸਤੁ ਹੁਤੀ ਸਭ ਤਜਾਰ।
ਭਾਂਤਿ ਭਾਂਤਿ ਭੋਜਨ ਕਰੇ, ਮਹਾਂ ਪ੍ਰੇਮ ਕੋ ਧਾਰਿ ॥੧॥
ਚੌਪਈ:
ਰਾਮੋ ਤ੍ਰਿਯ ਪਤਿ ਸਾਂਈ ਦਾਸ।
ਨਿਸ ਮਹਿਂ ਬੈਠਿ ਮਾਤ ਕੇ ਪਾਸ।
ਪ੍ਰਥਮ ਗੁਰੂ ਕੇ ਜ਼ਿਕਰ ਚਲਾਏ।
'ਕਯੋਂ ਨਹਿਂ ਸੰਗ ਆਪ ਕੇ ਆਏ? ॥੨॥
ਅਬਿ ਕੇਤਿਕ ਦਿਨ ਮਹਿਂ ਚਲਿ ਆਵੈਂ?
ਹਮ ਦੋਨਹੁਂ ਜਿਸ ਨਿਸ ਦਿਨ ਧਯਾਵੈਂ।
ਘਰ ਨ ਪ੍ਰਵੇਸ਼ਹਿਂ ਹਮ ਪ੍ਰਣ ਕੀਨਿ।
ਗੁਰ ਅੰਤਰਜਾਮੀ ਸਭ ਚੀਨ' ॥੩॥
ਸ਼੍ਰੀ ਗੰਗਾ ਤਬਿ ਸਕਲ ਬਤਾਈ।
'ਉਤ ਕੀ ਹੁਤੀ ਅਧਿਕ ਸਹਿਸਾਈ।
ਸ਼੍ਰੀ ਨਾਨਕ ਕੋ ਥਾਨ ਬਿਗਾਰਾ।
ਹੁਇ ਆਤੁਰ ਤਿਹ ਸਿਮਰਨ ਧਾਰਾ ॥੪॥
ਇਤ ਤੁਮਰੋ ਲਖਿ ਪ੍ਰੇਮ ਘਨੇਰਾ।
ਰਹੇ ਬਿਚਾਰਤਿ ਬਹੁਤੀ ਬੇਰਾ।
ਦੋਨਹੁਂ ਦਿਸ਼ਿ ਕੀ ਪੁਰਵਨਿ ਆਸਾ।
ਹਮ ਕੋ ਪਠਯੋ ਕਿ ਦੇਹੁ ਦਿਲਾਸਾ ॥੫॥
ਕਹਤਿ ਭਏ -ਹਮ ਪੂਰਬ ਜਾਇ।
ਕਰਹਿਂ ਸੰਤ ਕੀ ਤਹਾਂ ਸਜਾਇ।
ਇਤਨੇ ਸਮੇਂ ਜੁ ਸਾਈਂਦਾਸ।
ਬਿਹਬਲ ਹੋਵੈ ਪ੍ਰੇਮ ਪ੍ਰਕਾਸ਼ ॥੬॥
ਤਹਾਂ ਜਾਇ ਮਿਲਿ ਦੇਹੁ ਸੁਨਾਏ।
ਹਮ ਕੇਤਿਕ ਦਿਨ ਮਹਿਂ ਅਬਿ ਆਏ।
ਬਸਹਿਂ ਤੁਮਾਰੇ ਢਿਗ[1] ਚਿਰ ਕਾਲ-।
ਜਾਨਿ ਸਰਾਹਯੋ ਪ੍ਰੇਮ ਬਿਸਾਲ' ॥੭॥

[1]ਭਾਵ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਪਾਸ ਮਾਤਾ ਜੀ ਨੇ।

ਇੱਤਜਾਦਿਕ ਕਹਿ ਸੁਨਿ ਬਹੁ ਭਾਂਤੀ।
ਸੁਪਤਿ ਜਥਾ ਸੁਖ ਸਭਿ ਤਿਸ ਰਾਤੀ।
ਭਈ ਭੋਰ ਸੁਧਿ ਕੁਸ਼ਲ ਬਤਾਵਨਿ।
ਸੁਤ ਢਿਗ ਮਾਨਵ ਕੀਨਿ ਪਠਾਵਨਿ ॥੮॥
'ਪੰਥ ਉਲੰਘਨ ਸਗਰੋ ਕੀਨਿ।
ਕੁਸ਼ਲ ਸਹਤ ਪਹੁੰਚੇ ਹਮ ਚੀਨ।
ਮਿਲੇ ਡਰੋਲੀ ਬਾਸੇ ਆਇ।
ਤੁਮ ਤੂਰਨ ਪਹੁੰਚਹੁ ਇਸ ਥਾਇ ॥੯॥
ਸਾਈਂਦਾਸ ਪ੍ਰਤੀਖਨ ਕਰਤਾ।
ਪ੍ਰੇਮ ਆਪ ਕੋ ਉਰ ਬਹੁ ਧਰਿਤਾ।'
ਸੁਨਤਿ ਸੰਦੇਸ ਵਿਸੇਸ਼ ਪਯਾਨਾ।
ਮਾਰਗ ਸਕਲ ਤੁਰਤ ਉਲੰਘਾਨਾ ॥੧੦॥
ਸੁਧਾ ਸਰੋਵਰ ਦਰਸਜੋ ਜਾਇ।
ਮਿਲਜੋ ਗੁਰੂ ਬੈਠਜੋ ਜਿਸ ਥਾਇ।
ਰਾਮੋ ਸਾਈਂਦਾਸ ਦੁਹਨਿ ਕੀ।
ਬਿਨੈ ਸੁਨਾਈ ਪ੍ਰੀਤਿ ਸੁ ਮਨ ਕੀ[1] ॥੧੧॥
'ਤੁਮ ਕੋ ਸਿਮਰਤਿ ਸਮੈ ਬਿਤਾਵੈਂ।
ਕਬਿ ਦਰਸ਼ਨ ਹੁਇ, ਬਹੁ ਲਲਚਾਵੈਂ।
ਕਹਜੋ ਮਾਤ, ਸੁਨੀਯਹਿ ਗੁਰੁ ਪੂਰਨ।
-ਤਹਿਂ ਕਾਰਜ ਕਰਿ ਆਵਹਿ ਤੂਰਨ-'
॥੧੨॥
ਸੁਨੀ ਕੁਸ਼ਲ ਸੁਧਿ ਪਹੁੰਚਨ ਕੇਰੀ।
ਹਰਖੇ ਸ਼੍ਰੀ ਸਤਿਗੁਰੁ ਤਿਸ ਬੇਰੀ।
ਅਪਨੀ ਤਜਾਰੀ ਚਲਿਬੇ ਹੇਤੁ।
ਕਰਤਿ ਭਏ ਤਤਕਾਲ ਸੁਚੇਤ ॥੧੩॥
ਸ਼੍ਰੀ ਹਰਿ ਮੰਦਿਰ ਸੇਵਨਿ ਹੇਤੁ।
ਅਪਰ ਕਾਰ ਜੇ ਸਰਬ ਨਿਕੇਤ।
ਸੌਂਪੀ ਬ੍ਰਿਧ ਕੋ ਅਰੁ ਗੁਰਦਾਸ।
ਅਪਰ ਮਸੰਦ ਬ੍ਰਿੰਦ ਤਜਿ ਪਾਸ ॥੧੪॥
'ਕਾਰ ਗੁਜ਼ਾਰਹੁ ਇਸ ਹੀ ਰੀਤਿ।
ਕਰਹੁ ਕਾਜ ਨਿਜ ਨਿਜ ਧਰਿ ਪ੍ਰੀਤ।'
ਇਮ ਕਹਿ ਕਰਿ ਕੌਲਾਂ ਢਿਗ ਆਏ।

[1]ਮਨ ਦੀ ਸੁਹਣੀ ਪ੍ਰੀਤ।

ਪੂਰਬ ਚਲਨਿ ਪ੍ਰਸੰਗ ਸੁਨਾਏ ॥੧੫॥
'ਨਾਨਕ ਮਤੈ ਅਵੱਸ਼ਜਕ ਜਾਨਾ।
ਤੂੰ ਧਰਿ ਧੀਰ ਬਸਹੁ ਇਸ ਥਾਨਾ।
ਪੁਨ ਕੇਤਿਕ ਦਿਨ ਮਹਿਂ ਹਮ ਆਵੈਂ।
ਤਹਾਂ ਜਾਇ ਕਰਿ ਕਾਜ ਬਨਾਵੈਂ' ॥੧੬॥
ਸੁਨਿ ਕੌਲਾਂ ਦੁਰਬਲ ਤਤਕਾਲਾ।
ਮਾਨਜੋ ਬ੍ਰਿਹੁ ਤੇ ਕਸ਼ਟ ਬਿਸਾਲਾ।
ਬੂੰਦੈ ਗਿਰੀ ਬਿਲੋਚਨ ਧਰਨੀ†।
ਹੋਇ ਗਈ ਤਨ ਪੀਤ ਸੁ ਬਰਨੀ[1] ॥੧੭॥
'ਬਨਜੋ ਅਵੱਸ਼ਜਕ ਰਾਵਰਿ ਜਾਨਾ।
ਭਯੋ ਬਿਯੋਗ ਅਧਿਕ ਦੁਖ ਦਾਨਾ।
ਕਹਾਂ ਚਲਹਿ ਤਬਿ ਮੇਰੋ ਚਾਰਾ।
ਨਿਤ ਦਰਸਤਿ ਸ਼ੁਭ ਦਰਸ ਤੁਮਾਰਾ ॥੧੮॥
ਅਚੌਂ ਅਹਾਰ ਬਿਨਾ ਅਬਿ ਦੇਖੇ।
ਮੋ ਕਹੁ ਬਨੀ ਅਯੋਗ ਵਿਸ਼ੇਖੇ।
ਨਹੀਂ ਗਰਾਸ[1] ਜਾਇ ਹੈ ਅੰਤਰ।
ਰਹੈ ਲਾਲਸਾ ਰਿਦੇ ਨਿਰੰਤਰ ॥੧੯॥
ਮੈ ਤੌਂ ਧੀਰਜ ਧਰੌਂ ਘਨੇਰਾ।
ਜੇ ਕਰਿ ਹੋਇ ਸਥਿਰ ਮਨ ਮੇਰਾ।
ਮਹਾਂ ਕਸ਼ਟ ਤੇ ਛੁਟਹਿਂ ਨ ਪ੍ਰਾਨਾ।
ਇਹ ਉਪਾਇ ਕੁਛ ਕਰਹੁ ਬਖਾਨਾ ॥੨੦॥
ਜੇ[1] ਤਰਸਤਿ ਤਰਫਤਿ ਮਰਿ ਗਈ।
ਯਾਂ ਤੇ ਮੈਂ ਸੁਧਿ ਸਭਿ ਕਹਿ ਦਈ।'
ਸ਼੍ਰੀ ਹਰਿਗੋਵਿੰਦ ਤਬਹਿ ਉਚਾਰਾ।
'ਇਕ ਛਿਨ ਹੁਇ ਨਿਤ ਦਰਸ ਹਮਾਰਾ ॥੨੧॥
ਪਾਛਲਿ ਰਾਤ ਉਠਹੁ ਇਸ਼ਨਾਨਹੁ[1]।
ਜਪੁਜੀ ਮੁਖ ਤੇ ਪਾਠ ਬਖਾਨਹੁ[1]।
ਭੋਗ ਪਾਇ ਜਬਿ ਸੀਸ ਨਿਵਾਵੈਂ[1]।
ਦਰਸ ਹਮਾਰੋ ਤੂੰ ਤਬਿ ਪਾਵੈਂ[1] ॥੨੨॥
ਸਭਿ ਦਰਸ਼ਨ ਕਰ ਲੇਹਿਂ ਸੁਖਾਰੋ।

†ਪਾ:-ਬਰਨੀ = ਝਿੰਮਣੀਆਂ ਤੋਂ।
[1]ਤਨ ਦਾ ਰੰਗ ਪੀਲਾ ਹੋ ਗਿਆ।
[1]ਗ੍ਰਾਹੀ।
[1]ਮਤਾਂ।
[1]ਤੂੰ ਉਠਦੀ ਤੇ ਇਸ਼ਨਾਨ ਕਰਦੀ ਹੀ ਹੈਂ।
[1]ਪਾਠ ਪੜ੍ਹਦੀ ਹੀ ਹੈਂ।
[1]ਜਦੋਂ ਸੀਸ ਨਿਵਾਯਾ ਕਰੇਂਗੀ।
[1]ਦਰਸ਼ਨ ਪਾਯਾ ਕਰੇਂਗੀ।

ਬਹੁਰ ਬਿਯੋਗ ਨ ਬਾਧਾ ਧਾਰੋ[1]।
ਕੀਜਹਿ ਹਿਤ ਸੌਂ ਖਾਨ ਰੁ ਪਾਨਾ।
ਹਮਹਿਂ ਪ੍ਰਤੀਖਤਿ ਰਹੋ ਮਹਾਨਾ ॥੨੩॥
ਹੇ ਸੁਖਮ ਅੰਗੀ! ਧਰਿ ਧੀਰ।
ਆਵਹਿਂ ਕਿਤਿਕ ਦਿਵਸ ਮਹਿਂ ਤੀਰ।'
ਸੁਨਿ ਹਰਖੀ ਗੁਰੁ ਧੀਰਜ ਦੀਨਿ।
ਨਿਕਸ ਵਹਿਰ ਪੁਨ ਤਜਾਗੀ ਕੀਨਿ ॥੨੪॥
ਕੁਛਕ ਸੈਨ ਬ੍ਰਿਧ ਕੇ ਢਿਗ ਛੋਰੀ।
ਗਮਨੇ ਸ਼੍ਰੀ ਹਰਿਮੰਦਿਰ ਓਰੀ।
ਬੰਦਨ ਕਰੀ ਪ੍ਰਦਛਨਾ ਜਾਇ।
ਖਰੇ ਹੋਇ ਅਰਦਾਸ ਕਰਾਇ ॥੨੫॥
ਕਹਜੋ ਨਿਕਸਿ ਕਰਿ 'ਇਤ ਤ੍ਰਿਣ ਥੋਰੇ[1]।
ਦੁਰਬਲ ਤਨ ਹੁਇ ਹੈ ਸਭਿ ਘੋਰੇ।
ਯਾਂ ਤੇ ਸੰਗ ਚਲਹੁ ਜੇ ਅਹੈਂ।
ਸਭਿ ਕਰਤਾਰਪੁਰੇ ਭਟ ਰਹੈਂ ॥੨੬॥
ਬੀਚ ਦੁਆਬੇ ਤ੍ਰਿਣ ਤਹਿਂ ਘਨੇ।
ਹੋਇਂ ਪੁਸ਼ਟ ਹਯ ਭਟ ਸੁਖ ਸਨੇ।'
ਇਮ ਸਲਾਹ ਕਰਿ ਚਢੇ ਤੁਰੰਗ।
ਸੈਨਾ ਸਕਲ ਅਰੂਢੀ ਸੰਗ ॥੨੭॥
ਕਰਜੋ ਚਲਨਿ ਮਾਰਗ ਦਿਨ ਚਾਰ।
ਆਇ ਪਹੂਚੇ ਪੁਰਿ ਕਰਤਾਰ।
ਡੇਰਾ ਕਰਜੋ ਆਪਨੇ ਥਾਨ।
ਸੁਖ ਸੋਂ ਕਰਿ ਕੈ ਖਾਨ ਰੁ ਪਾਨ ॥੨੮॥
-ਸਕਲ ਚਮੂੰ ਬਸਿ ਹੈ ਅਬਿ ਇਹਾਂ-।
ਯਾਂ ਤੇ ਗੁਰ ਮੁਕਾਮ ਕਰਿ ਤਹਾਂ।
ਭਈ ਭੋਰ ਬਡ ਲਗਜੋ ਦਿਵਾਨ।
ਗਾਇਂ ਰਬਾਬੀ ਸ਼ਬਦ ਮਹਾਨ ॥੨੯॥
ਨਿਕਟਿ ਨਿਕਟਿ ਗਨ ਗ੍ਰਾਮ ਚੁਫੇਰੇ।
ਸਭਿ ਮਹਿਂ ਸੁਧਿ ਪ੍ਰਗਟੀ ਤਿਹ ਬੇਰੇ।
'ਗੁਰ ਕਰਤਾਰਪੁਰੇ ਮਹਿਂ ਆਏ।'
ਸੁਨਿ ਸੁਨਿ ਦਰਸ਼ਨ ਕੋ ਲਲਚਾਏ ॥੩੦॥

[1]ਫਿਰ ਵਿਯੋਗ ਦੀ ਪੀੜਾ ਨਹੀਂ ਹੋਵੇਗਾ।

[1]ਭਾਵ ਅੰਮ੍ਰਿਤਸਰ ਘਾਹ ਥੋੜਾ ਹੈ।

ਲੈ ਲੈ ਸਭਿ ਅਕੋਰ ਸਮੁਦਾਈ।
ਆਇ ਗੁਰੂ ਢਿਗ ਗ੍ਰੀਵ ਨਿਵਾਈ।
ਕਰਹਿਂ ਕਾਮਨਾ ਦਰਸ਼ਨ ਪਾਇ।
ਪੂਰਹਿਂ ਉਰ ਕੀ ਲਖਿ ਸਮੁਦਾਇ ॥੩੧॥
ਮੀਰ ਵਡੇ ਸੁ ਗ੍ਰਾਮ ਕੋ ਨਾਮੂ।
ਤਹਾਂ ਪਠਾਨ ਬਸਹਿਂ ਗਨ ਧਾਮੂ।
ਕਰਤਿ ਚਾਕਰੀ ਜਹਿਂ ਬਨਿ ਜਾਇ।
ਆਯੁਧ ਬਿੱਦਜਾ ਸਦਾ ਕਮਾਇਂ ॥੩੨॥
ਤਿਨਹੁਂ ਸੁਨੀ 'ਹਰਿਗੋਵਿੰਦ ਆਏ।
ਸੈਨਾ ਸੰਗ ਜਿਨਹੁਂ ਸਮੁਦਾਏ।'
ਕਰੀ ਸਲਾਹ 'ਚਲਹੁ ਦਰਸੈ ਹੈਂ।
ਜੇ ਰਾਖਹਿਂ ਚਾਕਰ ਰਹਿ ਜੈ ਹੈਂ ॥੩੩॥
ਨਾਂਹਿ ਤ ਦਰਸ਼ਨ ਪਰਸਨ ਕਰਿ ਕੈ।
ਆਵਹਿਂ ਅਪਨੇ ਗ੍ਰਾਮ ਬਿਚਰਿ ਕੈ।'
ਦਸ ਕੁ ਪਠਾਨ ਮਿਲੇ ਇਕ ਠਾਏ।
ਸਿਪਰ ਖੜਗ ਕੋ ਅੰਗਿ ਲਗਾਏ ॥੩੪॥
ਚਲਿ ਕਰਿ ਆਏ ਪੁਰਿ ਕਰਤਾਰ।
ਸਨੇ 'ਗੁਰੂ ਹੈਂ ਸਭਾ ਮਝਾਰ।'
ਮੁਦਤਿ[1] ਖ਼ਾਨ ਪਹੁੰਚੇ ਤਿਸ ਥਾਨ।
ਸ੍ਰੀ ਅਰਜਨ ਸੁਤ ਬੀਚ ਦਿਵਾਨ ॥੩੫॥
ਨਰ ਨਾਰਿਨਿ ਕੀ ਭੀਰ ਘਨੇਰੀ।
ਕਰਿ ਕਰਿ ਦਰਸ ਜਾਇਂ ਤਿਸ ਬੇਰੀ।
ਸਭਾ ਦੂਰ ਲਗਿ ਬੈਠੀ ਪਾਸ।
ਖਰੇ ਕਰਤਿ ਸੰਗਤਿ ਅਰਦਾਸ ॥੩੬॥
ਨਿਕਟ ਹੋਨਿ ਕੋ ਥਾਉਂ ਨ ਪਾਈ।
ਤੀਰ ਭੀਰ ਆਵਤਿ ਇਕ ਜਾਈ।
ਸਭਾ ਬਿਖੈ ਭੀ ਬੈਠਨਿ ਥਾਨ।
ਨਹਿਂ ਦੇਖਜੋ, ਥਿਰ ਸੁਭਟ ਮਹਾਨ ॥੩੭॥
ਕੀਨਿ ਸਲਾਮ ਤਮਾਮ ਪਠਾਨ।
ਖਰੇ ਭਏ ਪਸ਼ਚਾਤ ਦਿਵਾਨ।
ਕਿਤਿਕ ਕਾਲ ਬੀਤਜੋ ਤਹਿਂ ਠਾਂਢੇ।
ਗੁਰ ਸਰੂਪ ਪਿਖਿ ਆਨੰਦ ਬਾਢੇ ॥੩੮॥

[1]ਖੁਸ਼ ਖੁਸ਼।

ਦ੍ਰਿਸ਼ਟਿ ਗਈ ਸਤਿਗੁਰੁ ਕੀ ਜਬੈ।
ਪਿਖੇ ਪਠਾਨ ਖਰੇ ਗਨ ਤਬੈ।
ਸਿਪਰ ਖੜਗ ਕੇ ਅਧਿਕ ਸਿਪਾਹੀ।
ਪਿਖੀਯਤਿ ਐਂਠ[1] ਜਿਨਹੁ ਕੇ ਮਾਂਹੀ ॥੩੯॥ [1]ਆਕੜ।
ਬਸਤ੍ਰ ਸ਼ਸਤ੍ਰ ਤੇ ਬਾਨਾ ਬਨਜੋ।
ਜਨੁ ਰਣ ਚਹਤਿ ਬੀਰ ਰਸ ਸਨਜੋ[1]। [1]ਸਹਤ।
ਸ਼੍ਰੀ ਸਤਿਗਰੁ ਕੋ ਸਹਜ ਸੁਭਾਊ।
ਜਹਾਂ ਬਿਲੋਕਹਿਂ ਬੀਰ ਬਨਾਊ[1] ॥੪੦॥ [1]ਸੂਰਮੇ ਦਾ ਬਾਣਾ।
ਕ੍ਰਿਪਾ ਕਰਹਿਂ ਬੂਝਹਿ ਤਿਹ ਬਾਤ।
ਲਰਿਬੇ ਜੁੱਧ ਸ਼ਸਤ੍ਰ ਕੇ ਘਾਤਿ।
ਸੁਨਹਿਂ ਸੁਭਟ ਰਣ ਕਥਾ ਸੁਨਾਵੈਂ।
'ਇਮ ਲਰਿ ਬੀਰ ਬਿਜੈ ਬਡ ਪਾਵੈਂ' ॥੪੧॥
ਪੁਨ ਸ਼੍ਰੀ ਮੁਖ ਤੇ ਦਾਵ ਕਹੰਤੇ।
'ਇਮ ਸ਼ਸਤ੍ਰਨਿ ਹਤਿ ਸ਼ੱਤ੍ਰ ਜਿਤੰਤੇ।'
ਯਾਂ ਤੇ ਪਿਖੇ ਪਠਾਨ ਅਗਾਰੀ।
ਨਿਕਟਿ ਦਾਸ ਤਿਹ ਸੰਗ ਉਚਾਰੀ ॥੪੨॥
'ਇਨ ਖਾਨਨਿ ਸੋਂ ਬੂਝਹੁ ਜਾਇ।
-ਕੌਨ ਅਹੋ ਤੁਮ ਕਹਿਂ ਤੇ ਆਇ?
ਦਰਸ਼ਨ ਕਰਹੁ ਕਿ ਕਾਰਜ ਕੋਊ-?
ਸੁਨਿ ਜੋ ਕਹੈਂ, ਆਨਿ ਕਹੁ ਸੋਊ' ॥੪੩॥
ਸੁਨਤਿ ਸਿੱਖ ਉਤਲਾਵਤਿ ਗਯੋ।
ਸਤਿਗੁਰ ਦਿਸ਼ਿ ਤੇ ਬੂਝਤਿ ਭਯੋ।
ਸੁਨਿ ਖਾਨਨਿ ਆਨਨ ਤੇ ਭਾਖਾ।
'ਹਮ ਆਏ ਦਰਸ਼ਨ ਕੀ ਕਾਂਖਾ ॥੪੪॥
ਨਿਕਟਿ ਆਪ ਕੇ ਹਮਰੋ ਗ੍ਰਾਮੂ।
ਭਾਖਹਿਂ -ਮੀਰ ਵਡੇ- ਤਿਸ ਨਾਮੂ।
ਬਸਹਿਂ ਸਮੀਪੀ ਪਿਖਿ ਹਰਖਾਵੈਂ।
ਕੁਈ ਕਾਜ ਇਨ ਤੇ ਬਨਿ ਜਾਵੈ[1]' ॥੪੫॥ [1]ਕੋਈ ਕੰਮ ਇਨ੍ਹਾਂ ਤੋਂ (ਸਾਡਾ) ਬਨ ਜਾਵੇ ਭਾਵ ਨੌਕਰੀ ਆਦਿ ਮਿਲ ਜਾਵੇ।
ਸੁਨਿ ਸਿੱਖਨਿ ਸਭਿ ਜਾਇ ਸੁਨਾਯੋ।

'ਬਾਂਛਤਿ ਤੁਮ ਦਰਸ਼ਨ ਮਨ ਭਾਯੋ।'
ਪੁਨ ਗੁਰ ਤਿਨ ਕੀ ਹੀ ਦਿਸ਼ਿ ਦੇਖੇ।
ਭਿੰਨ ਭਿੰਨ ਤਨ ਬਲ ਅਵਿਰੇਖੇ ॥੪੬॥
ਇਕ ਖੋੜਸ ਬਰਖਨਿ ਕੋ ਖਾਨ।
ਹੋਨਹਾਰ ਜਿਹ ਡੀਲ ਮਹਾਨ।
ਦੀਰਘ ਅੰਗ ਸਰਬ ਹੀ ਹੇਰੇ।
-ਬੀਰ ਸੁ ਬਨਹਿ ਬਨਾਉ ਬਡੇਰੇ[1]- ॥੪੭॥

[1]ਵੱਡੇ ਬਨਾਉ ਵਾਲਾ ਸੂਰਮਾ ਬਣੇਗਾ।

ਆਯੁਤ ਬਦਨ ਬਿਲੋਚਨ ਜਾਂ ਕੇ।
ਬੰਧੇ ਪਰੇ ਬਾਰ ਬਰ ਬਾਂਕੇ[1]।

[1](ਜਿਸਦੇ) ਸ੍ਰੇਸ਼ਟ ਸੁੰਦਰ ਵਾਲਾਂ ਨੂੰ ਬੰਧਨ (ਛੱਲੇ) ਪਏ ਹਨ।

ਲਾਂਬੀ ਬਾਂਹੁ ਪੁਸ਼ਟ ਭੁਜਦੰਡ।
ਜਨੁ ਮਤੰਗ ਕੀ ਸੁੰਡ ਪ੍ਰਚੰਡ ॥੪੮॥
ਬਡ ਬਿਸਤਾਰ ਸਹਤ ਦ੍ਰਿਢ ਛਾਤੀ।
ਸਰਬ ਸਰੀਰ ਸੰਧਿ[1] ਦਿਢ ਭਾਂਤੀ।

[1]ਸਾਰੇ ਸਰੀਰ ਦੇ ਜੋੜ।

ਲਾਂਬੀ ਗ੍ਰੀਵ ਬਨ੍ਯੋ ਸਿਰ ਚੀਰਾ[1]।

[1]ਰੰਗਦਾਰ ਪੱਗ, ਬਹੁਰੰਗੀ ਪੱਗ।

ਅਪਰ ਸ਼ਰੀਰ ਬਿਖੈ ਬਰ ਚੀਰਾ[1]† ॥੪੯॥

[1]ਸੁਹਣੇ ਬਸਤ੍ਰ। †ਪਾ:-ਬੀਰਾ।

ਕਰਿ ਪਸੰਦ ਰਾਖਨਿ ਕੋ ਚਾਹਾ।
ਸਰਬ ਪਠਾਨ ਹਕਾਰੇ ਪਾਹਾ।
ਆਗਜਾ ਸੁਨਤਿ ਨਿਕਟਿ ਚਲਿ ਆਏ।
ਖਰੇ ਭਏ ਸਤਿਗੁਰੁ ਸਮੁਹਾਏ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

੩੨. [ਪੈਂਦੇ ਖਾਂ ਨੌਕਰ ਰੱਖਿਆ। ਕੱਰੇ ਪਿੰਡ ਪਿੰਗਲਾ ਨਿਹਾਲ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:
ਸਤਿਗੁਰੁ ਕੋ ਰੁਖ਼ ਦੇਖਿ ਕੈ,
ਆਏ ਨਿਕਟ ਪਠਾਨ।
ਸਨਮਖ ਠਾਂਢੇ ਹ੍ਵੈ ਰਹੇ,
ਬਨਿ ਕੈ ਸਕਲ ਸਮਾਨ[1] ॥੧॥ [1]ਸਾਰੇ ਇੱਕੋ ਜੇਹੇ ਹੋ ਕੇ ਭਾਵ ਕਤਾਰ ਬੰਨ੍ਹਕੇ।
ਚੌਪਈ:
ਸ਼੍ਰੀ ਹਰਿ ਗੋਵਿੰਦ ਬੂਝਨਿ ਠਾਨਿ।
'ਨਈ ਬੈਸ ਕੋ ਹੈ ਜੁ ਪਠਾਨ।
ਕਿਸ ਕੋ ਪੁੱਤ੍ਰ ਨਾਮ ਕਸਾ ਅਹੈ?
ਤੁਮ ਢਿਗ ਬਸਹਿ ਕਿ ਅਨਤੈ ਰਹੈ?'
॥੨॥
ਸੁਨ ਇਸਮਾਇਲ ਖਾਨ[1] ਬਖਾਨੇ। [1]ਇਸਮਾਈਲ ਖ਼ਾਨ।
'ਗੁਰੂ ਗਰੀਬ ਨਿਵਾਜ ਮਹਾਨੇ!
ਆਲਮਪੁਰਾ ਗਿਲਜ਼ੀਆ ਨਾਮ।
ਪੂਰਬ ਹੁਤੋ ਤਹਾਂ ਇਸ ਧਾਮ ॥੩॥
ਹੁਤੇ ਨਾਨਕੇ ਮੀਰ ਵਡੇ ਮਹਿਂ।
ਸੁਰਤਿ ਸੰਭਾਰੀ ਬਡੇ ਹੋਹਿ ਤਹਿਂ।
ਮਾਦਰ ਪਿਦਰ ਭਿਸਤ ਕੋ ਗਏ[1]। [1]ਭਾਵ ਮਰ ਗਏ।
ਇਸ ਲਘੁ ਕੋ ਹੀ ਤਜਾਗਤਿ ਭਏ ॥੪॥
ਮਮ ਭਗਨੀ ਸੁਤ ਲਾਗਤਿ ਜਾਨਾ।
ਲੇ ਪਾਰਜੋ ਮੁਹਿ ਅਪਨੇ ਖਾਨਾ[1]। [1]ਆਪਣੇ ਘਰ।
ਕੁਛਕ ਹੋਸ਼ ਅਬਿ ਕਰੀ ਸੰਭਾਰਨਿ।
ਧਰਿ ਕਰਿ ਅੰਗ ਬਿਖੈ ਹਥਜਾਰਨ ॥੫॥
ਦਰਸ ਆਪ ਕੇ ਆਯਹੁ ਸੰਗ।
ਕਰਿ ਚਿਤ ਚੌਂਪ ਬਿਲੰਦ ਉਮੰਗ।
ਪੈਂਦੇ ਖਾਨ ਨਾਮ ਕੋ ਕਹੈਂ।
ਅਬਿ ਲੌਂ ਹਮਰੇ ਹੀ ਘਰ ਰਹੈ' ॥੬॥
ਸੁਨਿ ਸ਼੍ਰੀ ਹਰਿਗੋਵਿੰਦ ਉਚਾਰਾ।
'ਅਬਿ ਤੌਂ ਹੋਨਿ ਲਗਜੋ ਹੁਸ਼ੀਆਰਾ।
ਮਹਾਂ ਡੀਲ ਹੁਇ ਸ਼ਸਤ੍ਰ ਧਰੈਯਾ।

ਸੰਘਰ ਮਹਿਂ ਬਡ ਕਾਜ ਕਰੈਯਾ ॥੭॥
ਜੇ ਚਾਕਰ ਇਸ ਰਾਖਨਿ ਕਰੈਂ।
ਰਹੈ, ਕਿ ਨਹੀਂ ਮਨੋਰਥ ਧਰੈ[1]?'
ਬਹੁਰ ਖਾਨਿ ਗੁਰੁ ਸੰਗਿ ਬਖਾਨਾ।
'ਸਕਲ ਪਠਾਨਨਿ ਕੌਮ ਜੁ ਜਾਨਾ ॥੮॥
ਇਨ ਕੋ ਕਾਮ ਚਾਕਰੀ ਅਹੈ।
ਤੁਮ ਸਮ ਕੇ[1] ਸਾਮੀਪੀ ਰਹੈਂ।
ਕਰਹਿਂ ਆਪਨੀ ਨਿਤ ਗੁਜ਼ਰਾਨ।
ਜਿਸ ਕੀ ਜੈਸੀ ਬਨਹਿ ਜਹਾਨ ॥੯॥
ਤਕਰੀ ਤੁਲਨਿ ਕਿ ਖੇਤੀ ਕਰਨੀ।
ਜੇ ਇੱਤਜਾਦ ਕਾਰ ਜਗ ਬਰਨੀ।
ਕਰੈਂ ਪਠਾਨ ਨ ਅੰਗੀਕਾਰਾ।
ਇਨ ਕੋ ਹਿਤ ਹੈ ਜੰਗ ਅਖਾਰਾ ॥੧੦॥
ਮਿਹਰਵਾਨਗੀ ਆਪ ਜਿ ਧਰਿਹੋ।
ਰਾਖਹੁ ਢਿਗ ਪ੍ਰਤਿਪਾਰਨ ਕਰਿਹੋ।
ਇਹ ਪਠਾਨ ਕੋ ਪੂਤ ਮਹਾਨੋ।
ਕਰਹਿ ਕਾਜ ਜਬਿ ਤੁਮ ਰਣ ਠਾਨੋ ॥੧੧॥
ਜੇ ਪਰਵਸਤਿ[1] ਕਰਹੁ ਤੁਮ ਆਛੇ।
ਮਿਲਹਿ ਪਦਾਰਥ ਜਸ ਮਨ ਬਾਂਛੇ।
ਬਹੁਰ ਦੇਖੀਯਹਿ ਡੀਲ ਬਿਲੰਦ।
ਇਹ ਏਕਲ ਹੀ ਸਮ ਨਰ ਬ੍ਰਿੰਦ[1] ॥੧੨॥
ਬਲੀ ਬਿਸਾਲ ਹੋਇ ਜਸ ਤਨੁ ਹੈ।
ਰਾਖਹੁ ਨਿਕਟ ਬੀਰ ਬਰ ਬਨਿ ਹੈ।'
ਸ਼੍ਰੀ ਹਰਿਗੋਬਿੰਦ ਬਹੁਰ ਸੁਨਾਯੋ।
'ਅਬਿ ਤੌਂ ਦਰਸ਼ਨ ਕੇ ਹਿਤ ਆਯੋ ॥੧੩॥
ਲੇ ਗਮਨਹੁ ਅਬਿ ਸਦਨ ਮਝਾਰੇ।
ਪੁਨ ਆਵਹਿ ਉਠਿ ਹੋਤਿ ਸਕਾਰੇ।
ਰਹੈ ਸੈਨ ਮਹਿਂ ਪੁਰਿ ਕਰਤਾਰ।
ਹਮ ਗਮਨਹਿਂ ਪੂਰਬ ਕੋ ਤਜਾਰਿ ॥੧੪॥
ਕੇਤਿਕ ਮਾਸਨ ਮਹਿਂ ਚਲਿ ਆਵਹਿਂ।
ਬਸਤ੍ਰ ਸ਼ਸਤ੍ਰ ਦੇ ਬੀਰ ਬਨਾਵੈਂ।'
ਇਮ ਕਹਿ ਇਕ ਦਸ[1] ਦੀਨਿ ਰੁਪੱਯੇ।

[1]ਰਹਿਣ ਦਾ ਕਿ ਨਾਂ ਰਹਿਣ ਦਾ ਮਨੋਰਥ ਰਖਦਾ ਹੈ।
[1]ਆਪ ਵਰਗੇ (ਵਡੇ ਲੋਕਾਂ) ਦੇ।
[1]ਪਾਲਣਾ [ਫਾ: ਪਰਵਰਸ਼]
[1]ਬਹੁਤਿਆਂ ਦੇ ਤੁੱਲ ਹੈ।
[1]ਗਿਆਰਾਂ।

'ਪੁਰਿ ਤੇ ਲਿਹੁ ਅਹਾਰ ਇਨ ਖੱਯੇ'
॥੧੫॥
ਕਰੀ ਸਲਾਮ ਪਠਾਨ ਤਮਾਮੂ।
ਹਰਖਤਿ ਹੁਇ ਕਰਿ ਗਮਨੇ ਧਾਮੂ।
ਸੋ ਦਿਨ ਕਰਜੋ ਬਿਤਾਵਨਿ ਸਾਰੋ।
ਨਿਸ ਮਹਿਂ ਸਤਿਗੁਰੁ ਖਾਇ ਅਹਾਰੋ
॥੧੬॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਕਰੀ ਕ੍ਰਿਯਾ ਨਿਤ ਕੀ ਚਿਤ ਲਾਈ।
ਦਿਵਸ ਚਢੇ ਪੁਨ ਸੰਗਤਿ ਆਇ।
ਦਰਸ਼ਨ ਕੋ ਸਗਰੀ ਉਮਡਾਇ ॥੧੭॥
ਬੈਠੇ ਸਤਿਗੁਰੁ ਲਾਇ ਦਿਵਾਨ।
ਸ਼ਬਦ ਬਿਲਾਵਲ ਕੇ ਸੁਨਿ ਕਾਨ।
ਧਰਹਿਂ ਉਪਾਇਨਿ ਅਨਗਨ ਸੰਗਤਿ।
ਦਰਸ਼ਨ ਕਰਹਿਂ ਥਿਰਹਿਂ ਬਨਿ ਪੰਗਤਿ
॥੧੮॥
ਪੰਚ ਪਠਾਨ ਲਿਏ ਨਿਜ ਸੰਗ।
ਆਯੋ ਪੈਂਦੇ ਖਾਨ ਉਮੰਗ।
ਗੁਰੁ ਦਰਮਾਹਾ[1] ਸਭਿ ਕੋ ਕਿਯੋ।
ਬਸਿਬੇ ਕੋ ਇਕ ਥਲ ਤਿਨ ਦਿਯੋ ॥੧੯॥
ਜੁਗ ਮਹਿਖੀ[1] ਦੇ ਦੁਗਧ ਮਹਾਨਾ।
ਸੇਵਕ ਸੋਂ ਗੁਰੁ ਕੀਨਿ ਬਖਾਨਾ।
'ਸਭਿ ਪੈ[1] ਲੇ ਕਰਿ ਕਰਹੁ ਤਪਾਵਨਿ।
ਪਿਸਤਾ ਅਰੁ ਬਦਾਮ ਕਰਿ ਪਾਵਨੁ
॥੨੦॥
ਆਦਿ ਛੁਹਾਰੇ ਮੇਵਾ ਸਾਨੋ[1]।
ਚਾਰ ਘਰੀ ਦਿਨ ਰਹਿ ਜਬਿ ਜਾਨੋ।
ਮਿਸਰੀ ਕੋ ਮਿਲਾਇ ਕਰਿ ਆਛੇ।
-ਕਰਹੁ ਖੁਵਾਵਨਿ ਜੇਤਿਕ ਬਾਂਛੇ ॥੨੧॥
ਪੰਚ ਰਜਤਪਣ ਨਿਤ ਦਰਮਾਹਾ।
ਦਿਹੁ ਪੈਂਦੇ ਖਾਂ ਕੋ ਸੁਖ ਪਾਹਾ।'
ਇੱਤਜਾਦਿਕ ਸੇਵਾ ਜੇ ਆਨ।

[1]ਤਨਖਾਹ।
[1]ਦੋ ਮੱਝੀਆਂ।
[1]ਦੁੱਧ।
[1]ਮਿਲਾਓ।

ਨਿਜ ਦਾਸਨਿ ਸੋਂ ਗੁਰੂ ਬਖਾਨਿ ॥੨੨॥
ਪ੍ਰਤਿਪਾਰਨਿ ਕੀ ਕਰਿ ਤਕਰਾਈ।
ਸਰਬ ਰੀਤਿ ਇਕ ਬਾਰ ਬਨਾਈ।
ਭਏ ਪਠਾਨ ਅਨੰਦ ਮਹਾਨੇ।
ਗੁਰ ਕੀ ਖੁਸ਼ੀ ਬਿਸਾਲ ਪਛਾਨੇ ॥੨੩॥
ਇਕ ਦਿਨ ਨਿਜ ਹਜ਼ੂਰ ਕਰਿਵਾਯੋ।
ਨਿਕਟ ਬਿਠਾਇ ਗੁਰੂ ਅਚਵਾਯੋ।
ਦ੍ਵੈ ਨਰ ਜੇਤਿਕ ਖਾਨਾ ਖਾਵੈਂ।
ਤਿਤਿਕ ਖਾਇਗਾ, ਪਿਖਿ ਹਰਖਾਵੈਂ ॥੨੪॥
'ਇਮ ਸਦੀਵ ਹੀ ਦੀਜਹਿ ਖਾਨਾ।'
ਨਿਜ ਦਾਸਨਿ ਸੰਗਿ ਗੁਰੂ ਬਖਾਨਾ।
ਸੈਨਾ ਮਹਿਂ ਮਿਲਾਇ ਇਮ ਰਾਖਾ।
ਮਹਾਂ ਬਲੀ ਹੁਇ ਉਰ ਅਭਿਲਾਖਾ ॥੨੫॥
ਅਗਲੀ ਪ੍ਰਾਤ ਕਰੀ ਨਿਜ ਤਯਾਰੀ।
ਸ਼ਸਤ੍ਰ ਧਰੇ ਹਯ ਕੀ ਅਸੁਵਾਰੀ।
ਸ਼੍ਰੀ ਗੁਰ ਹਰਿ ਗੋਬਿੰਦ ਪਯਾਨੇ।
ਪੰਦ੍ਰਹ ਕੋਸ ਪੰਥ ਉਲੰਘਾਨੇ ॥੨੬॥
ਕਰਿ ਡੇਰਾ ਤਹਿਂ ਨਿਸਾ ਬਿਤਾਈ।
ਭਈ ਭੋਰ ਮਗ ਚਲੇ ਗੁਸਾਈਂ।
ਇਸੀ ਰੀਤਿ ਦਿਨਪ੍ਰਤਿ ਪ੍ਰਸਥਾਨਹਿਂ।
ਪਰੈ ਰਾਤ ਡੇਰਾ ਤਬਿ ਠਾਨਹਿਂ ॥੨੭॥
ਤੀਰਥ ਮਹਾਂ ਪਹੋਆ ਨਾਮੂ।
ਸਾਰਸੁਤੀ ਸਲਿਤਾ ਅਭਿਰਾਮੂ।
ਗਨ ਪਾਪਨਿ ਕੋ ਖਾਪਨਿ ਕਰਨੀ।
ਜਿਸ ਕੀ ਮਹਿਮਾ ਬੇਦ ਸੁ ਬਰਨੀ ॥੨੮॥
ਸੋ ਖਟ ਕੋਸ ਰਹੀ ਜਬਿ ਆਵਨਿ।
ਚਹੈਂ ਕਿ -ਚਲਿ ਤਹਿਂ ਡੇਰਾ ਪਾਵਨਿ-।
ਤਹਿਂ ਇਕ ਪਿੰਗਲ ਆਂਖਨ ਹੀਨਾ।
ਕਿਹ ਸਿਖ ਨੇ ਉਪਦੇਸ਼ਨਿ ਕੀਨਾ ॥੨੯॥
ਨਿਸ ਦਿਨ ਗੁਰ ਕੋ ਸਿਮਰਤਿ ਸੋਈ।
ਕਹੈ ਕਿ 'ਅਬਿ ਨਹਿਂ ਮੇਰੋ ਕੋਈ।

ਮਿਲਹਿਂ ਗੁਰੂ ਸਭਿ ਜਗ ਕੇ ਦਾਤਾ।
ਤੌਂ ਮੇਰੋ ਸੰਕਟ ਹੁਇ ਹਾਤਾ ॥੩੦॥
ਚਲਿ ਪਹੁਂਚਨਿ ਕੀ ਸ਼ਕਤਿ ਨ ਮੇਰੀ।
ਆਇਂ ਇਹਾਂ ਧਰਿ ਕ੍ਰਿਪਾ ਘਨੇਰੀ।'
ਇਮ ਮਨ ਠਾਨਿ ਕਰਾ[1] ਇਕ ਗ੍ਰਾਮੂ।
ਗੁਰ ਸਿਮਰਹਿ ਤਹਿਂ ਕਰਿ ਬਿਸਰਾਮੂ ॥੩੧॥
ਤਿਸ ਕੋ ਸੰਕਟ ਕਾਟਨਿ ਹੇਤਾ।
ਉਤਰਿ ਪਰੇ ਤਹਿਂ ਕ੍ਰਿਪਾ ਨਿਕੇਤਾ।
ਸੁਭਟਨਿ ਕਰੇ ਤੁਰੰਗ ਲਗਾਵਨਿ।
ਸੇਵਤ ਲਗੇ ਤ੍ਰਿਣਨਿ ਕੋ ਲਜਾਵਨਿ ॥੩੨॥
ਰਸਦ ਖ਼ਰੀਦੀ ਗ੍ਰਾਮ ਮਝਾਰਾ।
ਕਰਨਿ ਲਗੇ ਸਭਿ ਤਜਾਰ ਅਹਾਰਾ।
ਪਿੰਗਲ ਸੁਨੀ ਕਿ 'ਸਤਿਗੁਰੁ ਆਏ।'
ਭਯੋ ਅਨੰਦ ਅੰਗ ਨਹਿਂ ਮਾਏ ॥੩੩॥
ਰੁੜ੍ਹਤਿ ਚਲਤਿ ਨਿਕਸ੍ਯੋ ਤਜਿ ਗ੍ਰਾਮੂ।
ਗੁਰੁ ਗੁਰੁ ਜਪਤਿ ਰਿਦੇ ਮੁਖ ਨਾਮੂ।
ਜਿਸ ਥਲ ਸਤਿਗੁਰੁ ਥਿਰੇ ਸੁਹਾਵਤਿ।
ਬੂਝਿ ਬੂਝਿ ਤਿਸਹੀ ਥਲ ਆਵਤਿ ॥੩੪॥
ਆਨਿ ਪ੍ਰਭੂ ਕੋ ਸੀਸ ਨਿਵਾਯਹੁ।
ਸਨਮੁਖ ਬੈਠਤਿ ਬਾਕ ਅਲਾਯਹੁ।
'ਇਨ ਬਾਤਨਿ ਤੇ ਰਾਵਰਿ ਨਾਮੂ।
-ਦੀਨਾਨਾਥ- ਭਨੈਂ ਅਭਿਰਾਮੂ ॥੩੫॥
ਤੁਮ ਬਿਨ ਨਹਿਂ ਕੌ ਜਗਤ ਹਮਾਰਾ।
ਪਗ ਦ੍ਰਿਗ ਬਿਨ ਨਹਿਂ ਜਾਤਿ ਪਧਾਰਾ।
ਰਹ੍ਯੋ ਪ੍ਰਤੀਖਤਿ ਆਸ ਤੁਮਾਰੀ।
ਮਮ ਹਿਤ ਆਏ ਕਰੁਨਾ ਧਾਰੀ ॥੩੬॥
ਕੇਤਿਕ ਬਰਖ ਬਿਤੀਤੇ ਮੋਹੀ।
ਸਿਮਰਨ ਕਰਤਿ ਸਦਾ ਗੁਰੁ ਤੋਹੀ।
ਆਏ ਮੋਹਿ ਨਿਵਾਜ਼ਨਿ ਹੇਤੁ।
ਦਿਹੁ ਦ੍ਰਿਗ ਪਗ ਮੈਂ ਬਨੌਂ ਸੁਚੇਤ' ॥੩੭॥
ਗੁਰ ਢਿਗ ਸਿੱਖਨਿ ਬਾਕ ਸੁਨਾਏ।

[1]ਨਾਮ ਹੈ ਪਿੰਡ ਦਾ।

'ਚਰਨ ਕਮਲ ਕੀ ਲਿਹੁ ਰਜ ਪਾਏ।'
ਧਰਯੋ ਉਪਾਨਯ[1] ਗੁਰੁ ਕੋ ਚੀਨਿ।
ਲੇ ਤਿਨ ਅੰਗਰੀ ਘਸਵਨਿ ਕੀਨਿ ॥੩੮॥
ਜਬਿ ਨੇਤ੍ਰਨਿ ਕੇ ਬਿਚ ਤਿਨ ਪਾਈ।
ਭਈ ਆਂਖਿ ਜਨੁ ਪ੍ਰਥਮ ਬਨਾਈ।
ਗੁਰੁ ਬਪੁ ਸੁੰਦਰ ਪਿਖ੍ਯੋ ਅਗਾਰੀ।
ਬਾਰਿ ਬਾਰਿ ਹੋਵਤਿ ਬਲਿਹਾਰੀ ॥੩੯॥
'ਧੰਨ ਗੁਰੂ ਜਿਮ ਸੁਨ੍ਯੋ ਬਿਸ਼ੇਖਾ।
ਤਥਾ ਬਿਲੋਚਨ ਤੇ ਅਬਿ ਦੇਖਾ।
ਨਿਤ ਦੀਨਨਿ ਪਰ ਕ੍ਰਿਪਾ ਧਾਰੋ।
ਹਮ ਸਮ ਪਤਿਤਨਿ ਪੁੰਜ ਉਧਾਰੋ' ॥੪੦॥
ਇੱਤ੍ਯਾਦਿਕ ਬਹੁ ਉਸਤਤਿ ਕੀਨਿ।
ਸਤਿਗੁਰੁ ਕ੍ਰਿਪਾ ਦ੍ਰਿਸ਼ਟਿ ਦੁਖ ਹੀਨ।
ਕਹ੍ਯੋ ਕਿ ਲੋਚਨ ਤੈਂ ਤਬਿ ਪਾਏ।
ਇਸ ਥਲ ਕੋ ਸੇਵਹੁ ਹਿਤਲਾਏ ॥੪੧॥
ਬਢਨੀ ਫੇਰਹੁ ਦੀਪਕ ਬਾਰਹੁ।
ਸਦਾ ਗੁਰੂ ਕੋ ਨਾਮ ਸੰਭਾਰਹੁ।
ਜੋ ਸਿਖ ਪੂਜਹਿ ਦੇ ਧਨ ਆਨ।
ਤਿਸ ਕੋ ਬਾਂਟਿ ਕਰਹੁ ਗੁਜ਼ਰਾਨ ॥੪੨॥
ਆਵਤਿ ਜਾਤਿ ਸਿੱਖ ਬਸਿ ਜਾਏ।
ਤਿਨ ਕਹੁ ਦੇ ਅਹਾਰ ਅਚਵਾਏ।
ਪੀਛੇ ਆਪ ਕਰਹੁ ਪੁਨ ਖਾਨਿ।
ਕਰਹੁ ਕਾਰ ਸਭਿ ਹੀ ਇਸਥਾਨ[†]' ॥੪੩॥
ਇਸ ਪ੍ਰਕਾਰ ਕੀ ਸਿੱਖ੍ਯਾ ਦੀਨਸਿ।
ਪਿੰਗਲ ਭਾ ਪ੍ਰਸੰਨ ਹਿਤ ਚੀਨਸਿ।
'ਸਿਰ ਧਰਿ ਕਰਿਹੌਂ ਬਾਕ ਤੁਮਾਰਾ।
ਹਲਤ ਪਲਤ ਮੁਰਿ ਸਰਬ ਸੁਧਾਰਾ ॥੪੪॥
ਤੁਮ ਸਮਾਨ ਹੈ ਕਹਾਂ ਕ੍ਰਿਪਾਲੂ।
ਦੀਨਨਿ ਦਯਾਲ ਸੁ ਨਾਮ ਬਿਸਾਲੂ।'
ਤਿਹ ਸਥਾਨ ਸ਼੍ਰੀ ਹਰਿ ਗੋਵਿੰਦ।
ਕਰ੍ਯੋ ਪੁਜਾਰੀ ਕ੍ਰਿਪਾ ਬਿਲੰਦ ॥੪੫॥

[1]ਜੋੜਾ, ਜੁੱਤੀ [ਸੰਸ: ਉਪਾਨਹ]
[†]ਪਾ:-ਕਰਹੁ ਕਾਰ ਇਹ ਸਾਂਭ ਸਥਾਨ।

ਸੇਵਤਿ ਹੀ ਤਿਸ ਥਲ ਕੋ ਰਹ੍ਯੋ।
ਕਿਤਿਕ ਬਰਖ ਬੀਤੇ ਦੁਖ ਦਹ੍ਯੋ।
ਸ਼੍ਰੀ ਗੁਰ ਤੇਗ ਬਹਾਦਰ ਗਏ।
ਨਿਜ ਨਿਵੇਸ ਤਹਿਂ ਕਰਤੇ ਭਏ ॥੪੬॥
ਤਿਨ ਕੋ ਦਰਸ਼ਨ ਕਰਿ ਹਰਖਾਯੋ।
ਸੱਤਿਨਾਮ ਸਿਮਰਨ ਬਰ ਪਾਯੋ।
ਕੂਪ ਬਾਗ ਹਿਤ ਧਨ ਬਹੁ ਦੀਨੋ।
ਆਨ ਥਾਨ ਪੁਨ ਪਜਾਨਾ ਕੀਨੋ ॥੪੭॥
ਪੁਨ ਸਤਿਗੁਰ ਦਸਮੇਂ ਪਤਿਸ਼ਾਹੂ।
ਪਹੁੰਚੇ, ਦੇਖੈ, ਨਰ ਥਿਤ ਤਾਹੂ[1]।
ਹਿਤ ਸਨਮਾਨ ਖਰੋ ਨਹਿਂ ਹੋਵਾ।
ਹਯ ਪਰ ਚਰੇ ਸਥਿਰ ਗੁਰ ਜੋਵਾ ॥੪੮॥
ਬੂਝੇ ਮਨੁਜ 'ਅਹੈ ਇਹ ਕੌਨ?'
ਕਹ੍ਯੋ 'ਗ੍ਰਾਮ ਕਰਹਾਲੀ[1] ਭੌਨ।
ਆਯੋ ਇਹ ਠਾਂ ਹੈ ਸਸੁਰਾਰਿ।
ਬਿਚ ਪਰਗਨੇ ਠਿਕਾਨੇਦਾਰ[1]' ॥੪੯॥
ਸਹਿਜ ਸੁਭਾਇਕ ਸੁਨਤਿ ਬਖਾਨੇ।
ਸ਼੍ਰੀ ਕਲਗੀਧਰ ਤੇਜ ਮਹਾਨੇ।
'ਅਬਿ ਸਭਿ ਗਏ ਠਿਕਾਨੇ ਠਰਕ[1]।
ਗਏ ਪ੍ਰਥਮ ਕੇ ਟਿੱਕੇ ਟਰਕ[1]' ॥੫੦॥
ਇਮ ਕਹਿ ਤੁਰਤ ਤੁਰੰਗ ਹਟਾਏ।
ਉਤਰੇ ਕਲਸੇ ਗ੍ਰਾਮ ਸੁ ਜਾਏ।
ਸ਼੍ਰੀ ਹਰਿਗੋਵਿੰਦ ਨਿਸਾ ਬਿਤਾਈ।
ਭਈ ਪ੍ਰਾਤਿ ਚਾਲੇ ਅਗਵਾਈ ॥੫੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਰੇ ਗ੍ਰਾਮ ਪ੍ਰਸੰਗ' ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

[1]ਓਥੇ ਕੋਈ ਮਨੁੱਖ ਬੈਠਾ ਹੈ।

[1]ਨਾਮ ਪਿੰਡ, ਸਮਾਣੇ ਦੇ ਕੋਲ, ਰਾਜ ਪਟਿਆਲਾ।

[1]ਜਾਇਦਾਦ ਵਾਲਾ।

[1]ਨਾਸ਼ ਹੋਏ।

[1]ਪਹਿਲਾਂ ਦੇ ਟਿੱਕੇ ਹੋਏ ਟਲ ਗਏ ਭਾਵ ਵਡਿਆਈ ਨਾਸ਼ ਹੋ ਜਾਏਗਾ [ਟਿੱਕੇ ਹੋਏ = ਵਡਜਾਏ ਹੋਏ। ਟਿਕੇ ਹੋਏ = ਬੈਠੇ ਹੋਏ]

੩੩. [ਸ਼੍ਰੀ ਨਾਨਕ ਮਤੇ ਪੁੱਜੇ]

੩੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਭਏ ਤਯਾਰਿ ਸ਼੍ਰੀ ਸਤਿਗੁਰੂ, ਗਮਨੇ ਮਾਰਗ ਜਾਇ।
ਖ਼ਸ਼ਟ ਕੋਸ ਪਰ ਸਰਸੁਤੀ, ਹੇਰੀ ਜਲ ਅਲਪਾਇ ॥੧॥

ਚੌਪਈ:

ਤਹਿਂ ਸ਼ਨਾਨ ਕਰਿ ਦੇ ਧਨ ਦਾਨ।
ਪੁਨ ਆਗੈ ਕੀਨਿਸਿ ਪ੍ਰਸਥਾਨਿ।
ਚਲੇ ਜਾਹਿਂ ਕੁਛ ਸੈਨਾ ਸਾਥ।
ਕਰਹਿਂ ਨਿਵੇਸ ਨਿਸਾ ਮਹਿਂ ਨਾਥ ॥੨॥
ਸ਼ਯਾਮਲ ਜਲ ਜਮਨਾ ਤਬਿ ਆਈ।
ਕਰਿ ਸ਼ਨਾਨ ਉਲੰਘੇ ਅਗਵਾਈ।
ਗੜ੍ਹ ਗੰਗਾ ਕੇ ਪੰਥ ਪਧਾਰੇ।
ਚਲੇ ਜਾਹਿਂ ਤੁਰਨਤਾ ਧਾਰੇ ॥੩॥
ਸਿਖ ਪ੍ਰੇਮੀ ਜਹਿਂ ਕਹਿਂ ਜਿਮ ਬਾਸਾ।
ਸੁਨਹਿਂ 'ਗੁਰੂ ਆਯਹੁ ਇਤ ਆਸਾ[1]।'
ਨਿਕਟਿ ਨਿਕਟਿ ਜੇ ਗ੍ਰਾਮ ਅਨੇਕ।
ਕਹਿਂ ਲਗਿ ਤਿਨ ਕਹੁ ਕਰਹੁਂ ਬਿਬੇਕ ॥੪॥
ਕੇਤਿਕ ਮਗ ਮਹਿਂ ਮਿਲਹਿਂ ਸੁ ਆਇ।
ਅਰਪਹਿਂ ਵਸਤੁਨਿ ਕੋ ਸਮੁਦਾਇ।
ਕੇਤਿਕ ਜਬਿ ਨਿਵੇਸ ਕੋ ਕਰੈਂ।
ਆਨਿ ਅਕੋਰਨ ਆਗੈ ਧਰੈਂ ॥੫॥
ਦੁਗਧ ਅਧਿਕ ਦਧਿ ਆਵਹਿ ਡੇਰੇ।
ਜਥਾ ਸ਼ਕਤਿ ਧਰਿ ਦਰਬ ਅਗੇਰੇ।
ਬੰਦਨ ਕਰਿ ਕਰਿ ਦਰਸਹਿਂ, ਜਾਵਹਿਂ।
ਅਪਰਨਿ ਕੇ ਢਿਗ ਸੁਜਸੁ ਅਲਾਵਹਿਂ ॥੬॥
ਇਮ ਗਨਮਤਿ ਪਹੁਂਚੇ ਗੜ੍ਹ ਗੰਗਾ[1]।
ਪਿਖ੍ਯੋ ਪ੍ਰਵਾਹੁ ਬਿਮਲ ਜਲ ਚੰਗਾ।
ਉਤਰੇ ਸਤਿਗੁਰ ਕੀਨਿ ਸ਼ਨਾਨ।

[1]ਤਰਫ।

[1]ਗੜ ਮੁਕਤੇਸਰ ਪਾਸ ਗੰਗਾ ਦਾ ਪ੍ਰਵਾਹ।

ਦੀਨੋ ਅਧਿਕ ਦਿਜਨਿ ਕਹੁ ਦਾਨ ॥੭॥
ਪੂਰਨ ਗੁਰੂ ਨਹੀਂ ਤਿਨ ਜਾਨਾ।
ਜਾਚਯੋ ਨਹੀਂ ਭਗਤਿ ਗੁਨ ਗਜਾਨਾ।
ਧਨ ਲਾਲਚ ਕੋ ਜਿਨ ਮਨ ਕੀਨਿ।
ਕਿਮ ਪ੍ਰਭੁ ਲਖਹਿਂ ਬਿਸ਼ਯ ਮਨ ਭੀਨ ॥੮॥
ਪੁਨ ਤਹਿਂ ਤੇ ਕਰਿ ਕੂਚ ਪਯਾਨੇ।
ਚਲੇ ਜਾਹਿਂ ਆਗੈ ਸੁਖ ਸਾਨੇ।
ਇਕ ਸਾਧੂ ਕੀ ਸ਼ਰਧਾ ਪੂਰਨ।
ਪਹੁੰਚਯੋ ਚਹੈਂ ਤਹਾਂ ਗੁਰੁ ਤੂਰਨ ॥੯॥
ਪੁਨ ਸ਼੍ਰੀ ਨਾਨਕ ਮਤੇ ਸਥਾਨ।
ਜਾਇ ਪਹੂੰਚੇ ਕ੍ਰਿਪਾ ਨਿਧਾਨ।
ਉਤਰਯੋ ਡੇਰਾ ਤੁਰੰਗ ਲਗਾਏ।
ਇਤ ਉਤ ਸੁਭਟ ਫਿਰਤਿ ਸਮੁਦਾਏ ॥੧੦॥
ਇਕ ਕਨਪਾਟੇ ਬੂਝਨਿ ਕੀਨੇ।
'ਕੋ ਸਰਦਾਰ ਆਇ ਭਟ ਲੀਨੇ?'
ਸਿੱਖਨ ਕਹਯੋ 'ਸਾਚ ਪਤਿਸ਼ਾਹੂ।
ਸ਼੍ਰੀ ਹਰਿ ਗੋਵਿੰਦ ਗੁਰੁ, ਦੁਖੁ ਦਾਹੂ' ॥੧੧॥
ਸੁਨਿ ਕਰਿ ਜੋਗੀ ਭਾਜਿ ਪਧਾਰੇ।
-ਨਹਿਂ ਬੰਧਹਿਂ ਹਮ ਕੋ- ਡਰ ਧਾਰੇ।
ਸਿਖ ਦੀ ਦਸ਼ਾ ਸੁਨਹੁਂ ਜਿਮ ਹੋਈ†।
ਗੁਰੂ ਧਜਾਨ ਮੈਂ ਥਿਰ ਹੈ ਸੋਈ ॥੧੨॥
ਤਨ ਕੀ ਕ੍ਰਿਆ ਸਾਧਿ[1] ਇਕ ਬਾਰੀ।
ਬਹੁਰ ਥਿਰਹਿ ਨਿਸ ਦਯੋਸ ਮਝਾਰੀ।
ਗੁਰੁ ਸਿਮਰਨ ਤੇ ਤਤਪਰ ਹੋਵਾ।
ਜਬਿ ਕੋ ਬਿਗਰਯੋ ਚਲਦਲ[1] ਜੋਵਾ ॥੧੩॥
ਬਹੁਤ ਬਿਸੂਰਤਿ ਦੁਖ ਉਰ ਧਾਰਤਿ।
ਗੁਰੂ ਅਵੱਗਜਾ ਨਹੀਂ ਸਹਾਰਤਿ।

†ਤਿੰਨ ਲਿਖਤੀ ਨੁਸਖਿਆਂ ਵਿੱਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਨਹੀਂ ਹੈ, ਤੇ ਇਨ੍ਹਾਂ ਦੀ ਥਾਵੇਂ ਪਾਠ ਇਉਂ ਹੈ:-ਅਲਪ ਤ੍ਰਿਣਨਿ ਕੀ ਕੁਟੀ ਬਨਾਈ। ਦਰ ਲਘੁ ਰਚਯੋ ਬੀਚ ਪ੍ਰਵਿਸ਼ਾਈ।

[1]ਭਾਵ ਖਾ ਪੀ ਕੇ।

[1]ਪਿੱਪਲ।

ਅਨਿਕ ਪ੍ਰਕਾਰਨਿ ਕੀ ਮਨ ਗਿਨਤੀ।
ਹੋਇ ਦੀਨ ਬਹੁ ਬੋਲਤਿ ਬਿਨਤੀ ॥੧੪॥
'ਹੇ ਪ੍ਰਭੂ! ਰਾਵਰ ਕੋ ਅਪਵਾਦ[1]। [1]ਨਿੰਦਿਆ।
ਬਿਗਰਹਿ ਬਿਰਦ, ਰਖਹੁ ਮਿਰਜਾਦਿ।
ਸਤਿਗੁਰ ਸਦਾ ਸਲਾਮਤ ਗਾਦੀ।
ਕਿਮ ਹੁਇੰ ਪ੍ਰਾਪਤਿ ਜੈ ਕਹੁ ਬਾਦੀ ॥੧੫॥
ਮਮ ਤਨ ਤਜੇ ਜਿ ਸੁਧਰਹਿ ਥਾਨੂ।
ਤੌ ਤਜਿ ਦੇਉਂ ਤਨਕ ਮਹਿਂ ਪ੍ਰਾਨੂ।
ਤਊ ਨ ਜੋਗੀ ਲਹੈਂ ਬਿਸਾਦੂ[1]। [1]ਭਾਵ ਜੋਗੀਆਂ ਨੂੰ ਕੋਈ ਪੀੜ ਨਹੀਂ ਹੋਵੇਗੀ।
ਕਰਿ ਹੰਕਾਰ ਉਠਾਵਹਿਂ ਬਾਦੂ ॥੧੬॥
ਸ਼੍ਰੀ ਨਾਨਕ ਕੀ ਮਹਿਮਾ ਗੌਰੀ[1]। [1]ਭਾਰੀ।
ਤੁਮਰੇ ਅਛਤ ਹੋਤਿ ਅਬਿ ਹੌਰੀ।
ਤੌ ਪਾਛੇ ਕੀ ਕਜਾ ਹੈ ਚਲੀ।
ਅਲਪ ਸ਼ਕਤਿ ਭੀ ਨਿਰਭੈ ਦਲੀ[1] ॥੧੭॥ [1]ਥੋੜੀ ਤਾਕਤ ਵਾਲੇ ਵੀ ਨਿਰਭੈ ਹੋਕੇ ਨਾਸ਼ ਕਰਨਗੇ (ਐਸੇ ਅਸਥਾਨ)।
ਕਜੋਂ ਨ ਉਤਾਇਲ ਬਨਹੁ ਸਹਾਯਕ।
ਅਸ ਕਾਰਜ ਤੁਮਰੇ ਹੀ ਲਾਇਕ।
ਲਈ ਜਗਤ ਤੇ ਪੀਰੀ ਮੀਰੀ।
ਕਜੋਂ ਨ ਕਰੋਂ ਸਿੱਖਨ ਕਰ ਗੀਰੀ[1] ॥੧੮॥ [1]ਦਾ) ਹੱਥ ਪਕੜਨਾ, ਭਾਵ ਮੱਦਦ।
ਜਗ ਗੁਰ ਸਭਿਹਿਨਿ ਕੇ ਸਿਰਮੌਰ।
ਅਜ਼ਮਤ ਜੁਤਿ ਬਿਗਰਤਿ ਬਰ ਠੌਰ।
ਸ਼੍ਰੀ ਹਰਿਗੋਵਿੰਦ! ਬਨਹੁ ਸਹਾਈ।
ਦਿਹੁ ਉਠਾਇ ਜੋਗੀ ਸਮੁਦਾਈ ॥੧੯॥
ਇੱਤਜਾਦਿਕ ਮੁਖ ਬਿਨੈ ਬਖਾਨਤਿ।
ਜੀਤ ਰਿਖੀਕ ਧਜਾਨ ਗੁਰ ਠਾਨਤਿ।
ਭਯੋ ਸ਼ਬਦ ਹਯ ਕੀਨਿ ਹਿਰੇਖਾ।
ਸੁਨਤਿ ਅਚਾਨਕ ਚਾਹਤਿ ਦੇਖਾ ॥੨੦॥
ਨਿਕਸ ਕੁਟੀ ਤੇ ਬਾਹਰ ਆਯੋ।
ਮਾਨਵ ਗਨ ਕੋ ਥਿਰਿ ਦਰਸਾਯੋ।
-ਲੋਕ ਪੰਜਾਬੀ- ਕਰਹਿ ਚਿਨਾਰੀ।
ਸੰਗ ਏਕ ਕੋ ਮਿਲਜੋ ਉਚਾਰੀ ॥੨੧॥
'ਕਿਸ ਕੋ ਡੇਰਾ ਉਤਰਜੋ ਆਇ?

ਕਿਤ ਤੇ ਆਨਿ ਕਹਾਂ ਕੋ ਜਾਇ?'
ਸਿਖ ਨੇ ਕਹ੍ਯੋ 'ਅਹੈ ਜਗ ਗੁਰੂ।
ਦਰਸ਼ਨ ਸਿੰਘ ਬਿਘਨ ਗਨ ਰੁਰੂ[1]' ॥੨੨॥

[1]ਸਮੂਹ ਬਿਘਨਾਂ ਰੂਪ ਮ੍ਰਿਗਾਂ ਲਈ (ਜਿਸ ਗੁਰੂ ਜੀ ਦਾ) ਦਰਸ਼ਨ ਸ਼ੇਰ ਰੂਪ ਹੈ।

ਅੰਮ੍ਰਿਤ ਬਾਕ ਸ਼੍ਰਵਨ ਪੁਟ ਪਾਨਾ[1]।

[1]ਕੰਨ ਰੂਪੀ ਡੋਨੇ ਨਾਲ ਪੀਤੇ।

ਹੁਤੋ ਮ੍ਰਿਤਕ ਮਨੁ ਭਾ ਸਵਧਾਨਾ।
ਧਾਇ ਧਰੈ ਧਰਿ ਪਦ ਬਿਚਲੰਤਿ[1]।

[1]ਫਿਸਲਦੇ ਹਨ।

ਚਲ੍ਯੋ ਨ ਜਾਤਿ ਅਧਿਕ ਉਤਲੰਤਿ ॥੨੩॥
ਹੁਤੇ ਖਰੇ ਗੁਰੂ ਸਹਿਜ ਸੁਭਾਇ।
ਬਸਤ੍ਰ ਸ਼ਸਤ੍ਰ ਜੁਤਿ, ਰਜ ਦੁਤਿ ਪਾਇ।
ਪਦ ਅਰਬਿੰਦ ਮ੍ਰਿਦੁਲ ਬਰ ਲਾਲ।
ਹੁਤੇ ਉਪਾਨਯ ਮਹਿਂ[1] ਤਿਸ ਕਾਲਾ ॥੨੪॥

[1]ਜੋੜੇ ਵਿਚ।

ਪਹੁੰਚਿ ਸਮੀਪ ਦੰਡ ਸਮ ਪਰ੍ਯੋ।
ਭਰ੍ਯੋ ਪ੍ਰੇਮ ਤੇ ਦ੍ਰਿਗ ਜਲ ਢਰ੍ਯੋ।
ਪਦ ਰਜ ਲੇ ਸਿਰ ਮੁਖ ਪਰ ਲਾਈ।
'ਧੰਨ ਗੁਰੂ! ਤੇਰੀ ਵਡਿਆਈ' ॥੨੫॥
ਹਾਥ ਜੋਰਿ ਭਾ ਸਨਮੁਖ ਠਾਂਢੋ।
ਕਰਤਿ ਸੁਜਸੁ ਕੋ ਆਨੰਦ ਬਾਢੋ।
'ਚੌਦਹਿ ਲੋਕਨਿ ਘਟਿ ਘਟਿ ਅੰਤਰ।
ਸਭਿ ਸੁਧਿ ਜਾਨਤਿ ਸਦਾ ਨਿਰੰਤਰ ॥੨੬॥
ਇਕ ਮਮ ਘਟ ਕੀ ਲਖਿ ਕਰਿ ਆਏ।
ਨਹਿਂ ਅਚਰਜ, ਤੁਮਰੇ ਬਨਿ ਆਏ।
ਸ਼ਕਤਿ ਅਨੰਤਨਿ ਕੇ ਬਡ ਸਾਗਰ।
ਦੇਵਨਿ ਦੇਵ ਉਜਾਗਰ ਨਾਗਰ ॥੨੭॥
ਨਿਰਨੇ ਕਰਿ ਤੁਮ ਮਹਿਂ ਗੁਨ ਹੇਰਾ।
ਰਹਹੁ ਪ੍ਰੇਮ ਕੇ ਬਸੀ ਘਨੇਰਾ।
ਪ੍ਰੀਤ ਦ੍ਰੋਪਤੀ ਕੀ ਲਖਿ ਸਾਚੀ।
ਭਈ ਦੀਨ ਮਨ ਬਿਨੈ ਉਬਾਚੀ ॥੨੮॥
ਸਭਾ ਸ਼ਰੀਕਨਿ ਕੀ ਰਿਸ ਰਾਚੀ[1]।

[1]ਕ੍ਰੋਧ ਭਰੀ।

ਬੇ ਮਿਰਜਾਦਿ ਕਰਨਿ ਕਹੁ ਬਾਚੀ[1]।

[1]ਕਹਿਆ।

ਪਰੀ ਸ਼ਰਨ ਰੱਛਜਾ ਤਬਿ ਜਾਚੀ।
ਰਾਖੀ ਲਾਜ ਜਾਨਿ ਜਨ ਤਾ ਚੀ[1] ॥੨੯॥
ਸੰਕਟ ਤੇ ਪ੍ਰਹਿਲਾਦ ਉਬਾਰਜੋ।
ਦੁਖਦ ਦੈਤ ਕਹੁ ਤਤਛਿਨ ਮਾਰਜੋ।
ਤਿਮ ਬਹੁ ਸਿੱਖਨਿ ਭਏ ਸਹਾਇ।
ਮਹਾਂ ਬਿਘਨ ਤੇ ਲੀਨਿ ਬਚਾਇ ॥੩੦॥
ਕਰੀ ਤਿਲੋਕੇ ਕੀ ਤਲਵਾਰ।
ਹੁਤੀ ਕਾਠ ਕੀ ਬਨਿਗੀ ਸਾਰ[1]।
ਸਿਖ ਕੋ ਬਾਟ ਘਾਟ ਥੋ ਜੋਈ।
ਕਰਜੋ ਸਭਾ ਮਹਿਂ ਪੂਰਨ ਸੋਈ ॥੩੧॥
ਖਸ਼ਟ ਰੂਪ ਸਿਖ[1] ਭਏ ਸਹਾਈ।
ਕਹਿਂ ਲੌ ਗਿਨੌਂ ਗਿਨੇ ਨਹਿਂ ਜਾਈ।
ਮੋਹਿ ਦੀਨ ਪਰ ਕਰੁਨਾ ਧਰਿ ਕੈ।
ਮਾਰਗ ਦੂਰ ਉਲੰਘਨ ਕਰਿ ਕੈ ॥੩੨॥
ਭਏ ਸਹਾਇਕ ਅੰਤਰਜਾਮੀ।
ਨਮੋ ਨਮੋ ਪਗ ਪਰ ਜਗ ਸ੍ਵਾਮੀ।
ਅਪਨਿ ਬਿਰਦ ਪ੍ਰਭੁ ! ਆਪ ਸੰਭਾਰਹੁ[†]।
ਸੇਵਕ ਕੇ ਨਿਜ ਕਾਜ ਸੁਧਾਰਹੁ* ॥੩੩॥
ਇੱਤਜਾਦਿਕ ਬਹੁ ਕਰਿ ਕਰਿ ਬਿਨੈ।
ਭਨੈਂ ਸੁ ਬੈਨ ਪ੍ਰੇਮ ਕੇ ਸਨੈ।
ਸ਼੍ਰੀ ਹਰਿ ਗਵਿੰਦ ਭਏ ਪ੍ਰਸੰਨ।
ਕਹਜੋ 'ਸਿੱਖ ! ਤੂੰ ਅਹੈਂ ਅਨੰਨ ॥੩੪॥
ਗੁਰੁ ਪਰ ਸਿਦਕ ਧਾਰਿ ਕਰਿ ਬੈਸੇ।
ਮਨੋ ਕਾਮਨਾ ਲਹੈਂ ਨ ਕੈਸੇ।
ਕਹੁ ਅਲਮਸਤ ! ਗਾਤਿ ਕੁਸ਼ਰਾਤਿ[1]।
ਕਿਮ ਕਨਪਾਟੇ ਕਿਯ ਉਤਪਾਤ ?'
॥੩੫॥
'ਪ੍ਰਭੁ ਜੀ ! ਸੁਨਹੁ ਕ੍ਰਿਪਾ ਤੁਮ ਪਾਇ।
ਕੁਸ਼ਲ ਸਰੀਰ ਅਹੈ, ਸੁਖਦਾਇ !
ਮਤਸਰ ਪਾਵਕ ਅਤਿ ਜੋਗੀਨਿ।
ਜਰਹਿਂ ਸਦਾ ਉਰ ਸ਼ਾਂਤਿ ਬਿਹੀਨ ॥੩੬॥

[1]ਤਿਸ ਦਾਸੀ ਦੀ।

[1]ਲੋਹੇ ਦੀ ਬਣ ਗਈ।

[1]ਗੁਰੂ ਜੀ ਦੇ) ਛੀਏ ਰੂਪ ਹੀ ਸਿੱਖਾਂ ਦੇ।

[†]ਛਾਪੇ ਦੇ ਨੁਸਖੇ ਵਿਚ ਇਹ ਦੋ ਸਤਰਾਂ ਦਾ ਪਾਠ ਨਹੀਂ ਹੈ, ਪਰ ਲਿਖਤੀਆਂ ਵਿਚ ਹੈ।

[1]ਸ਼ਰੀਰ ਦੀ ਸੁਖ ਸਾਂਦ।

ਚਲਦਲ ਜਾਰਜੋ ਅਗਨਿ ਲਗਾਇ।
ਮਮ ਆਸਨ ਕੋ ਦਯੋ ਉਠਾਇ।
ਕਰੀ ਅਵੱਗਜਾ ਇਸ ਤੇ ਆਦਿ।
ਬਹੁ ਅਪਵਾਦ ਕਹਜੋ ਕਰਿ ਬਾਦ' ॥੩੭॥
ਸੁਨਿ ਸਤਿਗੁਰ ਨੇ ਧੀਰਜ ਦੀਨਿ।
'ਪੁਰਹਿਂ ਕਾਮਨਾ ਤੋਹਿ, ਪ੍ਰਬੀਨ!'
ਪੁਨ ਸਤਿਗੁਰੁ ਹਿਤ ਫਰਸ਼ ਡਸਾਇਵ।
ਬੈਠਿ ਸਰਬ ਰਜ ਕੋ ਝਰਵਾਇਵ ॥੩੮॥
ਸ਼ਸਤ੍ਰ ਉਤਾਰਿ ਬਿਰਾਜਤਿ ਭਏ।
ਸੁਭਟਨਿ ਚਹੁੰਦਿਸ਼ਿ ਡੇਰਾ ਕਏ।
ਹਰੇ ਤ੍ਰਿਣਨਿ ਗਨ ਸੇਵਕ ਲਜਾਏ।
ਚਾਰੇ ਹਯਨਿ ਜ਼ੀਨਿ ਉਤਰਾਏ ॥੩੯॥
ਗ੍ਰਾਮਨਿ ਤੇ ਗਨ ਰਸਦ ਮੰਗਾਈ।
ਲਾਗੇ ਕਰਨਿ ਦੇਗ ਮਨ ਭਾਈ।
ਖਸ਼ਟ ਘਰੀ ਦਿਨ ਬਾਕੀ ਰਹਜੋ।
'ਆਨਹੁ ਨਿਰਮਲ ਜਨ' ਗੁਰੁ ਕਹਜੋ
॥੪੦॥
ਕਰ ਪਗ ਬਦਨ ਪਖਾਰਨਿ ਕੀਨੇ।
ਪੁਨ ਮੱਜਨ ਜਲ ਤੇ ਮਲ ਹੀਨੇ।
ਬਸਤ੍ਰ ਪਹਿਰਿ ਤਨ ਹ੍ਵੈ ਕਰਿ ਤਜਾਰੇ।
ਕਹਜੋ 'ਚਲਹੁ, ਗੁਰੁ ਥਾਨ ਨਿਹਾਰੇਂ'
॥੪੧॥
ਭਯੋ ਸੰਗ ਅਲਮਸਤ ਬਤਾਵਿਤ।
'ਇਹ ਥਲ ਪਿਖਹੁ ਮਹਾਂ ਛਬਿ ਪਾਵਤਿ।
ਸੁਨਿ ਪਿਖਿ ਰਾਵਰ ਕੋ ਆਗਵਨੁ।
ਭਾਜਿ ਗਏ ਜੋਗੀ ਤਜਿ ਭਵਨੂ ॥੪੨॥
ਇਸ ਥਲ ਚਲਦਲ ਦਲ ਕਲ ਹਰੀਅਲ[1]।
[1]ਸੁਹਣੇ ਹਰੇ ਪਤਿਆਂ ਸਮੇਤ ਪਿੱਪਲ ਸੀ।
ਜੋਗਿਨਿ ਦੁਸ਼ਟ ਅਵੱਗਜਾ ਕਰੀਅਲਿ[1]।
[1]ਕੀਤੀ।
ਮੁਝ ਤੇ ਪ੍ਰਥਮ ਲਖਜੋ ਤੁਮ ਆਏ[1]।
[1]ਜਾਣਿਆਂ ਆਪ ਦਾ ਆਉਣਾ।
ਦੇਖਿ ਰਹਜੋ, ਥਲ ਤਜਾਗਿ ਪਲਾਏ
॥੪੩॥
ਇਹ ਫੇਨਲ[1] ਤੇ ਤਰੁ ਬਚ ਰਹਜੋ†।
[1]ਰੇਠੜੇ।

†ਮਿੱਠੇ ਰੇਠੇ ਦਾ ਹਾਲ ਪਿਛੇ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਉੱਤ੍ਰਾਰਧ ਅਧ੍ਯਾਇ ੨੦ ਅੰਕ ੯੦ ਤੇ ਇਸੇ ਰਾਸ ਦੇ ਅੰਸ ੨੮ ਅੰਕ ੨੭ ਦੀਆਂ ਹੇਠਲੀਆਂ ਟੂਕਾਂ ਵਿਚ ਦੇ ਆਏ ਹਾਂ। ਇਹ ਬ੍ਰਿੱਛ ਨਾਨਕ ਮਤੇ ਤੋਂ ਦੂਰ ਹੈ। ਕਵਿ ਜੀ ਨੂੰ ਪਿੱਪਲ ਦੇ ਪਾਸ ਵਾਰ ਹੋਣ ਦੀ ਸੁਧ ਕਿਸੇ ਨੇ ਦਰੁਸਤ ਨਹੀਂ ਦਿੱਤੀ ਜਾਪਦੀ, ਇਹ ਹੋ ਸਕਦਾ ਹੈ ਕਿ ਨਾਨਕ ਮਤੇ ਦਾ ਕਾਰਜ ਗੁਰੂ ਸਾਹਿਬ ਜੀ ਮਿੱਠੇ ਰੇਠੇ ਦੇ ਟਿਕਾਣੇ ਗਏ ਹੋਣ, ਕਿਉਂਕਿ ਰੇਠੇ ਦਾ ਥਲ ਹੁਣ ਤਕ ਸ਼੍ਰੀ ਨਾਨਕ ਮਤੇ ਦੇ ਸੇਵਕਾਂ ਦੇ ਪ੍ਰਬੰਧ ਵਿਚ ਹੀ ਸੁਣੀਂਦਾ ਹੈ।

ਅਜ਼ਮਤ ਮਹਿਂ ਤਿਸ ਹਿਤ ਇਹ ਲਹਜੋ।
ਇਕ ਸਿਕੰਧ[1] ਕੇ ਮਾਧੁਰ ਫਲ ਹੈਂ। [1]ਟਾਹਣ।
ਜਿਤ ਦਿਸ਼ਿ ਸ਼੍ਰੀ ਨਾਨਕ ਥਿਰ ਥਲ ਹੈਂ ॥੪੪॥
ਦੁਤਿਯ ਡਾਰ ਕੇ ਫਲ ਹੈਂ ਕੌਰੇ।
ਜਿਸ ਤੇ ਗੋਰਖਾਦਿ ਸਿਧ ਹੋਰੇ।
ਸ਼੍ਰੀ ਹਰਿ ਗੋਵਿੰਦ ਸੁਨਜੋ ਪ੍ਰਸੰਗ।
ਧੀਰਜ ਦਈ 'ਬਨਹਿ ਤਿਮ ਰੰਗ[1]' ॥੪੫॥ [1]ਤਿਵੇਂ ਹੀ ਅਨੰਦ ਬਣੇਗਾ।
ਤਹਾਂ ਫਰਸ਼ ਸਤਿਗੁਰੂ ਕਰਾਯਹੁ।
ਬੈਠਿ ਸਭਿਨਿ ਦੀਵਾਨ ਲਗਾਯਹੁ।
ਸੋਦਰ ਕੀ ਚੌਕੀ ਥਿਰਿ ਸੁਨੀ।
ਜਿਸ ਮਹਿਂ ਮਹਿੰਮਾ ਗੁਰੁ ਹਰਿ ਭਨੀ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਨਾਨਕ ਮਤੇ ਆਵਨਿ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

੩੪. [ਸਿੱਧਾਂ ਨੂੰ ਨਿਰੁੱਤ੍ਰ ਕੀਤ]

੩੩<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਪਢਿ ਸੋਦਰ ਅਰਦਾਸ ਭੀ, ਸਭਿਨਿ
ਨਿਵਾਯਹੁ ਸੀਸ।
ਸ਼੍ਰੀ ਹਰਿ ਗੋਵਿੰਦ ਚੰਦ ਜੀ, ਗੁਰੁ ਸਮਰਥ
ਜਗਦੀਸ਼ ॥੧॥

ਚੌਪਈ:

ਚਲਦਲ ਪ੍ਰਥਮ ਸਤੁਲ ਚਹਿ ਕਰਜੋ।
ਦਲ ਸੋਂ ਕਲਿਤ[1] ਹੁਤੋ ਜਿਮ ਹਰਜੋ।
ਨਿਰਮਲ ਜਲ ਪਾਵਨ ਅਨਵਾਵਾ।
ਕਹਿ ਕਰਿ ਕੁੰਕਮ ਕੋ ਘਸਵਾਵਾ ॥੨॥
ਆਪ ਖਰੇ ਹੁਇ ਕਰ ਮਹਿਂ ਧਾਰਜੋ।
'ਸੱਤਿਨਾਮ' ਮੁਖ ਮੰਤ੍ਰ ਉਚਾਰਜੋ।
ਨਿਜ ਕਰ ਤੇ ਛਿਰਕਨਿ ਕੋ ਕੀਨਿ।
ਤਤਛਿਨ ਨਿਕਸਜੋ ਦਿਪਤਿ ਨਵੀਨ ॥੩॥
ਪ੍ਰਥਮ ਲਗਰ ਨਿਕਸੀ ਪਿਖਿ ਐਸੇ।
ਬਿਵਰ ਬਿਖੈ ਤੇ ਬਿਸੀਯਰ ਜੈਸੇ[1]।
ਛਿਰਕੇ ਦੇਤਿ ਨੀਰ ਕੇ ਜਯੋਂ ਜਯੋਂ।
ਫੈਲਤਿ ਬ੍ਰਿਧਤਿ ਜਾਤਿ ਹੈ ਤਯੋਂ ਤਯੋਂ ॥੪॥
ਤਬਿ ਅਲਮਸਤ ਕਹਯੋ ਕਰ ਬੰਦਿ।
'ਸ਼੍ਰੀ ਸਤਿਗੁਰ ! ਸਭਿ ਰੀਤਿ ਬਿਲੰਦ।
ਪ੍ਰਥਮ ਚਿੰਨ੍ਹ ਇਸ ਪਰ ਗੁਰੁ ਕਰਕੋ[1]।
ਮਹਾਂ ਮਹਾਤਮ ਜੁਤ ਪਿਖਿ ਤਰੁ ਕੋ ॥੫॥
ਅਬਿ ਨਹਿਂ ਪਿਖੀਯਤਿ ਤਥਾ ਬਨਾਵਹੁ।
ਸਤਿਗੁਰ ਤੇ ਚਿੰਨ੍ਹਤਿ ਦਿਖਰਾਵਹੁ।
ਸ਼੍ਰੀ ਹਰਿ ਗੋਵਿੰਦ ਕਰਜੋ ਉਚਾਰਨਿ।
'ਅਪਰ ਚਿੰਨ੍ਹਯੁਤ ਵਧਹਿ ਸ ਡਾਰਨ'
॥੬॥
ਇਮ ਕਹਿ ਕੁੰਕਮ ਕੋ ਛਿਰਕਾਯਹੁ।
ਛੋਟੀ ਬਡੀ ਬੂੰਦ ਬਰਸਾਯਹੁ।
'ਇਨ ਛੀਟਨਿ ਤੇ ਚਿੰਨ੍ਹਤਿ ਰਹੈ।

[1]ਪੱਤਿਆਂ ਨਾਲ ਸ਼ਸ਼ੋਭਤ।
[1]ਵਰਮੀ ਵਿਚੋਂ ਜਿਵੇਂ ਸੱਪ।
[1]ਪਹਿਲੇ ਨਿਸ਼ਾਨ ਇਸ ਤੇ ਗੁਰੂ ਜੀ ਦੇ ਹੱਥ ਦਾ ਸੀ।

ਜਬਿ ਲੌਂ ਥਿਰ ਪ੍ਰਥਮੀ ਪਰ ਅਹੈ ॥੭॥
ਅਬਿ ਇਹ ਨਿਸ ਮਹਿਂ ਬਰਧਹਿ ਤੇਤੋ।
ਜੋਗਨਿ ਜਾਰਜੋ ਹੁਤੋ ਸੁ ਜੇਤੋ।'
ਪੁਨ ਸਤਿਗੁਰ ਡੇਰੇ ਕਉ ਆਏ।
ਜਥਾ ਰੁਚੀ ਭੋਜਨ ਤ੍ਰਿਪਤਾਏ ॥੮॥
ਭਏ ਸੁਪਤਿ ਸੁਖ ਰਾਤਿ ਬਿਤਾਈ।
ਉਠੇ ਗੁਰੂ ਨਿਤ ਕ੍ਰਿਯਾ ਕਰਾਈ।
ਭਈ ਪ੍ਰਾਤਿ ਬਡ ਲਗਜੋ ਦਿਵਾਨ।
ਸਤਿਗੁਰੁ ਬੈਠੇ ਦਿਪਤਿ ਮਹਾਨ ॥੯॥
ਜੋਗੀ ਗੁਰ ਕੋ ਦੇਖਿ ਪਲਾਏ।
ਸੋ ਗੋਰਖ ਕੇ ਨਿਕਟ ਸਿਧਾਏ।
ਸਭਿਹਿਨਿ ਕੋ ਆਦੇਸ ਬਖਾਨੀ।
ਬੈਠੇ ਨਿਕਟਿ ਹੌਲ ਉਰ ਠਾਨੀ ॥੧੦॥
ਮਾਨੋਂ ਮਹਾਂ ਜੰਗ ਤੇ ਭਾਜੇ।
ਬੋਲ ਨ ਸਕਹਿਂ ਅਧਿਕ ਮਨ ਲਾਜੇ।
ਕਿਤਿਕ ਦੇਰ ਮਹਿਂ ਧੀਰਜ ਧਾਰਾ।
ਬਹੁਰੋ ਸਰਬ ਪ੍ਰਸੰਗ ਉਚਾਰਾ ॥੧੧॥
'ਪ੍ਰਥਮ ਹਮਾਰੇ ਗੁਰੁ ਕੋ ਥਾਨਾ।
ਗੋਰਖ ਮਤਾ ਨਾਮ ਸਭਿ ਜਾਨਾ।
ਸ਼੍ਰੀ ਨਾਨਕ ਜਬਿ ਤਿਹ ਠਾਂ ਆਏ।
ਸੋ ਪ੍ਰਸੰਗ ਤੁਮ ਲਖਹੁ ਸਬਾਏ ॥੧੨॥
ਗੁਰੁ ਕੋ ਨਾਮ[1] ਲੋਪ[†] ਹੁਇ ਗਯੋ।
ਨਾਨਕ ਮਤਾ ਨਾਮ ਬਿਦਤਯੋ।
ਟਿਕਜੋ ਨ ਜੋਗੀ ਕੋ[1] ਤਿਸ ਥਾਨ।
ਬਿਨ ਸੇਵਾ ਥਲ ਰਹਜੋ ਵਿਰਾਨ ॥੧੩॥
ਹਮ ਨੇ ਚਿਤ ਮਹਿਂ ਹੇਰਿ ਬਿਚਾਰੀ।
ਸੇਵਾ ਕਰਨ ਰਿਦੈ ਬੁਧਿ ਧਾਰੀ।
-ਬੈਠਹਿਂ ਇਸਿ ਥਲ ਜੋਗ ਕਮਾਵੈਂ।
ਅਰੁ ਨਿਜ ਗੁਰੂ ਨਾਮ ਬਿਦਤਾਵੈਂ- ॥੧੪॥
ਬੀਤਜੋ ਹਮਹਿਂ ਰਹਤਿ ਚਿਰਕਾਲ।
ਸਦ ਸਥਾਨ ਕੀ ਸੇਵਾ ਘਾਲਿ।
ਇਕ ਫਕੀਰ ਆਯੋ ਨਰ ਬਾਵਰ।

[1]ਭਾਵ ਗੋਰਖ ਗੁਰੂ ਦਾ ਨਾਮ। [†]ਪਾ:-ਅਲਪ, ਅਲੋਪ।

[1]ਕੋਈ।

ਨਹੀਂ ਤ੍ਰਾਸ ਧਾਰਜੋ ਜਿਨ ਰਾਵਰਿ ॥੧੫॥
ਸ਼੍ਰੀ ਨਾਨਕ ਕੋ ਨਾਮ ਬਖਾਨਾ।
ਤਰੁ ਚਲਦਲ ਤਰ ਆਸਨ ਠਾਨਾ।
ਕਿਤਿਕ ਥਾਨ ਪਰ ਮਮਤਾ ਧਾਰੀ।
-ਹਮਰੇ ਗੁਰੂ ਕੀ- ਕਰਤਿ ਉਚਾਰੀ ॥੧੬॥
ਬਾਦ ਕਰਜੋ ਤਿਨ ਹਮਰੇ ਨਾਲ।
ਹਟਜੋ ਨ ਉਰ ਧਰਿ ਤ੍ਰਾਸ ਬਿਸਾਲ।
ਲੇ ਕਰਿ ਗਨ ਈਂਧਨ ਕੋ ਡਾਰਾ।
ਲਾਇ ਅਗਨਿ ਹਮ ਚਲਦਲ ਜਾਰਾ ॥੧੭॥
ਤਬਿ ਨਿਰਾਸ ਹੁਇ ਬੈਠਜੋ ਦੂਰ।
ਇਕ ਝੁੰਗੀ ਕਰਿ ਬਸਜੋ ਬਿਸੂਰ।
ਕੋ ਜਾਨੈ ਕਿਨ ਜਾਇ ਸੁਨਾਯੋ।
ਤਿਨ ਕੋ ਗੁਰ ਤਿਹ ਠਾਂ ਚਲਿ ਆਯੋ ॥੧੮॥
ਸ਼੍ਰੀ ਨਾਨਕ ਕੀ ਦੀਰਘ ਗਾਦੀ।
ਤਿਸ ਪਰ ਥਿਰਜੋ, ਜਿਨਹੁ ਬਡ ਸ਼ਾਦੀ।
ਕੁਛਕ ਚਮੂੰ ਹੈ ਤਿਨ ਕੈ ਸੰਗਿ।
ਚੰਚਲ ਬਲ ਅਰੂਢਿ ਤੁਰੰਗ ॥੧੯॥
ਹਮ ਨੈ ਹੇਰਤਿ ਰਿਦੈ ਬਿਚਾਰੀ।
-ਅਰਜੋ ਨ ਜੈ ਹੈ ਇਨਹੁ ਅਗਾਰੀ।
ਅਪਰ ਚੱਕ੍ਰਵਰਤੀ ਹੁਇ ਰਾਜਾ।
ਲਾਖਹੁ ਸੈਨਾ ਬੀਰ ਸਮਾਜਾ ॥੨੦॥
ਅਪਨੀ ਸਿੱਧਾਂ ਕੋ ਬਲ ਪਾਇ।
ਤਿਸ ਕੋ ਭੀ ਹਮ ਲੇਹਿਂ ਹਰਾਇ।
ਇਹ ਤੌ ਏਕਲ ਭੀ ਬਲਵਾਨ।
ਜਿਨ ਕੀ ਅਜ਼ਮਤ ਬਿਦਤ ਜਹਾਨ ॥੨੧॥
ਹੋਇ ਨ ਅਸ ਹਮ ਕੋ ਗਹਿ ਲੇਹਿ।
ਮਨ ਬਾਂਛਤਿ ਪੁਨ ਸੰਕਟ ਦੇਹਿ।
ਚਲਦਲ ਜਰਜੋ ਲਖਹਿ ਅਪਰਾਧੀ।
ਹਿਤ ਬਾਧਾ ਬਹੁ ਨਰ ਲੇ ਬਾਂਧੀ[1]- ॥੨੨॥

[1]ਮਤਾਂ) ਪੀੜਾ ਦੇਣ ਲਈ ਸਾਡੇ ਬਹੁਤੇ ਬੰਦੇ ਬੰਨ੍ਹ ਲਵੇ (ਅ) ਬਹੁਤੇ ਨਰ (ਉਸ ਨਾਲ ਹਨ) ਸਾਨੂੰ ਬੰਨ੍ਹ ਨਾ

ਲੈਣ।

ਤ੍ਰਾਸ ਪਾਇ ਹਮ ਸੁਧਿ ਹਿਤ ਆਏ।
ਗੁਰੁ ਜੁਤਿ ਕਰਹੁ ਜਥਾ ਮਨ ਭਾਏ[1]।'
ਸਭਿ ਸਿੱਧਨਿ ਗੋਰਖ ਦਿਸ਼ਿ ਦੇਖਾ।
ਜਿਸ ਕੀ ਆਇਸੁ ਬਿਖੈ ਅਸ਼ੇਖ਼ਾ ॥੨੩॥
ਸਭਿ ਕੇ ਮਨ ਕੀ ਗੋਰਖ ਜਾਨੀ।
ਸਰਲ ਬਿਦੇ ਬੋਲਜੋ ਬਰ ਬਾਨੀ।
'ਸ਼੍ਰੀ ਨਾਨਕ ਸੰਗ ਮੇਲ ਸੁਹੇਲਾ।
ਭਯੋ ਜਬਹਿ, ਸਿਧ ਗਨ, ਸੁ ਇਕੇਲਾ ॥੨੪॥
ਜਿਨ ਕੇ ਮਨ ਮਹਿਂ ਮਾਨ ਮਹਾਨਾ।
ਸਭਿ ਮਿਲਿ ਮਹਾਂ ਬਾਦ ਕੋ ਠਾਨਾ।
ਅਜ਼ਮਤਿ ਜਤਿ ਚਰਚਾ ਕਰਿ ਹਾਰੇ।
ਬਾਰ ਬਾਰ ਅਭਿਮਾਨ ਉਤਾਰੇ ॥੨੫॥
ਭੰਗਰਨਾਥ ਅਰਜੋ ਨਹਿਂ ਮਾਨਾ।
ਮਾਰਿ ਖਾਇ ਕਰਿ ਬੰਦਨ ਠਾਨਾ।
ਸਿਧ ਗੋਸਟ ਕਰਿ ਸਭਿ ਹਰਖਾਏ।
ਸਗਰੇ ਸਿੱਧਨਿ ਸੀਸ ਨਿਵਾਏ' ॥੨੬॥
ਸੁਨਿ ਭੰਗਰ ਕ੍ਰੋਧੀ ਉਰ ਭਾਰਾ।
ਨਹਿਂ ਗੋਰਖ ਕੋ ਬਾਕ ਸਹਾਰਾ।
ਕਹਤਿ ਭਯੋ 'ਸੋ[1] ਗ੍ਰਿਹਸਤ ਮਝਾਰੇ।
ਜੋਗ ਸਾਧਨਾ ਬ੍ਰਿਕਤ[1] ਹਮਾਰੇ ॥੨੭॥
ਅਸਮੰਜਸ[1] ਅਸ ਰੀਤਿ ਚਲਾਈ।
ਤਿਸ ਕੋ ਗੁਰੁ ਕਹਿ ਗ੍ਰੀਵ ਨਿਵਾਈ।
ਤਿਨ ਕੋ ਪਿਖਿ ਰੁਖ ਬੰਦਨ ਧਾਰੀ[1]।
ਨਤੁ ਭੰਗਰ ਕਿਸ ਨਿਵੈ ਅਗਾਰੀ?' ॥੨੮॥
ਬੋਲਜੋ ਮੰਗਲ ਨਾਥ ਸੁਜਾਨਾ।
'ਸਭਿ ਮਹਿਂ ਓਜ ਕਰੇ ਜੁ ਬਖਾਨਾ।
ਤਿਸ ਕੋ ਉਚਿਤ ਸੁ ਕਰਿ ਦਿਖਰਾਵੈ।

[1]ਗੁਰੂ ਗੋਰਖ ਸਮੇਤ (ਹੇ ਸਾਰੇ ਸਿੱਧੋ) ਕਰੋ ਜਿਵੇਂ ਭਾਵੇ।

[1]ਭਾਵ ਸ਼੍ਰੀ ਗੁਰੂ ਨਾਨਕ ਜੀ।

[1]ਤਿਆਗੀ (ਰਹਿਕੇ)।

[1]ਅਣਬਣ।

[1]ਉਸ ਨੂੰ (ਨਾਨਕ ਨੂੰ) ਗੁਰੂ ਕਹਿਕੇ (ਗੋਰਖ ਨੇ) ਗਿੱਚੀ ਨਿਵਾਈ, (ਸੋ) ਉਹਨਾਂ ਦਾ (ਗੋਰਖ ਦਾ) ਰੁਖ ਦੇਖਕੇ ਮੈਂ ਵੀ ਮੱਥਾ ਟੇਕ ਦਿੱਤਾ ਸੀ, (ਅ) (ਲੋਕਾਂ ਨੇ) ਗਿੱਚੀ ਨਿਵਾਈ, (ਲੋਕਾਂ ਦਾ) ਰੁਖ ਦੇਖਕੇ ਮੈਂ ਝੁਕਿਆ।

ਬਿਨਾ ਕਹੇ ਦੀਰਘ ਜਸੁ ਪਾਵੈ' ॥੨੯॥
ਬੋਲ੍ਯੋ ਭਰਥਰਿ 'ਹੈ ਇਹ ਕਾਲ।
ਹੌਰਾ ਪੱਖ ਪਰ੍ਯੋ ਹਮ ਹਾਲ।
ਆਪ ਗੁਰੂ ਨਾਨਕ ਭੀ ਨਾਂਹੀ।
ਥਾਨ ਛੁਰਾਵਹੁ ਅਬਿ ਤਿਹ ਪਾਹੀ'
॥੩੦॥
ਝੰਗਰ ਆਦਿਕ ਮਾਨੀ ਜੇਯ।
ਸਭਿ ਨੇ ਕਹ੍ਯੋ 'ਕ੍ਯੋਂ ਨ ਹਮ ਲੇਯ।'
ਗੋਰਖ ਹਸ੍ਯੋ ਜਾਨਿ ਹੰਕਾਰੀ।
-ਨਹਿਂ ਇਨ ਸੰਤਨਿ ਕੀ ਮਤਿ ਧਾਰੀ
॥੩੧॥
ਜਿਮ ਜਗ ਮਹਿਂ ਪਖਬਾਦ ਹੰਕਾਰਾ।
ਸਗਰੋ ਧਰ੍ਯੋ, ਨ ਤਜੇ ਬਿਕਾਰਾ।
ਮਾਨ ਹਾਨਿ ਬਹੁ ਭਏ ਅਗਾਰੀ।
ਹੁਇ ਲੱਜਤਿ ਅਬਿ ਸੰਕਟ ਭਾਰੀ ॥੩੨॥
ਤਊ ਹੋਇ ਗੁਨ, ਦੂਖਨ ਜਾਇ[1]-।

[1]ਤਾਂ ਵੀ ਗੁਣ ਹੀ ਹੋਵੇਗਾ ਜੋ (ਹੰਕਾਰ ਰੂਪੀ) ਦੂਖਨ ਨਾਸ਼ ਹੋ ਜਾਵੇਗਾ।

ਇਮ ਲਖਿ ਭਾਖਤਿ ਭਯੋ ਰਜਾਇ[1]।

[1]ਹੁਕਮ ਦਿੱਤਾ।

'ਜੇ ਥਲ ਜਾਇ ਛੁਰਾਵਹੁ ਆਜ।
ਸਭਿ ਸਿੱਧਨਿ ਕੋ ਸੁਧਰਹਿ ਕਾਜ ॥੩੩॥
ਬਦਹਿ ਬ੍ਰਿੰਦ ਮਹਿਂ ਬਹੁ ਵਡਿਆਈ।
ਆਛੀ ਬਾਤ ਕਰਹੁ ਸਹਿਸਾਈ[1]।'

[1]ਜਲਦੀ।

ਬਚ ਗੋਰਖ ਕੇ ਨਿਜ ਅਨੁਸਾਰੇ।
ਸੁਨਿ ਕਰਿ ਮਾਨੀ ਸਿੱਧ ਸਿਧਾਰੇ ॥੩੪॥
ਜਹਾਂ ਗੁਰੂ ਕੋ ਲਗ੍ਯੋ ਦਿਵਾਨ।
ਚਲਿ ਆਏ 'ਆਦੇਸ' ਬਖਾਨਿ।
ਸੁਨਿ ਬੋਲੇ ਸਤਿਗੁਰੁ ਜਗਤੇਸ਼।
'ਹੁਇ ਆਦੇਸ ਤਿਸੈ ਆਦੇਸ਼' ॥੩੫॥
ਗੁਰ ਸਮੀਪ ਸਨਮੁਖ ਹੁਇ ਬੈਸੇ।
ਸਿਰ ਮੁੰਡਤਿ ਹੁਇ ਹੰਡੀਆਂ ਜੈਸੇ।
ਮੁੰਦ੍ਰਾ ਫਟਕ ਸ਼੍ਰਵਣ ਮਹਿਂ ਡਾਰੀ।
ਭਸਮ ਲਗੇ ਝੋਰੀ ਤਨ ਧਾਰੀ ॥੩੬॥

ਸੇਲੀ ਮੇਲੀ ਕਟ ਲੰਗੋਟੀ।
ਅਸ ਤਨ ਬੇਖ, ਤਊ ਇਛ ਖੋਟੀ[1]।
ਸਭਿ ਸਿੱਧਾਂ ਕੇ ਬਲ ਹੈਂ ਭਾਰੇ।
ਹਾਥ ਬਿਰਾਗਣ ਫਹੁਰੀ ਧਾਰੇ ॥੩੭॥
ਸਤਿਗੁਰ ਸੋਂ ਭੰਗਰ ਤਬਿ ਕਹੇ।
'ਜਗ ਮਹਿਂ ਗ੍ਰਿਹਸਤੀ ਤੁਮ ਬਨ ਰਹੇ।
ਹਮ ਸਿਧ ਭਏ ਜਗਤ ਤੇ ਨਜਾਰੇ।
ਭੋਗ ਬਿਖੈ ਤਜਾਗੇ ਸੁਖ ਭਾਰੇ ॥੩੮॥
ਹਮਰੇ ਸੰਗ ਤੁਮਾਰੋ ਅਰਨਾ।
ਅਸਮੰਜਸ, ਨਰ ਬ੍ਰਿਧ ਗਨ ਬਰਨਾ।
ਯਾਂ ਤੇ ਨਹੀਂ ਓਜ ਕਛੁ ਕੀਜੈ।
ਗੋਰਖਮਤਾ ਛੋਰਿ ਥਲ ਦੀਜੈ ॥੩੯॥
ਇਹ ਸਿੱਧਨਿ ਕੋ ਥਾਨ ਪੁਰਾਨਾ।
ਛਪਜੋ ਨਹੀ ਕੁਛ ਬਿਦਤਿ ਜਹਾਨਾ।'
ਸ਼੍ਰੀ ਹਰਿਗੋਵਿੰਦ ਬਿਕਸਤਿ ਨੈਨ।
ਉਤ੍ਰ ਦੇਨਿ ਕੋ ਬੋਲੇ ਬੈਨ ॥੪੦॥
'ਬੰਧਨ ਮੁਕਤਿ ਬੇਸ ਤੇ ਨਾਂਹੀ[1]।
ਬੰਧੇ, ਤਨ ਹੰਤਾ ਜਿਨ ਮਾਂਹੀ।
ਮਮਤਾ ਧਰਤਿ ਮਹਾਂ ਮਨ ਮਾਨੀ।
ਲਖਜੋ ਨ ਰੂਪ, ਨ ਦੁਬਿਧਾ ਹਾਨੀ ॥੪੧॥
ਵਹਿਰ ਬੇਖ ਧਰਿ ਮਨ ਨਹਿਂ ਸਾਧਾ।
ਸੋ ਕਬਿ ਛੁਟਹਿ ਨ, ਬੰਧਨ ਬਾਧਾ[1]।
ਜਿਨ ਕੇ ਤਨ ਹੰਤਾ ਨਹੀਂ ਲੇਸ਼।
ਨਿਜ ਸਰੂਪ ਲਖਿ ਜਗਤ ਅਸ਼ੇਸ਼ ॥੪੨॥
ਮਮਤਾ ਗਈ, ਨ ਪੱਜਤਿ ਕਹਾਂ[1]।
ਸੋ ਬਿਨ ਬੰਧਨ, ਗਜਾਨੀ ਮਹਾਂ।
ਬੇਖ ਦੇਖਿ ਬਿਰਮਹਿ ਅਨਜਾਨ।
ਮਨ ਬਿਕਾਰ ਤੁਮਾਰੇ ਮਨ ਮਾਨ ॥੪੩॥
ਯਾਂ ਤੇ ਹੋ ਸਜ਼ਾਇ ਕੀ ਲਾਇਕ।
ਬੰਚਕ[1] ਜਿਮ ਤਨੁ ਬੇਖ ਬਨਾਇਕ।'
ਸੁਨਤਿ ਛੋਭ ਕਰਿ ਸਕਲ ਉਡਾਨੇ।
ਨਿਜ ਅਜ਼ਮਤ ਕੋ ਚਹਿਂ ਦਿਖਰਾਨੇ ॥੪੪॥

[1]ਖੋਟੀ ਵਾਸ਼ਨਾ ਹੈ।

[1]ਭੇਖ ਨਾਲ ਮੁਕਤੀ ਤੇ ਬੰਧਾਇਮਾਨਤਾ ਨਹੀਂ ਹੈ।

[1]ਓਹ ਬੰਧਨਾਂ ਕਰਕੇ ਬੱਧੇ ਹੋਏ ਹਨ।

[1]ਗਈ ਹੋਈ ਕਿਧਰੇ ਨਹੀਂ ਪਾਈਦੀ।

[1]ਠੱਗ।

ਬਰਖਾ ਪਾਥਰ ਕੀ ਗਨ ਬਰਖਤਿ।
ਬਡੇ ਰੂਪ ਧਰਿ ਸਿੱਖਨਿ ਧਰਖਤਿ[1]।
ਐਂਚਤਿ ਕੰਕਰ ਧੂਰਿ ਘਨੇਰੀ।
ਬਲ ਤੇ ਬਾਯੂ ਬਹੀ ਬਡੇਰੀ ॥੪੫॥
ਅਧਿਕ ਪ੍ਰਕਾਸ਼ਤਿ ਉਲਕਾ[1] ਡਾਰਤਿ।
'ਮਾਰਿ ਲੇਹੁ ਇਨ' ਬਦਨ ਪੁਕਾਰਤਿ।
'ਬਹੁਰ ਨ ਕਰਹਿਂ ਬਿਖੇਰਾ ਆਇ।'
ਬੋਲ੍ਯੋ ਭੰਗਰ ਕ੍ਰੋਧ ਵਧਾਇ ॥੪੬॥
'ਹਮ ਨੀਕੇ ਸਮੁਝਾਇ ਨ ਮਾਨੀ।
ਕਰਹਿਂ ਚਮੂੰ ਜੁਤਿ ਅਬਿ ਤੁਵ ਹਾਨੀ।
ਨਾਂਹਿ ਤ ਤੂਰਨ ਜਾਹੁ ਪਲਾਈ।'
ਬੋਲਤਿ ਦਾਰੁਨ ਰੂਪ ਬਨਾਈ ॥੪੭॥
ਸ਼ੇਰ ਸਰਪ ਗਿਰ ਸਮ ਵਧਿ ਗਏ।
ਦੇਖਤਿ ਸਿੱਖ ਬਿਸਮ ਉਰ ਭਏ।
ਸੁਨਤਿ ਹੁਤੇ ਸ਼੍ਰੀ ਨਾਨਕ ਸਾਥ।
ਅਜ਼ਮਤਿ ਲਾਇ ਥਕੇ ਸਿਧ ਨਾਥ ॥੪੮॥
ਤਿਮ ਅਬਿ ਗੁਰੁ ਸੋਂ ਕੀਨਿ ਬਿਖੇਰਾ।
ਬੋਲੇ ਹਰਿਗੋਵਿੰਦ ਤਿਸ ਬੇਰਾ।
'ਬੈਠੇ ਰਹਹੁ ਬਿਲੋਕ ਤਮਾਸ਼ਾ।
ਸਭਿ ਇਨ ਸ਼ਕਤੀ ਹੋਹਿ ਬਿਨਾਸ਼ਾ' ॥੪੯॥
ਗੁਰੂ ਡੇਰੇ ਤੇ ਦੂਰ ਫਿਰੰਤੇ।
ਗੁਰੂ ਤੇਜ ਤੇ ਅੰਗ ਜਰੰਤੇ।
ਬਰਖਾ ਆਦਿਕ ਬਡ ਉਤਪਾਤ।
ਗੁਰੁ ਨਰ ਕੇ ਨ ਛੁਏ ਕੁਛ ਗਾਤ ॥੫੦॥
ਗੁਰੂ ਪ੍ਰਤਾਪ ਅਪਨਿ ਦਿਖਰਾਵਾ।
ਸਮ ਸੂਰਜ ਕੇ ਤਿਨਹੁ ਦਿਖਾਵਾ।
ਜਹਿਂ ਜਹਿਂ ਫਿਰਤਿ ਧਾਇ ਕਰਿ ਸਾਰੇ।
ਅਗਨ ਸਮਾਨ ਤਹਾਂ ਤਹਿਂ ਜਾਰੇ ॥੫੧॥
ਸਹਿ ਨ ਸਕਹਿਂ ਭਾਜਨਿ ਹੀ ਧਾਰਾ।
ਬ੍ਯਾਕੁਲ ਹੋਤਿ ਲਾਇ ਬਲ ਸਾਰਾ।
ਜਰੇ ਜਾਹਿਂ ਤਨ ਜਤਨ ਕਰੰਤੇ।

[1] ਦਬਾਉਂਦੇ ਹਨ। [ਸੰਸ: ਧਰ੍ਖ਼ਣ]

[1] ਚੁਆਤੀਆਂ। (ਅ) ਟੁੱਟਦੇ ਤਾਰੇ।

ਚਲੇ ਪਲਾਇ ਰਿਦੇ ਪਛੁਤੰਤੇ ॥੫੨॥
ਠਹਿਰ੍ਯੋ ਗਯੋ ਨ ਬਡ ਹਠ ਧਾਰਤਿ।
ਕੋਸ ਕੋਸ ਲਗਿ ਚਹੁੰਦਿਸ਼ਿ ਜਾਰਤਿ[1]।
ਤਜਿ ਧੀਰਜ ਕੋ ਗਏ ਪਲਾਈ।
ਜਹਿਂ ਗੋਰਖ ਜੁਤਿ ਸਿਧ ਸਮੁਦਾਈ ॥੫੩॥

[1]ਸਾੜਦੀ ਹੈ (ਅੱਗ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਧਨ ਪ੍ਰਸੰਗ' ਬਰਨਨੰ ਨਾਮ ਚਤਰਤ੍ਰਿੰਸਤੀ ਅੰਸੂ ॥੩੪॥

੩੫. [ਵਾਪਸ ਪੰਜਾਬ ਨੂੰ। ਥਨੇਸਰ, ਡਰੋਲੀ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਭਾਜਿ ਗਏ ਤਜਿ ਲਾਜ ਕੋ, ਸਿੱਧ ਸਮਾਜ ਮਝਾਰ।
ਜਾਨੀ ਗੋਰਖ ਬਾਰਤਾ, ਬੋਲ੍ਯੋ ਕੁਛ ਰਿਸ ਧਾਰਿ ॥੧॥

ਚੌਪਈ:

'ਸੁਨਿ ਭੰਗਰ! ਤੈਂ ਲਾਜ ਬਿਸਾਰੀ।
ਬਨਿ ਬਨਿ ਬੈਠਤਿ ਬਡ ਹੰਕਾਰੀ।
ਸ਼੍ਰੀ ਨਾਨਕ ਕੀ ਪ੍ਰਥਮ ਖਰਾਵਾਂ।
ਤਿਸ ਕੀ ਮਾਰ ਖਾਇ ਪਛੁਤਾਵਾ ॥੨॥
ਅਪਨੇ ਸਾਥਿ ਅਨੁਚਿਤ ਕਰਾਈ।
ਤੋਂ ਗੁਰ ਆਗੇ ਗ੍ਰੀਵ ਨਿਵਾਈ।
ਜਗ ਮਹਿਂ ਪ੍ਰਗਟਨ, ਦੇਨਿ ਦਿਖਾਈ[1]।
ਜਹਿਂ ਕਹਿਂ ਨਰ ਗਨ ਤੇ ਪੁਜਵਾਈ[1] ॥੩॥
ਤਬਿ ਕੀ ਹਮ ਨੇ ਦੀਨਿਸਿ ਛੋਰ।
ਜਾਨ੍ਯੋ ਪਸਰ੍ਯੋ ਕਲਿਜੁਗ ਘੋਰ।
ਸੋ ਪ੍ਰਣ ਤਜਿ ਅਬਿ ਗਮਨੇ ਦੌਰਿ।
ਕਜ਼ਾ ਕਰਤੂਤ ਕਰੀ ਤਿਸ ਠੌਰਿ ॥੪॥
ਸਭਿ ਸਿੱਧਨਿ ਕੋ ਕੀਨਸ ਹੌਰਾ।
ਮਦ ਹੰਕਾਰ ਪਾਨ ਤੇ ਬੌਰਾ।
ਜੋ ਸਿਧ ਹੁਇ ਮਮ ਬਚ ਅਨੁਸਾਰੀ।
ਰਹੈ ਦੁਰ੍ਯੋ ਅਬਿ ਗਿਰਨ ਮਝਾਰੀ ॥੫॥
ਨਹਿਂ ਦੇਸ਼ਨਿ ਤਿਨ ਦੇਹਿਂ ਦਿਖਾਈ[1]।
ਚਹਹਿ ਨ ਬਿਦਤਿ ਹੋਨਿ ਪੁਜਵਾਈ।
ਬੇ ਮਿਰਜਾਦ ਕਰਹਿ ਅਬਿ ਕੋਈ।
ਸਿਧ ਮੰਡਲ ਤੇ ਨਿਕਸਹਿ[1] ਸੋਈ' ॥੬॥
ਸਭਿ ਸਿਧ ਭੰਗਰ ਕੀ ਦਿਸ਼ਿ ਦੇਖ।
ਹਸਹਿਂ, ਲਖਹਿਂ -ਮਤਿਮੰਦ ਬਿਸ਼ੇਖ-।
ਬੈਠਿ ਰਹ੍ਯੋ ਕਰਿ ਕੈ ਮੁਖ ਨੀਚਾ।
ਮਨਹੁ ਸੈਂਕਰੇ ਘਟ ਜਲ ਸੀਂਚਾ[1] ॥੭॥

[1]ਪ੍ਰਗਟ ਹੋਣਾ ਤੇ ਦਿਖਾਈ ਦੇਣਾ।

[1]ਪੁਜਵਾਵਣਾ।

[1]ਤਿਨ੍ਹਾਂ ਦੇਸ਼ਾਂ ਵਿਚ ਦਿਖਾਈ ਨਾ ਦੇਣ।

[1]ਕੱਢਿਆ ਜਾਏਗਾ।

[1]ਮਾਨੋ ਜਲ ਦੇ ਘੜਿਆਂ ਨਾਲ (ਸਿੰਜਿਆ) ਭਿੱਜਿਆ ਭਾਵ ਸ਼ਰਮਿੰਦਾ ਹੋਇਆ ਹੈ।

ਸੁਨਿ ਗੋਰਖ ਤੇ ਸਿੱਧਨਿ ਮਾਨੀ।
ਬਹੁਰ ਨ ਬਿਦਤਿ ਭਏ ਕਿਸ ਥਾਨੀ†।

†ਇਸ ਦਾ ਭਾਵ ਇਹ ਹੈ ਕਿ ਸਿੱਧਾਂ ਦਾ ਮਾਨ ਪ੍ਰਤਿਸ਼ਟਾ ਤੇ ਉਹਨਾਂ ਦਾ ਮਤ ਲੋਕਾਂ ਵਿਚੋਂ ਦੂਰ ਹੋ ਗਿਆ।

ਟਿਕੇ ਜਾਇ ਕਰਿ ਸਰਬ ਸੁਮੇਰ।
ਕਰਹਿਂ ਜੋਗ ਕੋ ਬੈਸ ਬਡੇਰ ॥੮॥
ਸਭਿ ਉਤਪਾਤ ਬਿਸਾਲ† ਬਿਲੋਕੇ।

†ਪਾ:—ਬਿਲਾਤ।

ਅਪਨਿ ਤੇਜ ਤੇ ਸ਼੍ਰੀ ਗੁਰੁ ਰੋਕੇ।
ਸੁਭਟ ਜਿ ਸਿੱਖ ਸਾਧ ਅਲਮਸਤ।
ਸਿਧ ਭਾਗੇ ਪਿਖਿ ਹਰਖ ਸਮਸਤ ॥੯॥
ਸ਼੍ਰੀ ਮੁਖ ਤੇ ਸਭਿਹੂੰਨਿ ਸੁਨਾਯੋ।
'ਭਯੋ ਬਿਘਨ ਹਮ ਸਕਲ ਮਿਟਾਯੋ।
ਅਬਿ ਤੇ ਆਗੇ ਹੋਹਿ ਨ ਕੋਈ।
ਨਹਿਂ ਆਵਹਿ ਕਬਿ ਕੋ ਸਿਧ ਜੋਈ ॥੧੦॥
ਭਯੋ ਅਚਲ ਸ਼੍ਰੀ ਨਾਨਕ ਮਤਾ।
ਬਿਘਨ ਭਵਿੱਖਜਤਿ ਕੇ ਸਭਿ ਹਤਾ।'
ਸੁਨਤਿ ਅਨੰਦ ਭਏ ਸਿਖ ਸਾਰੇ।
ਸਦਾ ਗੁਰੂ ਕੀ ਬਿਜੈ ਉਚਾਰੇਂ ॥੧੧॥
ਤਿਸ ਦਿਨ ਸਤਿਗੁਰ ਡੇਰੇ ਮਾਂਹਿ।
ਥਿਰੇ ਰਹੇ ਕਿਤ ਗਮਨੇ ਨਾਂਹਿ।
ਪੰਚਾਂਮ੍ਰਿਤ ਘਨੋ ਕਰਿਵਾਯੋ।
ਨਰ ਗਨ ਮਿਲੇ ਸਭਿਨਿ ਵਰਤਾਯੋ ॥੧੨॥
ਸੁਨਿ ਕਰਿ ਪਿਖਿ ਕਰਿ ਗੁਰ ਆਗਵਨੂ।
ਜਿਸ ਪੁਰਿ ਗ੍ਰਾਮ ਹੁਤੋ ਸਿਖ ਭਵਨੂ।
ਨਰ ਨਾਰੀ ਆਨੰਦ ਬਿਲੰਦੇ।
ਮਿਲਿ ਮਿਲਿ ਜਹਿਂ ਕਹਿਂ ਤੇ ਸਿਖ ਬ੍ਰਿੰਦੇ ॥੧੩॥
ਦਰਸ਼ਨ ਹਿਤ ਉਤਲਾਵਤ ਆਏ।
ਮਨਹੁਂ ਅਮੀ ਸਰ ਮਰਿ ਮੁਹਿ ਪਾਏ[1]।

[1]ਮੁਰਦੇ ਸਮਾਨਾਂ ਦੇ ਮੂੰਹ ਵਿਚ ਮਾਨੋ ਅੰਮ੍ਰਿਤ ਪਾਇਆ ਹੈ।

-ਜਿਨ ਕੋ ਸੁਨਤਿ ਦੂਰਿ ਤੇ ਦੂਰਿ।
ਹਮ ਭਾਗਨਿ ਕਰਿ ਅਏ ਹਦੂਰਿ- ॥੧੪॥
ਧਰਿ ਧਰਿ ਆਗੈ ਪੁੰਜ ਅਕੋਰ।

ਚਰਨ ਕਮਲ ਬੰਦਹਿਂ ਕਰ ਜੋਰਿ।
ਜਸ ਜਸ ਕਰਹਿਂ ਕਾਮਨਾ, ਪਾਵਹਿਂ।
ਦਰਸ਼ਨ ਤੇ ਨਿਰਮਲ ਬਨਿ ਜਾਵਹਿਂ
॥੧੫॥
ਸੱਤਿਨਾਮ ਸਿਮਰਨ ਲਿਵ ਲਾਗੇ।
ਜਿਨ ਮਨ ਸੁਪਤਿ ਭਗਤਿ ਮਹਿਂ ਜਾਗੇ।
ਭਈ ਭੀਰ ਗੁਰੁ ਕੇ ਚਹੁਂਫੇਰੇ।
ਆਵਤਿ ਗਮਨਤਿ ਚਹੁਂ ਦਿਸ਼ਿ ਕੇਰੇ
॥੧੬॥
ਸੁਜਸੁ ਬਖਾਨਤਿ ਜਹਿਂ ਕਹਿਂ ਜਾਤੇ।
ਪੁਰਹਿਂ ਕਾਮਨਾ ਉਹ ਹਰਖਾਤੇ।
ਸ਼੍ਰੀ ਹਰਿਗੋਵਿੰਦ ਹਯ ਆਰੂੜੇ।
ਕਰਹਿਂ ਅਖੇਰ ਬ੍ਰਿਤੀ ਬਨਿ ਗੂੜੇ[1] ॥੧੭॥ [1]ਸੰਘਣੇ ਬਨ ਵਿਚ।
ਬੀਨ ਬੀਨ ਕਰਿ ਕੇਹਿਰ ਮਾਰੇ।
ਸ਼ੂਕਰ ਸਸੇ ਧਾਇ ਸੰਘਾਰੇ।
ਪਾੜ੍ਹੇ ਮਿਰਗ ਜਾਨਿ ਨਹਿਂ ਪਾਵੈਂ।
ਤੀਰਨਿ ਤਰ, ਕੈ ਤੁਪਕਨਿ[1] ਘਾਵੈਂ ॥੧੮॥ [1]ਬਹੁਤੇ ਤੀਰਾਂ ਨਾਲ ਅਥਵਾ ਬੰਦੂਕਾਂ ਨਾਲ।
ਬਨ ਮਹਿਂ ਬਿਚਰਤਿ ਰਹਤਿ ਬਡੇਰੇ।
ਸੰਗਤਿ ਆਇ ਥਿਰਹਿ ਬਿਚ ਡੇਰੇ।
ਜਬਿ ਸਤਿਗੁਰ ਗੁਰ ਅਖੇਰ ਕਰਿ ਆਵੈਂ।
ਤਬਿ ਸੁੰਦਰ ਦਰਸ਼ਨ ਕੋ ਪਾਵੈਂ ॥੧੯॥
ਗ੍ਰਾਮਨਿ ਮਹਿਂ ਬਹੁ ਸਿਖ ਬਨਜਾਰੇ।
ਧਨੀ ਬਿਸਾਲ ਕਰਹਿਂ ਬਿਵਹਾਰੇ।
ਅਰਪਹਿਂ ਦਰਬ ਸਰਬ ਤਹਿਂ ਆਨਿ।
ਗੁਰੂ ਕਾਮਨਾ ਪੁਰਹਿਂ ਮਹਾਂਨ ॥੨੦॥
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ।
ਸਭਿ ਥਲ ਕੇ ਸਿਖ ਮੁੱਖਜ ਬੁਲਾਏ।
ਜਬਿ ਸਮੁਦਾਇ ਆਨਿ ਕਰਿ ਬੈਸੇ।
ਸ਼੍ਰੀ ਹਰਿਗੋਵਿੰਦ ਉਚਰਜੋ ਐਸੇ ॥੨੧॥
'ਪ੍ਰਥਮ ਗੁਰੂ ਕੋ ਇਹ ਅਸਥਾਨ।
ਦਰਸ਼ਨ ਕੋ ਫਲ ਪੁੰਨ ਮਹਾਨ।
ਅਘ ਓਘਨਿ ਹਰਤਾ ਉਰ ਧਰੀਯਹਿ।

ਪੁਰਬ ਦਿਵਸ ਕੇ ਮੇਲਾ ਕਰੀਯਹਿ ॥੨੨॥
ਸਤਿਗੁਰੁ ਸ਼ਬਦ ਪਠਹੁ ਅਰੁ ਸੁਨੀਯਹਿ।
ਕਰੋ ਕੀਰਤਨੁ ਨਿਰਮਲ ਬਨੀਯਹਿ।
ਬਿਘਨ ਉਠਾਵਹਿ ਕੋ ਇਤ ਆਇ।
ਨਿਰਵਾਰਹੁ ਮਿਲਿ ਕਰਿ ਸਮੁਦਾਇ' ॥੨੩॥
ਸੁਨਿ ਗੁਰਿ ਤੇ ਸਭਿਹੂੰਨਿ ਬਖਾਨੀ।
'ਅਬਿ ਤੇ ਕਰਹਿਂ ਕਹੀ ਜਿਮ ਬਾਨੀ।
ਜਿਸ ਪ੍ਰਕਾਰ ਹਮਰੋ ਕੱਲਜਾਨ[1]।
ਤਿਮ ਤੁਮ ਹਮ ਸੋਂ ਕਰਤਿ ਬਖਾਨ' ॥੨੪॥
'ਅਬਿ ਤੇ ਸਾਧ ਫਕੀਰੀ ਬੇਸ।
ਰਹੈ ਇਹਾਂ' ਬੋਲੇ ਜਗਤੇਸ਼।
ਪੁਨ ਅਲਮਸਤ ਸਾਧ ਕੋ ਧੀਰ।
ਦੇ ਕਰਿ ਭਲੇ ਗੁਰੂ ਬਰ ਬੀਰ ॥੨੫॥
ਅਪਨੇ ਦੇਸ਼ ਚਲਨਿ ਕੇ ਹੇਤੁ।
ਕਹਜੋ ਸਭਿਨਿ ਸੋਂ 'ਬਨਹੁ ਸੁਚੇਤ।'
ਤਿਸ ਥਲ ਥਿਰ ਹੁਇ ਕਰਿ ਅਰਦਾਸ।
ਅਭਿਬੰਦਨ ਚਿਤ ਧਰੇ ਹੁਲਾਸ ॥੨੬॥
ਹਯ ਅਰੋਹ ਸਤਿਗੁਰ ਮਗ ਚਲੇ।
ਕਰਿ ਕਰਿ ਬੰਦਨ ਨਰ ਗਨ ਮਿਲੇ।
ਸਭਿਹਿਨਿ ਕਹੁ ਹਰਖਾਇ ਸੁ ਆਛੇ।
ਪ੍ਰਸਥਾਨੇ ਕੁਛ ਸੈਨਾ ਪਾਛੇ ॥੨੭॥
ਕ੍ਰਮ ਕ੍ਰਮ ਕਰਿ ਮਗ ਉਲੰਘਨਿ ਕਰਜੋ।
ਆਇ ਸੁਰਸਰੀ ਨੀਰ ਨਿਹਰਜੋ।
ਤਟ ਪ੍ਰਵਾਹ ਕੇ ਡੇਰਾ ਪਾਇ।
ਜਲ ਮਹਿਂ ਕ੍ਰੀੜਤਿ[1] ਅਨੰਦ ਉਪਾਇ ॥੨੮॥
ਬਿਧੀਆ ਜੇਠਾ ਆਦਿਕ ਸਾਰੇ।
ਗੁਰ ਪਾਛੇ ਬਰਿ ਗੰਗ ਮਝਾਰੇ।
ਇਤ ਉਤ ਪੈਰਤਿ[1] ਬੇਗ ਕਰੰਤੇ।
ਨਿਰਮਲ ਜਲ ਤੇ ਉਰ ਹਰਖੰਤੇ ॥੨੯॥

[1]ਮੁਕਤ, ਸੁਖ।

[1]ਖੇਲਾਂ ਕਰਦੇ ਹਨ।

[1]ਤਰਦੇ ਹਨ।

ਇਤਨੇ ਮਹਿਂ ਸੁਨਿ ਦਿਜ ਗਨ ਆਏ।
ਜਾਚਿ ਗੁਰੂ ਤੇ ਧਨ ਬਹੁ ਪਾਏ।
ਕੀਰਤਿ ਕਰਤਿ ਸਦਨ ਕੋ ਗਏ।
'ਇਨਿ ਸਮ ਦਾਤਾ ਨਹਿਂ ਦ੍ਰਿਸ਼ਟਏ ॥੩੦॥
ਜਿਨਹੁਂ ਦਾਨ ਸਤਿਗੁਰ ਤੇ ਪਾਯੋ।
ਦਾਰਿਦ ਸਗਰੀ ਬੈਸ ਗਵਾਯੋ।
ਜਿਸ ਕੋ ਦੇਤੇ ਕਰਤਿ ਨਿਹਾਲਾ।'
ਪਸਰਜੋ ਜਹਿਂ ਕਹਿਂ ਸੁਜਸੁ ਉਜਾਲਾ ॥੩੧॥
ਮਨ ਭਾਵਤਿ ਗੁਰ ਕੇਰ ਬਿਲਾਸਾ।
ਰਹੇ ਕਿਤਿਕ ਦਿਨ ਸੁਰਸਰਿ ਪਾਸਾ।
ਚਢੇ ਤਹਾਂ ਤੇ ਚਲੇ ਅਗਾਰੀ।
ਸਨੈ ਸਨੈ ਵਾਹਨ[1] ਸੁਖ ਧਾਰੀ ॥੩੨॥
ਆਈ ਸ਼ਜਾਮਲ ਵਾਰੀ ਵਾਰੀ[1]।
ਸ਼੍ਰੀ ਜਮਨਾ ਪਾਵਨ ਅਘ ਹਾਰੀ।
ਤਟ ਡੇਰਾ ਕਰਿ ਤਹਾਂ ਨਹਾਏ।
ਦਿਯੋ ਦਾਨ ਦਿਜ ਜੋ ਚਲਿ ਆਏ ॥੩੩॥
ਪਰੇ ਪਾਰ ਗੁਰੁ ਸੈਨ ਸਮੇਤਾ।
ਆਗੈ ਗਮਨੇ ਹੋਇ ਸੁਚੇਤਾ।
ਪ੍ਰਾਪਤਿ ਭਏ ਥਨੇਸੁਰ ਆਏ।
ਡੇਰਾ ਕਰਜੋ ਤੁਰੰਗ ਲਗਾਏ ॥੩੪॥
ਬਡੇ ਤਾਲ ਮਹਿਂ ਕੀਨਿ ਸ਼ਨਾਨ।
ਪੁਨ ਗਮਨੇ ਗੁਰੁ ਨਾਨਕ ਥਾਨਾ।
ਦਰਸ਼ਨ ਕਰਜੋ ਪ੍ਰਸ਼ਾਦਿ ਬ੍ਰਤਾਯੋ।
ਹਰਖਤਿ ਸਭਿ ਸਿੱਖਨਿ ਲੇ ਖਾਯੋ ॥੩੫॥
ਦਾਸਨਿ ਬੂਝਜੋ ਥਾਨ ਪ੍ਰਸੰਗ।
ਗੁਰੂ ਸੁਨਾਯਹੁ ਸਭਿ ਕੇ ਸੰਗ।
'ਸੂਰਜ ਪਰਬ[1] ਇਹਾਂ ਗੁਰੁ ਆਏ।
ਸੰਨਜਾਸੀ ਦਿਜਿ ਮਿਲਿ ਸਮੁਦਾਏ ॥੩੬॥
ਮਨ ਮਲੀਨ ਸਭਿ ਕੇ ਗੁਰ ਜਾਨੇ।
ਵਹਿਰ ਬੇਖ ਕੂਰੇ ਤਨ ਠਾਨੇ।

[1]ਸਵਾਰੀਆਂ (ਉੱਪਰ)।
[1]ਸ਼ਜਾਮ ਜਲ ਵਾਲੀ।
[1]ਭਾਵ ਸੂਰਜ ਗ੍ਰਹਣ ਤੇ।

ਕਰਿ ਚਰਚਾ ਸਭਿ ਕੋ ਮਗ ਪਾਯਹੁ।
ਗੁਰੁ ਸਿੱਖੀ ਜਗ ਮਹਿਂ ਬਿਦਤਾਯਹੁ
॥੩੭॥
ਇਕਠੇ ਭਏ ਬਿਦੁਖਨਿ[1] ਬਿਲੋਕ।
ਸ਼੍ਰੀ ਨਾਨਕ ਤਬਿ ਕੀਨਿ ਸ਼ਲੋਕ।
ਕਰਹਿ ਤਰਕਨਾ ਜੋ ਪਿਖਿ ਮਾਸ।
ਤਿਨ ਪਰ ਕੀਨੇ ਬਾਕ ਬਿਲਾਸ' ॥੩੮ ॥
ਸ਼੍ਰੀ ਗੁਰੁ ਹਰਿਗੋਵਿੰਦ ਮੁਕਾਮੂ।
ਕਿਤਿਕ ਦਜੋਸ ਕੀਨਿਸਿ ਬਿਸਰਾਮੂ।
ਸਭਿ ਤੀਰਥ ਕੋ ਕਰੇ ਸ਼ਨਾਨਾ।
ਪੁਨ ਤਹਿਂ ਤੇ ਚਾਹਜੋ ਪ੍ਰਸਥਾਨ ॥੩੯॥
ਸਨੈ ਸਨੈ ਗਮਨੇ ਮਗ ਮਾਂਹੀ।
ਮਿਲਹਿਂ ਸਿੱਖ ਸੁਨ ਆਵਤਿ ਪਾਹੀ।
ਪੰਥ ਬਿਖੈ ਕੇਤਿਕ ਮਿਲਿ ਕਰੈਂ।
ਦੌਰਿ ਦੌਰਿ ਪਦ ਪਰ ਸਿਰ ਧਰੈਂ ॥੪੦॥
ਡੇਰਾ ਹੋਤਿ ਅਨਿਕ ਚਲਿ ਆਵੈਂ।
ਅਰਪ ਅਕੋਰਨਿ ਸੀਸ ਨਿਵਾਵੈਂ।
ਇਸਿ ਬਿਧਿ ਦਿਨ ਪ੍ਰਤਿ ਭੀਰ ਭਰਤਿ ਹੈ।
ਮੇਲਾ ਬਡਿ, ਗੁਰੁ ਨਿਕਟਿ ਕਰਤਿ ਹੈਂ
॥੪੧॥
ਸਨੈ ਸਨੈ ਸਭਿ ਉਲੰਘਤਿ ਗਏ।
ਨਿਕਟਿ ਡਰੋਲੀ ਪਹੁੰਚਤਿ ਭਏ।
ਪਰਖਤਿ ਸਗੁਨ ਸਕਲ ਪਰਵਾਰ।
ਕਰਤਿ ਪ੍ਰਤੀਖਨ ਪ੍ਰੇਮ ਉਦਾਰ ॥੪੨॥
ਬੋਲਤਿ ਕਾਕ ਉਡਾਵਨਿ ਕਰੈਂ।
'ਗੁਰੁ ਆਵਹਿਂ' ਇਮ ਬਾਕ ਉਚਰੈਂ।
ਗੰਗਾ ਰਿਦੇ ਸਨੇਹ ਅਛੇਹ।
ਸੁਤ ਦਰਸ਼ਨ ਕੋ ਬਾਂਛਤਿ ਗ੍ਰੇਹ ॥੪੩॥
ਦੋਹਰਾ:
ਗੁਰੁ ਘਰਨੀ ਦਾਮੋਦਰੀ,
ਦੁਤਿਯ ਨਾਨਕੀ ਜਾਨ।
ਚਿਤਵਤਿ ਗੁਰੁ ਆਗਵਨਿ ਕੋ,

[1]ਬ੍ਰਾਹਮਣ [ਸੰਸ: ਵਿਦੁਖ਼ = ਪੰਡਿਤ]

ਕਰਿ ਕਰਿ ਪ੍ਰੀਤ ਮਹਾਨ ॥੪੪॥

ਚੌਪਈ:

ਤਿਮ ਰਾਮੋ ਅਰੁ ਸਾਈਂਦਾਸ।
ਕਰਹਿਂ ਪ੍ਰਤੀਖਨ ਆਵਨਿ ਆਸ।
ਆਂਖ ਨਾਨਕੀ ਫਰਕੀ ਬਾਮੂ।
ਸਮ ਇੰਦੀਬਰ[1] ਬਡਿ ਅਭਿਰਾਮੂ ॥੪੫॥
ਪਟ[1] ਦਮੋਦਰੀ ਕੋ ਸਰਕੰਤਿ।
ਬਾਮ ਭੁਜਾ ਛਿਨ ਛਿਨ ਫਰਕੰਤਿ।
ਤਿਮ ਸ਼ੁਭ ਸ਼ਗੁਨ ਗੰਗ ਪਰਖੰਤੀ।
-ਸੁਤ ਆਵਹਿ ਅਬਿ ਸ਼ੀਘ੍ਰ -ਲਖੰਤੀ ॥੪੬॥
ਸੁਨਿ ਸੁਨਿ ਪਿਖਿ ਪਿਖਿ ਸੌਨ[1] ਪ੍ਰਕਾਸ਼।
ਹਰਖਤਿ ਰਾਮੋ ਸਾਈਂ ਦਾਸ।
ਗੁਰੁ ਆਗਵਨ ਜਾਨਿ ਨਿਯਰਾਯੋ।
ਸਰਬ ਸਮਾਜ ਤਯਾਰ ਕਰਿਵਾਯੋ ॥੪੭॥
ਤ੍ਰਿਣ ਆਦਿਕ ਜੇ ਚਹਿਯਹਿ ਆਏ।
ਕੀਨੇ ਤਯਾਰ ਸਕਲ ਸਮੁਦਾਏ।
ਕਰਹਿਂ ਪ੍ਰਤੀਖਨ ਦਿਨ ਪ੍ਰਤਿ ਐਸੇ।
ਗ੍ਰੀਖਮ ਮਹਿਂ ਬਰਹੀ ਘਨ ਜੈਸੇ[1] ॥੪੮॥

[1]ਨੀਲੇ ਰੰਗ ਦੇ ਕਵਲ ਵਾਂਙ।
[1]ਦੁਪੱਟਾ।
[1]ਸ਼ਗੁਨ।
[1]ਮੋਰ ਬੱਦਲ ਨੂੰ ਜਿਵੇਂ [ਸੰਸ: ਵਰਹਿਨ = ਮੋਰ]

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੋ 'ਸ਼੍ਰੀ ਗੁਰੂ ਡਰੋਲੀ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿਸੰਤੀ ਅੰਸੂ ॥੩੫॥

੩੬. [ਡਰੋਲੀ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:
ਸ਼੍ਰੀ ਗੁਰੁ ਹਰਿ ਗੋਵਿੰਦ ਜੀ, ਪ੍ਰਥਮ ਪਠੇ
ਅਸਵਾਰ।
ਗ੍ਰਾਮ ਡਰੋਲੀ ਸੁਧਿ ਦਈ, ਸੁਨਿ ਹਰਖ੍ਯੋ
ਪਰਵਾਰ ॥੧॥
ਚੌਪਈ:
ਸਾਈਂਦਾਸ ਦਾਸ ਲੇ ਬ੍ਰਿੰਦ।
ਸੁਨਿ ਸਨਮਾਨਨਿ ਹੇਤੁ ਬਿਲੰਦ।
ਨਿਕਸਿ ਗ੍ਰਾਮ ਤੇ ਵਧ੍ਯੋ ਪ੍ਰਮੋਦ।
ਤੂਰਨਿ ਗਮਨ੍ਯੋ ਸਤਿਗੁਰੁ ਕੋਦ[1] ॥੨॥ — [1]ਤਰਫ।
ਸੁੰਦਰ ਮੰਦਰ ਬਿਖੈ ਪ੍ਰਯੰਕ।
ਕਰ੍ਯੋ ਡਸਾਵਨਿ ਹਰਖਤਿ ਅੰਕ।
ਉੱਜਲ ਆਸਤਰਨ[1] ਕਸਵਾਇ। — [1]ਵਿਛਾਵਣਾਂ।
ਰੇਸ਼ਮ ਡੋਰ ਗੁੰਫ[1] ਲਰਕਾਇ ॥੩॥ — [1]ਗੁੱਛੇ।
[1] 'ਅੰਤਰ ਵਹਿਰ ਨਿਰੰਤਰ ਘਰ ਕੋ। — [1]ਭਾਈ ਸਾਈਂਦਾਸ ਜੀ ਬੀਬੀ ਰਾਮੋ ਜੀ ਨੂੰ ਕਹਿੰਦੇ ਹਨ (ਦੇਖੋ ਅੰਕ ੬)।
ਕਰੀਯਹਿ ਤਜਾਰਿ ਮਾਰਜਨਿ[1] ਕਰਿ ਕੋ। — [1]ਸਫਾਈ।
ਅਤਰਨ ਕੀ ਖੁਸ਼ਬੋਇ ਫੈਲਾਵਹੁ।
ਦਾਸ ਭੇਜਿ ਗਨ ਫੂਲ ਅਨਾਵਹੁ ॥੪॥
ਕੁੰਭ ਅੰਬ ਹਿਤ[1], ਦੀਜਹਿ ਕੋਰੇ। — [1]ਜਲ ਵਾਸਤੇ ਘੜੇ।
ਸੀਤਲ ਜਲ ਕੀਜਹਿ ਸਮ ਓਰੇ[1]। — [1]ਗੜੇ ਵਾਂਙੂ ਠੰਢਾ।
ਤਰ ਊਪਰ ਦੇ ਕਰਿ ਬਹੁ ਸ਼ੋਰਾ[1]। — [1]ਸ਼ੋਰਾ ਪਾਣੀ ਵਿਚ ਪਾਕੇ ਵਿਚ ਪਾਣੀ ਦਾ ਬਰਤਨ ਧਰਿਆਂ ਠੰਢਾ ਹੋ ਜਾਂਦਾ ਹੈ।
ਕਰਹੁ ਭਲੇ! ਇਹ ਕਾਰਜ ਤੋਰਾ' ॥੫॥
ਕਹਿ ਰਾਮੋ ਸੰਗ ਆਪ ਪਯਾਨਾ।
ਗੁਰੁ ਸਨਮੁਖ, ਕਰਿਬੇ ਸਨਮਾਨਾ।
ਮਧੁਰ ਪ੍ਰਸ਼ਾਦਿ ਉਠਾਏ ਹਾਥ।
ਅਤਿ ਚਿਤ ਚੌਂਪ ਪਿਖਨਿ ਕੋ ਨਾਥ ॥੬॥
ਮਾਤ ਗੰਗ ਕੇ ਸੇਵਕ ਸੰਗ।
ਮਿਲੇ ਡਰੋਲੀ ਮਨੁਜ ਉਮੰਗ।
ਸਭਿਹਿਨਿ ਕੇ ਚਿਤ ਚਾਉ ਬਡੇਰੇ।

ਪੈਰ ਨਗਨ ਗੇ ਕੋਸ ਅਗੇਰੇ ॥੭॥
ਪਿਖੇ ਦੂਰ ਤੇ ਉਡਤੀ ਧੂਰ।
ਭੇ ਅਨੰਦ ਤੇ ਉਰ ਭਰਪੂਰ।
ਉਦਯੋ ਮਨੋ ਪੂਰਬ ਦਿਸ਼ਿ ਚੰਦ।
ਭਏ ਚਕੋਰ ਬਿਲੋਚਨ ਦੁੰਦ ॥੮॥
ਕਰਤਿ ਉਤਾਇਲ ਕਿਮ ਮਿਲਿ ਜਾਇ।
ਜਨੁ ਰਵਿ ਪਿਖਿ ਪੰਕਜ ਬਿਕਸਾਇ।
ਚਰਨ ਧਰਤਿ ਆਗੇ, ਬਿਚਲੰਤੇ।
ਗਦ ਗਦ ਗਿਰਾ ਨ ਬੋਲ ਸਕੰਤੇ ॥੯॥
ਭਈ ਦਸ਼ਾ ਅਸ ਸਾਈਂਦਾਸ।
ਮਨ ਕੋ ਪ੍ਰੇਮ ਬਿਸਾਲ ਪ੍ਰਕਾਸ਼।
ਜਲ ਕੀ ਬੂੰਦ ਬਿਲੋਚਨ ਬਰਨੀ[1]।
ਢਰਿ ਢਰਿ ਪਰਤਿ ਬਦਨ ਤੇ ਧਰਨੀ[1] ॥੧੦॥
ਇਤਨੇ ਮਹਿਂ ਸਤਿਗੁਰ ਸਹਿਸਾਏ।
ਪ੍ਰੇਮਾਤੁਰ ਕੋ ਚਹਿਸਿ ਮਿਲਾਏ।
ਪਰਮ ਪਵੰਗਮ[1] ਪਾਯੋ ਪੋਈਏ।
-ਅਪਨੇ ਜਨ ਕੋ ਤੂਰਨ ਜੋਈਏ[1]- ॥੧੧॥
ਨਿਕਟਿ ਹੋਇ ਕਰਿ ਲੀਨਿ ਟਿਕਾਇ।
ਸੰਗ ਸੁਭਟ ਪਸ਼ਚਾਤੀ ਆਇ।
ਸਾਂਈਂਦਾਸ ਉਤਾਇਲ ਕਰਿ ਕੈ।
ਦਰਸ਼ਨ ਦੇਖਿ ਚਰਨ ਕਰ ਧਰਿ ਕੈ ॥੧੨॥
ਸਿਰ ਧਰਿ ਪਗ ਪਰ, ਤਿਹ ਥਲ ਥਿਰਯੋ।
ਮਨਹੁਂ ਪਖਾਰਨਿ ਦ੍ਰਿਗ ਜਲ ਕਰਯੋ।
ਅਪਰ ਦਾਸ ਦੂਸਰਿ ਪਗ ਗਹਯੋ।
ਧਰਿ ਧਰਿ ਸਿਰ ਸਭਿ ਆਨੰਦ ਲਹਯੋ ॥੧੩॥
ਸ਼੍ਰੀ ਹਰਿ ਗੋਵਿੰਦ ਪਰਸਯੋ ਪਾਨ।
ਬੂਝੀ 'ਕੁਸ਼ਲ ਅਹੈ ਸੁਖ ਥਾਨ?'
'ਸਭਿ ਅਨੰਦ ਹੈ, ਕ੍ਰਿਪਾ ਤੁਮਾਰੀ।
ਨਿਸ ਦਿਨ ਅਖਿਲ ਪ੍ਰਤੀਖਨ ਧਾਰੀ ॥੧੪॥

[1]ਨੇਤ੍ਰਾਂ ਦੀਆਂ ਝਿੰਮਣੀਆਂ ਤੋਂ।
[1]ਮੁੱਖ ਤੋਂ ਧਰਤੀ ਤੇ।
[1]ਤੇਜ਼ ਘੋੜੇ ਨੂੰ।
[1]ਦੇਖੀਏ।

ਸਹਤ ਸਨੁਖਾ ਜਨਨੀ ਗੰਗਾ।
ਕੁਸ਼ਲ ਸਹਿਤ ਸੇਵਕ ਸਰਬੰਗਾ।
ਦਿਨ ਸੰਮਤ ਸਮ ਬੀਤਤਿ ਰਹ੍ਯੋ।
ਲਗੀ ਉਡੀਕ ਦਰਸ ਅਬਿ ਲਹ੍ਯੋ'
॥੧੫॥
ਸਨੈ ਸਨੈ ਗਮਨੇ ਦਿਸ਼ਿ ਗ੍ਰਾਮੂ।
ਬੋਲਤਿ ਬਾਤ ਕਰਤਿ ਅਭਿਰਾਮੂ।
'ਸਾਈਂਦਾਸ! ਸਦਾ ਰਿਦ ਮੇਰੇ।
ਬਸਤਿ ਰਹ੍ਯੋ ਤੁਵ ਪ੍ਰੇਮ ਬਡੇਰੇ ॥੧੬॥
ਸਿਮਰਤਿ ਕਰਤਿ ਚਹਤਿ ਇਤਿ ਆਵਨ।
ਹਿਤ ਕਾਰਜ ਬਿਲਮੇਂ ਸਭਿ ਥਾਵਨ।
ਭਏ ਸਿੱਧ, ਨਹਿਂ ਦੇਰ ਲਗਾਏ[1]।

[1]ਸਭ ਥਾਵਾਂ ਵਿੱਚ ਕੰਮ (ਮਾਤ੍ਰ) ਲਈ ਠਹਿਰੇ ਹਾਂ (ਜਦੋਂ) ਕਾਰਜ ਸਿੱਧ ਹੋ ਗਏ (ਫੇਰ ਅਸਾਂ) ਦੇਰ ਨਹੀਂ ਲਾਈ।

ਸ਼ੀਘ੍ਰ ਕਰਤਿ ਤੇਰੀ ਦਿਸ਼ਿ ਆਏ ॥੧੭॥
ਮਗ ਮਹਿਂ ਸਿਖ ਸੰਗਤਿ ਸਭਿ ਥਾਈਂ।
ਕਰਿ ਕਰਿ ਬਿਨਤੀ ਲਿਏ ਟਿਕਾਈ।
ਸਭਿਹਿਨਿ ਮਨੋ ਕਾਮਨਾ ਪੂਰਿ।
ਆਏ ਸ਼ੀਘ੍ਰ ਲਖਹੁ ਮਗ ਦੂਰ' ॥੧੮॥
ਇਮ ਬੋਲਤਿ ਬਿਹਸਤਿ ਗੁਰੁ ਨਾਥ।
ਸਾਈਂਦਾਸ ਲਿਏ ਨਿਜ ਸਾਥ।
ਗ੍ਰਾਮ ਡਰੋਲੀ ਭਏ ਪ੍ਰਵੇਸ਼।
ਆਇ ਮਿਲੇ ਤਹਿਂ ਲੋਕ ਅਸ਼ੇਸ਼ ॥੧੯॥
ਜਥਾ ਜੋਗ ਮਿਲਿ ਬੋਲਨਿ ਕਰਿ ਕੈ।
ਹਯ ਟਿਕਾਇ ਦਰ ਤਰੇ ਉਤਰਿ ਕੈ।
ਗਏ ਪ੍ਰਥਮ ਗੰਗਾ ਕੇ ਪਾਸੀ।
ਤਨੁਜ ਬਿਲੋਕਨ ਕੀ ਬਡ ਪਜਾਸੀ ॥੨੦॥
ਸੁਨਿ ਆਗਵਨ ਅਨੰਦਤਿ ਹੋਈ।
ਪ੍ਰਿਯ ਪੁੱਤ੍ਰਾ ਥਿਰ ਦ੍ਵਾਰ ਅਲੋਈ[1]।

[1]ਦਰ ਤੇ ਖੜੋ ਕੇ ਦੇਖ ਰਹੀ ਸੀ।

ਆਗੈ ਗਏ ਦੌਰ ਬਹੁ ਪਾਸ।
ਜਿਨ ਗੁਰ ਦੇਖ੍ਯੋ ਧਰੇ ਹੁਲਾਸ ॥੨੧॥
'ਮਾਤਾ ਜੀ! ਆਏ ਗੁਰ ਪੂਰੇ।
ਸਭਿਹਿਨਿ ਕੀਨਸਿ ਦਰਸ਼ਨ ਰੂਰੇ।'

ਇਤਨੇ ਮਹਿਂ ਸ਼੍ਰੀ ਹਰਿਗੋਵਿੰਦ।
ਪਰੇ ਮਾਤ ਕੇ ਪਦ ਅਰਬਿੰਦ ॥੨੨॥
ਪਿਖਿ ਸਪੂਤ ਕੋ ਅੰਕ ਲਗਾਯਵ।
ਉਰ ਅਨੰਦ ਦ੍ਰਿਗ ਜਲ ਭਰਿ ਆਇਵ।
ਮਸਤਕ ਸੂੰਘਤਿ ਬਰ ਮੁਖ ਹੇਰਤਿ।
ਰਜ ਝਾਰਤਿ ਅੰਚਰ ਕੋ ਪ੍ਰੇਰਿਤ ॥੨੩॥
ਕਰੇ ਪਰੇਮ ਕੋ ਕਰ ਤਨੁ ਫੇਰਤਿ।
ਮਨਹੁ ਬ੍ਰਿਹਾ ਕੋ ਕਸ਼ਟ ਨਿਬੇਰਤਿ।
'ਕਹੁ ਸੁਤ! ਸਕਲ ਕਾਜ ਸਿੱਧ ਕੀਨੇ।
ਜਿਸ ਹਿਤ ਇਤੇ ਪੰਥ ਪਗ ਦੀਨੇ ॥੨੪॥
ਰਹਜੋ ਕੁਸ਼ਲ ਸੋਂ ਤਨ ਸਭਿ ਦਿਨ ਮੇਂ।
ਵਧਜੋ ਕਿ ਨਹੀਂ ਪ੍ਰਮੋਦ ਜਿ ਮਨ ਮੇਂ।'
ਸੁਨਿ ਸਤਿਗੁਰ ਨੇ ਸਕਲ ਸੁਨਾਏ।
ਜੋ ਪ੍ਰਸੰਗ ਸ਼੍ਰੀ ਨਾਨਕ ਥਾਏਂ ॥੨੫॥
ਕਿਤਿਕ ਸਮੈਂ ਤਹਿਂ ਬੈਠੇ ਰਹੇ।
ਪੁਨ ਇਕੰਤ ਹੋਵਨਿ ਕੋ ਚਹੇ।
ਉਠੇ ਗੁਰੂ ਲਖਿ ਸਾਈਂਦਾਸ।
ਬੋਲਜੋ ਹਾਥ ਜੋਰਿ ਹੁਇ ਪਾਸ ॥੨੬॥
'ਮੰਦਿਰ ਸੁੰਦਰ ਜਹਾਂ ਸੁਧਾਰਜੋ।
ਤੁਮਹਿ ਬਸਾਵਨਿ ਕੋ ਪ੍ਰਨ ਧਾਰਜੋ।
ਤਹਾਂ ਚਲਹੁ ਕੀਜਹਿ ਬਿਸਰਾਮੂ।
ਕਰਹੁ ਸਫ਼ਲ ਪਾਵਨ ਸ਼ੁਭ ਧਾਮੂ' ॥੨੭॥
ਇਮ ਕਹਿ ਆਪਿ ਸੰਗ ਲੇ ਚਲਜੋ।
ਬੂਝੀ ਕੁਸ਼ਲ ਆਨਿ ਜੋ ਮਿਲਜੋ।
ਸੁੰਦਰ ਸਰਬ ਸੇਜ ਮ੍ਰਿਦੁ ਕਰੀ।
ਰਾਮੋ ਤਹਾਂ ਪ੍ਰਤੀਖਤਿ ਥਿਰੀ ॥੨੮॥
ਪ੍ਰਵਿਸ਼ੇ ਦ੍ਵਾਰ ਦੌਰਿ ਕਰਿ ਆਈ।
ਕੋਮਲ ਪਗ ਪੰਕਜ ਲਪਟਾਈ।
'ਘਰੀ ਆਜ ਕੀ ਸ਼ੁਭ ਮੈਂ ਧੰਨ।
ਜਿਸ ਪਰ ਸਤਿਗੁਰ ਭਏ ਪ੍ਰਸੰਨ ॥੨੯॥
ਸਦਨ ਆਨਿ ਕੈ ਚਰਨ ਦਿਖਾਏ।
ਅਪਨੇ ਜਨ ਜਾਨੇ ਮਨ ਭਾਏ।

'ਕਹੁ ਰਾਮੋ ! ਤੂੰ ਹੈਂ ਸੁਖ ਸਾਥ?
ਪ੍ਰੇਮੀ ਭਗਤਿ ਸਿੱਖ ਤੁਵ ਨਾਥ ॥੩੦॥
ਪ੍ਰੀਤਿ ਦਾਮ ਤੇ[1] ਐਂਚਿ ਮੰਗਾਏ।
ਕੇਵਲ ਇਸ ਘਰ ਕੇ ਹਿਤ ਆਏ।'
ਇਮ ਬੋਲਤਿ ਸੁ ਪ੍ਰਯੰਕ ਬਿਰਾਜੇ।
ਜਿਨ ਕੇ ਸਿਮਰਨ ਤੇ ਅਘ ਭਾਜੇ ॥੩੧॥
ਤਬਿ ਰਾਮੋ ਪਿਖਿ ਤੂਰਨ ਤਰਨੀ[1]।
ਲੇ ਕਰਿ ਸੰਗ ਅਈ ਗੁਰ ਘਰਨੀ[1]।
ਦੋਨਹੁ ਹਾਥ ਜੋਰਿ ਕਰਿ ਬੰਦਤਿ।
ਪਤਿ ਕੋ ਦਰਸ਼ਨ ਕਰਿ ਅਭਿਨੰਦਤਿ ॥੩੨॥
ਕੁਸ਼ਲ ਬੂਝ ਕਰਿ ਧੀਰਜ ਦੀਨਿ।
ਪੁਨ ਅਹਾਰ ਕੀ ਤਜਾਰੀ ਕੀਨਿ।
ਅਨਿਕ ਪ੍ਰਕਾਰ ਮਧੁਰ ਕਰਿ ਧਰੇ।
ਤੁਰਸ਼ ਸਲਵਣ ਸ੍ਵਾਦ ਸੋਂ ਭਰੇ ॥੩੩॥
ਰਾਮੋ ਨਿਜ ਕਰ ਸੋਂ ਗੁਰ ਕਾਰਨ।
ਭਾਂਤਿ ਭਾਂਤਿ ਕੇ ਰਚੇ ਅਹਾਰਨਿ।
ਥਾਰ ਪਰੋਸਜੋ ਪ੍ਰੇਮ ਸੁ ਕਰਿ ਕਰਿ।
ਪ੍ਰਿਥਕ ਪ੍ਰਿਥਕ ਸਭਿ ਰਸ ਕੋ ਧਰਿ ਧਰਿ ॥੩੪॥
ਲੇ ਕਰਿ ਗਈ ਆਪ ਹਰਖੰਤੀ।
ਅਪਨਿ ਸਰੀਰ ਅਮੋਘ[1] ਕਰੰਤੀ।
ਸਾਈਂਦਾਸ ਸੰਗ ਜਿਹ ਸਾਈਂ[1]।
ਜਲ ਸੀਤਲ ਨਿਜ ਹਾਥ ਉਚਾਈ ॥੩੫॥
ਆਨਿ ਥਾਰ ਕੋ ਧਰਜੋ ਅਗਾਰੀ।
ਪਿਖਤਿ ਨ ਤ੍ਰਿਪਤਹਿ ਪ੍ਰੀਤਿ ਉਦਾਰੀ।
ਪਤਿ ਬਿਜਨਾ ਗਹਿ ਹਾਂਕਤਿ ਬਾਯੂ।
ਮੰਦ ਮੰਦ ਗੁਰ ਦੇਹਿ ਲਗਾਯੂ ॥੩੬॥
ਤ੍ਰਿਯਾ ਹਾਥ ਮੈਂ ਧਰੇ ਰੁਮਾਲ।
ਫੇਰ ਥਾਰ ਪਰ ਥਿਰ ਤਿਸ ਕਾਲ।
ਇਮ ਦੰਪਤਿ ਉਰ ਭਾਉ ਸੁ ਧਰਿ ਧਰਿ।

[1]ਪ੍ਰੀਤ ਦੀ ਰੱਸੀ ਨਾਲ।

[1]ਛੇਤੀ ਖਿਸਕ ਗਈ [ਤਰਨਾ = ਤਿਲਕ ਜਾਣਾ] (ਅ) ਤਦ ਇਸਤ੍ਰੀ (ਭਾਵ ਬੀਬੀ) ਰਾਮੋ ਦੇਖਕੇ ਛੇਤੀ ਨਾਲ...।

[1]ਗੁਰੂ ਜੀ ਦੇ (ਦੋਹਾਂ) ਮਹਿਲਾਂ ਨੂੰ ਨਾਲ ਲੈਕੇ ਆ ਗਈ।

[1]ਸਫਲ, ਜੋ ਕਦੇ ਚੁੱਕੇ ਨਾਂ।

[1]ਜਿਸ (ਰਾਮੋਂ) ਦਾ ਪਤੀ ਸਾਈਂਦਾਸ ਨਾਲ ਹੈ।

ਅਚਵਾਵਤਿ ਭੋਜਨ ਹਿਤ ਕਰਿ ਕਰਿ
॥੩੭॥
ਸਨੈ ਸਨੈ ਬਾਤਨਿ ਬਤਾਰਵਤਿ।
'ਇਹ ਸ੍ਵਾਦਲ' ਕਹਿ ਕਹਿ ਕੈ ਖ੍ਵਾਵਤਿ।
ਅਤਿ ਪ੍ਰਸੰਨ ਪਿਖਿ ਕਰਿ ਗੁਰੁ ਹੋਏ।
ਪ੍ਰੇਮੀ ਮਹਾਂ ਜਾਨਿ ਕਰਿ ਦੋਏ ॥੩੮॥
-ਸਨਬੰਧੀ ਹੈਂ ਗੁਰੂ ਹਮਾਰੇ-।
ਇਹ ਨਿਸ਼ਚੈ ਉਰ ਤੇ ਨਿਰਵਾਰੇ।
ਪ੍ਰਭੂ ਲਖਯੋ ਸਭਿ ਜਗ ਕੋ ਸ੍ਵਾਮੀ।
-ਆਯਹੁ ਹਮਹਿਂ ਉਧਾਰਨਿ ਕਾਮੀ
॥੩੯॥
ਦੀਨਬੰਧੁ ਜਿਹ ਨਾਮ ਉਚਾਰੈਂ।
ਬਸੀ ਪ੍ਰੇਮ ਕੇ ਸਕਲ ਬਿਚਾਰੈਂ।
ਤੀਨ ਲੋਕ ਪਤਿ ਕੀ ਇਹ ਮੂਰਤਿ।
ਸਿੱਖਨਿ ਬਤਸਲ ਸੁੰਦਰ ਸੂਰਤਿ- ॥੪੦॥
ਇਮ ਨਿਸ਼ਚੈ ਲਖਿ ਸ਼੍ਰੀ ਗੁਰ ਪੂਰੇ।
ਭਏ ਪ੍ਰਸੰਨਿ ਚਰਿਤ ਜਿਨ ਰੂਰੇ।
ਅਪਰ ਕਾਮਨਾ ਜਿਨ ਕੈ ਨਾਂਹੀ।
ਰਿਦਾ ਬਿਮਲ ਕਰਿ ਦੀਨਸਿ ਤਾਂਹੀ
॥੪੧॥
ਰੁਚਿ ਕਰਿ ਭੋਜਨ ਤੇ ਤ੍ਰਿਪਤਾਏ।
ਜਲ ਸੀਤਲ ਪੀਵਤਿ ਹਰਖਾਏ।
ਹਾਥ ਪਖਾਰਨ ਜਬਿ ਕਰਿ ਲੀਨਿ।
ਪੌਂਛਨਿ ਹਿਤ ਰੁਮਾਲ ਤਬਿ ਦੀਨਿ ॥੪੨॥
ਕਰਯੋ ਬਚਨ ਉਰ ਭਾਉ ਜੁ ਹੇਰਾ।
'ਹੋਹਿ ਨ ਅਬਿ ਤੇ ਭਵਜਲਿ ਫੇਰਾ।
ਅਤਿ ਪ੍ਰਸੰਨ ਮੋ ਕਹੁ ਤੁਮ ਕੀਨਾ।
ਇਸ ਕਾਰਨ ਤੇ ਗਤਿ ਬਰ ਦੀਨਾ[1]' [1]ਇਸ ਕਰਕੇ (ਤੁਹਾਨੂੰ ਮੈਂ) ਮੁਕਤੀ ਦਾ ਵਰ ਦਿੱਤਾ।
॥੪੩॥
ਦੇਖਯੋ ਅਪਨੇ ਰਿਦੇ ਬਿਚਾਰਿ।
ਭਰਮ ਮੋਹ ਕੇ ਮਿਟੇ ਕਿਵਾਰ।
ਗ੍ਯਾਨ ਬ੍ਰਿਤੀ ਜਿਨ ਕੇ ਉਰ ਜਾਗੀ।

ਰਾਗ ਦ੍ਵੈਖ ਤਨਹੰਤਾ ਤਜਾਗੀ ॥੪੪॥
ਗੁਰੂ ਮਹਾਤਮ ਨੀਕੇ ਜਾਨਾ।
ਬਿਸ਼ਿਯਨਿ ਤੇ ਮਨ ਜਬਿ ਸਿਤਲਾਨਾ[1]।
ਬਡੇ ਭਾਗ ਤੇ ਜਾਗਜੋ ਗਜਾਨ।
ਭਏ ਜਗਤ ਕੇ ਬੰਧਨ ਹਾਨ ॥੪੫॥

[1]ਠੰਢਾ ਹੋ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਡਰੌਲੀ' ਪ੍ਰਸੰਗ ਬਰਨਨੰ ਨਾਮ ਖ਼ਸ਼ਟ ਤ੍ਰਿੰਸਤੀ ਅੰਸੂ ॥੩੬॥

੩੭. [ਸ਼੍ਰੀ ਬਾਬਾ ਗੁਰਦਿੱਤਾ ਜੀ ਜਨਮ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਰਹਨਿ ਲਗੇ ਸ਼੍ਰੀ ਸਤਿਗੁਰੂ,
ਮਿਲਿ ਕਰਿ ਸਕਲ ਪ੍ਰਵਾਰ।
ਗਰਭਵਤੀ ਦਾਮੋਦਰੀ,
ਪੁੱਤ੍ਰ ਪ੍ਰਤੀਖਨ ਧਾਰਿ ॥੧॥

ਚੌਪਈ:

ਸੇਵਾ ਕਰੈ ਨਾਨਕੀ ਕਰ ਸੋਂ[1]।
ਪਤਿ ਮਹਿਂ ਪ੍ਰੀਤੀ ਧਾਰਤਿ ਉਰ ਸੋਂ।
ਗੰਗਾ ਹੇਰਿ ਹੇਰਿ ਪ੍ਰਿਯ ਨੰਦਨ।
ਕਰਹਿ ਆਨਿ ਜਗ ਨਿਜ ਕੋ ਬੰਦਨ ॥੨॥
ਅਤਿ ਅਨੰਦ ਚਿਤ ਜਿਸ ਕੇ ਹੋਵਾ।
ਵਧਜੋ ਪ੍ਰਤਾਪ ਪੁੱਤ੍ਰ ਕੋ ਜੋਵਾ।
ਪੌਤ੍ਰਾ ਪਿਖਿਨਿ ਲਾਲਸਾ ਜਾਂਹੀ[†]।
ਰਖਹਿ ਸਨੂਖਾ ਕੋ ਨਿਜ ਪਾਹੀ* ॥੩॥
ਬ੍ਰਿੰਦ ਬਿਘਨ ਤੇ ਰੱਛਜਾ ਕਰਿਹੀ।
ਜਨਤ ਅਨੇਕਨਿ ਕੇ ਅਨੁਸਰਹੀ[1]।
ਸਤਿਗੁਰੁ ਵਹਿਰ ਦਿਵਾਨ ਲਗਾਵੈਂ।
ਸੁਨਿ ਸੰਗਤਿ ਬਹੁ ਦਿਸ਼ਿ ਤੇ ਆਵੈ ॥੪॥
ਨਿਕਟਿ ਨਿਕਟਿ ਜੇ ਗ੍ਰਾਮ ਤਮਾਮੂ।
ਸੁਨਿ ਸੁਨਿ ਗੁਰ ਕੋ ਜਸ ਅਭਿਰਾਮੂ।
ਪ੍ਰਥਮ ਨ ਸਿੱਖ ਭਏ, ਸੋ ਆਵੈਂ।
ਲੇ ਸਿੱਖਜਾ ਕੋ ਉਰ ਹੁਲਸਾਵੈਂ ॥੫॥
ਬਨਹਿਂ ਦਾਸ ਮਨੁ ਕਾਮਨ ਪਾਵੈਂ।
ਅਨਿਕ ਅਕੋਰਨ ਕੋ ਅਰਪਾਵੈਂ।
ਕੇਤਿਕ ਦਿਨ ਪ੍ਰਤਿ ਦਰਸ਼ਨ ਆਵੈਂ।
ਕਿਤਿਕ ਨਿਕਟ ਰਹਿ ਸੇਵ ਕਮਾਵੈਂ ॥੬॥
ਸਿੱਖੀ ਅਧਿਕ ਹੋਨਿ ਤਹਿਂ ਲਾਗੀ।
ਸਿਮਰਹਿਂ ਸੱਤਿਨਾਮ ਬਡਿਭਾਗੀ।
ਭਏ ਦੇਸ਼ ਤਿਸ ਬ੍ਰਿੰਦ ਨਿਹਾਲ।
ਫੈਲਿ ਰਹਜੋ ਸਤਿਗੁਰੁ ਜਸੁ ਜਾਲ ॥੭॥

[1]ਹੱਥਾਂ ਨਾਲ।

[†]ਛਾਪੇ ਦੇ ਨੁਸਖੇ ਵਿੱਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਨਹੀਂ ਹੈ।

[1]ਕਰਦੀ ਹੈ।

ਇਸ ਪ੍ਰਕਾਰ ਤਹਿਂ ਬਸਤਿ ਬਿਤਾਯੋ।
ਸਮੈ ਪ੍ਰਸੂਤ ਹੋਨਿ ਕੋ ਆਯੋ।
ਮਾਤ ਗੰਗ ਨਿਸਿ ਦਿਨ ਸਵਧਾਨਾ।
ਨਿਕਟ ਨੁਖਾ ਕੇ ਰਹਤਿ ਸੁਜਾਨਾ ॥੮॥
ਜਗਤ ਬਿਖੈ ਰੁਤਿ ਸਰਦ ਪ੍ਰਕਾਸ਼ੀ।
ਕਾਤਿਕ ਸੁੰਦਰ ਪੂਰਨਮਾਸ਼ੀ।
ਗ੍ਰਿਹ ਨਿਛੱਤ੍ਰ ਸ਼ੁਭ ਲਗਨ ਮਝਾਰਾ।
ਅਰਧ ਰਾਤਿ ਮਹਿਂ ਚੰਦ ਉਦਾਰਾ ॥੯॥
ਜਨਮਜੋ ਬਾਲਕ ਸੁੰਦਰ ਦੇਹਿ।
ਸੁਨਿ ਗੰਗਾ ਭਈ ਆਨੰਦ ਗ੍ਰੇਹ।
ਦਾਸੀ ਦਾਸ ਫਿਰਹਿਂ ਉਤਲਾਏ।
ਮੰਗਲ ਵਸਤੁ ਸੰਚਿ ਸਮੁਦਾਏ ॥੧੦॥
ਆਪਸ ਮਹਿਂ ਕਹਿ ਹਰਖਤਿ ਹੋਤਿ।
ਸਭਿ ਕੁਟੰਬ ਕੇ ਅਨੰਦ ਉਦੋਤਿ।
ਗੁਰ ਢਿਗ ਸੁਧਿ ਕਹਿ ਧਨ ਗਨ ਪਾਯੋ।
ਸਭਿਨਿ ਬਿਖੈ ਮੰਗਲ ਪ੍ਰਗਟਾਯੋ ॥੧੧॥
ਭਈ ਪ੍ਰਭਾਤੀ ਬਜੀ ਬਧਾਈ।
ਲਘੁ ਨੌਬਤ ਬਾਜਤਿ ਸ਼ਹਨਾਈ।
ਮੰਗਤ ਜਨੁ ਸੁਨਿ ਸੁਨਿ ਸਮੁਦਾਏ।
ਜਾਚਨ ਹੇਤੁ ਗੁਰੂ ਤੇ ਆਏ ॥੧੨॥
ਜੇਠੇ ਸੰਗ ਕਹਜੋ 'ਧਨ ਲੀਜੈ।
ਗਨ ਮੰਗਤ ਜਨ ਕੋ ਬਹੁ ਦੀਜੈ।'
ਲੇ ਤਬਿ ਏਕਲ ਥਾਨ ਥਿਰਜੋ ਹੈ।
ਦੇ ਸਭਿਹਿਨ ਕੋ ਅਨੰਦ ਕਰਜੋ ਹੈ ॥੧੩॥
ਘਰ ਦਰ ਅੱਗਰ ਹੀਜਰੇ[1] ਨਾਚਹਿਂ। — [1]ਖੁਸਰੇ।
ਪਿਖਹਿਂ ਅਨੇਕ ਹਰਖ ਚਿਤ ਰਾਚਹਿਂ।
ਢੋਲਕ ਟਲਕਾ[1] ਘੁੰਘਰੂ ਤਾਲੀ। — [1]ਟੱਲੀਆਂ।
ਗਾਇ ਬਜਾਵਤਿ ਲੇਤਿ ਭਵਾਲੀ ॥੧੪॥
ਗੁੰਥਤਿ[†] ਫੂਲਨਿ ਪਾਤ ਸੁਧਾਰੈ[1]। — [1]ਪੱਤੇ ਤੇ ਫੁੱਲ ਸੁਧਾਰਕੇ ਗੁੰਦੇ ਹੋਏ। [†]ਪਾ:—ਗੁੰਦਤਿ।
ਦਰ ਪਰ ਬਾਂਧੀ ਬੰਦਨ ਵਾਰੈਂ।
ਜੇਠਾ[1] ਸੁਤ ਜਨਮਜੋ ਬਡਭਾਗੀ। — [1]ਵੱਡਾ।
ਗਾਵਤਿ ਮਿਲੀ ਤ੍ਰਿਯਾ ਅਨੁਰਾਗੀ ॥੧੫॥

ਆਨਿ ਆਨਿ ਗਨ ਦੇਤਿ ਬਧਾਈ।
ਸੁਨਿ ਸੁਨਿ ਮੋਦ ਗੰਗ ਉਰ ਪਾਈ।
ਜੋ ਕੁਲ ਰੀਤਿ ਹੁਤੀ ਸਭਿ ਕੀਨੀ।
ਜਥਾ ਜੋਗ ਵਥੁ ਤ੍ਰੀਯਨਿ[1] ਦੀਨੀ ॥੧੬॥ [1]ਇਸਤ੍ਰੀਆਂ ਨੂੰ।
ਸਾਈਂਦਾਸ ਪ੍ਰਿਥਕ ਧਨ ਬਾਂਟਾ।
ਰਾਮੋ ਜੁਤਿ ਬਡ ਮੰਗਲ ਠਾਟਾ।
ਗੰਗ ਮਾਤ ਕੋ ਦੇਨਿ ਬਧਾਈ।
ਗੁਰੁ ਢਿਗ ਕਹਤਿ ਸੁਨਤਿ ਹਰਖਾਈ ॥੧੭॥
ਇੱਤਜਾਦਿਕ ਬਡ ਉਤਸਵ ਕੀਨਾ।
ਰੰਕਨਿ ਕੋ ਧਨ ਅਨਗਨ ਦੀਨਾ।
ਸੁਨਿ ਸੁਨਿ ਅਪਰ ਗ੍ਰਾਮ ਕੇ ਆਵੈਂ।
ਰਿਦੇ ਅਨੰਦਤਿ ਬਾਕ ਸੁਨਾਵੈਂ ॥੧੮॥
'ਰਾਮਦਾਸ ਗੁਰ ਕੋ ਬਡ ਬੰਸ।
ਸਗਰੇ ਸੋਢਿਨਿ ਕੋ ਅਵਤੰਸ਼[1]। [1]ਮੁਕਟ।
ਗੁਰ ਅਰਜਨ ਕੋ ਉਦਯੋ ਸਪੂਤ।
ਮਾਯਾ ਮਹਿਂ ਅਲੇਪ ਅਵਧੂਤ[1] ॥੧੯॥ [1]ਸੰਨਯਾਸੀ।
ਜੋਧਾ ਗੁਰੂ ਜਗਤ ਕੋ ਮਾਲਿਕ।
ਸਭਿਨਿ ਜੀਵਕਾ ਤੁਮਰੇ ਤਾਲਿਕ[1]। [1]ਸਪੁਰਦ, ਅਧੀਨ [ਅ਼: ਤਅ਼ੱਲਕ਼]
ਅਲਪ ਘਨੀ ਦੇਤੇ ਸਭਿ ਤਾਂਈ।
ਰਾਵਰਿ ਦਾਤ ਸਰਬ ਲੇ ਖਾਈ ॥੨੦॥
ਇੰਦ੍ਰ ਮਨਿੰਦ ਬਿਲੰਦ ਉਦਾਰਾ।
ਦੇਤਿ ਦਾਨ ਜਿਸ ਵਾਰ ਨ ਪਾਰਾ।
ਸਿਖ ਸੰਤਨ ਕੋ ਗੁਰ ਬਖ਼ਸ਼ੰਤੇ।
ਜਨਮ ਮਰਨ ਕੇ ਬੰਦ ਕਟੰਤੇ' ॥੨੧॥
ਸੁਨਿ ਸੁਨਿ ਜਸੁ ਸ਼੍ਰੀ ਹਰਿਗੋਵਿੰਦ।
ਬਖਸ਼ਤਿ ਦਰਬ ਦਯਾਲੁ ਬਖ਼ਸ਼ਿੰਦ।
ਸੁਤ ਜਨਮਤਿ ਉਤਸਵ ਇਮ ਕੀਨਾ।
ਜਥਾ ਜੋਗ ਜਨ ਗਨ ਧਨ ਦੀਨਾ ॥੨੨॥
ਕਰਨਿ ਲਗੇ ਸੁਤ ਕੀ ਪ੍ਰਿਤਪਾਰੇ।
ਪੌਤ੍ਰਾ ਪਿਖਹਿ ਗੰਗ ਮੁਦ ਧਾਰੇ।
ਖ਼ਸ਼ਟੀ ਕੀਨਿ ਜਥਾ ਕੁਲ ਚਾਲੀ।

ਪਾਈ ਸੂਪ ਮਹਿਂ ਬਰਖਤਿ ਸਾਲੀ[1] ॥੨੩॥
ਸਭਿ ਤ੍ਰੀਯਨ ਕਹੁ ਦੀਨਿ ਕਰਾਹੂ।
ਬੰਟਯੋ ਬਹੁਤ ਲੀਨਿਸਿ ਸਭਿ ਕਾਹੂ।
ਦਿਨ ਤ੍ਰੌਦਸ਼ਮੇਂ ਕਰਿ ਕੁਲ ਰੀਤਿ।
ਹੇਰਿ ਹੇਰਿ ਕਰਿ ਹਰਖਤਿ ਚੀਤ ॥੨੪॥
ਸਵਾ ਮਾਸ ਜਬਿ ਬਿਤਵਨਿ ਕਰਯੋ।
'ਗੁਰਦਿੱਤਾ' ਗੁਰ ਆਖਯ[1] ਧਰਯੋ।
ਪਿਤਾ ਨਿਕਟ ਤਬਿ ਲੇ ਕਰਿ ਆਏ।
ਦਾਸੀ ਦਾਸ ਸੰਗ ਸਮੁਦਾਏ ॥੨੫॥
ਸ਼੍ਰੀ ਹਰਿ ਗੋਬਿੰਦ ਨੰਦਨ ਹੇਰਾ।
ਕਰਯੋ ਪਯਾਰ ਸਿਰ ਪਰ ਕਰ ਫੇਰਾ।
'ਸ਼੍ਰੀ ਗੁਰੁ ਸੁਤ ਦੀਨਸਿ ਅਭਿਰਾਮੂ।
ਗੁਰਦਿੱਤਾ ਯਾਂ ਤੇ ਧਰਿ ਨਾਮੂ' ॥੨੬ ॥
ਕਿਤਿਕ ਲੋਕ ਇਮ ਕਰਤਿ ਉਚਾਰ।
'ਸ਼੍ਰੀ ਨਾਨਕ ਕੋ ਇਹ ਅਵਤਾਰ।'
ਨਹਿਂ ਇਮ ਕਹਹੁ ਅਨੁਚਿਤਿ ਮਹਾਨ।
ਹੋਇ ਨ ਗੁਨ, ਅਵਗੁਨ ਪਹਿਚਾਨ ॥੨੭॥
ਜਿਸ ਕਾਰਨ ਤੇ ਉਚਰਨਿ ਲਾਗੇ।
ਸੋ ਭੀ ਕਹੌਂ ਸੁਨਹੁਂ ਅਨੁਰਾਗੇ।
ਇਕ ਦਿਨ ਮਹਿਂ ਸ਼੍ਰੀ ਹਰਿ ਗੋਵਿੰਦ।
ਮਿਲੇ ਕਹੂੰ ਬੈਠੇ ਸ਼੍ਰੀ ਚੰਦ ॥੨੮॥
ਕਰਿ ਬੰਦਨ ਤਬਿ ਥਿਰੇ ਅਗਾਰੀ।
ਸ਼੍ਰੀ ਨਾਨਕ ਸੁਤ ਗਿਰਾ ਉਚਾਰੀ।
'ਕੇਤਿਕ ਨੰਦਨ ਭਏ ਤੁਮਾਰੇ?
ਗੁਰੂ ਭਏ[1] ਸਭਿ ਜਗਤ ਮਝਾਰੇ' ॥੨੯॥
ਹਾਥ ਜੋਰਿ ਬੋਲੇ ਗੁਰ ਭਾਰੀ।
'ਪੰਚ ਪੁੱਤ੍ਰ ਭੇ ਕ੍ਰਿਪਾ ਤੁਮਾਰੀ।'
ਸਿਰੀਚੰਦ ਬਿਕਸਤਿ ਕਹਿ ਬੈਨਾ।
'ਕੋ ਬਾਬੇ[1] ਕੇ ਘਰ ਭੀ ਦੈਨਾ? ॥੩੦॥
ਕੈ ਅਪਨੇ ਘਰ ਹੀ ਸਭਿ ਰਾਖਹੁ।
ਪੰਚਹੁ ਕੋ ਨ ਬਿਰਹ ਅਭਿਲਾਖਹੁ[1]?'

[1]ਛੱਜ ਵਿਚ ਪਾਕੇ ਫੂਲੀਆਂ ਵਰਸਾਂਦੇ ਹਨ।

[1]ਨਾਮ।

[1]ਆਪ) ਗੁਰੂ ਹੋਏ ਹੋ।

[1]ਇਥੇ ਭਾਵ ਹੈ ਬਾਬਾ ਸ਼੍ਰੀ ਚੰਦ ਜੀ ਤੋਂ।

[1]ਵਿਛੋੜਾ ਨਹੀਂ ਚਾਹੁੰਦੇ ਹੋ।

ਕਹ੍ਯੋ ਗੁਰੂ ਤਬਿ ਨੰਮ੍ਰੀ ਹੋਇ।
'ਕਰਹਿਂ, ਰਜ਼ਾਇ ਆਪ ਕੀ ਜੋਇ ॥੩੧॥
ਅਭਿਲਾਖਹਿਂ ਹਮ, ਸਕਲ ਸਮਾਜਾ।
ਹੋਇ ਸਫਲ ਜੋ ਤੁਮਰੇ ਕਾਜਾ।
ਆਦਿ ਗੁਰੂ ਕੇ ਨੰਦਨ ਆਪ।
ਜਿਨ ਕੋ ਸਭਿ ਥਲ ਵਧ੍ਯੋ ਪ੍ਰਤਾਪ'
॥੩੨॥
ਸ਼੍ਰੀ ਨਾਨਕ ਸੁਤ ਸੁਨਤਿ ਅਲਾਈ।
'ਹਿਤ ਆਦਰ ਕੇ ਕਹਤਿ ਬਨਾਈ।
ਕੈ ਤੁਮ ਸਾਚ ਕਰਹੁ ਹਮ ਜਾਚਾ[1]।'
ਹਰਿਗੋਵਿੰਦ ਕਹਿ 'ਜਾਨੋ ਸਾਚਾ' ॥੩੩॥
ਇਮ ਕਹਿ ਘਰ ਕੋ ਗਏ ਗੁਸਾਈਂ।
ਜੇਸ਼ਟ ਨੰਦਨ ਲੀਨਿ ਬੁਲਾਈ।
ਬਸਨ ਬਿਭੂਖਨ ਚਾਰੁ ਨਵੀਨ।
ਸ਼ਸਤ੍ਰ ਸਹਤ ਪਹਿਰਾਵਨਿ ਕੀਨ ॥੩੪॥
ਲੈ ਨਿਜ ਸੰਗਿ ਗਏ ਪੁਨ ਤਹਾਂ।
ਬੈਠ੍ਯੋ ਸਿਰੀ ਚੰਦ ਸ਼ੁਭ ਜਹਾਂ।
'ਜੇਠੋ ਨੰਦਨ ਇਹੀ ਹਮਾਰੇ।
ਅਰਪ੍ਯੋ ਤੁਮਰੇ ਆਨਿ ਅਗਾਰੇ ॥੩੫॥
ਅਪਰ ਪੁੱਤ੍ਰ ਸਭਿ ਦਾਸ ਤੁਮਾਰੇ।
ਚਿਤ ਬਾਂਛਹੁ ਲੀਜਹਿ ਅਬਿ ਸਾਰੇ।
ਰਾਵਰ ਕੀ ਇਹ ਵਸਤੂ ਸਾਰੀ।
ਹਮ ਸਦੀਵ ਐਸੀ ਮਤਿ ਧਾਰੀ' ॥੩੬॥
ਸੁਨਤਿ ਪ੍ਰਸੰਨ ਭਏ ਸ਼੍ਰੀ ਚੰਦ।
'ਧੰਨ ਤੁਮਹੁ ਇਮ ਬਨੇ ਬਿਲੰਦ।
ਹਮ ਪ੍ਰਸੰਨ ਮਨ ਤੁਮ ਪਰ ਭਏ।
ਉਚਤਿ ਬਡਾਈ ਕੇ ਲਖਿ ਲਏ ॥੩੭॥
ਜੋ ਇੱਛਾ ਹਮ ਤੇ ਬਰੁ ਲੀਜੈ।
ਕੁਛ ਅਦੇਯ ਤੁਮ ਤੇ ਨ, ਜਨੀਜੈ।'
ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ।
'ਜੋ ਸਭਿ ਤੇ ਆਛੋ ਤੁਮ ਜਾਨਾ ॥੩੮॥
ਸੋ ਦੀਜਹਿ ਜੇ ਭਏ ਕ੍ਰਿਪਾਲਾ।

[1]ਸਾਡੀ ਮੰਗ।

ਦਾਤਾ ਤੁਮ ਸਮ ਕ੍ਵੈ ਨ[†] ਬਿਸਾਲਾ।'
ਸਿਰੀ ਚੰਦ ਤਬਿ ਰਿਦੇ ਬਿਚਾਰਾ।
ਸ਼੍ਰੀ ਅਰਜਨ ਸੁਤ ਸੰਗ ਉਚਾਰਾ[1] ॥੩੯॥
'ਆਗੇ ਹੀ ਤੁਮ ਘਰ ਬਡਿਆਈ।
ਸ਼੍ਰੀ ਗੁਰ ਨਾਨਕ ਕੀ ਸ਼ੁਭ ਪਾਈ।
ਹਮਰੇ ਸਿਰ ਟੋਪੀ ਇਕ ਅਹੈ।
ਸੰਗੀ ਸਦਾ ਸਰਬ ਹੀ ਲਹੈਂ[1] ॥੪੦॥
ਅਪਰ ਪਦਾਰਥ ਸਭਿ ਤੁਮ ਲੀਨੇ।
ਹਲਤ ਪਲਤ ਕੋ ਰਾਜ ਪ੍ਰਬੀਨੇ।
ਸੋ ਟੋਪੀ ਹਮ ਦੇਂ ਸੁਤ ਤੋਹੀ।
ਬਿਦਤਹਿ ਜਗ ਬਖਸ਼ਿਸ਼ ਇਹ ਮੋਹੀ ॥੪੧॥
ਸਭਿ ਜਗ ਕੀ ਮਹੰਤਤਾ ਭਾਰੀ[†]।
ਇਸ ਟੋਪੀ ਕੇ ਹੁਇ ਅਨੁਸਾਰੀ।
ਅਪਰ ਨ ਹ੍ਵੈ ਇਸ ਕੇ ਸਮ ਦੂਜਾ।
ਚਹੁ ਦਿਸ਼ਿ ਦੇਖਿ ਕਰਹਿਂ ਬਡ ਪੂਜਾ ॥੪੨॥
ਲਾਖਹੁ ਨਰ ਧਾਰਹਿਂ ਇਹ ਬਾਨਾ।
ਕੇਤਿਕ ਨਾਂਗੇ ਬਨਹਿਂ ਮਹਾਨਾ।
ਬਿਥਰਹਿ ਪੰਥ ਮਹਿਦ ਮਹੀਆਨ।
ਜਿਨ ਕੇ ਹੋਇ ਨ ਆਨ ਸਮਾਨ ॥੪੩॥
ਮਮ ਤਪ ਕੋ ਪ੍ਰਤਾਪ ਬਲ ਭਾਰੀ।
ਪਸਰਹਿ ਸਗਰੀ ਧਰਨੰ ਮਝਾਰੀ।
ਜੇਤਿਕ ਹਮ ਢਿਗ ਆਛੋ[1] ਰਹਜੋ।
ਸੋ ਸਭਿ ਪੁੱਤ੍ਰ ਤੁਮਾਰੇ ਲਹਜੋ ॥੪੪॥
ਸੌ ਸੰਮਤ ਊਪਰ ਕਿਛ ਜਾਨੋ।
ਭਈ ਬੈਸ ਹਮਰੀ ਪਹਿਚਾਨੋ।
ਪਿਤਾ ਗੁਰੂ ਕੀ ਜੋ ਬਡਿਆਈ।
ਸੋ ਸਭਿ ਸੋਢਨਿ ਕੇ ਘਰ ਆਈ ॥੪੫॥
ਜੇਤਿਕ ਹੁਤੀ ਹਮਾਰੇ ਪਾਸ।

[†]ਪਾ:-ਕੌਨ।

[1]ਭਾਵ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਕਹਿਣ ਲਗੇ।

[1]ਸਾਰੇ ਸੰਗੀ ਸਦਾ ਹੀ ਇਹ ਜਾਣਦੇ ਹਨ।

[†]ਮੁਰਾਦ ਉਨ੍ਹਾਂ ਦੀ ਅਪਣੀ ਅਤੀਤ ਫਕੀਰੀ ਦੀ ਗੋਦੀ ਤੇ ਮਹੰਤਤਾਈ ਤੋਂ ਹੈ। ਉਦਾਸੀ ਸੰਪ੍ਰਦਾ ਦੇ ਪ੍ਰਚਾਰਕ ਬਾਬਾ ਗੁਰਦਿੱਤਾ ਜੀ ਹੀ ਸਭ ਤੋਂ ਮੁਹਰੀ ਤੇ ਵੱਡੇ ਹੋਏ ਹਨ।

[1]ਚੰਗੀ (ਵਸਤੂ)।

ਸੋ ਭੀ ਆਈ ਤੋਹਿ ਅਵਾਸ।'
ਇਮ ਕਹਿ ਨਿਜ ਟੋਪੀ ਲੇ ਹਾਥ।
ਧਰੀ ਤਬਹਿ ਗੁਰਦਿੱਤੇ ਮਾਥ ॥੪੬॥
ਹਰਖਤਿ ਕਹਜੋ ਬਦਨ ਕੋ ਜੋਯੋ।
'ਤੂੰ ਅਬਿ ਤੇ ਬਾਬੇ ਕੋ ਹੋਯੋ।
ਅਪਰ ਚਤੁਰ ਸੋ ਗੁਰੁ ਕੇ ਰਹੇ।'
ਚਿਤ ਪ੍ਰਸੰਨ ਤੇ ਗੁਰ ਸੁਤ ਕਹੇ ॥੪੭॥
ਤਬਿ ਤੇ ਸ਼੍ਰੀ ਬਾਬਾ ਗੁਰਦਿੱਤਾ।
ਕਹਨਿ ਲਗੇ ਜਬਿ ਤੇਬਰ ਦਿੱਤਾ।
'ਬਾਬਾ' ਨਾਮ ਕਹਿਨ ਤੇ ਜਾਨਾ।
ਪਾਛੇ ਨਰ ਕਰਿ ਕਰਿ ਅਨੁਮਾਨਾ† ॥੪੮॥
-ਸ਼੍ਰੀ ਨਾਨਕ ਕੋ ਬਾਬਾ ਨਾਮ।
ਜਗ ਮਹਿਂ ਬਿਦਤਿ ਲਖਹਿਂ ਅਭਿਰਾਮ।
ਅਪਰ ਨ ਬਾਬਾ ਕਿਸ ਕੋ ਕਹਜੋ।
ਗੁਰਤਾ ਥਿਰੁ ਸੁ ਗੁਰੂ ਪਦ ਲਹਜੋ[1] ॥੪੯॥
ਸਭਿ ਸੋਢੀ ਨੈ ਬਾਬਾ ਨਾਇ।
ਸ਼੍ਰੀ ਗੁਰਦਿੱਤੇ ਕੋ ਲਖਿ ਪਾਇ।
ਯਾਂ ਤੇ ਲਖੀਅਹਿ ਰਿਦੇ ਮਝਾਰ।
ਸ਼੍ਰੀ ਨਾਨਕ ਕੇ ਭੇ ਅਵਤਾਰ- ॥੫੦॥
ਇਕ ਤੌਂ ਕਥਾ ਗੁਰਨਿ ਕੀ ਸਾਰੀ।
ਸੁਨੀ ਨਹੀਂ ਨਹਿਂ ਮਨ ਮਹਿਂ ਧਾਰੀ।
ਔਰ ਵਾਸਤਵ ਨਹੀਂ ਬਿਚਾਰੇ।
ਇਮ ਕਹਿਤੇ ਮਤਿ ਦੂਖਨਧਾਰੇ[1] ॥੫੧॥
ਬੈਠੇ ਗਾਦੀ ਨੌਂ ਗੁਰ ਭਾਰੇ।
ਸੋ ਕਿਸ ਕੇ ਕਹੀਯਹਿ ਅਵਤਾਰੇ?
ਜੇ ਲਖੀਅਹਿ ਬਾਬਾ ਗੁਰਦਿੱਤਾ।
ਸ਼੍ਰੀ ਨਾਨਕ ਅਵਤਾਰ ਸੁ ਲਿੱਤਾ ॥੫੨॥
ਤਿਨ ਕੇ ਨੌਂ ਰੂਪਨਿ ਅਵਤਾਰ।
ਇਹ ਆਸ਼ੈ ਨਿਕਸਜੋ ਕੁਰਿਆਰ[1]।
ਜਿਸ ਨੇ ਪ੍ਰਥਮ ਕੀਨਿ ਅਨੁਮਾਨ।
ਨਹੀਂ ਭੇਵ ਸੋ ਸਕਜੋ ਪਛਾਨ ॥੫੩॥

†ਪਾ:—ਕੋ ਕਰ ਅਨੁਮਾਨਾ।

[1]ਜੋ ਗੁਰਿਆਈ ਗੱਦੀ ਤੇ ਟਿਕੇ ਉਨ੍ਹਾਂ 'ਗੁਰੂ' ਪਦ ਲਿਆ।

[1]ਇਉਂ ਕਹਿਕੇ ਬੁਧੀ ਵਿਚ ਦੂਸ਼ਨ ਧਾਰਦੇ ਹਨ।

[1]ਇਹ ਆਸ਼ਾ ਝੂਠਾ ਨਿਕਲਿਆ।

ਤਿਸ ਨੇ ਸਿਖ ਸੰਗਤਿ ਮਹਿਂ ਕਹ੍ਯੋ।
ਸੁਨਿ ਪਰੰਪਰਾ[1] ਸਭਿ ਨੇ ਲਹ੍ਯੋ।
ਕਹਤਿ ਰਹੇ ਸਿਖ ਸੁਨਤੇ ਰਹੇ।
ਨਿਰਨੇ ਕਰਿ ਆਸ਼ੈ ਨਹਿਂ ਲਹੇ ॥੫੪॥
ਯਾਂ ਤੇ ਕਹਨਿ ਨਹੀਂ ਇਹ ਚੀਨ[1]।
ਸਮਝਹੁ ਸਤਿਗੁਰ ਸਿੱਖ ਪ੍ਰਬੀਨ।
'ਬਾਬਾ' ਕਹਿਬੇ ਤੇ ਸਭਿ ਜਾਨਾ।
ਸਿਰੀ ਚੰਦ ਕਥ ਸੁਨੀ ਨ ਕਾਨਾ[1] ॥੫੫॥
ਨਿਰਨੈ ਕਰਨਿ ਹਾਰ ਸਿਖ ਜੇਈ।
ਸਮਝ ਬਿਚਾਰਹੁ ਨੀਕੇ ਤੇਈ।
ਸ਼੍ਰੀ ਹਰਿ ਗੋਬਿੰਦ ਕੇ ਸੁਤ ਜਨਮੇਂ।
ਸਰਬ ਕੁਟੰਬ ਅਨੰਦਤਿ ਮਨ ਮੇਂ ॥੫੬॥
ਕਰਿ ਕਰਿ ਗੰਗ ਸਨੇਹ ਘਨੇਰਾ।
ਪੌਤ੍ਰ ਦੁਲਾਰਤਿ ਸੰਝ ਸਵੇਰਾ।
ਗ੍ਰਾਮ ਡਰੋਲੀ ਸਮੈ ਬਿਤਾਵਾ।
ਸ਼੍ਰੀ ਸਤਿਗੁਰੂ ਪ੍ਰਮੋਦ ਬਧਾਵਾ ॥੫੭॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਬਾਬਾ ਗੁਰਦਿੱਤਾ ਜਨਮ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

[1]ਇਕ ਦੂਜੇ ਤੋਂ ਅੱਗੇ ਅੱਗੇ ਸੁਣਕੇ।

[1]ਇਹ ਕਹਿਣਾ (ਠੀਕ) ਨਾ ਜਾਣੋਂ।

[1]ਸਿਰੀ ਚੰਦ ਜੀ ਦੀ ਕਥਾ ਕੰਨੀ ਨਾ ਸੁਣੀ।

੩੮. [ਬਾਬਾ ਬੁੱਢਾ ਜੀ ਨੇ ਚੌਂਕੀ ਤੋਰੀ। ਸਾਈਂ ਦਾਸ ਦਾ ਪ੍ਰੇਮ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਸ੍ਰੀ ਹਰਿ ਗੋਵਿੰਦ ਚੰਦ ਕੇ, ਸੁਤ ਉਪਜੇ
ਪਸ਼ਚਾਤ।
ਕੇਤਿਕ ਮਾਸ ਬਿਤੀਤ ਭੇ, ਸੁੰਦਰ ਬ੍ਰਿੱਧਤਿ
ਗਾਤ ॥੧॥

ਚੌਪਈ:

ਰਾਮੋ ਲਗਤਿ ਹੁਤੀ ਗੁਰੁ ਜਾਰੀ[1]।
ਸੋ ਸੰਬੰਧ ਕੋ ਰਿਦੇ ਬਿਸਾਰੀ।
ਪਤਿ ਜੁਤਿ ਜਾਨਜੋ -ਗੁਰ ਜਗਦੀਸ਼-।
ਨਿਤ ਉਠਿ ਧਰਤਿ ਚਰਨ ਪਰ ਸੀਸ ॥੨॥
ਭੋਜਨ ਆਦਿਕ ਸੇਵਾ ਜੋਇ।
ਕਰਹਿ ਪ੍ਰੇਮ ਤੇ ਨਿਜ ਕਰ ਸੋਇ।
ਅਸ ਪ੍ਰਤੀਤ ਦੰਪਤਿ ਕੋ ਆਈ।
ਸੇਵਤਿ ਸਤਿਗੁਰ ਸ਼ਕਤੀ ਪਾਈ ॥੩॥
ਅਜ਼ਮਤਿ ਸਹਤ ਭਯੋ ਉਜੀਆਰਾ।
ਚੌਦਹਿ ਲੋਕ ਚਰਿਤ ਲਖਿ ਸਾਰਾ।
ਤਜੋਂ ਤਜੋਂ ਨੰਮ੍ਰੀਭੂਤ ਬਨੰਤੇ।
ਸ਼ਕਤਿ ਪਾਇ ਕਰਿ ਨਹਿਂ ਗਰਬੰਤੇ ॥੪॥
ਬਿਲਸਤਿ ਬਡੇ ਬਿਨੋਦ[1] ਬਿਲਾਸੂ।
ਤਿਨ ਕੇ ਸਤਿਗੁਰੁ ਬਸੇ ਅਵਾਸੂ।
ਰਾਮੋ ਲੇ ਗੁਰੁ ਸੁਤ ਕਰਿ ਪਜਾਰੂ।
ਬਹੁਤ ਦੁਲਾਰਤਿ ਦੇਖਤਿ ਚਾਰੂ ॥੫॥
ਗੁਰ ਸਮੀਪ ਕਬਿ ਕਬਿ ਲੇ ਜਾਵੈ।
ਗੋਦ ਪੁੱਤ੍ਰ ਕੋ ਲੇ ਦੁਲਰਾਵੈ।
ਸਾਈਂਦਾਸ ਕਬਹੁੰ ਲੇ ਅੰਕ।
ਸੁੰਦਰ ਮਨਹੁ ਚੰਦ ਅਕਲੰਕ ॥੬॥
ਪਿਖਿ ਦਮੋਦਰੀ ਹ੍ਵੈ ਬਲਿਹਾਰੀ।
ਪਾਰਤਿ ਪੁੱਤ੍ਰ ਪ੍ਰੀਤਿ ਉਰਧਾਰੀ।
ਜਰੇ ਜਰਾਉ ਸੁ ਚਾਮੀਕਰ ਕੇ।
ਭੂਖਨ ਬਹੁ ਬਹਿਰਾਵਨਿ ਕਰਕੇ ॥੭॥

[1]ਸਾਲੀ।

[1]ਕੌਤਕ।

ਸੂਖਮ ਝੀਨ[1] ਬਸਤ੍ਰ ਪਹਿਰਾਵੈ।
ਝਗਲੀ ਮਹਿਂ ਸਰੀਰ ਦਿਪਤਾਵੈ।
ਤ੍ਰਿਪਤ ਨ ਹੋਤਿ ਦੁਲਾਰਤਿ ਸਾਰੇ।
ਬਾਲਕ ਦੁਰਲਭ ਪ੍ਰਥਮ ਨਿਹਾਰੇ ॥੮॥

[1]ਬਰੀਕ।

ਬੀਤਯੋ ਚੇਤ, ਵਿਸਾਖੀ ਆਈ।
ਚਹੁੰਦਿਸ਼ਿ ਤੇ ਸੰਗਤਿ ਉਮਡਾਈ।
ਸੁਨਿ ਗੁਰ ਡੇਰਾ ਗ੍ਰਾਮ ਡਰੋਲੀ।
ਅਰਪਨਿ ਹਿਤ ਵਸਤੂ ਬਹੁ ਮੋਲੀ ॥੯॥
ਲੈਬੇ ਖੁਸ਼ੀ ਕਾਮਨਾ ਪੂਰਨ।
ਸੰਗਤਿ ਆਇ ਪਹੂਚੀ ਤੂਰਨ।
ਦਿਵਸ ਬਸੋਏ[1] ਕੋ ਜਬਿ ਆਵਾ।
ਬਡੋ ਫਰਸ਼ ਗੁਰ ਵਹਿਰ ਕਰਾਵਾ ॥੧੦॥

[1]ਵਿਸਾਖੀ।

ਮਖ਼ਮਲ ਕੀ ਗਾਦੀ ਲਗਿ ਜ਼ਰੀ।
ਚਾਰਨਿ ਕੋਰ ਬਰਾਬਰ ਕਰੀ।
ਊਪਰ ਧਰੇ ਬਡੇ ਉਪਧਾਨੂ।
ਖਰੇ ਢਲੈਤ[1] ਭਏ ਸਵਧਾਨੂ ॥੧੧॥

[1]ਸੂਰਮੇ।

ਕੰਚਨ ਦੰਡ ਲਿਏ ਕੋ ਪਾਨੀ[1]।
ਖਰੇ ਭਏ ਗੁਰ ਕੇ ਅਗਵਾਨੀ।
ਸੂਰਜਮੁਖੀ ਬੀਜਨਾ ਚਮਕਹਿ।
ਜਨੁ ਸੂਰਜ ਕਿਰਨਨਿ ਜੁਤਿ ਦਮਕਹਿ ॥੧੨॥

[1]ਹੱਥਾਂ ਵਿਚ।

ਸੁੰਦਰ ਮੰਦਿਰ ਕੋ ਤਬਿ ਤਜਾਗੇ।
ਆਏ ਬਡੀ ਸਭਾ ਜਹਿਂ ਲਾਗੇ।
ਬੋਲਤਿ ਚਲਤਿ ਨਕੀਬ ਅਗਾਰੀ।
ਰਾਮੋ ਪਤਿ ਸੋਂ ਕਰ ਕਰ ਧਾਰੀ[1] ॥੧੩॥

[1]ਭਾਈ ਸਾਈਂਦਾਸ ਦਾ ਹੱਥ ਹੱਥ ਵਿਚ ਫੜਕੇ।

ਸਨੈ ਸਨੈ ਧਰਿ ਪਦ ਅਰਬਿੰਦ।
ਆਵਤਿ ਭੇ ਸ਼੍ਰੀ ਹਰਿਗੋਵਿੰਦ।
ਖਰੀ ਦੂਰ ਲੌ ਸੰਗਤਿ ਘਨੀ।
ਦਰਸ਼ਨ ਕੀ ਅਭਿਲਾਖਾ ਸੁਨੀ ॥੧੪॥
ਏਕ ਬਾਰ ਸਭਿ ਸੀਸ ਨਿਵਾਏ।
ਅਵਿਲੋਕਤਿ ਮਨ ਮੋਦ ਉਪਾਏ।
ਗਾਦੀ ਕੋ ਬੰਦਨ ਕਰ ਬੰਦਿ।

ਬੈਠੇ ਊਪਰ ਡੀਲ ਬਿਲੰਦ ॥੧੫॥
ਚਮਰ ਚਾਰੁ ਢੋਰਤਿ ਛਬਿ ਐਸੇ।
ਆਵਤਿ ਉਡਤਿ ਹੰਸ ਹੁਇ ਜੈਸੇ।
ਭਯੋ ਮੇਵਰੋ ਖਰੋ ਅਗਾਰੀ।
ਹਿਤ ਸਿੱਖਜਨਿ ਅਰਦਾਸ ਉਚਾਰੀ ॥੧੬॥
ਹੁਕਮ ਭਯੋ ਸੰਗਤਿ ਕੋ ਤਬੈ।
'ਅਬਿ ਗੁਰ ਦਰਸਹੁ ਆਵਹੁ ਸਬੈ।'
ਸੁਨਤਿ ਬਾਤਿ† ਉਤਲਾਵਤਿ ਆਈ।
ਧਰਹਿ ਉਪਾਇਨ ਗਨ ਅਗਵਾਈ ॥੧੭॥
ਦਰਸ਼ਨ ਕਰਿ ਕਰਿ ਜੋਰਤਿ ਹਾਥ।
ਪਾਇ ਕਾਮਨਾ ਸ਼ਰਧਾ ਸਾਥ।
ਅਨਗਨ ਦਰਬ ਚਢੜੋ ਗੁਰ ਆਗੇ।
ਅਰਪਹਿਂ ਜਾਨਹਿਂ ਸਫਲ ਸੁਭਾਗੇ ॥੧੮॥
ਆਵਨਿ ਸਿੱਖਜਨਿ ਕਰਜੋ ਸਕਾਰਥ।
ਸਰਬ ਰੀਤਿ ਕਰਿ ਭਏ ਕ੍ਰਿਤਾਰਥ।
ਸਵਾ ਜਾਮ ਗੁਰ ਦਰਸ਼ਨ ਦੀਨਾ।
ਪੁਨ ਭੋਜਨ ਹਿਤ ਉਠੇ ਪ੍ਰਬੀਨਾ ॥੧੯॥
ਜਯ ਜਯਕਾਰ ਹੋਤਿ ਚਹੁਂ ਫੇਰੇ।
ਗਏ ਸਦਨ ਕੋ ਗੁਰ ਤਿਸ ਬੇਰੇ।
ਦੇਗ ਬਿਸਾਲ ਹੋਤਿ ਗੁਰ ਕੇਰੀ।
ਕਰਹਿਂ ਤਜਾਰ ਨਿਸਿ ਦਿਵਸ ਘਨੇਰੀ ॥੨੦॥
ਲੋਕ ਅਨੇਕ ਸੁ ਅਚਹਿਂ ਅਹਾਰਾ।
ਨਹਿਂ ਪੱਯਤਿ ਕਿਹ ਸਮੈ ਸ਼ੁਮਾਰਾ।
ਤੀਨ ਦਿਵਸ ਮੇਲਾ ਬਡ ਰਹਜੋ।
ਭਾਉ ਸਹਤ ਗੁਰ ਦਰਸ਼ਨ ਲਹਜੋ ॥੨੧॥
ਦੇ ਦੇ ਸਿਰੇਪਾਉ ਗੁਰ ਫੇਰ।
ਕਰੇ ਬਿਸਰਜਨ ਜਿਤ ਕਿਤ ਕੇਰਿ।
ਚਹੁ ਦਿਸਿ ਕੇ ਪ੍ਰਸਥਨ ਪ੍ਰਸਥਾਨੇ[1]।
ਗੁਰ ਜਸ ਕਰਤੇ ਜਾਤਿ ਮਹਾਨੇ ॥੨੨॥
ਗਏ ਸੁਧਾਸਰ ਕੋ ਨਰ ਕੇਈ।
ਮੱਜਨ ਕਰਤਿ ਭਏ ਤਹਿਂ ਤੇਈ।

†ਪਾ:—ਉਤ ਸੰਗਤਿ।

[1]ਜਾਣੇ ਵਾਲੇ ਚਲੇ ਗਏ।

ਬੁੱਢੇ ਅਰੁ ਗੁਰਦਾਸਿ ਜਿ ਆਦਿ।
ਬੂਝਤਿ ਸੁਧਿ ਕਰਿ ਕਰਿ ਗੁਰ ਯਾਦਿ ॥੨੩॥
ਚਹੈਂ ਦਰਸ -ਕਬਿ ਨਿਜ ਘਰ ਆਵਹਿਂ।
ਚੰਦ ਬਦਨ ਸੁੰਦਰ ਦਰਸਾਵਹਿਂ-।
ਸਭਿਹਿਨਿ ਬ੍ਰਿਧ ਸੋਂ ਕੀਨਿ ਬਖਾਨੀ।
'ਲਿਖਹੁ ਅਖਿਲ ਕੀ ਬਿਨੈ ਮਹਾਂਨੀ ॥੨੪॥
-ਅਭਿਲਾਖਤਿ ਹੈਂ ਦਰਸ ਤੁਮਾਰਾ।
ਲਾਗ ਰਹ੍ਯੋ ਮਨ ਇਤਹੁਂ ਹਮਾਰਾ।
ਆਇਸੁ ਬਿਨਾਂ ਨ ਆਇ ਸਕੈ ਹੈਂ।
ਚਿਤ ਚਾਹਤਿ ਹੀ ਦਿਵਸ ਬਿਤੈ ਹੈਂ ॥੨੫॥
ਸਦਨ ਪ੍ਰਵੇਸ਼ਹੁ ਆਨਿ ਗੁਸਾਈਂ।
ਤਹਾਂ ਬਸਨ ਕੈਸੇ ਮਨ ਭਾਈ।
ਪਿਤਾ ਪਿਤਾਮ ਸੰਬੰਧੀ ਥਾਨ।
ਤੀਰਥ ਸਤਿਗੁਰ ਕੀਨਿ ਮਹਾਨ ॥੨੬॥
ਕਿਮ ਬਿਸਾਰਨੋ ਬਨਹਿ ਜੁ ਐਸੇ।
ਬਸਹੁ ਆਪ ਪਿਤ ਦਾਦਾ ਜੈਸੇ-।'
ਇੱਤਜਾਦਿਕ ਬ੍ਰਿਧ ਲਿਖ੍ਯੋ ਘਨੇਰੇ।
ਸਿਖ ਗੁਰਦਾਸ ਆਦਿਕਨਿ ਪ੍ਰੇਰੇ ॥੨੭॥
ਪਠ੍ਯੋ ਸਿੱਖ ਚਲਿ ਤੂਰਨ ਆਯੋ।
ਸ਼੍ਰੀ ਸਤਿਗੁਰ ਕੋ ਦਰਸ਼ਨ ਪਾਯੋ।
ਕਰਿ ਬੰਦਨ ਕੋ ਬਿਨੈ ਉਚਾਰੀ।
ਧਰਿ ਦੀਨਸਿ ਅਰਦਾਸ ਅਗਾਰੀ ॥੨੮॥
ਸਭਿ ਕੀ ਕੁਸ਼ਲ ਬੂਝਿ ਤਿਹ ਸੰਗ।
ਪੁਨ ਕਾਗਦ ਲੇ ਪਠ੍ਯੋ ਪ੍ਰਸੰਗ।
ਜਾਨਿ ਬਿਨੈ ਨਿਜ ਸਿੱਖਨਿ ਕੇਰੀ।
ਕਰੀ ਗਮਨ ਕੀ ਮਤਿ ਤਿਸ ਬੇਰੀ ॥੨੯॥
ਬਹੁਰ ਪਠ੍ਯੋ ਕਾਗਦ ਲਿਖਿਵਾਇ।
'ਬਿਨਾ ਬਿਲੰਬ ਆਇਂ ਇਸ ਥਾਇਂ।
ਸਰਬ ਕਾਜ ਇਤ ਕੇ ਹੁਇ ਗਏ।
ਪੂਰ ਮਨੋਰਥ ਸਿੱਖਜਨਿ ਕਏ ॥੩੦॥

ਸਤਿਗੁਰ ਸ਼ਬਦ ਕਰਹੁ ਪਠਿ ਪ੍ਰੇਮ।
ਜੋ ਦਾਤਾ ਦੁਹਿ ਲੋਕਨਿ ਛੇਮ।'
ਲੇ[1] ਗੁਰ ਤੇ ਗਮਨਜੋ ਸਿਖ ਸੋਈ।
ਜਾਇ ਪਹੁਚਜੋ ਪੁਰਿ, ਸੁਧਿ ਹੋਈ ॥੩੧॥
ਸੁਨਜੋ ਹੁਕਮਨਾਮਾ ਗੁਰ ਕੇਰਾ।
ਸਭਿ ਕੇ ਹਰਖ ਭਯੋ ਤਿਸ ਬੇਰਾ।
ਬਹੁਰ ਬ੍ਰਿੱਧ ਨੇ ਸਭਿ ਸੋਂ ਭਾਖਾ।
'ਤੁਰਤ ਦਰਸ ਗੁਰ ਦੇਂ ਅਭਿਲਾਖਾ ॥੩੨॥
ਪ੍ਰੇਮ ਸੰਗ ਰਹੁਰਾਸ ਪਿਛੇਰੇ।
ਮਿਲਹੁ ਸਿੱਖ ਤਬਿ ਹੋਇ ਘਨੇਰੇ।
ਸਨੇ ਸਨੇ ਪਰਦਛਨਾ ਕਰੀਯਹਿ।
ਪ੍ਰੇਮ ਸੰਗ ਗੁਰ ਸ਼ਬਦ ਉਚਰੀਯਹਿ ॥੩੩॥
ਹਲਤ ਪਲਤ ਨਿਜ ਭਲੋ ਬਿਚਰੀਯਹਿ।
ਹੁਕਮ ਗੁਰੂ ਆਯੋ ਮਨ ਧਰੀਯਹਿ।
ਪ੍ਰੇਮ ਬਸੀ ਹੈਂ ਸਹਿਜ ਸੁਭਾਇਕ।
ਆਇ ਦਰਸ ਦੇਂ ਸਭਿ ਸੁਖਦਾਇਕ' ॥੩੪॥
ਸੁਨਤ ਬ੍ਰਿੱਧ ਤੇ ਸਿੱਖਨਿ ਮਾਨਾ।
ਸੰਧਜਾ ਬਿਖੇ ਮੇਲ ਬਡ ਠਾਨਾ।
ਸੁਧਾ ਸਰੋਵਰ ਕੇ ਚਹੁੰ ਫੇਰੇ।
ਫਿਰਤਿ ਪਢਤਿ ਕਰਿ ਪ੍ਰੇਮ ਘਨੇਰੇ ॥੩੫॥
ਕਰੈਂ ਟਹਿਲ ਆਪਸ ਮਹਿਂ ਸਾਰੇ।
ਚਾਂਪੀ ਕਰਿਤੇ, ਪੌਨ ਝੁਲਾਰੇ।
ਚਾਰ ਘਟੀ ਨਿਸਿ ਬੀਤੇ ਜਬਿ ਲੌਂ।
ਗੁਰ ਕੇ ਸ਼ਬਦ ਉਚਾਰਹਿਂ ਤਬਿ ਲੌਂ ॥੩੬॥
ਭੋਗ ਪਾਇ ਅਰਦਾਸ ਕਰੰਤੇ।
'ਆਇ ਦਰਸ ਦਿਹੁ' ਬਚ ਉਚਰੰਤੇ।
ਇਸ ਪ੍ਰਕਾਰ ਸਿੱਖਨਿ ਪ੍ਰਨ ਠਾਨਾ।
ਅੰਤਰਜਾਮੀ ਗੁਰ ਸਭਿ ਜਾਨਾ ॥੩੭॥
ਚਹਤਿ ਚਲਨਿ ਕੋ ਪੁਰਿ ਉਤਲਾਏ।
ਇਕ ਦਿਨ ਪੌਢੇ ਸਹਿਜ ਸੁਭਾਏ।

[1]ਹੁਕਮ ਨਾਮਾ) ਲੈ ਕੇ।

ਰੁਤ ਗ੍ਰੀਖਮ ਮਹਿਂ ਘਾਮ ਬਿਸਾਲਾ।
ਛਿਰਕਯੋ ਜਲ ਸੀਤਲ ਕਰਿ ਸਾਲਾ
॥੩੮॥
ਚਾਂਪਤਿ ਪਦ ਜੁਗ ਸਾਈਂ ਦਾਸ।
ਰਾਮੋ ਬਿਜਨਾ ਕਰਤਿ ਹੁਲਾਸ।
ਮ੍ਰਿਦੁਲ ਸੇਜ ਪਰ ਸਤਿਗੁਰ ਥਿਰੇ।
ਇਸ ਪ੍ਰਕਾਰ ਕੌਤਕ ਤਬਿ ਕਰੇ ॥੩੯॥
ਲਾਦੀ ਖੇਪ ਏਕ ਸੌਦਾਗਰ।
-ਭਰਿ ਜਹਾਜ ਠੇਲ੍ਯੋ ਵਿਚ ਸਾਗਰ।
ਗਮਨ੍ਯੋ ਕਿਸ ਟਾਪੂ ਹਿਤ ਜਾਨੈ।
ਜਲ ਅਗਾਧ ਮਹਿਂ ਕਰਤਿ ਪਯਾਨੈ ॥੪੦॥
ਕੇਤਿਕ ਦੂਰ ਗਯੋ ਚਲਿ ਸੋਇ।
ਬਾਂਛਤਿ ਚਿਤ ਪਹੁੰਚਨਿ ਦ੍ਰੁਤ[1] ਹੋਇ।
ਉਠਹਿਂ ਤਰੰਗ ਉਤੰਗ ਬਿਲੰਦ[1]।
ਜਲ ਕੇ ਜੀਵ ਭਯਾਨਕ ਬ੍ਰਿੰਦ ॥੪੧॥
ਤਹਾਂ ਬਿਘਨ ਐਸੇ ਕੁਛ ਭਯੋ।
ਚਲਤਿ ਜਹਾਜ ਅਟਕ ਤਹਿਂ ਗਯੋ।
ਚਲਹਿ ਨ, ਜਤਨ ਕਰਤਿ ਸਭਿ ਹਾਰੇ।
ਭੇ ਨਿਰਾਸ ਲਾਚਾਰ ਬਿਚਾਰੇ ॥੪੨॥
ਸਭਿ ਕਿਛ ਤਜਾਗ ਪਰੇ ਗੁਰ ਸ਼ਰਨਾ।
'ਰੱਛਹੁ ਆਇ, ਆਪ ਕੋ ਪਰਨਾ[1]।
ਜਹਾਂ ਸਹਾਇਕ ਹੋਤਿ ਨ ਕੋਈ।
ਤਹਿ ਸਿੱਖਨਿ ਕੇ ਪਾਲਿਕ ਹੋਈ ॥੪੩॥
ਕਾਰਜ ਕਰਹੁ ਸੁਧਾਰਨਿ ਸਾਰੇ।
ਇਸ ਪ੍ਰਕਾਰ ਨਿਤ ਬਿਰਦ ਤੁਹਾਰੇ।'
ਸ਼੍ਰੀ ਹਰਿਗੋਬਿੰਦ ਸੰਕਟ ਜਾਨਾ।
ਪਹੁੰਚੇ ਤਤਛਿਨ ਮਹਿਂ ਭਗਵਾਨਾ ॥੪੪॥
ਲਾਇ ਸਿਕੰਧ ਚਲਾਇ ਜਹਾਜਾ।
ਨਿਜ ਸਿਖ ਕੇ ਪੂਰਨ ਕਿਯ ਕਾਜਾ।
ਰਾਮੋ ਆਦਿਕ ਦਾਸ ਜਿ ਔਰ।
ਜਾਨੈਂ -ਗੁਰ ਸੁਪਤੇ ਇਸ ਠੌਰ- ॥੪੫॥
ਚਹੁੰਦਿਸ਼ਿ ਫਿਰਤੀ ਬਿਜਨਾ ਕਰਤੀ।

[1]ਛੇਤੀ।
[1]ਬੜੀਆਂ ਉੱਚੀਆਂ ਲਹਿਰਾਂ ਉੱਠਣ।
[1]ਆਸਰਾ ਹੈ।

ਸ੍ਵੇਦ ਨ ਹੋਇ ਪ੍ਰੇਮ ਕੋ ਧਰਤੀ।
ਜਬੈ ਸਿਰਾਨੇ ਦਿਸ਼ਿ ਕੋ ਆਈ।
ਕੇਸ ਛੁਟੇ[1] ਗੁਰ ਕੇ ਦਰਸਾਈ ॥੪੬॥

ਤਿਨ ਤੇ ਨਿਚੁਰਤਿ ਨੀਰ ਘਨੇਰਾ।
ਅਚਰਜ ਭਈ ਹੇਰਿ ਤਿਸ ਬੇਰਾ।
ਪਤਿ ਸੋਂ ਉਚਰਤਿ 'ਇਹ ਕਹਾ ਭਯੋ?
ਇਤੋ ਸ੍ਵੇਦ ਕਿਮ ਸਿਰ ਤੇ ਗਯੋ' ॥੪੭॥
ਬਹੁਰ ਕਹਤਿ 'ਇਹ ਸ੍ਵੇਦ ਨ ਅਹੈ।
ਨੀਰ ਅਧਿਕ ਕੇਸਨ ਤੇ ਬਹੈ।
ਕਹਾ ਕਾਰਨ, ਭਾਖਯੋ ਨਹਿਂ ਜਾਈ।'
ਸਾਈਂ ਦਾਸ ਸੁ ਬਾਤ ਸੁਨਾਈ ॥੪੮॥
'ਅਬਿ ਸਾਗਰ ਬਿਚਰੇ ਗੁਰ ਆਏ।
ਸਿਖ ਜਹਾਜ ਅਟਕਯੋ ਸੁ ਲੰਘਾਏ।
ਤੁਸ਼ਨਿ ਰਹਹੁ ਸੇਵ ਕਹੁ ਠਾਨਹੁ।
ਨਹਿਂ ਊਚੇ ਮੁਖ ਬਾਕ ਬਖਾਨਹੁ' ॥੪੯॥
ਤਬਿ ਸਤਿਗੁਰ ਹੋਏ ਸਵਧਾਨਾ।
ਉਠਿ ਕਰਿ ਬੈਠੇ ਬਾਕ ਬਖਾਨਾ।
'ਸਾਈਂ ਦਾਸ ਜੁ ਬਾਤ ਬਤਾਈ।
ਸ਼ਕਤਿ ਇਤੀ ਕਿਤ ਤੇ ਤੈਂ ਪਾਈ?'
॥੫੦॥
ਹਾਥ ਜੋਰਿ ਬੋਲਯੋ ਬਡਭਾਗੀ।
'ਤੁਮਰੀ ਸੇਵਾ ਮਹਿਂ ਮਤਿ ਪਾਗੀ।
ਪਦ ਰਜ ਕੀ ਮੁਖ ਆਂਖਨਿ ਲਾਈ।
ਸੀਤ ਪ੍ਰਸਾਦਿ ਆਪ ਕੋ ਖਾਈ ॥੫੧॥
ਕਰਹਿ ਪ੍ਰੇਮ ਸੋਂ ਇਤੀ ਜੁ ਸੇਵਾ।
ਇਸ ਬਿਧਿ ਹੁਇਂ ਪ੍ਰਸੰਗ ਗੁਰ ਦੇਵਾ।
ਬਹੁਰੋ ਵਸਤੁ ਨ ਐਸੀ ਕੋਇ।
ਜੋ ਸਿਖ ਤੁਮਰੋ ਲਹੈ ਨ ਸੋਇ ॥੫੨॥
ਰਾਵਰ ਕੀ ਕਰੁਨਾ ਸਭਿ ਭਈ।
ਅਪਰ ਕਹਾਂ ਤੇ ਹਮ ਨੇ ਲਈ।'
ਸੁਨਿ ਪ੍ਰਸੰਨ ਸ਼੍ਰੀ ਹਰਿ ਗੋਵਿੰਦ।

[1]ਕੇਸ ਖੁਲ੍ਹੇ ਹੋਏ। ਇਸ ਤੋਂ ਪ੍ਰਤੱਖ ਹੈ ਕਿ ਸਾਰੇ ਗੁਰੂ ਸਾਹਿਬ ਕੇਸਾਧਾਰੀ ਸਨ।

'ਸਫਲ ਭਈ ਤੁਮ ਸੇਵ ਬਿਲੰਦ' ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਾਈਂਦਾਸ ਪ੍ਰਸੰਗ' ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ ॥੩੮॥

੩੯. [ਸ਼੍ਰੀ ਅੰਮ੍ਰਿਤਸਰ ਜੀ ਆਉਣਾ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਗਮਨ ਕਰਨ ਕੋ ਸੁਧਾਸਰ, ਸਿਮਰਤਿ ਉਰ
ਮਹਿਂ ਨੀਤ।
-ਚਹਤਿ ਦੇਖਿਬੇ ਹਮਹਿ ਕੋ, ਸਭਿ ਸਿੱਖਨਿ
ਕੋ ਪ੍ਰੀਤ[1]- ॥੧॥

[1]ਪ੍ਰੀਤ ਹੈ ਸਾਡੇ ਨਾਲ।

ਚੌਪਈ:

ਇਕ ਦਿਨ ਮਾਤ ਗੰਗ ਕੇ ਪਾਸ।
ਚਲਿਬੇ ਨਗਰ ਪ੍ਰਸੰਗ ਪ੍ਰਕਾਸ਼।
'ਬਹੁ ਦਿਨ ਬੀਤੇ ਤਜਜੋ ਸਥਾਨਾ।
ਕਰਹਿਂ ਪ੍ਰਤੀਖਨ ਸਿੱਖ ਮਹਾਨਾ' ॥੨॥
ਸੁਨਿ ਜਨਨੀ ਆਨੰਦ ਕਰਿ ਕਹਜੋ।
'ਸੁਨਹੁ ਪੁੱਤ੍ਰ ! ਮਮ ਚਿਤ ਅਤਿ ਚਹਜੋ।
ਅਧਿਕ ਬਾਸ ਨਿਜ ਪੁਰਿ ਬਨਿ ਆਵੈ।
ਅਬਿ ਚਲਿਬੋ ਸਭਿ ਕੇ ਮਨ ਭਾਵੈ' ॥੩॥
ਕਰਿ ਮਸਲਤ ਮਾਤਾ ਕੇ ਸਾਥ।
ਨਿਕਸੇ ਵਹਿਰ ਬੈਠਿ ਕਰਿ ਨਾਥ।
ਬਿਧੀਏ ਅਰੁ ਜੇਠੇ ਸੰਗ ਭਾਖਾ।
'ਪਿਖਨਿ ਸੁਧਾਸਰ ਕੀ ਅਭਿਲਾਖਾ' ॥੪॥
ਸੁਨਿ ਦੋਨਹੁ ਹਰਖੇ ਕਹਿ ਬਾਨੀ।
'ਹਮਰੇ ਮਨ ਕੀ ਹੀ ਤੁਮ ਜਾਨੀ।
ਪਠਹਿਂ ਤਹਾਂ ਤੇ ਸਿੱਖ ਸੰਦੇਸਾ।
-ਸਤਿਗੁਰ ਬਿਰਮ ਰਹੇ ਪਰਦੇਸ਼ਾ ॥੫॥
ਕਰਿ ਕਰਿ ਬਿਨਤੀ ਜਜੋਂ ਕਜੋਂ ਆਨਹੁ।
ਇਹ ਉਪਕਾਰ ਸੁ ਹਮ ਪਰ ਠਾਨਹੁ-।
ਕਰੀਯਹਿ ਤਜਾਰੀ ਬਿਲਮ ਬਿਸਾਰੇ।
ਨਿਜ ਸਿੱਖਨਿ ਕੀ ਕਰਹੁ ਸੰਭਾਰੇ' ॥੬॥
ਗੁਰੁ ਉਚਰਜੋ 'ਸਭਿ ਕੋ ਕਹਿ ਦੀਜੈ।
ਪ੍ਰਾਤਿ ਕੂਚ ਹ੍ਵੈ ਤਜਾਰੀ ਕੀਜੈ।'
ਸੁਨਿ ਜੇਠੇ ਨੇ ਸਭਿ ਸੋਂ ਕਹਜੋ।
'ਚਲਨਿ ਪ੍ਰਾਤ ਸੋਂ ਸਤਿਗੁਰੁ ਚਹਜੋ' ॥੭॥

ਸੁਨਿ ਪ੍ਰਸਥਾਨ ਸਕਲ ਹਰਖਾਏ।
ਸਭਿ ਵਾਹਿਨ ਕੋ ਤਯਾਰਿ ਕਰਾਏ।
'ਚਲਹੁ ਸੁਧਾਸਰ, ਹਮਹਿਂ ਨਿਹਾਰੈਂ।'
ਮਿਲਿ ਆਪਸ ਮਹਿਂ ਹਰਖ ਉਚਾਰੈਂ ॥੮॥
ਪਰੀ ਨਿਸਾ ਗੁਰ ਪਲੰਘ ਸੁਹਾਏ।
ਤਬਿ ਦੰਪਤਿ ਚਲਿ ਕਰਿ ਨਿਯਰਾਏ[1]।
'ਕਰਹੁ ਪ੍ਰਭੂ ਕੈਸੇ ਅਬਿ ਤਯਾਰੀ।
ਕੌਨ ਖੁਨਾਮੀ ਪਿਖੀ ਹਮਾਰੀ ॥੯॥
ਅਪਨੇ ਜਾਨਹੁ ਦੇਹੁ ਬਤਾਇ।
ਭਈ ਭੂਲ, ਸੋ ਲੇਂ ਬਖ਼ਸ਼ਾਇ।
ਕੈ ਹਮਰੇ ਪਰਵਾਰ ਮਝਾਰਾ।
ਤੁਮ ਨਰ ਸੋਂ ਕਟੁ ਬਾਕ ਉਚਾਰਾ ॥੧੦॥
ਭਈ ਨ ਕੋ ਤੁਮਰੀ ਮਨ ਭਾਈ।
ਜਿਸ ਤੇ ਔਚਕ ਕੀਨਿ ਚਢਾਈ।'
ਸੁਨਿ ਸਤਿਗੁਰ ਬੋਲਤਿ ਮੁਸਕਾਏ।
'ਪ੍ਰੇਮ ਤੁਮਾਰੋ ਪਿਖਿ ਚਲਿ ਆਏ ॥੧੧॥
ਚਿਰੰਕਾਲ ਬੀਤਯੋ ਪੁਰਿ ਤਜਯੋ।
ਸ਼੍ਰੀ ਹਰਿਮੰਦਰ ਕੋ ਨਹਿਂ ਜਜਯੋ।
ਲਿਖਿ ਲਿਖਿ ਪਠਹਿਂ ਸਿੱਖ ਅਰਦਾਸ।
ਜਿਨ ਕੈ ਨਿਸ ਦਿਨ ਪ੍ਰੇਮ ਪ੍ਰਕਾਸ਼ ॥੧੨॥
ਬਡੇ ਗੁਰਨਿ ਕੇ ਸੰਗੀ ਰਹੇ।
ਉਚਿਤ ਅਦਬ ਕੇ ਹਮ ਕੋ ਅਹੇ।
ਜਿਨ ਕੋ ਕਹਯੋ ਹਟਨਿ ਨਹਿਂ ਮੋ ਤੇ।
ਉੱਤਮਤਾ[1] ਕਹੀਯਹਿ ਕਯਾ ਤੋ ਤੇ ॥੧੩॥
ਇਸ ਹਿਤ ਕੂਚ ਅਚਾਨਕ ਜਾਨਹੁ।
ਤੁਮ ਦੰਪਤਿ ਅਬਿ ਸਭਿ ਸੁਖ ਠਾਨਹੁ।
ਜਨਮ ਮਰਣ ਕੋ ਮਿਟਯੋ ਸੰਦੇਹੂ।
ਸਿਮਰਹੁ ਸੱਤਿਨਾਮ ਬਿਧਿ ਏਹੂ ॥੧੪॥
ਕਿਤਿਕ ਬਰਖ ਮੈਂ ਪੁਨ ਇਹ[1] ਆਵਨਿ।
ਕਰਹਿਂ ਬਿਲਾਸ ਇਹਾਂ ਮਨ ਭਾਵਨਿ।
ਅਬਿ ਤੁਮ ਸਦ ਹੀ ਸੰਗ ਹਮਾਰੇ।
ਨਹੀਂ ਕਰਹਿਂ ਨਿਜ ਤੇ ਕਬਿ ਨਜਾਰੇ'

[1]ਨੇੜੇ ਆਏ।

[1]ਉਨ੍ਹਾਂ (ਬਾਬੇ ਬੁੱਢੇ ਆਦਿਕਾਂ) ਦੀ ਉੱਤਮਤਾਈ।

[1]ਏਥੇ।

॥੧੫॥
ਇੱਤਯਾਦਿਕ ਕਹਿ ਧੀਰਜ ਦਈ।
ਦੰਪਤਿ ਆਇਸੁ ਸਿਰ ਧਰਿ ਲਈ।
ਬਿਨ ਅਨੁਸਾਰ ਨ ਬੋਲੇ ਹੇਰਿ[1]।
ਉਠੇ ਨਮੋ ਕਰਿ ਸੁਪਤੇ ਫੇਰ ॥੧੬॥
ਰਾਤਿ ਜਥਾ ਸੁਖ ਸਕਲ ਬਿਤਾਈ।
ਪ੍ਰਾਤਿ ਹੋਤਿ ਗੁਰ ਕੀਨਿ ਚਢਾਈ।
ਹਿਤ ਸਨਮਾਨ ਸੰਗ ਕੁਛ ਆਏ।
ਕਹਿ ਬਹੁ ਬਾਰ ਬਹੁਰ ਠਹਿਰਾਏ ॥੧੭॥
ਬਿਛੁਰਿਤ ਰਾਮੋ ਬੰਦਨ ਕੀਨਿ।
ਸਾਈਂਦਾਸ ਨਿਮਯੋ ਬਨਿ ਦੀਨਿ।
ਗੰਗਾ ਮਾਤ ਚਢੀ ਤਬਿ ਸਯੰਦਨਿ।
ਦੋਨਹੁ ਕਰੀ ਜਾਇ ਪਦ ਬੰਦਨ ॥੧੮॥
ਆਸ਼ਿਖ ਦੇ ਆਗੇ ਕਹੁ ਚਲੀ।
ਪੁਨ ਦਮੋਦਰੀ ਕੇ ਸੰਗ ਮਿਲੀ।
ਦੰਪਤਿ ਜੰਪਤਿ[1] ਦ੍ਵੈ ਕਰ ਬੰਦ।
'ਤੂੰ ਜਨਮੀ ਜਗ ਭਾਗ ਬਿਲੰਦ ॥੧੯॥
ਮਾਤ ਪਿਤਾ ਕੋ ਬੰਸ ਉਧਾਰਾ।
ਤੁਝ ਕਰਿ ਭਾ ਸਨਬੰਧ ਹਮਾਰਾ।
ਭਏ ਕ੍ਰਿਤਾਰਥ ਤੁਵ ਉਪਕਾਰਾ।
ਯਾਂ ਤੇ ਬੰਦਨ ਬਾਰੰਬਾਰਾ ॥੨੦॥
ਗੁਰ ਤੇ ਜੇਠੋ ਪੁੱਤ੍ਰ ਉਪਾਯੋ।
ਅਧਿਕ ਭਾਗ ਤੁਵ ਭਾਲ ਸੁਹਾਯੋ।'
ਸ਼੍ਰੀ ਗੁਰਦਿੱਤੇ ਕਹੁ ਲੇ ਗੋਦ।
ਬਾਰਿ ਬਾਰਿ ਪਿਖਿ ਹੋਤਿ ਪ੍ਰਮੋਦ ॥੨੧॥
ਕਹਿ ਦਮੋਦਰੀ 'ਗੁਰਨਿ ਪ੍ਰਤਾਪ।
ਦਾਸੀ ਜਾਨਿ ਕਰੀ ਮੁਹਿ ਆਪ।
ਤਿਨ ਕੀ ਕ੍ਰਿਪਾ ਜਾਸ ਪਰ ਹੋਇ।
ਸੁਖ ਬਡਿਆਈ ਪ੍ਰਾਪਤਿ ਸੋਇ ॥੨੨॥
ਦੀਪਮਾਲ ਵੈਸਾਖੀ ਆਦਿ।
ਮਿਲਹੁ ਆਨਿ ਕਰਿ ਲਿਹੁ ਅਹਿਲਾਦ।'

[1]ਰਜ਼ਾ ਗੁਰੂ ਜੀ ਦੀ) ਦੇਖਕੇ (ਕਿ ਟੁਰਨ ਦੀ ਹੈ, ਕੋਈ ਗੱਲ) ਪ੍ਰਤਿਕੂਲਤਾ ਦੀ ਨਾ ਕਹੀ।

[1]ਬਿਨੈ ਕੀਤੀ।

ਗਲ ਸੋਂ ਮਿਲਿ ਕਰਿ ਹੋਇਸਿ ਨਜਾਰੀ।
ਬਹੁਰ ਨਾਨਕੀ ਨਿਕਟਿ ਪਧਾਰੀ ॥੨੩॥
ਨਮੋ ਕਰਤਿ ਕੋ ਪਕਰਿ ਹਟਾਈ।
ਲੇ ਰਾਮੋ ਗਰ ਸੰਗ ਮਿਲਾਈ।
ਕਹਿ ਸੁਨਿ ਬਚਨ ਪ੍ਰੇਮ ਕੇ ਮੁਰੀ।
ਆਂਸੂ ਢਰਤਿ ਬਿਲੋਕਤਿ ਖਰੀ ॥੨੪॥
ਦੋਨਹੁਂ ਡੋਰੇ ਸੰਗ ਮਿਲਾਇ।
ਤਬਿ ਸਜੰਦਨ ਗੰਗਾ ਚਲਿਵਾਇ।
ਬਲੀ ਤੁਰੰਗਨ ਗੁਰੂ ਅਰੋਹੇ।
ਮਹਾਂ ਬੇਗ ਤੇ ਗਮਨਤਿ ਸੋਹੇ ॥੨੫॥
ਸੰਗ ਪਵੰਗਮ ਜੋਧਾ ਚਢੇ।
ਚਲਹਿਂ ਪਿਛਾਰੀ ਆਨੰਦ ਬਢੇ।
ਪੰਥ ਉਲੰਘ੍ਯੋ ਕੇਤਿਕ ਹੇਰਾ।
ਦੁਆਦਸ਼ ਕੋਸ ਕਰ੍ਯੋ ਚਲਿ ਡੇਰਾ ॥੨੬॥
ਜਥਾ ਜੋਗ ਕਰਿ ਖਾਨ ਰੁ ਪਾਨਾ।
ਨਿਸ ਬਿਤਾਇ ਹੋਏ ਸਵਧਾਨਾ।
ਕਰਤਿ ਅਖੇਰ ਗੁਰੂ ਮਗ ਚਾਲੇ।
ਪਾਛੇ ਸਭਿ ਕੋ ਗੰਗ ਸੰਭਾਲੇ ॥੨੭॥
ਗਮਨੇ ਡੇਰਾ ਕੂਚ ਕਰਾਇ।
ਇਸੀ ਪ੍ਰਕਾਰ ਚਲੇ ਮਗ ਜਾਇਂ।
ਆਇ ਤਰਨ ਤਾਰਨ ਕੇ ਥਾਨ।
ਟਿਕੇ ਨਿਸਾ ਮਹਿਂ ਗੁਰ ਭਗਵਾਨ ॥੨੮॥
ਸੁਤ ਕੋ ਲੇ ਕਰਿ ਗੇ ਦਰਬਾਰਾ।
ਬੰਦਨ ਕਰਿ ਪ੍ਰਸਾਦਿ ਬਰਤਾਰਾ।
ਕਰੀ ਪ੍ਰਦਛਨਾ ਫਿਰ ਕਰਿ ਸਾਰੇ।
ਪੁਨ ਬਿਸਰਾਮੇ ਨਿਸਾ ਗੁਜ਼ਾਰੇ ॥੨੯॥
ਦੇਖਿ ਪ੍ਰਾਤਿ ਗੁਰ ਕੀਨਿ ਚਢਾਈ।
ਪ੍ਰਥਮ ਸੁਧਾਸਰ ਸੁਧਿ ਪਹੁੰਚਾਈ।
ਤਬਿ ਪੁਰਿ ਪਾਈ ਸਾਗਰ ਸ਼ੋਭਾ।
ਉਮਗੇ ਨਰ ਜਨ ਬਾਢ੍ਯੋ ਛੋਭਾ[1] ॥੩੦॥
ਬਸਤ੍ਰ ਬਿਭੂਖਨ ਪਹਿਰਤਿ ਨਾਰੀ।
ਹਿਤ ਆਦਰ ਕੇ ਮਿਲਿਨਿ ਅਗਾਰੀ।

[1]ਭਾਵ ਸਾਗਰ ਦਾ ਚੜ੍ਹਾਉ, ਜੁਆਰ।

ਬੀਥਨ[1] ਚਲੀ ਪ੍ਰਕਾਸ਼ ਛਬੀਲਾ।
ਸੋਹਤਿ ਜਯੋਂ ਬੜਵਾਨਲ ਕੀਲਾ[1] ॥੩੧॥
ਨਗਰ ਮਿਰਜਾਦ ਸੁ ਬੇਲਾ ਠਾਹਰ[1]।
ਨਰ ਜਲ ਨਿਕਸੇ ਫੈਲਤਿ ਬਾਹਰ।
ਸ਼੍ਰੀ ਹਰਿਗੋਬਿੰਦ ਚੰਦ ਮਨਿੰਦ।
ਪਿਖ੍ਯੋ ਪਰਬ ਮਹਿਂ ਧਰ੍ਯੋ ਅਨੰਦ ॥੩੨॥
ਸਿਖ ਪਹੁੰਚੇ ਇਕ ਕੋਸ ਅਗਾਰੀ।
ਗੁਰੁ ਦਰਸਨ ਕਰਿ ਬੰਦਨ ਧਾਰੀ।
ਲੈ ਲੈ ਜਥਾ ਸ਼ਕਤਿ ਪਰਸਾਦਿ।
ਅਰਪਤਿ ਗੁਰੁ ਕੋ ਧਰਿ ਅਹਿਲਾਦ ॥੩੩॥
ਕੁਸ਼ਲ ਬੂਝ ਆਗੇ ਕੋ ਚਲੇ।
ਤਬਿ ਗੁਰਦਾਸ ਆਦਿ ਸਭਿ ਮਿਲੇ।
ਬ੍ਰਿਧ ਸੋਂ ਪ੍ਰਥਮ ਪਠ੍ਯੋ ਕਹਿ ਐਸੇ।
'ਕਰਹੁ ਨ ਖੇਦ ਰਹਹੁ ਤੁਮ ਬੈਸੇ ॥੩੪॥
ਹਮ ਆਵੈਂਗੇ ਨਿਕਟ ਤੁਮਾਰੇ।
ਸ਼੍ਰੀ ਹਰਿਮੰਦਰ ਦਰਸ ਨਿਹਾਰੇ।'
ਅਪਰ ਅਗਾਊ ਸਗਰੇ ਆਏ।
ਪਿਖਿ ਪਿਖਿ ਸਤਿਗੁਰ ਕੋ ਹਰਖਾਏ ॥੩੫॥
ਜਥਾ ਜੋਗ ਸਭਿ ਬਚਨ ਉਚਾਰੇ।
ਲੇ ਕਰਿ ਗਮਨੇ ਸੰਗ ਅਗਾਰੇ।
ਨਰ ਨਾਰੀ ਪੁਰਿ ਕੀ ਸਮੁਦਾਯਾ।
ਮਿਲਤਿ ਆਇ ਸਭਿ ਸੀਸ ਨਿਵਾਯਾ ॥੩੬॥
ਧਰਹਿਂ ਉਪਾਇਨ ਹ੍ਵੈਂ ਬਲਿਹਾਰੀ।
'ਧੰਨ ਆਜ ਕੀ ਘਰੀ' ਉਚਾਰੀ।
'ਪੁੱਤ੍ਰ ਸਹਤ ਗੁਰੁ ਦਰਸ ਨਿਹਾਰਾ।
ਹਮ ਸਭਿ ਕੇ ਹੈਂ ਭਾਗ ਉਦਾਰਾ' ॥੩੭॥
ਕਿਹ ਕੋ ਦੇਖਿ, ਬੋਲ ਕਿਹ ਸਾਥ।
ਸਭਿਨਿ ਅਨੰਦਤਿ ਚਾਲੇ† ਨਾਥ।
ਸ਼੍ਰੀ ਗੁਰੁਦਿੱਤਾ ਲੇ ਕਰਿ ਸੰਗ।

[1]ਗਲੀਆਂ ਵਿਚ।
[1]ਬੜਵਾ ਅਗਨੀ ਦੀ ਲਾਟ।
[1]ਨਗਰ ਦੀ ਹੱਦ (ਇਹ) ਕਿਨਾਰੇ ਦੀ ਥਾਂ ਹੈ (ਮਾਨੋ)।
†ਪਾ:—ਅਨੰਦ ਦੇ ਚਾਲੇ।

ਗਮਨੇ ਸ਼੍ਰੀ ਦਰਬਾਰ ਉਮੰਗ ॥੩੮॥
ਪ੍ਰਥਮ ਅਕਾਲ ਤਖਤ ਕਹੁ ਬੰਦਤਿ।
ਗਏ ਦਰਸ਼ਨੀ ਪੌਰ ਅਨੰਦਤਿ।
ਸੀਸ ਨਿਵਾਇ ਰਿਦੇ ਅਨੁਰਾਗੇ।
ਥਿਰੇ ਜਾਇ ਹਰਿ ਮੰਦਿਰ ਆਗੇ ॥੩੯॥
ਧਰਿ ਧਰਨੀ ਸਿਰ ਬੰਦਨ ਕੀਨਿ।
ਸ਼੍ਰੀ ਅਰਜਨ ਸੁਤ ਮਹਾਂ ਪ੍ਰਬੀਨ।
ਦਈ ਪ੍ਰਦਛਨਾ ਫਿਰ ਕਰਿ ਚਾਰੀ†। †ਪਾ:—ਸਾਰੀ।
ਪੁਨ ਪ੍ਰਵਿਸ਼ੇ ਦਰਬਾਰ ਮਝਾਰੀ ॥੪੦॥
ਪਿਤਾ ਪਿਤਾਮੇ ਕੋ ਧਰਿ ਧਜਾਨ।
ਹਾਥ ਜੋਰਿ ਅਭਿਬੰਦਨ ਠਾਨਿ।
ਪੁਨ ਭਾਈ ਬ੍ਰਿਧ ਕੇ ਪਗ ਪਰੇ।
ਕੁਸ਼ਲ ਪ੍ਰਸ਼ਨ ਦੁਹਿ ਦਿਸ਼ਿ ਤੇ ਕਰੇ ॥੪੧॥
ਸ਼੍ਰੀ ਗੁਰਦਿੱਤਾ ਕੋ ਪਗ ਪਾਇਵ।
ਖਰੇ ਹੋਏ ਅਰਦਾਸ ਕਰਾਇਵ।
ਇਮ ਮਨਾਇ ਕਰਿ ਗੁਰੂ ਬਡੇਰੇ।
ਨਿਕਸੇ ਉਤਸਵ ਰਚੇ ਘਨੇਰੇ ॥੪੨॥
ਲਘੁ ਦੁੰਦਭਿ ਸ਼ਰਨਾਇ ਨਫੀਰੀ।
ਬਜੇ ਬਾਜਿ ਧੁਨਿ ਉਠਤਿ ਗਹੀਰੀ।
ਘਨ ਸਮ ਧਨ ਬਰਖਾ ਤਬਿ ਡਾਰੀ।
ਗਾਵਤਿ ਚਲਤਿ ਨਾਗਰੀ ਨਾਰੀ ॥੪੩॥
ਕੋ ਢੋਲਕ ਕੌ ਜਾਤਿ ਬਜਾਵਤਿ।
ਮੰਗਲ ਗੁਰੁ ਗ੍ਰਿਹ ਕੇ ਗਨ ਗਾਵਤਿ।
ਜਿਸ ਜਿਸ ਬੀਥੀ ਸਤਿਗੁਰੁ ਜਾਇਂ।
ਅੰਜੁਲ ਭਰਿ ਫੂਲਨਿ ਬਰਖਾਇਂ ॥੪੪॥
ਇੱਤਜਾਦਿਕ ਮੰਗਲ ਕੋ ਠਾਨਤਿ।
ਨਗਰ ਗਰੀ ਗੁਰੁ ਮੰਦ[1] ਪਯਾਨਤਿ। [1]ਹੌਲੀ ਹੌਲੀ।
ਦੁਹਨਿ ਸਨੁਖਾ ਲੇ ਕਰਿ ਸੰਗ।
ਤਿਮ ਹੀ ਪਾਛੇ ਗਮਨਤਿ ਗੰਗ ॥੪੫॥
ਬੋਲਤਿ ਜਾਤਿ ਨਕੀਬ ਅਗਾਰੀ।
ਚਲਤਿ ਸੰਗ ਸਗਰੇ ਨਰ ਨਾਰੀ।
ਭੀਰ ਮਹਾਂ ਗਰੀਅਨਿ ਕੇ ਮਾਹੂੰ।

ਦਰਸ਼ਨਿ ਦੇਤਿ ਜਾਤਿ ਸਭਿ ਕਾਹੂੰ ॥੪੬॥
ਗੰਗਾ ਮੰਗਲ ਸੰਗ ਉਮੰਗ।
ਭਈ ਪ੍ਰਵੇਸ਼ ਨਿਕੇਤ ਉਤੰਗ।
ਬਰ ਆਸਨ ਜਹਿਂ ਰੁਚਿਰ ਬਿਛਾਏ।
ਆਸਤਰਨ ਬਹੁ ਮੋਲੇ ਛਾਏ ॥੪੭॥
ਪੌਤ੍ਰੇ ਸਹਤ ਸਨੂਖਾ ਲੀਨਿ।
ਬੈਠੀ ਸਦਨ ਬਿਖੈ ਸੁਖ ਭੀਨ।
ਪੁਰਿ ਨਾਰੀ ਗਨ ਦੇਤਿ ਵਧਾਈ।
ਢੋਲਕ ਬਜਤਿ ਸੰਗ ਘਰਿ ਆਈ ॥੪੮॥
ਧਨ ਗਨ ਦੀਨਿ ਸਗਲ ਹਰਖਾਈ।
ਸੁਧਾ ਸਮਾਨ ਆਸ਼ਿਖਾ ਗਾਈ।
'ਜੁਗੁ ਜੁਗੁ ਜੀਵਹੁ ਪੌਤ੍ਰ ਸੁਭਾਗ।
ਰਹਹੁ ਸਦਾ ਗੁਰੁ ਪ੍ਰੇਮਹਿ ਪਾਗ' ॥੪੯॥
ਸ਼੍ਰੀ ਹਰਿਗੋਬਿੰਦ ਅਪਰ ਸਦਨ ਮੈਂ।
ਬੈਠਿ ਬਿਰਾਜੇ ਤਹਿਂ ਗਨ ਜਨ ਮੈਂ।
ਘਰ ਘਰ ਮਹਿਂ ਉਤਸਵ ਬਹੁ ਕਰਜੋ।
'ਸਤਿਗੁਰੁ ਆਏ ਮੁਦ ਮਨ ਭਰਜੋ'
॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਆਗਵਨ' ਪ੍ਰਸੰਗ ਬਰਨਨੰ ਨਾਮ ਊਨ ਚਤਵਾਰਿੰਸਤੀ ਅੰਸੂ ॥੩੯॥

੪੦. [ਕੌਲਾਂ। ਪੈਂਦਾਖਾਨ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:
ਗੁਰੁ ਇਕੰਤ ਹੋਏ ਜਬਹਿ, ਕੌਲਾਂ ਦਰਸ਼ਨ
ਪਜਾਸ।
ਆਈ ਅਤਿ ਮੋਦਤਿ ਰਿਦੈ, ਪ੍ਰਵਿਸ਼ੀ ਤਾਸ
ਅਵਾਸ ॥੧॥
ਚੌਪਈ:
ਜਨੁ ਸੁਨਿ ਕਾਨ ਪ੍ਰਿਯ ਬਾਤਿ ਚਕੋਰੀ।
ਦੌਰੀ ਨਿਕਟ ਚੰਦ ਕੀ ਓਰੀ।
ਮਨਹੁ ਪ੍ਰੇਮ ਤੇ ਹ੍ਵੈ ਕਰਿ ਬੋਰੀ।
ਕਮਲ ਖਿਰੇ ਪਰ ਆਵਤਿ ਭੌਰੀ ॥੨॥
ਸੁੰਦਰ ਮੰਦਿਰ ਅੰਦਰ ਧਰੀਆ।
ਕਰਿ ਦਰਸ਼ਨ ਚਰਨਨ ਪਰ ਪਰੀਆ।
ਮਨਹੁਂ ਰੰਕ ਕਹੁ ਪ੍ਰਾਪਤਿ ਰਾਜੂ।
ਮਨ ਮਹਿਂ ਗਿਨਤਿ -ਧੰਨ ਦਿਨ ਆਜੂ-
॥੩॥
ਕਮਲ ਬਿਲੋਚਨ ਤੇ ਜਲ ਡਾਰੈ।
ਜਨੁ ਅਨੰਦ ਤੇ ਚਰਨ ਪਖਾਰੈ।
ਹਾਥ ਜੋਰਿ ਸਨਮੁਖ ਗੁਰੁ ਬੈਸੀ।
ਮੂਰਤਿ ਪਿਖਿ ਦਿਵਾਕਰ[1] ਜੈਸੀ ॥੪॥ [1]ਸੂਰਜ।
ਕਮਲ ਬਿਲੋਚਨ ਬਿਕਸਿਤ ਜਾਤਿ।
ਇਕ ਟਕ ਦੇਖਿ ਰਹੀ ਗੁਰੁ ਗਾਤਿ।
ਪੂਰਬ ਤਪ ਕੋ ਫਲ ਸ਼ੁਭ ਪਾਯੋ।
ਅਤਿ ਪ੍ਰਮੋਦ ਚਿਤ ਕਹ੍ਯੋ ਨ ਜਾਯੋ ॥੫॥
ਪ੍ਰੇਮਾਤੁਰ ਚਿਤ ਸਤਿਗੁਰੁ ਦੇਖੀ।
'ਕਹੁ ਕੌਲਾਂ! ਤਨ ਕੁਸ਼ਲ ਵਿਸ਼ੇਖੀ?
ਸਰਬ ਰੀਤਿ ਤੇ ਸੁਖ ਸੋਂ ਰਹੀ?'
ਸੁਨਿ ਮ੍ਰਿਦੁ ਬਾਕ ਆਪ ਪੁਨ ਕਹੀ ॥੬॥
'ਕ੍ਰਿਪਾ ਆਪ ਕੀ ਮੋ ਪਰ ਜਬਿ ਕੀ।
ਪਦਵੀ ਕੁਸ਼ਲ ਲਹੀ ਮੈਂ ਤਬਿ ਕੀ।
ਰਾਵਰਿ ਦਰਸ਼ਨ ਇੱਛਾ ਬਿਨਾ।

ਰਿਦੇ ਮਨੋਰਥ ਉਠਹਿ ਨ ਅਨਾ ॥੭॥
ਰਹੀ ਉਡੀਕਤਿ ਨਾਮ ਅਧਾਰਾ[1]।
ਰੁਚਿ ਸੋਂ ਅਚਜੋ ਨ ਕਬਹੁੰ ਅਹਾਰਾ।
ਹੇਰਤਿ ਆਨਿ ਅਚਾਨਕ ਮੋਹੀ[1]।
ਤਬਿ ਜਾਨਤਿ ਮੈਂ ਜਿਸ ਬਿਧਿ ਹੋਹੀ ॥੮॥
ਰਾਵਰ ਕੋ ਸੁਨਿ ਕਰਿ ਆਗਵਨੂ।
ਤਤਛਿਨ ਤਨ ਹੋਯਹੁ ਮੁਦ ਭਵਨੂ।
ਦਰਸ਼ਨ ਦਰਸਜੋ ਅਬਿ ਦੁਖ ਦਵਨੂ।
ਸਦਾ ਰਿਦੇ ਮਹਿਂ ਬਾਸਹਿ ਜਵਨੂ[1]' ॥੯॥
ਸੁਨਿ ਗੁਰ ਕਹਜੋ 'ਕਰਜੋ ਹਿਤ ਤੋਰਾ।
ਦਰਸ਼ਨ ਕਰਤਿ ਰਹੀ ਨਿਤ ਮੋਰਾ।
ਤੌ ਕਿਮ ਬ੍ਰਿਹ ਸੰਕਟ ਅਸ ਧਾਰਾ।
ਪ੍ਰਥਮ ਦੇਖਿ ਜੇ ਕਰਤਿ ਅਹਾਰਾ' ॥੧੦॥
ਕਹਤਿ ਭਈ 'ਨਿਸ਼ਚੈ ਇਹ ਅਹਜੋ।
ਨਿਤ ਦਰਸ਼ਨ ਕੋ ਮੈਂ ਇਮ ਲਹਜੋ।
ਕਰਿ ਸ਼ਨਾਨ ਜਬਿ ਸਿਮਰਨ ਕਰਜੋ।
ਛਿਨਿਕ ਮਾਤ੍ਰ ਨਿਤ ਦਰਸ਼ਨ ਨਿਹਰਜੋ ॥੧੧॥
ਜਿਸਿ ਬਿਧਿ ਹੋਤੇ ਤੁਮ ਤਿਸ ਕਾਲ।
ਬੈਠੇ ਕੈ ਹਯ ਚਢੇ ਬਿਸਾਲ।
ਜਸ ਪੋਸ਼ਿਸ਼, ਜਸ ਹੋਤਿ ਸੁਭਾਉ।
ਤਿਸੀ ਪ੍ਰਕਾਰ ਦਰਸਨ ਕੋ ਪਾਉਂ ॥੧੨॥
ਕਹਨਿ ਪਰਸਪਰ ਹੋਇ ਨ ਕੋਈ।
ਜਿਯਤਿ ਰਹੀ ਪਿਖਿ ਦਰਸ਼ਨ ਸੋਈ।'
ਇੱਤਜਾਦਿਕ ਕਹਿ ਸੁਨਿ ਕਰਿ ਬੈਨ।
ਉਰ ਅਨੰਦ ਪੁਨ ਗਮਨੀ ਐਨ ॥੧੩॥
ਖਾਨ ਪਾਨ ਕਰਿ ਸਤਿਗੁਰੁ ਫੇਰ।
ਸੁਪਤਿ ਜਥਾ ਮੁਖ ਸੁਖਦ ਬਡੇਰ।
ਜਾਮ ਜਾਮਨੀ ਜਾਗੇ ਨਾਥ।
ਸੌਚ ਸ਼ਨਾਨ ਕੀਨਿ ਜਲ ਸਾਥ ॥੧੪॥
ਨਿਜ ਸਰੂਪ ਮਹਿਂ ਇਸਥਿਤ ਭਏ।
ਧਜਾਨ ਪਰਾਯਨ ਬੈਠਤਿ ਭਏ।

[1]ਨਾਮ ਦੇ ਆਸਰੇ।
[1]ਮੈਨੂੰ ਅਚਾਨਕ ਆਕੇ ਦੇਖਦੇ।
[1]ਜੋ ਦਰਸ਼ਨ ਮੇਰੇ) ਰਿਦੇ ਵਿਚ ਸਦਾ ਵਸਦਾ ਹੈ।

ਦਿਨਕਰ ਉਦੈ ਪ੍ਰਕਾਸ਼ਜੋ ਸਾਰੇ।
ਕਮਲ ਬਿਲੋਚਨ ਤਬਹਿ ਉਘਾਰੇ ॥੧੫॥
ਚੌਂਕੀ ਗਾਇ ਬਿਲਾਵਲ ਕੇਰੀ।
ਆਇ ਆਇ ਨਰ ਗਨ ਗੁਰੁ ਹੇਰੀ।
ਬਡੋ ਦਿਵਾਨ ਲਗਜੋ ਗੁਰੁ ਤੀਰ।
ਆਵਤਿ ਜਾਤ ਨਰਨ ਕੀ ਭੀਰ ॥੧੬॥
ਸਗਰੇ ਪੁਰਿ ਮਹਿਂ ਰਵਣਕ ਹੋਈ।
ਕਾਰਜ ਭਨਹਿਂ ਸੁਨਹਿਂ ਸਭਿ ਕੋਈ।
ਸੁਭਟਨਿ ਕੋ ਵਸਤੂ ਜੋ ਚਾਹੀ।
ਜਾਚਤਿ ਪਾਵਤਿ ਸਤਿਗੁਰੁ ਪਾਹੀ ॥੧੭॥
ਜਾਮ ਦਿਵਸ ਲੌ ਬੈਠਨਿ ਕਰੈਂ।
ਨਿਜ ਦਾਸਨਿ ਕੀ ਬਾਛਾ ਪੁਰੈਂ।
ਬਹੁਰ ਉਠਹਿਂ ਅਚਵਨ ਆਹਾਰਾ।
ਅਨਿਕ ਪ੍ਰਕਾਰਨਿ ਤਜਾਰਿ ਸੁਧਾਰਾ ॥੧੮॥
ਗਨ ਸਿੱਖਨਿ ਮਹਿਂ ਭੋਜਨ ਕਰੇ।
ਨਾਨਾ ਭਾਂਤਿ ਸੁ ਬਾਸਨ ਧਰੇ।
ਸੂਖਮ ਚਾਵਰ ਸੂਪ[1] ਜਿ ਨਾਨਾ।
ਗੋਧੁਮ ਚੂਨ[1] ਜੁ ਸੂਖਮ ਠਾਨਾ ॥੧੯॥
ਬਿੰਜਨ[1] ਅਨਿਕ ਪ੍ਰਕਾਰ ਬਨੰਤੇ।
ਸਿਖ ਸੰਗਤਿ ਸਭਿ ਬੈਠਿ ਅਚੰਤੇ।
ਦੇਗ਼ ਬਿਸਾਲ ਗੁਰੂ ਕੀ ਚਾਲੇ।
ਭੁੰਚਹਿਂ ਸਕਲ ਆਨਿ ਜੁਗ ਕਾਲੇ ॥੨੦॥
ਬਹੁਰ ਦੁਪਹਿਰੇ ਕਰਹਿਂ ਅਰਾਮ।
ਟਿਕਹਿਂ ਇਕਾਂਤ ਆਪਣੇ ਧਾਮ।
ਚਤਰ ਘਟੀ ਤੇ ਉਠਹਿਂ ਪਿਛਾਰੀ।
ਕਰਹਿਂ ਸੁਚੇਤਾ ਨਿਰਮਲ ਬਾਰੀ[1] ॥੨੧॥
ਕਬਹਿ ਅਖੇਰ ਬ੍ਰਿੱਤ ਕੋ ਜਾਵਹਿਂ।
ਸੁਭਟ ਸੰਗ ਚਢਿ ਕੈ ਫਿਰ ਆਵਹਿਂ।
ਥਿਰਹਿਂ ਅਕਾਲ ਤਖਤ ਕੇ ਥਾਨ।
ਗਨ ਸੁਭਟਨਿ ਕੋ ਲਗਹਿ ਦਿਵਾਨ ॥੨੨॥
ਸਿੱਖ ਮਸੰਦ ਬ੍ਰਿੰਦ ਸਭਿ ਆਏ।

[1]ਰਸੋਈ।
[1]ਕਣਕ ਦਾ ਆਟਾ।
[1]ਭੋਜਨ।
[1]ਨਿਰਮਲ ਜਲ ਨਾਲ।

ਬੰਦਨ ਕਰਿ ਕਰਿ ਧਨ ਅਰਪਾਏ।
ਦੇਸ਼ ਬਿਦੇਸ਼ਨਿ ਕੀ ਗੁਰੁ ਕਾਰਾ।
ਆਵਹਿ ਦਿਨ ਪ੍ਰਤਿ ਦਰਬ ਹਜ਼ਾਰਾ ॥੨੩॥
ਸਭਿ ਪੁਰਿ ਗ੍ਰਾਮਨ ਬਿਖੇ ਮਸੰਦ।
ਗੁਰੁ ਕੋ ਦਰਬ ਬਟੋਰਹਿਂ ਬ੍ਰਿੰਦ।
ਪਸ਼ਚਮ ਬਿਖੈ ਬਿਲਾਇਤ ਮਾਂਹੀ।
ਚਲ੍ਯੋ ਆਇ ਧਨ ਸਭਿ ਗੁਰੁ ਪਾਹੀ ॥੨੪॥
ਪੂਰਬ ਦੱਖਣ ਉੱਤਰ ਸਾਰੇ।
ਆਨਹਿਂ ਦਰਬ ਮਸੰਦ ਉਦਾਰੇ।
ਦਿਨ ਕੇ ਚੌਥੇ ਪਹਿਰ ਦਿਵਾਨ।
ਕਰਹਿਂ ਲਗਾਵਨਿ ਗੁਰੂ ਮਹਾਨ ॥੨੫॥
ਪ੍ਰਥਮ ਨਮਹਿ ਕਰਿ ਸ਼੍ਰੀ ਹਰਿਮੰਦਰ।
ਚਤਰ ਪ੍ਰਦਛਣਾ ਦੇ ਕਰਿ ਸੁੰਦਰ।
ਬੈਠਹਿਂ ਆਨਿ ਸਕਲ ਤਿਸ ਥਾਨ।
ਸ਼੍ਰੀ ਹਰਿਗੋਵਿੰਦ ਜਹਾਂ ਸੁਜਾਨ ॥੨੬॥
ਗਾਇ ਰਬਾਬੀ ਬਾਬਕ[1†] ਰਾਗ।
ਗੁਰੁ ਜੁਤਿ ਸਿੱਖ ਸੁਨਹਿਂ ਕਰਿ ਰਾਗ[1]।
ਆਨਿ ਆਨਿ ਦਰਸਹਿਂ ਸਿਖ ਸਾਰੇ।
ਪੁਰਹਿਂ ਮਨੋਰਥ ਕਾਂਖਾਵਾਰੇ ॥੨੭॥
ਕੇਤਿਕ ਆਵਤਿ ਚਲਿ ਜੱਗਜਾਸੀ।
ਕਿਤਿਕ ਮੋਖੀ[1] ਸਿਖ ਰਹਿਂ ਪਾਸੀ।
ਸੇਵਾ ਕਰਹਿਂ ਪਰੇਮ ਤੇ ਘਨੀ।
ਸੁਨਹਿਂ ਕਰਨ ਦੇ[1] ਜਿਮ ਗੁਰੁ ਭਨੀ ॥੨੮॥
ਸੰਧ੍ਯਾ ਮਹਿਂ ਸੋਦਰ ਸੁਨਿ ਕਰਿ ਕੈ।
ਭੋਗ ਪਰੇ ਤੇ ਸ਼ਰਧਾ ਧਰਿ ਕੈ।
ਕਰਿ ਬੰਦਹਿਂ ਬੰਦਨ ਕਰਿ ਆਛੇ।
ਬਹੁਰ ਚਲਹਿਂ ਸਤਿਗੁਰ ਕੇ ਪਾਛੇ ॥੨੯॥
ਬਡੀ ਪ੍ਰਦਛਨਾ ਸਰ ਕੀ ਦੇਹਿਂ।
ਪੌਰ ਦਰਸ਼ਨੀ ਦਰਸ਼ਨ ਲੇਹਿਂ।

[1]ਨਾਮ ਰਬਾਬੀ ਦਾ। †ਪਾ:—ਸੁੰਦਰ।
[1]ਪ੍ਰੇਮ।
[1]ਮੁਕਤੀ ਦੀ ਇੱਛਾ ਵਾਲੇ।
[1]ਕੰਨ ਦੇਕੇ।

ਅੰਤਰ ਕੀ ਪਰਕਰਮਾ ਕਰੈਂ।
ਨੰਮ੍ਰੀ ਹੋਤਿ ਪ੍ਰੇਮ ਕੋ ਧਰੈਂ ॥੩੦॥
ਭਾਈ ਬ੍ਰਿਧ ਸਭਿ ਸਿਖ ਗੁਰਦਾਸ।
ਗਾਵਤਿ ਚੌਂਕੀ ਸਬਦ ਪ੍ਰਕਾਸ਼।
ਸਨੈ ਸਨੈ ਪ੍ਰਦੱਛਨਾ ਦੇਤੇ।
ਸ਼ਬਦ ਪਢਤਿ ਸਮਝਤਿ ਸੁਖ ਲੇਤੇ ॥੩੧॥
ਦੇਖਤਿ ਭਏ ਪ੍ਰਸੰਨ ਬਿਲੰਦ।
ਬਦਤਿ ਭਏ ਸ਼੍ਰੀ ਹਰਿਗੋਵਿੰਦ।
'ਧੰਨ ਬ੍ਰਿੱਧ ਭਾਈ ਸ਼ੁਭ ਰੀਤਿ†।
ਕਰੀ ਸੁਧਾਸਰ[1] ਪਰ ਧਰਿ ਪ੍ਰੀਤਿ' ॥੩੨॥
ਕਰੇ ਸਰਾਹਨਿ ਪੁਨ ਗੁਰੁਦਾਸ।
'ਅਹੋ ਧੰਨ ਬਡ ਪ੍ਰੇਮ ਪ੍ਰਕਾਸ਼।'
ਪੁਨਹਿ ਜਾਮਨੀ ਮਹਿਂ ਗੁਰੁ ਜਾਵੈਂ।
ਸੁਖ ਸਮੇਤ ਸ਼ੁਭ ਸਦਨ ਬਿਤਾਵੈਂ ॥੩੩॥
ਪੁਰਿ ਕਰਤਾਰ ਬਿਖੇ ਗਨ ਸੈਨਾ।
ਪਠੀ ਬੁਲਾਇ ਪ੍ਰਥਮ ਗੁਨ ਐਨਾ।
ਪੈਂਦੇ ਖਾਂ ਸਮੇਤ ਚਲਿ ਆਈ।
ਗੁਰੁ ਆਗੈ ਸਭਿ ਗ੍ਰੀਵ ਨਿਵਾਈ ॥੩੪॥
ਪ੍ਰਿਥਕ ਪ੍ਰਿਥਕ ਸੁਭਟਨਿ ਕੋ ਹੇਰਾ।
ਬੂਝੀ ਕੁਸ਼ਲ ਸਭਿਨਿ ਤਿਸ ਬੇਰਾ।
ਹਰਖਤਿ ਹੁਇ ਗਨ ਕਰਹਿਂ ਉਚਾਰੀ।
'ਅਖਿਲ ਅਨਾਮੈ[1] ਕ੍ਰਿਪਾ ਤੁਮਾਰੀ' ॥੩੫॥
ਪੁਨ ਤੁਰੰਗ[1] ਸ਼ੁਭ ਅੰਗ ਨਿਹਾਰੇ।
'ਅਹੈਂ ਪੁਸ਼ਟ ਤਨ ਪ੍ਰਾਕ੍ਰਮ ਭਾਰੇ।'
ਪੁਨ ਪੈਂਦੇ ਖਾਂ ਕੀ ਦਿਸ਼ਿ ਦੇਖਾ।
ਜਿਸ ਕੋ ਡੀਲ ਸ਼ਰੀਰ ਵਿਸ਼ੇਖਾ ॥੩੬॥
ਪੂਰਬ ਤੇ ਡਿਉਢਾ ਹੁਇ ਗਯੋ।
ਅਤਿ ਖ਼ੁਰਾਕ ਤੇ ਬਲ ਅਤਿ ਭਯੋ।
ਬਡੇ ਪੁਸ਼ਟ ਭੁਜਦੰਡ ਪ੍ਰਚੰਡ।
ਮਨਹੁਂ ਕਰਭ[1] ਕੀ ਦਰੀਯ ਸੁੰਡ ॥੩੭॥
ਕਦ ਬਿਸਾਲ ਮਸੁ ਭੀਜਤਿ ਆਨਨ[1]।

†ਚੌਂਕੀ ਸਾਹਿਬ ਦੀ ਰੀਤ ਜੋ ਹੁਣ ਤਕ ਜਾਰੀ ਹੈ।
[1]ਅੰਮ੍ਰਿਤਸਰ।
[1]ਰੋਗ ਰਹਿਤ, ਸੁਖੀ।
[1]ਘੋੜਿਆਂ ਦੇ।
[1]ਹਾਥੀ ਦੇ ਬੱਚੇ ਦੇ।
[1]ਮੁੱਛਾਂ ਤੇ ਦਾਹੜਾ ਫੁਟ ਰਿਹਾ ਹੈ ਮੁੱਖ ਤੇ।

ਜਿਹ ਸਮਾਨ ਤਨ ਨਾਂਹਿ ਨ ਆਨਨ[1]।
ਦੇਖਿ ਪ੍ਰਸੰਨ ਭਏ ਗੁਰ ਸਾਈਂ।
-ਬਨਹਿ ਬਲੀ ਜੋਧਾ ਰਣ ਥਾਈਂ- ॥੩੮॥
ਆਯੁਧ ਬਿੱਦਜਾ ਸਿੱਖਜਾ ਹੇਤੁ।
ਬੋਲੇ ਸ਼੍ਰੀ ਸੋਢੀ ਕੁਲਕੇਤ।
'ਅਬਿ ਤੂੰ ਬਰਜ਼ਸ਼[1] ਕਰਹੁ ਸਦਾਈ।
ਦਿਨ ਮੈਂ ਦੋਇ ਸਮੈ ਦਿਢਤਾਈ[1]' ॥੩੯॥
ਗੁਰੂ ਹੁਕਮ ਕੋ ਪਾਇ ਪਠਾਨ।
ਦ੍ਵੈ ਮਣ ਕੀ ਮੁੰਗਰੀ ਧਰਿ ਪਾਨ।
ਚਾਰ ਘਰੀ ਫੇਰਹਿ ਬਲ ਲਾਏ।
ਧਰਿ ਧਰਨੀ ਪਰ ਲਤਿ ਉਠਾਏ ॥੪੦॥
ਬਾਰ ਬਾਰ ਬਹੁ ਬਾਲੇ[1] ਦੈ ਹੈ।
ਸਿਰ ਪਰ ਆਨਿ ਭ੍ਰਮਾਵਨ ਕੈ ਹੈ।
ਇਤ ਉਤਿ ਫੇਰਹਿ ਊਚ ਨ ਨੀਚੇ।
ਕਰਹਿ ਉਛਾਰਨਿ ਗਹਿ[1] ਅਧ ਬੀਚੇ ॥੪੧॥
ਵਧਯੋ ਓਜ ਮੁੰਗਰੀ ਪਰ ਭਾਰੋ।
ਇਤ ਉਤ ਭ੍ਰਮਤਿ ਸ਼ੀਘ੍ਰਤਾ ਧਾਰੋ।
ਪੁਨ ਗੁਰ ਘਟ ਸਿਕਤਾ[1] ਭਰਿਵਾਏ।
ਪੈਂਦੇ ਖਾਂ ਕੇ ਦੰਡ[1] ਬੰਧਾਏ ॥੪੨॥
ਬਹੁਰ ਭਰਮਾਵਤਿ ਮੁੰਗਰੀ ਭਾਰੀ।
ਕਰਹਿ ਸ਼ੀਘ੍ਰਤਾ ਤਿਮ ਕਰ ਧਾਰੀ।
ਬਾਲੇ ਕਰਹਿ ਨਿਕਾਸਨ ਘਨੇ।
ਹੇਰਤਿ ਹੁਇ ਪ੍ਰਸੰਨ ਗੁਰੁ ਭਨੇ ॥੪੩॥
'ਦਿਨ ਪ੍ਰਤਿ ਕਰੋ ਬੰਧਾਵਨ ਭਾਰ।
ਜਯੋਂ ਜਯੋਂ ਲੇਂ ਭੁਜਦੰਡ ਸਹਾਰ।'
ਬੰਧੇ ਬਾਹੁ ਕਲਸ ਲਟਕੰਤੇ।
ਗਰੁਵੀ ਮੁੰਗਰੀ ਬਹੁਤ ਭ੍ਰਮੰਤੇ ॥੪੪॥
ਕੇਤਿਕ ਦਿਵਸ ਕਰਤਿ ਇਮ ਰਹਯੋ।
ਦੇਖਿ ਹਸੇ ਸ਼੍ਰੀ ਗੁਰੁ ਤਬਿ ਕਹਯੋ।
'ਅਬਿ ਦ੍ਵੈ ਮੱਲ ਬਲੀ ਜੇ ਅਹੈਂ।
ਦੋਨਹੁ ਭੁਜਦੰਡਨ ਕੋ ਗਹੈਂ' ॥੪੫॥

[1]ਹੋਰ ਕਿਸੇ ਦਾ ਨਹੀਂ।
[1]ਕਸਰਤ। [ਫ: ਵਰਜ਼ਿਸ਼]
[1]ਤਕੜਾ ਹੋਕੇ।
[1]ਮੁੰਗਲੀ ਦੇ ਫੇਰੇ।
[1]ਫੜਕੇ।
[1]ਘੜੇ ਰੇਤ ਦੇ।
[1]ਬਾਹਾਂ ਨਾਲ।

ਆਗਜਾ ਮਾਨਿ ਕਰਨਿ ਲਗਿ ਸੋਈ।
ਮੱਲ ਗਹੋਂ ਭੁਜ ਲਟਕਹਿਂ ਦੋਈ।
ਤਊ ਮੁੰਗਰੀ ਤਥਾ ਭ੍ਰਮਾਵੈ।
ਕਰਹਿ ਸ਼ੀਘ੍ਰਤਾ ਬਲ ਅਜ਼ਮਾਵੈ ॥੪੬॥
ਹੇਰਿ ਹੇਰਿ ਬਿਸਮਹਿਂ ਨਰ ਸਾਰੇ।
-ਇਸ ਕੇ ਸਮ ਔਰ ਨ ਬਲ ਭਾਰੇ-।
ਦੋਨਹੁ ਕਾਲ ਦੰਡ ਕੋ ਪੇਲੇ[1]। [1]ਡੰਡ ਕੱਢੇ।
ਸਭਿ ਤਨ ਭਾਰ ਹਾਥ ਪਰ ਮੇਲੇ[1] ॥੪੭॥ [1]ਸਾਰੇ ਸਰੀਰ ਦਾ ਭਾਰ ਹੱਥਾਂ ਤੇ ਲੈ ਲਵੇ।
ਇਕ ਇਕ ਕਰ ਪਰ[1] ਥਿਰ ਹੁਇ ਜਾਇ। [1]ਫੇਰ ਇਕ ਇਕ ਹੱਥ ਤੇ....।
ਦਿਨ ਪ੍ਰਤਿ ਵਧਯੋ ਓਜ ਅਧਿਕਾਇ।
ਸਿਪਰਨਿ ਕੋ ਕਰ ਗਹਿ[1] ਚੀਰਾਇ। [1]ਢਾਲਾਂ ਨੂੰ ਹੱਥੀਂ ਫੜਕੇ।
ਸ੍ਰੀ ਫਲ ਫੋਰਹਿ ਦੰਡ ਚਬਾਇ[1] ॥੪੮॥ [1]ਨਰੇਲ ਤੋੜ ਦੇਵੇ ਬਾਹਾਂ ਦੇ ਭਾਰ ਨਾਲ ਦਬਾਕੇ।
ਗਹੈ ਰਜਤਪਣ[1] ਚੁਟਕੀ ਮਾਂਹਿ। [1]ਰੁਪੱਯਾ।
ਹਰਫ ਮਿਟਾਵਤਿ ਮਲਿ ਕਰਿ ਤਾਂਹਿ।
ਇੱਤਜਾਦਿਕ ਇਕ ਨਿਤ ਅਚਰਜ ਕਰੈ।
ਗੁਰ ਪ੍ਰਸੰਨਤਾ ਤਜੋਂ ਤਜੋਂ ਧਰੈਂ ॥੪੯॥
ਬਹੁ ਮੋਲੀ ਵਸਤੂ ਬਖਸ਼ੰਤੇ।
ਧਨ ਗਨ ਦੇਤਿ, ਲੇਤਿ ਹਰਖੰਤੇ।
ਇਸ ਕੀ ਕਥਾ ਕਹੈਂਗੇ ਫੇਰ।
ਸੁਨਹੁ ਅਬਹਿ ਗੁਰੁ ਸਿੱਖਨਿ ਕੇਰਿ ॥੫੦॥
ਜਜੋਂ ਜਜੋਂ ਮਿਲੇ ਸੁਨਯੋ ਉਪਦੇਸ਼।
ਲੇ ਗੁਰੁ ਮਤਿ ਕੋ ਕਟੇ ਕਲੇਸ਼।
ਤਿਨ ਕੀ ਕਹੌਂ ਕਥਾ ਕੁਛ ਥੋਰੀ।
ਸ਼੍ਰੋਤਾ ਸੁਨਹੁ ਮਹਾਂ ਰਸ ਬੋਰੀ[1] ॥੫੧॥ [1]ਮਹਾਂ ਰਸ ਵਿਚ ਡੁੱਬੀ ਹੋਈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਚੱਤਵਾਰਿੰਸਤੀ ਅੰਸੂ ॥੪੦॥

੪੧. [ਸਿੱਖਾਂ ਦੇ ਪ੍ਰਸੰਗ। ਚਰਚਾ ਚਾਰ ਪ੍ਰਕਾਰ। ਵੇਦਾਂਤ ਕੜਾਹ ਪ੍ਰਸ਼ਾਦ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਦਰਗਾਹਾ ਭੰਡਾਰੀਆ, ਸਿੱਖ ਹੁਤੋ ਮਤਿ ਧੀਰ।
ਸ਼੍ਰੀ ਗੁਰ ਹਰਿ ਗੋਵਿੰਦ ਕੋ, ਸੇਵਤਿ ਹਰਿ ਕਰਿ ਤੀਰ ॥੧॥

ਚੌਪਈ:

ਹਾਥ ਜੋਰਿ ਅਰਦਾਸ ਬਖਾਨੀ।
'ਸਿੱਖ ਕਰਹਿਂ ਚਰਚਾ ਗੁਰੁ ਬਾਨੀ।
ਕਿਤਿਕ ਪਰਹਿਂ ਲਰ ਆਪਸ ਮਾਂਹੀ।
ਨਿਜ ਨਿਜ ਅਰਥ ਹਟਨ ਦੇਂ ਨਾਂਹੀ' ॥੨॥
ਸੁਨਿ ਸ਼੍ਰੀ ਹਰਿ ਗੋਵਿੰਦ ਉਚਾਰਾ।
ਹੋਵਤਿ ਚਰਚਾ ਚਾਰਿ ਪ੍ਰਕਾਰਾ।
ਗੁਰ ਸਿੱਖਨਿ ਕੋ ਚਹੀਅਤਿ ਦੋਇ।
ਦੋਨਹੁਂ ਕੋ ਤਜਾਗਤਿ ਹੈਂ ਸੋਇ ॥੩॥
ਇਕ ਇਹ ਚਰਚਾ -ਵਾਦ- ਕਹਾਵੈ।
ਸ਼ਬਦ ਅਰਥ ਜੋ ਨਹਿਂ ਉਰ ਆਵੈ।
ਕਰਹਿ ਪਰਸਪਰ ਬੂਝਨਿ ਕਹਿਨੇ[1]।
ਸੁਨਹਿਂ ਪ੍ਰੇਮ ਤੇ ਅਰਥ ਸੁ ਲਹਿਨੇ ॥੪॥
ਦੂਜੀ ਚਰਚਾ -ਹੇਤ[1]- ਪਛਾਨ।
ਨਿਜ ਬੁਧਿ ਮਹਿਂ ਸੋ ਕਰਤਿ ਬਖਾਨ[1]।
ਸੁਨਤਿ ਦੂਸਰੇ ਮ੍ਰਿਦੁ ਬਚ ਕਹੈਂ।
-ਇਹੁ ਨਹਿਂ ਅਰਥ ਅਪਰ ਬਿਧਿ ਅਹੈਂ[1]- ॥੫॥
ਸ਼ਬਦ ਅਰਥ[1] ਕਹਿ ਭਲੋ ਸੁਨਾਯੋ।
ਸੁਨਜੋ ਜਥਾਰਥ ਤਿਹ ਮਨ ਭਾਯੋ।
ਬਹੁਰੋ ਦੇ ਕਰਿ ਬੁੱਧ ਵਿਸ਼ੇਖ।
ਕਰਹਿਂ ਆਪ ਤੈਸੇ ਸ਼ੁਭ ਦੇਖਿ ॥੬॥
ਭਨਤਿ ਸੁਨਤਿ ਦੋਨਹੁ ਮਿਲਿ ਆਛੇ।
ਨਿਰਨੇ ਹੋਇ ਅਰਥ ਜੋ ਪਾਛੇ।
ਪੱਖ ਬਾਦ ਤਜਿ ਸੋ ਉਰ ਧਰੈਂ।

[1]ਆਪਸ ਵਿਚ ਕਹਿਕੇ ਪੁਛ ਲੈਣਾ।

[1]ਪਿਆਰ ਵਾਲੀ ਚਰਚਾ।

[1]ਜੋ ਆਪਣੀ ਬੁੱਧੀ ਵਿਚ ਹੈ ਸੋ (ਸਿੱਖ) ਕਥਨ ਕਰਦਾ ਹੈ।

[1]ਹੋਰਵੇਂ ਹਨ।

[1]ਸ਼ਬਦ ਦਾ ਅਰਥ।

ਆਪਸ ਮਹਿਂ ਸਰਾਹਨਾ ਕਰੈਂ ॥੭॥
ਇਸ ਤੇ ਆਇ ਨ, ਉਸ ਨੇ ਸੁਨਜੋ।
ਉਹ ਨਹਿਂ ਜਾਨੇ, ਤੌ ਇਨ ਭਨਜੋ[1†]।

[1]ਭਾਵ ਇਕ ਨੂੰ ਅਰਥ ਨ ਆਇਆ ਤਾਂ ਦੂਜੇ ਤੋਂ ਸੁਣ ਲਿਆ, ਦੂਜਾ ਨਹੀਂ ਜਾਣਦਾ ਤਾਂ ਪਹਿਲੇ ਨੇ ਕਹਿ ਦਿੱਤਾ। [†]ਪਾ:—ਇਸ ਨੇ ਭਨਜੋ।

ਦੋਨਹੁ ਕੋ ਗੁਨ ਮਿਲਿ ਕਰਿ ਭਯੋ।
ਪ੍ਰੇਮ ਬਿਸਾਲ ਬਹੁਰ ਜੁਗ ਕਯੋ ॥੮॥
ਜਿਮ ਇਕ ਦੀਪਕ ਕਰੈ ਪ੍ਰਕਾਸ਼।
ਰਹਹਿ ਅੰਧੇਰਾ ਪੀਛੇ ਤਾਸ।
ਦੁਤੀਓ ਦੀਪਕ ਜੇ ਤਹਿਂ ਹੋਇ।
ਪਾਛਲ ਤਮ ਦੁਨਹਨਿ ਕੋ ਖੋਇ ॥੯॥
ਜੋ ਏਕਲ ਹੀ ਅਰਥ ਬਖਾਨੈ।
ਤਿਸ ਤੇ ਮਨ ਕੋ ਮਾਨ ਨ ਹਾਨੈ।
ਲੇਹਿਂ ਸ਼ਬਦ ਰਸ ਮਿਲਿ ਕਰਿ ਦੋਇ।
ਮਾਨ ਨ ਰਹੇ ਮਹਾਂ ਫਲ ਹੋਇ ॥੧੦॥
ਚਰਚਾ -ਜਲਪ- ਤੀਸਰੀ ਜਾਨਿ।
ਜੋ ਨਿਜ ਮੁਖ ਤੇ ਕੀਨ ਬਖਾਨ।
ਹੁਇ ਅਨਬਨ ਕੈ[†] ਬਨਜੋ ਕਹੰਤਿ[1]।

[1]ਅਣਬਣ (ਵਾਰਤਾ) ਨੂੰ ਬਣੀ ਹੋਈ ਕਹਿੰਦਾ ਹੋਵੇ। [†]ਪਾ:—ਕਹਿ।

ਨਹਿਂ ਦੂਸਰ ਉਰ ਬਿਖੈ ਲਹੰਤਿ ॥੧੧॥
ਤਿਸ ਪਰ ਦੋਨਹੁ ਬਾਦ[1] ਉਠਾਏ।

[1]ਝਗੜਾ।

ਨਿਜ ਨਿਜ ਪਖ ਪਰਿ ਜੁਗਤਿ[1] ਬਨਾਏ।

[1]ਦਲੀਲਾਂ।

ਅਨਿਕ ਪ੍ਰਮਾਣ ਆਨਿ ਦ੍ਰਿਢ ਕਰੈਂ।
ਨਹਿ ਦੋ ਮਾਨਹਿਂ, ਨਹਿਂ ਮਨ ਧਰੈਂ ॥੧੨॥
ਜਜੋਂ ਕਜੋਂ ਅਰਥ ਆਪਨੋ ਮੰਡਹਿਂ[1]।

[1]ਸਿੱਧ ਕਰਦੇ ਹਨ।

ਰਿਸਹਿਂ ਪਰਸਪਰ ਪਰ ਕੋ ਖੰਡਹਿਂ[1]।

[1]ਦੂਸਰੇ ਨੂੰ ਖੰਡਨ ਕਰਦੇ ਹਨ।

ਲਰਹਿਂ ਕ੍ਰੋਧ ਤੇ, ਬੰਧਹਿ ਦ੍ਵੈਖ।
ਜਰਹਿਂ ਰਿਦੇ ਸੁਨਿ ਜਸੁ ਕੋ ਦੇਖਿ[1] ॥੧੩॥

[1]ਪਰਾਏ) ਜੱਸ ਨੂੰ ਸੁਣ ਤੇ ਦੇਖਕੇ।

ਸੋ ਗੁਰੁ ਸਿੱਖ ਨ ਅੰਗੀਕਾਰਹਿਂ।
ਨਿੰਮ੍ਰ ਨ ਮਨ ਹੁਇ ਬੈਰ ਬਿਕਾਰਹਿ[1]।

[1]ਵੈਰ ਦਾ ਵਿਕਾਰ ਹੁੰਦਾ ਹੈ।

ਚੌਥੀ ਚਰਚਾ ਹੋਤਿ -ਵਿਤੰਡਾ-।
ਖੰਡਣ ਮਹਿਂ ਨਿਤ ਹੋਤਿ ਪ੍ਰਚੰਡਾ[1] ॥੧੪॥

[1]ਤ੍ਰਿੱਖੇ।

ਅਪਨੀ ਮਤ ਵਿਸ਼ੇਸ਼ ਨਹਿਂ ਅਹੈ।

ਨਹਿਂ ਮਾਨਹਿਂ ਜੇ ਦੂਸਰ ਕਹੈ।
ਪਠਿਨਿਹਾਰ ਜੇ ਸਗਰੇ ਲੋਕ।
ਦੁਖਹਿਂ ਅਧਿਕ ਤਿਨ ਜਬਹਿ ਬਿਲੋਕ ॥੧੫॥
ਇਹ ਭੀ ਸਤਿਗੁਰ ਕੇ ਸਿਖ ਤਜਾਗਹਿਂ।
ਸਾਰ ਗਹੈਂ ਸ਼ੁਭ ਕੋ ਅਨੁਰਾਗਹਿਂ।
ਕਿਸ ਕੌਂ ਮਨ ਕਬਿ ਨਹੀਂ ਦੁਖਾਵਹਿਂ।
ਉਰ ਪ੍ਰਸੰਨਤਾ ਸਭਿਨਿ ਉਪਾਵਹਿਂ' ॥੧੬॥
ਸ਼੍ਰੀ ਮੁਖ ਤੇ ਸੁਨਿ ਕੈ ਸ਼ੁਭ ਬਾਨੀ।
ਸਿੱਖਨਿ ਧਰਿ ਸ਼ਰਧਾ ਉਰ ਆਨੀ।
ਇਕ ਜਮਾਲ ਜਿਹ ਨਾਮ ਸੁ ਆਯੋ।
ਸ਼੍ਰੀ ਸਤਿਗੁਰ ਕੋ ਸੀਸ ਨਿਵਾਯੋ ॥੧੭॥
ਬੈਠਿ ਸਮੀਪ ਭਾਉ ਕੋ ਧਾਰਾ।
ਲੇਤੋ ਭਯੋ ਪ੍ਰਸ਼ਾਦ ਬ੍ਰਤਾਰਾ।
ਦੇਖਿ ਪ੍ਰਭਾ[1] ਸਤਿਗੁਰ ਕੀ ਮੋਹਾ।
ਸੁੰਦਰ ਸੀਤਲ ਸਸਿ ਸਮ ਸੋਹਾ[1] ॥੧੮॥
ਹਾਥ ਜੋਰਿ ਅਰਦਾਸਿ ਉਚਾਰੀ।
'ਮੈਂ ਅਬਿ ਆਯੋ ਸ਼ਰਨਿ ਤੁਮਾਰੀ।
ਸਿੱਖ ਆਪਨੋ ਮੋਹਿ ਬਨਾਵੋ।
ਸੁਖਦਾਨੀ ਉਪਦੇਸ਼ ਬਤਾਵੋ ॥੧੯॥
ਪੂਰਬ ਮਹਿਮਾ ਸੁਨੀ ਤੁਮਾਰੀ।
ਅਬਿ ਮੈਂ ਆਨਿ ਹਜ਼ੂਰ ਨਿਹਾਰੀ।
ਪਰਜੋ ਰਹੋਂਗੇ ਰਾਵਰਿ ਸ਼ਰਨੀ।
ਕਹੋ ਬਦਨ ਤੇ ਕਰੌਂ ਸੁ ਕਰਨੀ' ॥੨੦॥
ਸ਼੍ਰੀ ਮੁਖ ਤੇ ਉਪਦੇਸ਼ ਉਚਾਰਾ।
'ਪਠਿ ਸੁਨਿ ਕਰਿ ਗੁਰੁ ਸ਼ਬਦ ਵਿਚਾਰਾ।
ਧਰਹੁ ਸਿਦਕ ਤਿਮ ਕਰਮ ਕਮਾਵੋ।
ਤਾਤਪਰਯ ਤਿਸ ਕੋ ਲਖਿ ਪਾਵੋ ॥੨੧॥
ਜੇਤਿਕ ਤਨ ਜਗ ਮਹਿਂ ਉਪਜਾਏ।
ਪੰਚ ਤੱਤ ਕੇ ਅਖਿਲ ਬਨਾਏ।

[1]ਸ਼ੋਭਾ।
[1](ਉਹ ਪ੍ਰਭਾ) ਚੰਦ ਵਾਂਙੂ ਸੀਤਲ ਤੇ ਸੁਹਣੀ ਫਬ ਰਹੀ ਸੀ।

ਘਾਟ ਨ ਬਾਧ ਏਕ ਸਮ ਜਾਨੋ।
ਅੰਤਹਕਰਣ ਇੰਦ੍ਰਯ ਤਨ ਮਾਨੋ ॥੨੨॥
ਜਹਿਂ ਕਹਿਂ ਇਕ ਚੇਤਨ ਸਭਿ ਮਾਂਹੀ।
ਚੇਤਨ ਬਿਖੇ ਭੇਦ ਕੁਛ ਨਾਂਹੀ।
ਜੇ ਇਮ ਜਾਨਹਿਂ ਸਿਖ ਹੈਂ ਸੇਈ।
ਜਨਮ ਮਰਨ ਬੰਧਨ ਹਤਿ ਤੇਈ' ॥੨੩॥
ਸੁਨਿ ਜਮਾਲ ਨੇ ਪ੍ਰਸ਼ਨ ਬਖਾਨਾ।
'ਇਕ ਚੇਤਨ ਜੇ ਹੈ ਸਭਿ ਥਾਨਾ।
ਤੌ ਅਹਾਰ ਕਰਿਬੇ ਇਕ ਸੰਗ।
ਕਯੋਂ ਨ ਤ੍ਰਿਪਤਿ ਹੋਵੈਂ ਸਰਬੰਗ? ॥੨੪॥
ਇਕ ਕੇ ਗਯਾਨ ਹੋਨਿ ਕਰਿ ਸਾਰੇ।
ਕਯੋਂ ਅੱਗਯਾਨ ਖੋਇਂ ਨਹਿਂ ਸਾਰੇ?
ਜੋ ਅਚਵਹਿ ਸੋਈ ਤ੍ਰਿਪਤਾਵੈ।
ਜੋ ਗਯਾਨੀ ਸੋ ਕੈਵਲ ਪਾਵੈ' ॥੨੫॥
ਸ਼੍ਰੀ ਮੁਖ ਤੇ ਸ਼ੁਭ ਉੱਤਰ ਦੀਨਿ।
'ਘਟ ਮਠ ਨਾਨਾ ਜਹਿਂ ਕਹਿਂ ਚੀਨ।
ਏਕ ਅਕਾਸ਼ ਸਭਿਨਿ ਮਹਿਂ ਦੀਖਤਿ[1]।

[1]ਘੜੇ ਤੇ ਕੋਠੇ ਜਿੱਥੇ ਕਿੱਥੇ ਨਾਨਾ (ਅਨੇਕਾਂ) ਦੇਖੀਦੇ ਹਨ, ਪਰ ਅਕਾਸ਼ ਸਭਨਾਂ ਵਿਚ ਇਕੋ ਦਿੱਸਦਾ ਹੈ।

ਨਿਰਨੈ ਕਰਹੁ ਭੇਵ ਨਹਿਂ ਈਖਤ[1] ॥੨੬॥

[1]ਥੋੜਾ।

ਪਾਇ ਪਦਾਰਥ ਜਿਸ ਘਟ ਬਿਖੈ।
ਤਿਸ ਤੇ ਹੀ ਨਿਕਸਤਿ ਸਭਿ ਦਿਖੈ।
ਜਿਸ ਮਠ ਮਹਿਂ ਦੀਪਕ ਹੈ ਬਾਰਾ[1]।

[1]ਕੋਠੇ ਵਿਚ ਦੀਵਾ ਬਾਲਿਆ ਹੈ।

ਤਿਸ ਇਕ ਮਹਿਂ ਹੋਇਸਿ ਉਜੀਯਾਰਾ ॥੨੭॥
ਤਿਮ ਜਾਨਹੁ ਜਿਮ ਭੋਜਨ ਖਾਨੋ।
ਧਰਮ ਪ੍ਰਾਨ ਕੋ ਪਾਨੀ ਪਾਨੋ[1]।

[1]ਪਾਣੀ ਪੀਣਾਂ ਪ੍ਰਾਣਾਂ ਦਾ ਧਰਮ ਹੈ।

ਮਨ ਕੋ ਧਰਮ ਸਮਝਬੋ ਗਯਾਨ।
ਆਤਮ ਸਾਖੀ ਸਭਿ ਕੋ ਜਾਨ[1] ॥੨੮॥

[1]ਆਤਮਾਂ ਨੂੰ ਸਭ ਦਾ ਸਾਖੀ ਜਾਣ।

ਭੇਦ ਸਜਾਤਿ, ਵਿਜਾਤੀ, ਸੁਗਤਿ ਨ।
ਸਭਿ ਤੇ ਨਯਾਰੋ ਬ੍ਰਹਮ ਸਚੇਤਨ[1]।

[1]ਹੁਣ ਤਿੰਨਾਂ ਭੇਦਾਂ ਦਾ ਵੇਰਵਾ ਦੱਸਦੇ ਹਨ।

ਜਿਮ ਜੁਗ ਬ੍ਰਿੱਛ ਸਜਾਤੀਵਾਨ।
ਤਥਾ ਬ੍ਰਹਮ ਤੇ ਬ੍ਰਹਮ ਨ ਆਨ[1] ॥੨੯॥

[1]ਹੋਰ ਨਹੀਂ। ਭਾਵ ਉਹ ਭੇਦ ਜੋ ਬ੍ਰਿੱਛ ਬ੍ਰਿੱਛ ਵਿਚ ਹੈ।

ਜਿਮ ਤਰੁ ਪੱਥਰੁ ਅਹੈਂ ਵਿਜਾਤੀ[1]?	[1]ਫਿਰ ਜੇ ਕਹੋ ਕਿ) ਪੱਥਰ ਤੇ ਬ੍ਰਿੱਛ ਵਾਂਙੂ ਵਿਜਾਤੀ ਹਨ (ਤਾਂ ਉੱਤਰ ਹੈ ਕਿ)।
ਤਿਮ ਭੀ ਬ੍ਰਹਮ ਕੇ ਨਹਿਂ ਬੱਖਜਾਤੀ[1]।	[1]ਇਉਂ ਬੀ ਬ੍ਰਹਮ ਨਹੀਂ ਹੈ।
ਚੇਤਨ ਬ੍ਰਹਮ, ਜਗਤ ਜੜ੍ਹ ਅਹੈ।	
ਭਏ ਬਿਜਾਤੀ ਦੋਨਹੁ ਲਹੈ[1] ॥੩੦॥	[1]ਜਾਣਦੇ ਹਨ।
[1]ਬ੍ਰਹਮ ਸਦਾ ਸਤਿ ਚਿਤ ਅਬਿਨਾਸ਼ੀ।	[1]ਕਾਰਣ ਦੱਸਦੇ ਹਨ ਕਿ।
ਜੜ ਕਲਪਤ ਮਿੱਥਯਾ ਸਭਿਨਾਸ਼ੀ[1]।	[1]ਬ੍ਰਹਮ ਵਿਚ ਜੜ੍ਹ (ਜਗਤ) ਕਲਪਤ ਹੈ, ਇਸ ਕਰਕੇ ਮਿੱਥਯਾ ਹੈ ਤੇ ਮਿੱਥਯਾ ਹੋਣ ਕਰਕੇ ਨਾਸ਼ ਰੂਪ ਹੈ, ਭਾਵ ਬ੍ਰਹਮ ਤੋਂ ਜੁਦੇ ਕੋਈ ਸੱਤਯਾ ਨਹੀਂ ਰੱਖਦਾ ਜਗਤ।
ਬ੍ਰਹਮ ਕੋ ਨਹੀਂ ਬਿਜਾਤੀ ਰਹੈਂ।	
ਯਾਂ ਤੇ ਭੇਦ[1] ਬ੍ਰਹਮ ਨਹਿਂ ਲਹੈ ॥੩੧॥	[1]ਭਾਵ ਵਿਜਾਤੀ ਭੇਦ।
ਜਥਾ ਬਿਰਛ ਕੇ ਸ਼ਾਖਾ ਟਾਸ[1]।	[1]ਟਾਹਣੇ।
ਸੁਗਤਿ ਭੇਦ ਕੋ ਇਮ ਨਿਰਜਾਸਿ[1]।	[1]ਸੁਗਤ ਭੇਦ ਨੂੰ ਇਉਂ ਸਮਝੋ।
ਜਿਮ ਨਰ ਤਨ ਪ੍ਰਤਿ ਅੰਗ ਸੁ ਅੰਗ[†]।	[†]ਪਾ:—ਅੰਗਰੁ ਪ੍ਰਤਿ ਅੰਗ।
ਨਹਿਂ ਚੇਤਨ ਕੈ[1], ਅਹੈ ਅਨੰਗ[2] ॥੩੨॥	[1]ਭਾਵ ਬ੍ਰਹਮ ਵਿਚ ਸੁਗਤਿ ਭੇਦ ਭੀ ਨਹੀਂ ਹੈ, ਅਰਥਾਤ ਉਹ ਫਰਕ ਜੋ ਅਪਣੇ ਆਪ ਵਿਚ ਪ੍ਰਤੀਤ ਹੋਵੇ, ਜੈਸੇ ਬ੍ਰਿਛ ਤੇ ਟਾਹਣ, ਸਰੀਰ ਤੇ ਅੰਗ, ਪਰ ਚੇਤਨ ਨਿਰਾਕਾਰ ਹੋਣ ਕਰਕੇ ਉਸ ਵਿਚ ਸੁਗਤਿ ਭੇਦ ਭੀ ਨਹੀਂ ਹੈ। [2]ਚੇਤਨ) ਅੰਗ ਰਹਤ ਹੈ।
ਬ੍ਰਹਮ ਆਤਮਾ ਇਮ ਨਿਰਧਾਰੋ।	
ਨਿਰਗੁਣ, ਸਭਿ ਮਹਿਂ, ਨਿਰਆਕਾਰੋ[1]।	[1]ਆਕਾਰ ਰਹਿਤ।
ਲਿਪਹਿਨ, ਸਰਬ ਬੀਚ ਅਰ ਨਜਾਰੋ।	
ਜਥੋਂ ਜਲ ਭੀਤਰ ਦੀਖਤਿ ਤਾਰੋ[1] ॥੩੩॥	[1]ਜਿਵੇਂ ਤਾਰੇ (ਦਾ ਪ੍ਰਤਿਬਿੰਬ) ਦਿੱਸਦਾ ਹੈ।
ਤਨ ਘਟ[1], ਅੰਤਹਕਰਣ ਸੁ ਜਲੁ ਹੈ।	[1]ਸਰੀਰ ਘੜਾ ਹੈ।
ਬ੍ਰਹਮ ਚੰਦੁ ਪ੍ਰਤਿਬਿੰਬ ਸਤੁਲ ਹੈ[1]।	[1]ਬ੍ਰਹਮ ਚੰਦ੍ਰਮਾਂ ਦੇ ਪ੍ਰਤਿਬਿੰਬ ਤੁੱਲ ਹੈ।
ਸਭਿ ਮਹਿਂ ਭਾਸੈ ਸਭਿ ਤੇ ਨਜਾਰੋ[1]।	[1]ਬ੍ਰਹਮ ਸਭ ਵਿਚ ਤੇ ਸਭ ਤੋਂ ਨਜਾਰਾ ਭਾਸਦਾ ਹੈ।
ਏਵ ਆਤਮਾ ਕੋ ਉਰ ਧਾਰੋ ॥੩੪॥	
ਇਸ ਪ੍ਰਕਾਰ ਜਿਨਿ ਸਮੁਝਨਿ ਕੀਨਿ।	
ਸੇ ਗੁਰ ਕੇ ਸਿਖ ਪਰਮ ਪ੍ਰਬੀਨ।'	
ਸੁਨਿ ਜਮਾਲ ਗੁਰ ਕੋ ਸਿਖ ਭਯੋ।	
ਜੜ੍ਹ ਚੇਤਨ ਕੋ ਨਿਰਨੈ ਕਿਯੋ ॥੩੫॥	
ਕੁੱਕੋ[1] ਸਿੱਖ ਵਧਾਵਣ[2] ਜੋਇ।	[1]ਨਾਮ। [2]ਜਾਤੀ।
ਸੰਗ ਅਨੰਤਾ[1] ਦੂਸਰ ਹੋਇ।	[1]ਕੜਾਹ ਪ੍ਰਸ਼ਾਦਿ।
ਪਰੇ ਸ਼ਰਨਿ ਸ਼੍ਰੀ ਹਰਿਗੋਵਿੰਦ।	

ਬੰਦਤਿ ਦੋਨੋ ਪਦ ਅਰਬਿੰਦ ॥੩੬॥
ਹਾਥ ਜੋਰਿ ਜੁਗ ਅਰਜ਼ ਗੁਜਾਰੀ।
'ਭਏ ਗੁਰੂ ਨਾਨਕ ਨਿਰੰਕਾਰੀ।
ਕੀਨਸਿ ਅੰਗੀਕਾਰ ਕਰਾਹ।
ਅਪਰ ਪ੍ਰਸਾਦਿ ਕਿਯੋ ਹਿਤ ਨਾਂਹ[1] ॥੩੭॥
ਇਸ ਮਹਿਂ ਕਯਾ ਕਾਰਣ ਗੁਰੁ ਰਾਖਾ?
ਨਹਿਂ ਪਕਵਾਨ ਆਨ ਕੋ ਕਾਂਖਾ[1]।
'ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰਾ।
'ਉੱਤਮ ਲਖਹੁ ਗੁਰੁ ਅਵਤਾਰਾ[1] ॥੩੮॥
ਸਭਿ ਤੋਂ ਉੱਤਮ ਤਥਾ ਕਰਾਹੂ[1]।
ਅੰਗੀਕਾਰਜੋ ਸੰਗਤਿ ਮਾਂਹੂ।
ਤਿਮ ਗੁਰੁ ਸ਼ਬਦ ਅਹੈ ਉਪਦੇਸ਼।
ਸਭਿ ਤੇ ਸ਼੍ਰੀ ਸਤਿਨਾਮ ਵਿਸ਼ੇਸ਼ ॥੩੯॥
ਗੁਰ ਗਾਦੀ ਇਸਥਿਰ ਹੈ ਜਬਿ ਲੌ।
ਬੀਨਿ ਬੀਨਿ ਨੀਕੀ ਵਥੁ ਤਬਿ ਲੌ।
ਨਿਜ ਸਿੱਖਨਿ ਕੋ ਸਭਿ ਹੀ ਦੈ ਹੈਂ।
ਬਡਿਭਾਗੀ ਗੁਰਮੁਖ ਬਨਿ ਲੈਹੈਂ ॥੪੦॥
ਜਗ ਸਾਰੇ ਮਹਿਂ ਸਾਰ ਨਿਕਾਰੈਂ।
ਦੇ ਗੁਰੁ ਸਿੱਖ ਸੁ ਅੰਗੀਕਾਰੈਂ।
ਸ਼੍ਰੁਤੀ ਸ਼ਾਸਤ੍ਰਨਿ ਸਾਰ ਨਿਕਾਰੈਂ।
ਗਤਿ ਦਾਯਕ ਜਿਮ ਸ਼ਬਦ ਉਚਾਰੈਂ[†] ॥੪੧॥
ਉੱਤਮ ਵਸਤੁ ਗੁਰੂ ਘਰ ਮਾਂਹੀ।
ਲਹੈਂ ਸਿੱਖ ਤਿਨ ਦੁਖ ਕਬਿ ਨਾਂ ਹੀ।'
ਸੁਨਿ ਪ੍ਰਸੰਨ ਹੋਏ ਸਭਿ ਕੋਈ।
ਨਿਵਲਾ ਅਪਰ ਨਿਹਾਲੂ ਦੋਈ ॥੪੨ ॥
ਬੰਦਨ ਕਰਿ ਪਦ ਬੈਠਿ ਉਚਾਰਾ।
'ਕਿਮ ਸ਼੍ਰੀ ਗੁਰੁ ਹਮ ਹੋਇ ਉਧਾਰਾ?'
ਸੁਨਿ ਕਰਿ ਸ਼੍ਰੀ ਹਰਿਗੋਵਿੰਦ ਕਹੈਂ।
'ਸਭਿ ਕਾਸ਼ਟ ਮਹਿਂ ਅਗਨੀ ਰਹੈ ॥੪੩॥
ਬਿਨਾ ਮਥੇ ਨਹਿਂ ਨਿਕਸਿ ਪ੍ਰਕਾਸ਼ੈ।
ਕਾਰਜ ਕਰਹਿ ਨ ਸੀਤ ਬਿਨਾਸ਼ੈ।

[1]ਹੋਰ (ਕਿਸੇ) ਪ੍ਰਸਾਦਿ ਨਾਲ ਪ੍ਰੇਮ ਨਾ ਕੀਤਾ।

[1]ਹੋਰ ਮਿਠਾਈ (ਯਾ ਭੋਜਨ) ਨਹੀਂ ਚਾਹੀ।

[1]ਅਵਤਾਰਾਂ (ਵਿਚੋਂ) ਗੁਰੂ ਅਵਤਾਰ ਉੱਤਮ ਹੈ।

[1]ਭੋਜਨਾਂ) ਵਿਚੋਂ ਤਿਵੇਂ ਕੜਾਹ ਹੈ।

[†]ਦੇਖੋ ਰਾਸ ੩ ਅੰਸੂ ੪੧ ਅੰਕ ੧੧ ਤੇ ਅੰਕ ੫੦ ਦੀ ਹੇਠਲੀ ਟੂਕ।

ਜਥਾ ਦੁਗਧ ਮਹਿਂ ਘ੍ਰਿਤ ਮਿਲਿ ਰਹਜੋ।
ਮਥਨ ਕਰੇ ਬਿਨ ਕਿਨਹੁੰ ਨ ਲਹਜੋ ॥੪੪॥
ਤਿਮ ਸਤਿਗੁਰ ਕੇ ਸ਼ਬਦ ਮਝਾਰਾ।
ਆਤਮ ਗਜਾਨ ਬਸੈ ਸੁਖ ਸਾਰਾ।
ਪਾਠ ਕਰੇ ਹੁਇ ਪੁੰਨ ਮਹਾਨਾ।
ਨਾਂਹਿ ਨ ਪ੍ਰਾਪਤਿ ਆਤਮ ਗਜਾਨਾ ॥੪੫॥
ਜਬਿ ਬਿਚਾਰ ਕਰਿ ਰਿਦੇ ਬਸਾਵੈ।
ਸਭਿ ਬਿਵਹਾਰਨਿ ਬਿਖੈ ਕਮਾਵੈ।
ਗਜਾਨ ਪ੍ਰਕਾਸ਼ੈ ਆਨੰਦ ਪਾਵੈ।
ਜਨਮ ਮਰਨ ਕੋ ਕਸ਼ਟ ਮਿਟਾਵੈ' ॥੪੬॥
ਦੋਨਹੁ ਸੁਨਿ ਗੁਰੁ ਕੋ ਉਪਦੇਸ਼।
ਮਹਾਂ ਸੁਮਤਿ ਜੁਤਿ ਪਢੇ ਵਿਸ਼ੇਸ਼।
ਲਾਗੇ ਗੁਰ ਕੋ ਸ਼ਬਦ ਬਿਚਾਰਨਿ।
ਸਤਿ ਸੰਗਤਿ ਮਹਿਂ ਕਥਾ ਉਚਾਰਨਿ ॥੪੭॥
ਸੁਨਿ ਤਿਨ ਤੇ ਸ਼੍ਰੋਤਾ ਹਰਖਾਵੈਂ।
ਡਰ ਬਿਕਾਰ ਤੇ, ਗੁਰਮਤਿ ਪਾਵੈਂ।
ਸੁਨਹਿਂ ਪ੍ਰੇਮ ਕਰਿ ਧਰਿ ਧਰਿ ਭਾਊ।
ਬ੍ਰਹਮ ਗਜਾਨ ਲਹਿ ਸਹਿਜ ਸੁਭਾਊ ॥੪੮॥
ਸ਼੍ਰੋਤਾ ਬਕਤਾ ਜੇ ਸਮੁਦਾਇ।
ਜੀਵਨ ਮੁਕਤਿ ਅਵਸਥਾ ਪਾਇ।
ਇਸ ਪ੍ਰਕਾਰ ਭਾ ਬਹੁਤ ਉਧਾਰ।
'ਧੰਨ ਧੰਨ ਸਤਿਗੁਰੂ' ਉਚਾਰਿ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

੪੨. [ਸਿੱਖਾਂ ਦੇ ਪ੍ਰਸੰਗ। ਵਕਤਾ ਸ਼੍ਰੋਤਾ ਚੌਦਾਂ ਗੁਣ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਮਨਸਾ ਧਾਰਿ ਸੁ ਤੁਲਸੀਆ,
ਦਰਗਹਿ ਤਖਤੂ ਧੀਰ।
ਤੀਰਥ ਉੱਪਲ[1] ਸੰਗ ਮਿਲਿ,
ਆਏ ਸ਼੍ਰੀ ਗੁਰੁ ਤੀਰ ॥੧ ॥

ਚੌਪਈ:

ਬੰਦਨ ਕਰਿ ਸਭਿ ਬੈਠੇ ਪਾਸ।
ਹਾਥ ਜੋਰਿ ਉਚਰੀ ਅਰਦਾਸ।
'ਸੱਚੇ ਪਾਤਿਸ਼ਾਹੁ ਹਮ ਸੁਨੈਂ।
ਸਿੱਖ ਅਨੇਕ ਅਰਥ ਜੇ ਭਨੈਂ ॥੨॥
ਮਨ ਕੋ ਸ਼ਾਂਤਿ ਨ ਕਿਸ ਕੋ ਆਵੈ।
ਇਤ ਉਤ ਤੇ ਹਟਿ ਥਿਰ ਨ ਰਹਾਵੈ।
ਨਿਵਲਾ ਅਪਰ ਨਿਹਾਲੂ ਦੋਇ।
ਕਥਾ ਉਚਾਰ ਕਰਤਿ ਹੈਂ ਸੋਇ ॥੩॥
ਤ੍ਰਾਸ ਬਿਕਾਰਨਿ ਤੇ ਹੁਇ ਤਬੈ।
ਦੁਰਮਤਿ ਉਰ ਤੇ ਪਰਹਰਿ ਸਬੈ।
ਗੁਰੁਮਤਿ ਕੋ ਪ੍ਰਾਪਤਿ ਚਿਤ ਹੋਤਿ।
ਗੁਨ ਗਨ ਹਿਰਦੇ ਜੋਤਿ ਉਦੋਤਿ' ॥੪॥
ਸੁਨਿ ਸ਼੍ਰੀ ਹਰਿਗੋਵਿੰਦ ਬਖਾਨਾ।
'ਅੰਮ੍ਰਿਤ ਸਤਿਗੁਰ ਸ਼ਬਦ ਮਹਾਨਾ।
ਬਕਤਾ ਮਹਿਂ ਚੌਦਹ ਗੁਨ ਹੋਇਂ।
ਗ੍ਯਾਨ ਪਾਇ ਤਿਸ ਤੇ ਸੁਨਿ ਕੋਇ ॥੫॥
ਤਿਮ ਸ਼੍ਰੋਤਾ ਮਹਿਂ ਚੌਦਸ ਗੁਨ ਹ੍ਵੈਂ।
ਤੁਰਤ ਗ੍ਯਾਨ ਪ੍ਰਾਪਤਿ ਜੇ ਸੁਨਿਹੈਂ।
ਜੇ ਗੁਨ ਹੋਹਿਂ ਨ ਦੋਨਹੁ ਮਾਂਹੀਂ।
ਤੂਰਨ ਗ੍ਯਾਨ ਸੁ ਪ੍ਰਾਪਤਿ ਨਾਂਹੀ ॥੬॥
ਜੇ ਇਕ ਬਕਤਾ ਮਹਿਂ ਭੀ ਹੋਇਂ।
ਸ਼੍ਰੋਤਾ ਕੋ ਪ੍ਰਾਪਤਿ ਸੁਨਿ ਸੋਇ[1]।'
ਬੂਝਨ ਕਰੇ ਗੁਰੂ[1] 'ਗੁਨ ਜੇਈ।

[1]ਭ: ਮਾਲਾ ਵਿਚ ਚਾਰ ਨਾਮ ਹਨ:—ਮਨਸਾਧਾਰ, ਦਰਗਹ ਤੱਲੀ, ਤਖਤ ਧੀਰ, ਤੀਰਥ ਉੱਪਲ।

[1]ਜੋ (ਚੌਦਾਂ ਗੁਣ) ਇਕ ਵਕਤਾ ਵਿਚ ਬੀ ਹੋਣ ਤਾਂ ਸ਼੍ਰੋਤਾ ਨੂੰ ਸੁਣਕੇ ਪ੍ਰਾਪਤ ਹੋ ਜਾਂਦੇ ਹਨ।

[1]ਗੁਰੂ ਜੀ ਤੋਂ ਪੁੱਛਿਆ (ਸਿੱਖਾਂ ਨੇ)।

ਹਮ ਕਹੁ ਬਰਨ[†] ਸੁਨਾਵਹੁ ਤੇਈ ॥੭॥ — [†]ਪਾ:—ਬਚਨ।
ਕ੍ਰਿਪਾ ਕਰਹੁ ਸੇਵਕ ਨਿਜਜਾਨਿ।
ਭਿੰਨ ਭਿੰਨ ਅਬਿ ਕਰਹੁ ਬਖਾਨ।'
ਤਬਿ ਸ਼੍ਰੀ ਹਰਿ ਗੋਵਿੰਦ ਸੁਨਾਏ।
'ਮਨਹੁ ਸਿੱਖ ਧਾਰਹੁ ਸਮੁਦਾਏ ॥੮॥
ਪ੍ਰਥਮ -ਵਾਗਮੀ[1]- ਸੁੰਦਰ ਬਾਨੀ। — [1]ਚੰਗਾ ਵਕਤਾ [ਸੰਸ: ਵਾਗ੍ਮੀ]
ਬ੍ਰਿੰਦ ਸ਼ਬਦ ਕੇ ਪਦ ਲੌਂ ਜਾਨੀ[1]। — [1]ਜਾਣਦਾ ਹੋਵੇ।
ਸ਼੍ਰੋਤੇ ਜਿਤੇ ਤਿਤੀ ਧੁਨਿ ਕਰੈ[1]। — [1]ਉਤਨੀ ਉੱਚੀ ਆਵਾਜ਼ ਕੱਢੇ।
ਛੰਦ ਧਾਰਨਾ ਜਿਮ, ਤਿਮ ਪਰੈ[1] ॥੯॥ — [1]ਪੜ੍ਹੇ।
ਦੂਜੇ ਹੁਇ -ਵਿਤ ਬਜਾਸ ਸਮਾਸੇ[1]-। — [1]ਦੂਜਾ ਗੁਣ ਇਹ ਹੈ ਕਿ ਵਿਸਥਾਰ ਤੇ ਸੰਕੋਚ ਦਾ ਜਾਣੂ ਹੋਵੇ।
ਲਖਹਿ ਕਿ ਜਿਸ ਥਲ ਸੁਰਸ ਪ੍ਰਕਾਸ਼ੇ[1]। — [1]ਰਸ ਦਾ ਪ੍ਰਕਾਸ਼ ਹੈ।
ਠਹਿਰੈ ਬ੍ਰਿਤਿ ਸ਼੍ਰੋਤਾਨਿ[1] ਉਦਾਰ। — [1]ਸ਼੍ਰੋਤਿਆਂ ਦੀ ਬ੍ਰਿਤੀ।
ਤਹਾਂ ਸੁ ਕਰਹਿ ਅਰਥ ਵਿਸਥਾਰ ॥੧੦॥
ਜਿਸ ਥਲ ਹੋਵਹਿ ਬ੍ਰਿਤੀ ਉਦਾਸ।
ਤਹਿਂ ਸੰਛੇਪ ਹੀ ਕਰਹਿ ਪ੍ਰਕਾਸ਼।
-ਬ੍ਰਿਤਿਪ੍ਰਿਯ ਕਥਾ ਕੇਰ ਪ੍ਰਸਤਾਵ[1]-। — [1]ਕਥਾ ਦੇ ਪ੍ਰਸੰਗ ਪਜਾਰੇ ਕਰਕੇ ਕਹਿਣੇ ਜਾਣਦਾ ਹੋਵੇ।
ਇਹੁ ਚਤਰਥ ਗੁਨ ਲਖੋ ਸੁਭਾਵ ॥੧੧॥
ਮਧੁਰ ਗਿਰਾ ਅਸ ਕਰਹਿ ਉਚਾਰੀ।
ਜਿਸ ਤੇ ਸਭਿ ਕੋ ਲਾਗਸਿ ਪਜਾਰੀ।
ਪੰਚਮ -ਸਾਚ ਬਚਨ- ਕੋ ਕਹੈ।
ਕਰਮ ਉਪਾਸ਼ਨ ਗਜਾਨ ਕਿ ਅਹੈ ॥੧੨॥
ਰਿਦਾ ਸ਼ਬਦ ਕੋ[1] ਹੋਇ ਸੁ ਬਰਨੈ। — [1]ਸਬਦ ਦਾ ਸਿੱਧਾਂਤ।
ਅਰਥ ਸੁਨਾਵੈ ਕਰਿ ਕਰਿ ਨਿਰਨੈ।
ਖਸ਼ਟ -ਸੰਦੇਹ ਛੇਦਨੋ[1]- ਮਾਨਿ। — [1]ਸੰਸੇ ਨਿਵਿਰਤੀ (ਕਰ ਸਕਦਾ ਹੋਵੇ)।
ਪ੍ਰਸ਼ਨ ਕਰੈ[1], ਉੱਤਰ ਦੇ ਜਾਨਿ ॥੧੩॥ — [1]ਕੋਈ ਪ੍ਰਸ਼ਨ ਕਰੇ ਤਾਂ।
ਜਥਾ ਸ਼ਬਦ ਕੋ ਆਸ਼ੈ ਅਹੈ।
ਤਥਾ ਪ੍ਰਮਾਣ ਸੁ ਸਾਖੀ ਕਹੈ।
ਜੈਸੇ ਬੁਧਿ ਮੈਂ ਸ਼੍ਰੋਤਾ ਜਾਨੇ।
ਤਿਸੀ ਪ੍ਰਕਾਰ ਦ੍ਰਿਸ਼ਟਾਂਤ ਬਖਾਨੈ ॥੧੪॥
ਸਪਤਮ -ਕੁਸ਼ਲ ਸਕਲ ਮਤ ਕੇਰੋ[1]-। — [1]ਚਤੁਰ ਹੋਵੇ ਸਾਰਿਆਂ ਮਤਾਂ ਵਿਚ।
ਸੁਨੇ ਹੋਇਂ ਸ਼ਾਸਤ੍ਰਨ ਕੇ ਝੇਰੋ[1]। — [1]ਝਗੜੇ।

ਅਸ਼ਟਮ -ਖਜ਼ਾਤ ਵਿਖੇਪ ਕ੍ਰਿਤੌਨਿ[1]-।
ਕਥਾ ਪ੍ਰਸੰਗ ਹੋਤਿ ਹੈ ਜੌਨ ॥੧੫॥

[1]ਕਥਾ ਵਿਚ ਵਿਖੇਪ ਨਾ ਕਰੇ ਜਉ ਕਥਾ ਹੋਰ ਹੋਵੇ ਤਾਂ ਸਾਖੀ ਹੋਰ ਭਾਵ ਦੀ ਨਾ ਕਰੇ।

ਅਪਰ ਜੁ ਮਤ[1] ਸਾਖੀ ਸੁ ਪ੍ਰਮਾਨ।
ਆਸ਼ੈ ਸਮਝਨਿ ਕਰੈ ਬਖਾਨ।
ਨਵਮਿ -ਅਵਿੰਗ- ਜੁ ਸੂਧਾ ਬੈਸੇ।
ਮਨ ਭੀ ਸਰਲ ਰਖਹਿ ਬਿਧਿ ਤੈਸੇ ॥੧੬॥

[1]ਹੋਰਨਾਂ ਮਤਾਂ ਦੇ।

ਦਸਮੋ -ਜਨ ਰੰਜਕ[1]- ਪਹਿਚਾਨ।
ਜਯੋਂ ਜਯੋਂ ਸ਼੍ਰੋਤਾ ਸੁਨਹਿਂ ਸੁ ਕਾਨ।
ਤਯੋਂ ਤਯੋਂ ਰੰਗ ਪ੍ਰੀਤ ਕੋ ਚਰੈ।
ਇਮ ਕਹਿ ਸਰਬ ਸਭਾ ਬਸਿ ਕਰੈ ॥੧੭॥
-ਚਿਤੈ ਸਭੋ-ਇਕ ਦਸਮੋ ਜਾਨ।
ਸ਼੍ਰੋਤਾ ਸਕਲ ਸਮੁਖ ਸਵਧਾਨ।
ਸ਼੍ਰਵਨ ਬਿਲੋਚਨ ਨਿਜ ਦਿਸ ਕਰੈਂ।
ਚਹੈਂਕਿ -ਆਗੇ ਕਹਾਂ ਉਚਰੈ[1]- ॥੧੮॥

[1]ਲੋਗਾਂ ਨੂੰ ਪ੍ਰਸੰਨ ਕਰਨ ਵਾਲਾ।

[1]ਸਾਰੇ ਸ਼੍ਰੋਤਿਆਂ ਨੂੰ ਸਾਵਧਾਨ ਤੇ ਸਨਮੁਖ (ਆਪਣੀ ਵੱਲ ਰੁਖ ਵਾਲੇ ਕਰ ਲਵੋ ਕਿ ਓਹ) ਆਪਣੇ ਕੰਨ ਤੇ ਨੇਤ੍ਰ (ਵਕਤਾ) ਵੱਲ ਕਰ ਲੈਣ ਤੇ ਚਾਹੁਣ ਕਿ (ਛੇਤੀ ਸੁਣੀਏ ਕਿ ਵਕਤਾ) ਅੱਗੋਂ ਕੀ ਕਹਿੰਦਾ ਹੈ।

-ਨਾ ਹੰਕ੍ਰਤਿ- ਦ੍ਵਾਦਸ਼ਮੋ ਹੋਵੈ[1]।
ਸਰਬ ਹੰਕਾਰ ਰਿਦੈ ਤੇ ਖੋਵੈ।
ਮਨ ਨੀਵਾਂ ਰਾਖੈ ਸਭਿ ਸੰਗ।
ਗੁਨ ਬਡ ਲਖਿ[1] ਨ ਕਿਸੇ ਚਿਤ ਭੰਗ[2] ॥੧੯॥

[1]ਬਾਰ੍ਹਵੇਂ ਹੰਕਾਰ ਕਰਨ ਵਾਲਾ ਨ ਹੋਵੇ।

[1]ਆਪਣੇ ਵਿਚ) ਵਡੇ ਗੁਣ ਜਾਣਕੇ (ਅ) 'ਸਭ ਨਾਲ ਮਨ ਨੀਵਾਂ ਰੱਖਣਾ' ਵੱਡਾ ਗੁਣ ਸਮਝੇ। [2]ਕਿਸੇ ਦਾ ਦਿਲ ਨਾ ਤੋੜੇ।

ਹੋਇ -ਧਾਰਮਿਕ[1]- ਤ੍ਰੌਦਸਵੋਂ ਇਹ।
ਕਹੈ ਜੁ ਕਥਾ ਕਮਾਵੈ ਨਿਜ ਤਿਹ।
ਚੌਦਸ਼ਮਹਿਂ -ਸੰਤੋਖੀ- ਹੋਇ।
ਪਰਾਲਬਧ ਕਰਿ ਆਵੈ ਜੋਇ ॥੨੦॥
ਸਹਤ ਅਨੰਦ ਪਾਇ ਜੋ ਲੇਯ।
ਬਿਨ ਜਾਚੇ ਅੰਮ੍ਰਿਤ ਸਮ ਦੇਯ[1]।
ਅਧਿਕ ਪਦਾਰਥ ਚਾਹ ਨ ਧਰੈ।
ਢਿਗ[†] ਜੋ ਹੋਇ ਬਰਤਬੋ ਕਰੈ ॥੨੧॥
ਇਹ ਬਕਤੇ ਕੇ ਚੌਦਸ਼ ਗੁਨ ਹੈਂ[†]।

[1]ਧਰਮਾਤਮਾ।

[1]ਤੇ ਇਹ ਸਮਝੇ ਕਿ) ਬਿਨਾਂ ਮੰਗੇ ਜੋ (ਕੋਈ ਕੁਛ) ਦੇਵੇ ਸੋ ਅੰਮ੍ਰਿਤ ਵਾਂਙ ਹੈ।

[†]ਪਾ:—ਦਿਢ।

†ਵਕਤੇ ਦੇ ਚੌਦਾਂ ਗੁਣਾਂ ਦਾ ਛੰਦ, ਜਿਸ ਦਾ ਕਵਿ ਜੀ ਨੇ ਉਲਥਾ ਕੀਤਾ ਹੈ, ਸਿੱਖਾਂ ਦੀ ਭਗਤਮਾਲ ਵਿਚ ਇਸ ਪ੍ਰਕਾਰ ਹੈ:
ਵਾਗਮੀ, ਵਜਾਸ, ਸਮਾਸਵਤ, ਪ੍ਰਿਯ ਕਥਾ ਪ੍ਰਸ੍ਰਾਵ, ਸਪਸ੍ਰ ਵਾਕ, ਸੰਦੇਹ ਛਿਦ੍ਰ, ਅਸ਼ੇਖ ਸ਼ਾਸਤ੍ਰ, ਕੁਸ਼ਲ:; ਨੱਖਜਾਤ ਵਿਖੇਪ ਕ੍ਰਿਤ। ਅਵਜੰਗੋ ਜਨ ਰੰਜਕੋ, ਜਿਤ ਸਭੋ, ਨ ਹੰਕ੍ਰਤੋ, ਧਾਰਮਿਕੋ ਸੰਤੋਖੀ ਚ ਚਤਰਦਸ਼ ਗਣਾਂ ਉੱਤਮ ਵਕਤਾ ਪ੍ਰਣੀਤਜ:। ਇਸ ਦੇ ਚੌਦਾਂ ਗੁਣਾਂ ਦੇ ਹੀ ਅਰਥ ਕ੍ਰਮ ਅਨੁਸਾਰ ਇਹ ਹਨ :— ੧. ਵਾਗਮੀ = ਰਸੀਲੀ ਤੇ ਸੁਰ ਨਾਲ ਬੋਲ ਸੱਕਣਾ। ੨. ਵਜਾਸ = (ਸ਼੍ਰੋਤਿਆਂ ਦੀ ਰੁਚੀ ਅਨੁਸਾਰ) ਵਿਸਥਾਰ ਨਾਲ ਸਮਝਾ ਸੱਕਣਾ। ੩. ਸਮਾਸ ਵਤ੍ = (ਲੋੜ ਅਨੁਸਾਰ) ਸੰਖੇਪ ਕਰ ਸੱਕਣਾ। ੪. ਪ੍ਰਿਯ ਕਥਾ ਪ੍ਰਸ੍ਰਾਵ = ਦਿਲ ਲੁਭਾਉਣ ਵਾਲੀਆਂ ਕਥਾਵਾਂ ਕਹਿਣਾ। ੫. ਸਪਸ੍ਰ ਵਾਕ-ਸਾਫ ਬੋਲਣਾ ਤੇ ਸਪਸ੍ਰ ਕਰਕੇ ਸਮਝਾ ਸੱਕਣਾ। ੬. ਸੰਦੇਹ ਛਿਦ੍ = ਸੰਸਿਆਂ ਨੂੰ ਦੂਰ ਕਰ ਸੱਕਣਾ। ੭. ਅਸ਼ੇਖੰ ਸ਼ਾਸਤ੍ਰਾਂ ਦਾ ਜਾਣਕਾਰ ਹੋਣਾਂ।. ੮. ਨੱਖਜਾਤ ਵਿਖੇਪ ਕ੍ਰਿਤ = ਕਥਾ ਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਤੋਂ ਉਲਟੇ ਪ੍ਰਮਾਣ ਨਾ ਦੇਵੇ। ੯. ਅਵਜੰਗੋ = ਸੁਹਣੀ ਤਰ੍ਹਾਂ ਸਿੱਧਾ ਬੈਠਣਾ। ੧੦. ਜਨ ਰੰਜਕੋ = ਸ਼੍ਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ। ੧੧. ਜਿਤ ਸਭੋ = ਸਭਾ ਨੂੰ ਜਿੱਤਣਾਂ। ਭਾਵ ਆਪਣੇ ਤੇ ਮੋਹਿਤ ਕਰ ਲੈਣਾ। ੧੨. ਨ ਹੰਕ੍ਰਤੋ = ਹੰਕਾਰ ਰਹਿਤ ਹੋਣਾ। ੧੩. ਧਾਰਮਿਕੋ = ਧਾਰਮਿਕ ਖਜ਼ਾਲਾਂ ਵਾਲਾ ਹੋਣਾ (ਰਹਿਣੀ ਵਾਲਾ = ਜੋ ਕਹੇ ਉਹੀ ਆਪ ਵੀ ਕਮਾਉਣ ਵਾਲਾ ਹੋਣਾ)। ੧੪. ਸੰਤੋਖੀ = ਸੰਤੋਖੀ ਹੋਣਾ।

ਧਰਹਿਂ ਚਤਰਦਸ਼ ਕਥਾ ਜੁ ਸੁਨਿ ਹੈਂ।
[1]ਬਕਤਾ ਕੀ ਕਰਨੀ ਨਿਜ ਭਗਤਿ।
ਮਨ ਬਚ ਕਰਮਨ ਕੇ ਸੰਜੁਗਤਿ[1] ॥੨੨ ॥

[1]ਹੁਣ ਸ਼੍ਰੋਤਾ ਦੇ ਗੁਣ ਚਲੇ।

[1]ਵਕਤਾ ਦੀ ਕਰਨੀ ਦਾ ਨਿਜ ਭਗਤ ਹੋਵੇ ਮਨ ਬਚਨ ਕਰਮ ਨਾਲ। ਇਹ ਪਹਿਲਾ ਗੁਣ ਹੈ।

ਦੂਜੇ ਹੋਇ ਨ ਮਨ ਹੰਕਾਰੀ।
ਜਾਨਹਿ-ਮੈਂ ਬਡ ਸੇਵਾ ਧਾਰੀ-।
ਤ੍ਰਿਤੀਏ ਸ਼ਰਧਾ ਸੁਨਿਬੇ ਹੋਇ।
ਨਹੀਂ ਉਚਾਟਹਿ ਮਨ ਕੋ ਸੋਇ ॥੨੩॥
ਚੌਥੇ ਅਪਨੀ ਚਿਤ ਚਤੁਰਾਈ।
ਬਕਤੇ ਪਰ ਨਹਿਂ ਕਰਹਿ ਬਨਾਈ।
ਪੰਚਮ ਬਕਤਾ ਭਨਹਿ ਜੁ ਅਰਥ।
ਤਿਹ ਸਮੁਝਨ ਕੀ ਹੋਇ ਸਮਰਥ ॥੨੪॥
ਖਸ਼ਟਮ ਪ੍ਰਸ਼ਨ ਕਰਨ ਕੋ ਜਾਨੈ।
ਸਪਤਮ ਸੁਨੇ ਗ੍ਰੰਥ ਬਹੁ ਕਾਨੈ।
ਅਸ਼ਟਮ ਆਲਸ ਕੋ ਨਹਿਂ ਧਰੈ।
ਨੌਮੇ ਨਿੰਦ੍ਰਾ ਕੋ ਬਸਿ ਕਰੈ ॥੨੫ ॥
ਦਸਮੋ ਸੁਨਹਿਂ ਧਰਹਿ ਉਰ ਸੋਇ[1]।
ਵੰਡ ਖਾਇ ਡਿਗਿ ਪਿਖ ਜੋ ਹੋਇ।
ਦ੍ਵਾਦਸ਼ਮੋ ਜਿਮ ਗੁਰੁਨਿ ਸਿਧਾਂਤਿ।
ਤਿਸ ਅਨੁਸਾਰਿ ਸੁਨਹਿ ਚਿਤ ਸ਼ਾਂਤਿ ॥੨੬॥

[1]ਜੋ ਸੁਣੇ ਸੋ ਧਾਰਨ ਕਰੇ।

ਹੋਇ ਵਿਪਰਜੈ[1] ਤਜਾਗਨਿ ਕਰੈ।

[1]ਜੋ ਗੱਲ ਗੁਰ ਸਿਧਾਂਤ ਵਿਰੁੱਧ ਹੋਵੇ।

ਤ੍ਰੌਦਸ਼ਮੋ ਤਨ ਮੈ ਸੁਚ ਧਰੈ।
ਚੌਦਸ਼ਮੋ ਨਹਿੰ ਕਰੈ ਪਖੰਡ†।

†ਸ਼੍ਰੋਤਾ ਦੇ ਵੀ ਚੌਦਾਂ ਹੀ ਗੁਣਾਂ ਦਾ ਸ਼ਲੋਕ ਜਿਸ ਦਾ ਕਵੀ ਜੀ ਨੇ "ਸਿੱਖਾਂ ਦੀ ਭਗਤ ਮਾਲ" ਤੋਂ ਲੈਕੇ ਉਲਥਾ ਕੀਤਾ ਹੈ, ਇਉਂ ਹੈ:

ਭਗਤੋ ਵਕਤ੍ਰੇ, ਅਗਰ੍ਬਤਾ, ਸ੍ਰੁਤਿ ਰੁਚਹਿ, ਚੰਚਲ ਹੀਨ, ਪਟਹਿ। ਪ੍ਰਸ਼ਨਾਦਖਜਸ੍ਯ, ਬਹੁ ਸ੍ਰੁਤੋ, ਅਨਾਲਸੋ, ਨਿੰਦ੍ਰਾ ਜਿਤੀ ਸੁਤਹ। ਦਾਤਾਤਿ, ਪਕ੍ਤਿ ਕਥੰਤਰਾ, ਸੁਚੈਵ, ਪਰਦੰਭੋਜਿਤਾ ਸਰ੍ਬਦਾ। ਏਤੇਯਸ਼ ਸੰਤ ਨਿਰਮਲ ਗੁਣਾਂ ਵੈਕੁੰਠੇ ਪ੍ਰਸਸਤਾ ਸਦਾ।

ਅਰਥ ਇਸ ਪ੍ਰਕਾਰ ਹਨ: ੧. ਭਗਤੋ ਵਕ੍ਤਰੇ = ਸ਼੍ਰੋਤੇ ਲਈ ਮਨ ਬਚ ਕ੍ਰਮ ਤੇ ਵਕਤਾ ਦਾ ਭਗਤ ਹੋਣਾ। ੨. ਅਗਰ੍ਬਤਾ = ਨਿਰਹੰਕਾਰ ਹੋਣਾ। ੩. ਸ੍ਰੁਤਿ ਰੁਚਹਿ = ਸੁਣਨ ਵਿਚ ਪ੍ਰੀਤਵਾਨ ਹੋਣਾ। ੪. ਚੰਚਲ ਹੀਨ = ਕੁਤਰਕੀ ਨਾਂ ਹੋਣਾ। (ਅ) ਸਰੀਰ ਯਾ ਬਚਨਾਂ ਦੀ ਚਤੁਰਾਈ ਨਾ ਕਰਨੀ। ੫. ਪਟਹਿ = ਸਮਝਣ ਵਿਚ ਚਤੁਰ ਹੋਣਾ। ੬. ਪ੍ਰਸ਼ਨਾਦਖਜਸ੍ਯ = ਪ੍ਰਸ਼ਨ ਕਰਨ ਵਿਚ ਚਤੁਰ ਹੋਣਾ। ੭. ਬਹੁ ਸ੍ਰੁਤੋ = ਬਹੁਤੇ ਗ੍ਰੰਥਾਂ ਦਾ ਸੁਣਿਆ ਹੋਇਆ ਹੋਣਾ। ੮. ਅਨਾਲਸੋ = ਆਲਸੀ ਨਾ ਹੋਣਾ। ੯. ਨਿੰਦ੍ਰਾ ਜਿਤੀ ਸੁਤਹਿ = ਸੁਣਨ ਵੇਲੇ ਸਉਣਾਂ ਨਾਂ। ੧੦. ਦਾਤ ਤਿ = ਵੰਡ ਕੇ ਖਾਣ ਵਾਲਾ ਹੋਣਾ। ੧੧. ਪਕ੍ਤਿ = ਜੋ ਸੁਣੇ ਉਸ ਦਾ ਧਾਰਣੀ ਹੋਣਾ। ੧੨. ਕਥੰਤਰਾ = ਸਤਿਗੁਰੁ ਦੇ ਸਿਧਾਂਤ ਤੋਂ ਵਿਰੁੱਧ ਦਾ ਤਿਆਗੀ ਹੋਣਾ। ੧੩. ਸੁਚੈਵ = ਪਵਿੱਤ੍ਰ ਰਹਿਣਾ। ੧੪. ਪਰਦੰਭੋਜਿਤਾ = ਪਖੰਡੀ ਨਾਂ ਹੋਣਾ।

ਮਨ ਕੋ ਲਾਵਹਿਂ ਸੁਨਹਿਂ ਅਖੰਡ[1] ॥੨੭॥

[1]ਦਿਲ ਲਾ ਕੇ।

ਇਮ ਸ਼੍ਰੋਤਾ ਬਕਤਾ ਜੋ ਹੋਇ।
ਪ੍ਰਾਪਤਿ ਹੋਤਿ ਗਜ੍ਯਾਨ ਕੋ ਦੋਇ।
ਇਹ ਲੱਛਨ ਜੋ ਕਹੇ ਬਨਾਇ।
ਸਿੱਖ ਨਿਹਾਲੂ ਬਿਖੈ ਸੁ ਪਾਇ ॥੨੮॥
ਤਿਸ ਕੀ ਸੰਗਤਿ ਕਰਹੁ ਹਮੇਸ਼।
ਹੁਇਂ ਤੁਮ ਮਹਿਂ ਗੁਨ ਬ੍ਰਿੰਦ ਵਿਸ਼ੇਸ਼।
ਸੁਨਹ ਕਥਾ ਤਿਹ ਮੁਖ ਤੇ ਨੀਕੀ।
ਕਯੋਂ ਨ ਸ਼੍ਰੇਯ ਹੁਇ ਤੁਮਰੇ ਜੀ ਕੀ' ॥੨੯॥
ਸ਼੍ਰੀ ਮੁਖ ਤੇ ਸੁਨਿ ਸਭਿ ਹਰਖਾਏ।
ਧਾਰਨ ਕੀਨੇ ਗੁਨ ਸਮੁਦਾਏ।
ਕਿਸ਼ਨਾ ਝੰਝੂ ਪੰਮੂ ਪੂਰੀ।
ਸ਼੍ਰੀ ਹਰਿਗੋਵਿੰਦ ਕੇਰਿ ਹਜ਼ੂਰੀ ॥੩੦॥
ਕਰਿ ਬੰਦਨਿ ਕੋ ਬਾਕ ਉਚਾਰਾ।
'ਕਰਹੁ ਗਰੀਬ ਨਿਵਾਜ ਉਧਾਰਾ।'
ਸ਼੍ਰੀ ਮੁਖ ਤੇ ਉਪਦੇਸ਼ ਬਖਾਨਾ।
'ਕਲ ਮਹਿਂ ਨਾਮ ਜਹਾਜ ਮਹਾਨਾ ॥੩੧ ॥
ਸ਼ਬਦ ਪਠਨਿ ਕੀਜਹਿ ਅੱਭਯਾਸ।
ਚਢਹੁ ਜਹਾਜ ਨਾਮ ਸੁਖ ਰਾਸਿ।'
ਸੁਨਿ ਕਰਿ ਦੋਨਹੁ ਬਹੁਰ ਉਚਾਰੇ।

'ਇਕ ਸਿਖ ਪਢਨ ਸ਼੍ਰਵਨ ਕੋ ਧਾਰੇ
॥੩੨॥
ਖੋਟੇ ਕਰਮ ਤਜਾਗ ਕਰਿ ਦੇਤਿ।
ਇਕ ਪਢਿ ਕਰਿ ਧਾਰਨ ਕਰਿ ਲੇਤਿ[1]।
ਕਰਹਿਂ ਪਰਸਪਰ ਅਧਿਕ ਵਿਰੋਧ।
ਪਾਹਨ ਰੇਖ ਨ ਤਜਾਗਹਿਂ ਕ੍ਰੋਧ[1] ॥੩੩॥
ਉਰ ਹੰਕਾਰ ਧਰਹਿਂ -ਹਮ ਬਡੇ-।
ਕਾਮ ਲੋਭ ਕਰਦਮ ਮਨ ਗਡੇ[1]।
ਤਿਨ ਕੋ ਪਦ ਪ੍ਰਾਪਤਿ ਹੁਇ ਕੈਸੇ।
ਕਰੁਨਾ ਕਰਹੁ ਸੁਨਾਵਹੁ ਤੈਸੇ' ॥੩੪॥
ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰਾ।
'ਕਰੈ ਸਬਦ ਸਭਿਹੂੰਨ ਉਧਾਰਾ।
ਸਮੇਂ ਪਾਇ ਕਰਿ ਦੇ ਕੱਲਜਾਨੇ।
ਪਢਿਬੋ ਸੁਨਿਬੋ ਸ਼ਬਦ ਜੁ ਠਾਨੇ ॥੩੫॥
ਇਕ ਨਰ -ਗਜਾਨ ਬੱਧ[†]- ਜੇ ਹੋਇ।
ਤਿਨਕੀ ਸ਼੍ਰੇਯ ਕਰਹਿ ਨਹਿਂ ਕੋਇ।
ਸੁਨਹਿ ਸ਼ਬਦ ਜੇ ਨਰ ਅੱਗਜਾਨੀ।
ਤਿਨ ਕੇ ਕਲਮਲ ਹੋਵਹਿਂ ਹਾਨੀ ॥੩੬॥
ਜੱਗਜਾਸਾ ਕੋ ਪਾਇ ਅਗਾਰੇ।
ਅੱਭਜਾਸੇ ਲਹਿ ਗਜਾਨ ਸੁਖਾਰੇ।
ਭਗਤਨਿ ਕੀ ਦਿਢਿ ਭਗਤੀ ਹੋਇ।
ਗਜਾਨੀ ਗਜਾਨ ਸੁ ਗਾਢੋ ਜੋਇ ॥੩੭॥
ਜੋ ਨਰ ਪਢਹਿ ਮਾਨ ਕੇ ਕਾਰਨ।
ਦੂਰਿ ਦੂਰਿ ਕਰਹਿ ਸਮੂਹ ਬਿਕਾਰਨਿ।
ਨਿਸ਼ਚਾ ਨਹੀ ਗਜਾਨ ਕੋ ਪਾਵੈ।
ਸਭਿ ਮਹਿਂ ਗਜਾਨੀ ਨਾਮ ਕਹਾਵੈ ॥੩੮॥
ਹੰਕਾਰੀ ਸਤਿਸੰਗ ਨ ਕਰੈ[†]।
ਬਡਿਆਈ ਧਨ ਹਿਤ ਸਭਿ ਧਰੈ।
ਤਿਸ ਕੋ ਪ੍ਰਾਪਤਿ ਹੋਇ ਨ ਗਜਾਨ।
ਕਿਮ ਦਰਗਾਹਿ ਪਾਇ ਸੋ ਮਾਨ ॥੩੯॥
ਸ਼੍ਰੀ ਅੰਮ੍ਰਿਤਸਰ ਜਿਸ ਨੇ ਜਾਨਾ।

[1]ਵਿਕਾਰਾਂ ਨੂੰ) ਧਾਰ ਲੈਂਦੇ ਹਨ।

[1]ਪੱਥਰ ਦੀ ਰੇਖਾ (ਵਾਂਙੂ) ਕ੍ਰੋਧ ਨੂੰ ਨਹੀਂ ਤਜਾਗਦੇ।

[1]ਚਿਕੜ ਵਿਚ ਫਸਿਆ ਹੈ ਮਨ।

[†]ਬੱਧ ਗਜਾਨ ਦੇ ਲੱਛਣ ਅਗੇ ਅੰਕ ੩੮, ੩੯, ੪੨, ੪੩, ੪੪ ਵਿਚ ਦੱਸੇ ਹਨ।

[†]ਯਾਰ੍ਹਵੀਂ ਵਾਰ ਦੇ ਟੀਕੇ ਵਿਚ ਇਥੇ 'ਸੰਤਾਂ ਦਾ ਸੰਗ ਨਹੀਂ ਕਰਦਾ' ਲਿਖਜਾ ਹੈ।

ਮਗ ਨ ਲਹਹਿ ਤੌ ਬੂਝ ਪਯਾਨਾ[1]।
ਅੱਗਜਾਨੀ ਭੀ ਆਨਿ ਸ਼ਨਾਨੇ।
ਤਿਸ ਕੋ ਸੰਗਤਿ ਮਿਲੀ ਮਹਾਨੇ ॥੪੦॥
ਆਇ ਸੁਧਾਸਰ ਕਰਨਿ ਸ਼ਨਾਨ।
ਮਿਲਿ ਆਵਤਿ ਤਿਨ ਸੰਗ ਅਜਾਨਿ।
ਤਿਮ ਜੱਗਜਾਸੀ ਪਹੁੰਚਹਿ ਆਇ।
ਮੱਜਨ ਕਰਿ ਅਨੰਦ ਕੋ ਪਾਇ ॥੪੧॥
ਜੋ ਗਜਾਨੀ ਮਗ ਜਾਨਤਿ ਆਛੇ।
ਆਨਿ ਪਹੂਚਤਿ ਜਬਿ ਚਿਤ ਬਾਂਛੇ।
ਜੋ ਪਰੰਤੁ ਮਗ ਜਾਨ ਨਿਹਾਰੋ।
ਦਿਸ਼ਾ ਭਰਮ[1] ਭਾ ਰਿਦੇ ਮਝਾਰੋ ॥੪੨॥
ਉਲਟੋ ਜਾਤਿ ਸੁਧਾਸਰ ਮਗ ਤੇ।
ਸੁਨਹਿ ਅਪਰ ਤੇ ਕਹੈ ਨ ਲਗਤੇ।
ਉਰ ਹੰਕਾਰ ਕਿ -ਮੈਂ ਮਗ ਜਾਨੋਂ-।
ਭਰਮ ਭਯੋ ਉਰ ਨਹੀਂ ਪਛਾਨੋ ॥੪੩॥
ਤਿਮ ਸੰਤਨ ਤੇ ਪੂਛਤਿ ਨਾਂਹੀ।
-ਮੈਂ ਸਭਿ ਪਠਜੋ- ਲਖਹਿ ਮਨ ਮਾਂਹੀ।
ਨਹਿਂ ਸਤਿਸੰਗ ਕਰਹਿ ਮਨ ਮਾਨੀ।
ਸੋ ਕਬਿ ਹੋਇ ਨਹੀਂ ਬ੍ਰਹਮ ਗਜਾਨੀ' ॥੪੪॥
ਸ਼੍ਰੀ ਗੁਰੁ ਕਹਜੋ ਸਭਿਨਿ ਸਿਖ ਸੁਨਜੋ।
ਸ਼ਰਧਾ ਧਰਿ ਨੰਮ੍ਰੀ ਹੁਇ ਮਨਜੋ।
ਧਿੰਗਣ ਮੱਦੂ ਦੋਇ ਤਿਖਾਣ।
ਕਰਨਿ ਕਾਰ ਮਹਿਂ ਬਹੁਤ ਸੁਜਾਨ ॥੪੫॥
ਰਹੈਂ ਗੁਰੂ ਹਰਿਗੋਵਿੰਦ ਤੀਰੈ।
ਨਿਤ ਲੰਗਰ ਕੀ ਲਕਰੀ ਚੀਰੈਂ।
ਮੰਜੇ ਬਹੁਤ ਚੌਕੀਆਂ ਕਰੈਂ।
ਸਤਿਗੁਰ ਕੇ ਘਰ ਮੈਂ ਸੋ ਧਰੈਂ ॥੪੬॥
ਅਪਰ ਸਿੱਖ ਕੇ ਕਾਰਜ ਹੋਇ।
ਕਰਿ ਕੈ ਪ੍ਰੇਮ ਬਨਾਵੈਂ ਸੋਇ।
ਕਥਾ ਕੀਰਤਨ ਸ਼ਬਦ ਉਚਾਰਿ।
ਸੁਨਹਿ ਪ੍ਰੇਮ ਤੇ ਕਾਜ ਬਿਸਾਰਿ ॥੪੭॥

[1]ਪੁਛਕੇ ਚਲਿਆ।

[1]ਹੋਰ ਦਿਸ਼ਾ ਨੂੰ ਹੋਰ ਸਮਝ ਲੈਣਾ।

ਪਾਛਲਿ ਰਾਤਿ ਹੋਇ ਸਵਧਾਨ।
ਪੂਰਬ ਆਪ ਕਰਹਿਂ ਇਸ਼ਨਾਨ।
ਜਲ ਨਿਕਾਸਿ ਪੁਨ ਸਿੱਖ ਨਵ੍ਹਾਵੈਂ।
ਨਿਸ ਦਿਨ ਸੱਤਿਨਾਮ ਲਿਵ ਲਾਵੈਂ ॥੪੮॥
ਅੰਤ ਸਮਾਂ ਤਿਨ ਕੋ ਜਬਿ ਭਯੋ।
ਪ੍ਰਥਮ ਸ਼ਨਾਨ ਸੁਧਾਸਰ ਕਿਯੋ।
ਜਿਤਿਕ ਪਦਾਰਥ ਨਿਕਟ ਨਿਹਾਰੇ।
ਨਿਜ ਕਰ ਤੇ ਰੰਕਨਿ ਦੇ ਸਾਰੇ ॥੪੯॥
'ਵਾਹਿਗੁਰੂ' ਸਿਮਰਤਿ ਤਨ ਛੋਰਾ।
ਗੁਰੁ ਬਿਨ ਕਰਯੋ ਨ ਮਨ ਕਿਸ ਓਰਾ।
ਸਿੱਖ ਚਿਖਾ ਪਰ ਜਬਿ ਲੇ ਗਏ।
ਸ਼੍ਰੀ ਹਰਿਗੋਵਿੰਦ ਪਹੁੰਚਤਿ ਭਏ ॥੫੦॥
ਦੋਨਹੁ ਕੋ ਕਰ ਤੇ ਸਸਕਾਰਾ[1]।
ਪੀਛੇ ਗੁਰੂ ਪ੍ਰਸੰਗ ਉਚਾਰਾ।
'ਇਹ ਨਲ ਨੀਲ ਹੁਤੇ ਅਵਤਾਰ।
ਕਰੀ ਬਿਨੈ ਇਨਹੂੰ ਇਕ ਬਾਰ ॥੫੧॥
-ਹਮ ਕੌ ਭਗਤਿ ਦੇਇ ਬ੍ਰਹਮ ਗਜਾਨ।
ਹੋਵਹਿ ਲੀਨਿ ਅਨੰਦ ਮਹਾਨ-।
ਤਬਿ ਹਮ ਨੇ ਉਚਰਯੋ ਤਿਸ ਕਾਲ।
-ਪੂਰ ਕਾਮਨਾ ਕਰਹਿਂ ਨਿਹਾਲ- ॥੫੨॥
ਅਬਿ ਸਤਿਗੁਰੁ ਕੇ ਸਬਦ ਕਮਾਏ।
ਬ੍ਰਹਮ ਗਜਾਨ ਭੇ ਨਹੀਂ ਲਖਾਏ[1]।
ਅਬਚਲ ਚਲ ਪਦ ਪ੍ਰਾਪਤਿ ਅਬਿ ਹੋਵਾ।
ਭੋਗ ਕਰਮ ਫਲ ਸਭਿ ਕੋ ਖੋਵਾ' ॥੫੩॥
ਸੁਨਿ ਕਰਿ ਸਗਰੇ ਸਿਖ ਬਿਸਮਾਏ।
'ਗਤਿ ਮਿਤ ਤੁਮਰੀ ਲਖੀ ਨ ਜਾਏ।
ਕੋਇ ਨ ਜਾਨੈ ਮਹਿਮਾ ਸਗਰੀ।
ਤੀਨ ਲੋਕ ਮਹਿਂ ਮਹਾਂ ਉਜਗਰੀ' ॥੫੪॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥੪੨॥

[1]ਆਪਣੇ) ਹੱਥੀਂ ਦਾਹ ਦਿਤਾ।

[1]ਬ੍ਰਹਮ ਗਜਾਨ ਹੋਇਆ (ਆਪ ਨੂੰ) ਨਹੀਂ ਜਣਾਇਆ।

੪੩. [ਸਿੱਖਾਂ ਦੇ ਪ੍ਰਸੰਗ]

੪੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੪

ਦੋਹਰਾ:
ਹੁਤੇ ਬੈਦ ਦੋਨਹੁਂ ਬਡੇ,
ਬਨਵਾਲੀ, ਪ੍ਰਸਰਾਮ।
ਸਿੱਖ ਸਾਧ ਕੋ ਰੁਜ ਹਰੈਂ,
ਉਰ ਨਿਸ਼ਕਾਮ ਅਨਾਮ[1] ॥੧॥ [1]ਰੋਗ ਰਹਿਤ।

ਚੌਪਈ:
ਅਵਖਧ ਨਿਜ ਧਨ ਲਾਇ ਬਨਾਵੈਂ।
ਗੁਰੂ ਅਰਥ ਰੋਗੀਨ ਖੁਲਾਵੈਂ।
ਪਰਜੋ ਹੋਇ[1] ਤਿਸ ਕੇ ਘਰ ਜਾਇ। [1]ਜੋ ਰੋਗੀ) ਪਿਆ ਹੋਵੇ।
ਅਵਖਧ ਬਲ ਤੇ ਦੇਤਿ ਉਠਾਇ ॥੨॥
ਸਤਿਗੁਰੁ ਸ਼ਬਦ ਪ੍ਰੇਮ ਤੇ ਗਾਵੈਂ।
ਅਰਥ ਬਿਚਾਰਹਿਂ ਬਹੁਰ ਕਮਾਵੈਂ।
ਇਕ ਦਿਨ ਸ਼੍ਰੀ ਸਤਿਗੁਰ ਅਗਾਰੀ।
ਕਰ ਜੋਰਤਿ ਅਰਦਾਸ ਉਚਾਰੀ ॥੩॥
‘ਸਾਚੇ ਪਾਤਸ਼ਾਹੁ ਹਮ ਜਾਨਾ।
ਸਤਿਗੁਰੁ ਸ਼ਬਦ ਦੇਤਿ ਕੱਲਜਾਨਾ।
ਸਾਧ ਸੰਗ ਕੀ ਉਪਮਾਂ ਭਾਰੀ।
ਕਜੋਂ ਸਤਿਗੁਰੁ ਨੇ ਇਤੀ ਉਚਾਰੀ?’ ॥੪॥
ਸ਼੍ਰੀ ਮੁਖ ਤੇ ਤਿਨ ਸੋਂ ਤਬਿ ਕਹੈਂ।
‘ਅਵਖਧ ਸਭਿ ਰੋਗਨਿ ਕੋ ਅਹੈ।
ਤੁਮਨੇ ਕਰਿ ਸਭਿ ਘਰ ਮਹਿਂ ਰਾਖੀ।
ਰੋਗਾਤੁਰ ਆਵਹਿਂ ਹੁਇ ਕਾਂਖੀ[1] ॥੫॥ [1]ਦਵਾਈ ਦੀ) ਇੱਛਾ ਵਾਲੇ ਹੋਕੇ।
ਦੇਖ ਨਾਟਕਾ[1] ਕਰਹਿਂ ਬਿਚਾਰੀ। [1]ਨਾੜੀ।
ਗਰਮੀ, ਸਰਦੀ, ਕਫੀ ਉਦਾਰੀ[1]। [1]ਬਹੁਤੀ।
ਨੀਕੇ ਜਬਿ ਪਰਖਹੁ ਤਬਿ ਦੇਤਿ।
ਬਹੁਰੋ ਪਥ[1] ਬਤਾਇ ਸੁਖ ਹੇਤੁ ॥੬॥ [1]ਅਨੁਪਾਨ।
ਤਬਿ ਤਿਸ ਕੋ ਰੁਜ ਦੂਰ ਬਿਦਾਰੋ।
ਸਨੇ ਸਨੇ ਹੁਇ ਜਾਤਿ ਸੁਖਾਰੋ।
ਧਰੀ ਹੋਇ ਜੋ ਅਵਖਧ ਲਾਖ।
ਰੋਗੀ ਮਿਲੈਂ ਸਗਲ ਉਰ ਕਾਂਖ[1] ॥੭॥ [1]ਰਿਦੇ ਵਿਚ (ਦਵਾਈ ਦੀ) ਇੱਛਾ ਕਰਕੇ।

ਬਿਨਾ ਬੈਦ ਤੇ ਰੋਗ ਨ ਜਾਈ।
ਇਹੁ ਨਿਸ਼ਚੈ ਜਾਨਹੁ ਸਮੁਦਾਈ।
ਤਿਮ ਗੁਰਮੁਖ ਸਿਖ ਜੋ ਮਮ ਪਜਾਰੇ।
ਦੇਖਹਿਂ ਪ੍ਰਥਮ -ਕਵਨ ਅਧਿਕਾਰੇ? ॥੮॥
ਕਰਮ ਉਪਾਸਨ, ਕੈਧੋਂ ਗਜਾਨ-।
ਅਧਿਕਾਰੀ ਜਸ ਤਥਾ ਬਖਾਨ।
ਰਹਤ[1] ਬਤਾਇ ਗੁਨਨਿ ਕੋ ਦੇਤਿ।
ਸੋ ਸਿਖ ਸ਼ੀਘ੍ਰ ਸ਼੍ਰੇਯ ਕੋ ਲੇਤਿ ॥੯॥
ਬਿਨ ਅਧਿਕਾਰ ਜੁ ਦੇ ਉਪਦੇਸ਼।
ਰਹੀ ਸ਼੍ਰੇਯ ਸੋ ਲਹੈ ਕਲੇਸ਼[1]।
ਸਾਧ ਸੰਗ ਕੀ ਮਹਿਮਾ ਭਾਰੀ।
ਯਾਂ ਤੇ ਸ਼੍ਰੀ ਗੁਰਦੇਵ ਉਚਾਰੀ' ॥੧੦॥
ਹੁਤੋ ਤੀਰਥਾ ਇਕ ਸਿਖ ਜੋਇ।
ਰਹੇ ਸ਼ਾਹੁ ਲਸ਼ਕਰ ਮੈਂ ਸੋਇ।
ਸ਼੍ਰੀ ਹਰਿਗੋਵਿੰਦ ਸ਼ਰਨੀ ਆਯੋ।
ਹਾਥ ਜੋਰਿ ਕਰਿ ਬਾਕ ਅਲਾਯੋ ॥੧੧॥
'ਲਗੋ ਰਹੌਂ ਨਿਜ ਕਿਰਤ ਬਿਸਾਲਾ।
ਅਵਸਰ ਹੋਤਿ ਨਹੀਂ ਕਿਸ ਕਾਲਾ।
ਕਿਮ ਹਮਰੋ ਭੀ ਹੋਇ ਉਧਾਰਾ?'
ਸ਼੍ਰੀ ਮੁਖ ਤੇ ਉਪਦੇਸ਼ ਉਚਾਰਾ ॥੧੨॥
'ਸੰਤਨ ਕੀ ਸੇਵਾ ਨਿਤ ਕਰੀਅਹਿ।
ਛਾਦਨ ਭੋਜਨ ਤੇ ਸੁਖ ਧਰੀਅਹਿ[1]।
ਦੇਤਿ ਧੇਨੁ ਕੋ ਘਾਸ ਰ ਦਾਨਾ।
ਸੋ ਨਰ ਦੁਗਧ ਕਰਤਿ ਹੈ ਪਾਨਾ ॥੧੩॥
ਤਥਾ ਸਾਧ ਕੀ ਸੇਵਾ ਕਰੈ।
ਜਿਮ ਕਿਮ ਤਿਨ ਪ੍ਰਸੰਨਤਾ ਧਰੈ।
ਪੰਥ ਸੁਖੇਨ ਬਤਾਇ ਸੁ ਦੇਤਿ।
ਭਗਤਿ ਗਜਾਨ ਕੋ ਦ੍ਰਿੜ ਕਰਿ ਲੇਤਿ' ॥੧੪॥
ਸੁਨਿ ਬੂਝਯੋ 'ਕਿਮ ਸੰਤ ਪਛਾਨੋਂ?
ਜਿਸਤੇ ਪਿਖ ਕਰਿ ਸੇਵਾ ਠਾਨੋਂ।'
ਤਬਿ ਸਤਿਗੁਰ ਬਿਧਿ ਤਾਂਹਿ ਬਤਾਈ।

[1]ਰਹਿਣੀ।

[1]ਕੱਲਜਾਨ ਤਾਂ ਕਿਤੇ ਰਹੀ, ਸਗੋਂ ਕਲੇਸ਼ ਪਾਉਂਦਾ ਹੈ।

[1]ਭਾਵ ਸੁਖ ਦਿਓ।

'ਇਕ ਨ੍ਰਿਪ ਨੇ ਅਭਿਲਾਖ ਉਠਾਈ ॥੧੫॥
-ਕਿਮ ਹੇਰਹਿਂ ਹੰਸਨ ਕੋ ਨੈਨ।
-ਖਗ ਗਨ ਕੋ ਸੇਵਨਿ ਕਰਿ ਐਨ-।
ਬ੍ਰਿੰਦ ਚੋਗ ਸਭਿ ਬਿਧਿ ਕੀ ਪਾਵੈ[1]।
ਦੇਸ਼ ਬਿਦੇਸ਼ਨਿ ਤੇ ਖਗ ਆਵੈ ॥੧੬॥
ਚੁਗੈਂ ਚੋਗ ਅਰੁ ਜਸੁ ਬਿਸਤਾਰੈਂ।
ਮਾਨ ਸਰੋਵਰ ਲਾਗ ਸਿਧਾਰੈਂ।
ਸੁਨਿ ਹੰਸਨ ਸਭਿ ਬਿਖੈ ਬਖਾਨਾ।
-ਹਮ ਭੀ ਚਲਹਿਂ ਨਰਿੰਦ ਸਥਾਨਾ ॥੧੭॥
ਤਿਹ ਉਰ ਸ਼ਰਧਾ ਜਾਇ ਵਧਾਵੈਂ।
ਜਿਸ ਤੇ ਨਿਤ ਪਗ ਚੋਗ ਚੁਗਾਵੈਂ-।
ਤਬਿ ਹੰਸਨ ਕੀ ਜੋਰੀ[1] ਆਇ।
ਅਪਨਿ ਸਰੂਪ ਸੁ ਦੀਨ ਦਿਖਾਇ ॥੧੮॥
ਪਿਖਿ ਲੋਕਨਿ ਤਬਿ ਜਾਇ ਸੁਨਾਯੋ।
ਹਰਖਤਿ ਨ੍ਰਿਪ ਮੁਕਤਾ ਪੈ[1] ਲਜਾਯੋ।
ਧਰਯੋ ਅਗਾਰੀ ਤਿਨ ਤੇ ਜਾਇ।
ਤਜਿ ਪਾਨੀ, ਪੈ ਲੀਨਿਸਿ ਖਾਇ ॥੧੯॥
ਗੋਲ ਅਮੋਲਕ ਮੁਕਤਾ ਜਾਲ[†]।
ਨਿਜ ਅੰਤਰ ਤੇ ਦਏ ਨਿਕਾਲ।
ਉਡਿ ਕਰਿ ਗਏ ਆਪਨੇ ਦੇਸ਼।
ਮਨ ਅਨੰਦ ਕਰਿ ਲਏ ਨਰੇਸ਼[1] ॥੨੦॥
ਜਬੈ ਜੌਹਰੀ ਤੇ ਪਰਖਾਏ।
ਸਭਿ ਨ੍ਰਿਪ ਧਨ ਨਹਿਂ ਤਿਨਿ ਸਮਤਾਏ[1]।
ਤਿਮ ਤੂੰ ਸਭਿ ਕੀ ਸੇਵਾ ਠਾਨਿ[†]।
ਮਿਲਹਿ ਆਇ ਜੋ ਦੇ ਬ੍ਰਹਮ ਗਜਾਨ' ॥੨੧॥
ਭਯੋ ਅਨੰਦ ਸੁਨੇ ਗੁਰ ਬੈਨ।
ਸੇਵਨ ਲਗਯੋ ਸੰਤ ਸੁਖਦੈਨ।
ਵਾਹਿਗੁਰੂ ਸਿਮਰਤਿ ਸੁਖ ਪਾਵਾ।
ਅੰਤ ਕਾਲ ਗੁਰੁ ਨਿਕਟਿ ਸਿਧਾਵਾ ॥੨੨॥

[1]ਸਭ ਬਿਧ ਦੀ ਚੋਗ ਸਾਰੇ (ਪੰਛੀਆਂ) ਨੂੰ ਪਾਵੇ।

[1]ਜੋੜੀ।

[1]ਮੋਤੀ ਤੇ ਦੁੱਧ।

। [†]'ਸਿਖਾਂ ਦੀ ਭਗਤ ਮਾਲ' ਵਿਚ ਦੋ ਮੋਤੀ ਲਿਖੇ ਹਨ।

[1]ਰਾਜੇ ਨੇ (ਮੋਤੀ) ਲੈ ਲਏ।

[1]ਬਰਾਬਰ।

[†]ਦੇਖੋ ਸ਼੍ਰੀ ਗੁਰੁ ਨਾਨਕ ਪ੍ਰਕਾਸ਼ ਉਤਰਾਰ੍ਧ ਅਧਜਾਯ ੪੨ ਅੰਕ ੫੪ ਦੀ ਹੇਠਲੀ ਟੂਕ।

ਭਾਵਾ ਧੀਰੋ ਬਸਹਿ ਉਜੈਨ।
ਕਰਹਿ ਭਗਤਿ ਗੁਰੁ ਕੀ ਨਿਜ ਐਨ।
ਕਥਾ ਕੀਰਤਨ ਸੁਨੈ ਸੁਨਾਵੈ।
ਦੋਇ ਜਾਮ ਨਿਸ ਸੁਪਤਿ ਬਿਤਾਵੈ ॥੨੩॥
ਖਸ਼ਟ ਜਾਮ ਮਹਿ ਭਗਤਿ ਕਰੰਤਾ।
ਸਤਿ ਸੰਗਤਿ ਕੋ ਮਿਲਿ ਬੁਧਿਵੰਤਾ।
ਛਠੇ ਮਾਸ ਗੁਰੁ ਕੇ ਢਿਗ ਆਵੈ।
ਦਰਸ਼ਨ ਕਰਤਿ ਅਨੰਦ ਕੋ ਪਾਵੈ ॥੨੪॥
ਇਕ ਦਿਨ ਬੂਝਯੋ ਸਤਿਗੁਰੁ ਪਾਸ।
'ਸੰਤਨਿ ਕੇ ਲੱਛਨ ਕਯਾ ਰਾਸਿ?'
ਤਬਿ ਸ਼੍ਰੀ ਹਰਿ ਗੋਵਿੰਦ ਬਖਾਨਾ।
'ਇਕ ਸਲੋਕ ਸੰਤਨਿ ਗੁਨਵਾਨਾ ॥੨੫॥

ਸ਼੍ਰੀ ਮੁਖਵਾਕ:

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥

ਚੌਪਈ:

ਸਿਮਰਹਿਂ ਰਾਮ ਲਖਹਿ ਸਭਿ ਮਾਂਹੀ।
ਦੁਖ ਸੁਖ ਮਹਿਂ ਸਮ ਸਦਾ ਰਹਾਂਹੀ।
ਜੋ ਨਿਰਮਲ ਨਿਰਵੈਰ ਨਿਰਾਲਾ।
ਜੁਰੇ ਰਹੈਂ ਤਿਹ ਸੋਂ ਸਭਿ ਕਾਲਾ ॥੨੬॥
ਸਭਿ ਜੀਵਨ ਪਰ ਦਯਾ ਕਰੰਤੇ।
ਕਾਮ ਕ੍ਰੋਧ ਕਰਿ ਨਹੀਂ ਲਿਖੰਤੇ।
ਜਯੋਂ ਜਲ ਕਮਲ ਅਲੇਪ ਸਦੀਵੇ।
ਸ਼ੱਤ੍ਰ ਮਿੱਤ੍ਰ ਉਪਦੇਸ਼ਕ ਥੀਵੇ ॥੨੭॥
ਪਰਨਿੰਦਾ ਨਹਿਂ ਸੁਨੈਂ ਸੁਨਾਵੈਂ।
ਨਿੰਮ੍ਰੀ ਮਨ, ਖਟ ਲੱਖਨ ਪਾਵੈਂ।
ਇਨ ਤੇ ਪਰਖ ਲੇਹਿ ਬੁਧਿਵਾਨ।
ਸੋਈ ਸਾਧ ਬ੍ਰਿੰਦ ਗੁਨਵਾਨ ॥੨੮॥

ਤਿਨ ਕੀ ਸੰਗਤਿ ਦੁਰਮਤਿ ਹਰੈ।
ਸੇਵਹਿ ਗਯਾਨ ਪ੍ਰਾਪਤੀ ਕਰੈ।'
ਸੁਨਿ ਹਰਖਯੋ ਧੀਰੋ ਘਰ ਗਯੋ।
ਸੁਭ ਲਖਣ ਸਭ ਧਾਰਤਿ ਭਯੋ ॥੨੯॥
ਮੇਲਿ ਬਡੋ ਸਿਖ ਪੁਰ ਬੁਰਹਾਨ[1]।
ਭਾਈ ਭਗਤ ਦਾਸ ਭਗਵਾਨ[1]।
ਅਪਰ ਬੋਦਲਾ ਮਲਕ ਕਟਾਰੂ।
ਪਿਰਥੀ ਮਲ ਜਰਾਂਦ[1] ਬੁਧਿ ਸਾਰੂ ॥੩੦॥
ਡੱਲੂ ਭਗਤ ਛੁਰਾ ਹੈਰਾਣ।
ਸ਼ਜਾਮੀਦਾਸ ਵਧਾਵਨਿ[1] ਜਾਣਿ।
ਸੁੰਦਰ[1] ਆਦਿਕ ਸਿੱਖ ਅਨੇਕ।
ਮਿਲਹਿਂ ਕੀਰਤਨ ਕਰਹਿਂ ਬਿਬੇਕ ॥੩੧॥
ਸਭਿ ਇਕਠੇ ਦਰਸ਼ਨ ਹਿਤ ਆਏ।
ਸ਼੍ਰੀ ਗੁਰੁ ਹਰਿਗੋਵਿੰਦ ਦਰਸਾਏ।
ਅਨਿਕ ਭਾਂਤਿ ਕੀ ਅਰਪਿ ਉਪਾਇਨ।
ਸਿਰ ਧਰਿ ਬੰਦਤਿ ਪੰਕਜ ਪਾਇਨਿ ॥੩੨॥
ਰਹੇ ਕਿਤਿਕ ਦਿਨ ਦਰਸਨ ਕਰਿਤੇ।
ਬੈਠੇ ਢਿਗ ਜੱਗਜਾਸਾ ਧਰਿਤੇ।
'ਹਮ ਕੋ ਸੁਮਤਿ ਬਤਾਵਨਿ ਕਰੀਅਹਿ।
ਭਵ ਸਾਗਰ ਤੇ ਪਾਰ ਉਤਰੀਅਹਿ' ॥੩੩॥
ਤਬਿ ਸ਼੍ਰੀ ਹਰਿਗੋਬਿੰਦ ਉਚਾਰਾ।
'ਧਰਮਸਾਲ ਇਕ ਕਰਹੁ ਉਦਾਰਾ।
ਬਡੀ ਪ੍ਰਭਾਤਿ ਮਿਲਹਿਂ ਸਭਿ ਆਇ।
ਗੁਰਬਾਨੀ ਕੋ ਸੁਨਹਿਂ ਸੁਨਾਇਂ ॥੩੪॥
ਅਰਥ ਬਿਚਾਰਹੁ ਕਥਾ ਕਰੀਜੈ।
ਬਹੁਰ ਕਮਾਵਹੁ ਮਨ ਧਰਿ ਲੀਜੈ।
ਸਮੋਂ ਆਰਤੀ ਚਰਨ ਕਵਲ ਲਗਿ[†]।

[1]ਬੁਰਹਾਨ ਪੁਰ।
[1]ਭਾਈ ਭਗਵਾਨ ਦਾਸ ਭਗਤ ਸੀ।
[1]ਜਰਾਂਦੀ ਜਾਤ ਸੀ। ਸਿਕਲੀ ਗਰ, ਯਾ ਸੰਜੋਅ ਬਨਾਣੇ ਵਾਲਾ [ਅ਼: ਜ਼ੱਰਾਦ, ਜ਼ਰਹ ਗਰ]
[1]ਜਾਤਿ।
[1]ਨਾਮ।

[†]ਵੱਡੇ ਗੁਰੂ ਦੁਆਰਿਆਂ ਵਿਚ ਪੰਜ ਚੌਕੀਆਂ ਦੀ ਮਰ੍ਯਾਦਾ ਸਨਾਤਨ ਹੈ। ਸ਼੍ਰੀ ਦਰਬਾਰ ਸਾਹਿਬ ਜੀ ਵਿਚ ਹੁਣ ਤਕ ਜਾਰੀ ਹੈ। ਪਹਿਲੀ ਚੌਂਕੀ ਆਸਾ ਦੀ ਵਾਰ ਦੀ, ਦੂਸਰੀ ਬਿਲਾਵਲ ਦੀ, ਤੀਸਰੀ ਚਰਨ ਕਮਲ ਦੀ, ਚੌਥੀ ਸੋਦਰ ਦੀ, ਪੰਜਵੀਂ ਕੀਰਤਨ ਸੋਹਿਲੇ ਦੀ। ਪੰਡਤ ਤਾਰਾ ਸਿੰਘ ਜੀ ਨੇ ਬਿਲਾਵਲ ਤੇ ਚਰਨ ਕਮਲ ਦੀ ਚੌਕੀਆਂ ਨੂੰ ਇੱਕੋ ਲਿਖਿਆ

ਹੈ, ਇਹੋ ਉਕਾਈ ਏਥੇ ਹੋਈ ਜਾਪਦੀ ਹੈ, ਕਿ ਬਿਲਾਵਲ ਦੀ ਚੌਂਕੀ ਦੀ ਥਾਂ ਚਰਨ ਕਮਲ ਦੀ ਚੌਂਕੀ ਲਿਖੀ ਗਈ ਹੈ। ਇਨ੍ਹਾਂ ਪੰਜ ਪ੍ਰਸਿੱਧ ਚੌਂਕੀਆਂ ਤੋਂ ਛੁਟ ੬ ਚੌਂਕੀਆਂ ਹੋਰ ਹਨ, ੧੧ ਚੌਂਕੀਆਂ ਨਾਲ ਸ੍ਰੀ ਹਰਿਮੰਦਰ ਵਿਚ ਅਖੰਡ ਕੀਰਤਨ ਹੁੰਦਾ ਹੈ। ਪਹਿਲਾਂ ਇਹਨਾਂ ਦੇ ਵਕਤ ਪਹਿਰਿਆਂ ਦੇ ਹਿਸਾਬ ਉਤੇ ਸਨ ਜੋ ਘੜਿਆਲ ਬੁੰਗੇ ਤੋਂ ਪਹਿਰੇ ਤੇ ਘੜੀਆਂ ਵਜਾ ਕੇ ਦੱਸੇ ਜਾਂਦੇ ਸਨ। ਹੁਣ ਘੰਟਿਆਂ ਦਾ ਹਿਸਾਬ ਹੈ। ੧੧ ਚੌਂਕੀਆਂ ਦਾ ਵੇਰਵਾ ਇਉ। ਹੈ:-

੧. ਤ੍ਰਿਪਹਿਰੇ ਦੀ ਚੌਂਕੀ ੨-੩੦ ਵਜੇ ਤੋਂ ੩-੩੦ ਵਜੇ ਤੱਕ।
੨. ਆਸਾ ਦੀ ਵਾਰ ਦੀ ਚੌਂਕੀ ੩-੩੦ ਵਜੇ ਤੋਂ ੬-੪੫ ਵਜੇ ਤੱਕ।
੩. ਬਿਲਾਵਲ ਦੀ ਪਹਿਲੀ ਚੌਂਕੀ ੭- ੦੦ ਵਜੇ ਤੋਂ ੮-੪੦ ਵਜੇ ਤੱਕ।
੪. ਬਿਲਾਵਲ ਦੀ ਦੂਜੀ ਚੌਂਕੀ ੮-੪੦ ਵਜੇ ਤੋ ੧੦-੨੦ ਵਜੇ ਤੱਕ।
੫. ਅਨੰਦ ਦੀ ਚੌਂਕੀ ੧੦-੨੦ ਵਜੇ ਤੋਂ ੧੨-੦ ਵਜੇ ਤੱਕ।
੬. ਸਾਰੰਗ ਦੀ ਚੌਂਕੀ ੧੨-੦ ਵਜੇ ਤੋਂ ੧-੫੦ ਵਜੇ ਤੱਕ।
੭. ਚਰਨ ਕਵਲ ਦੀ ਚੌਂਕੀ ੧-੫੦ ਵਜੇ ਤੋਂ ੩-੩੦ ਵਜੇ ਤੱਕ।
੮. ਜੈਤਸਿਰੀ ਦੀ ਚੌਂਕੀ ੩-੩੦ ਵਜੇ ਤੋਂ ੫-੧੫ ਵਜੇ ਤੱਕ।
੯. ਸੋਦਰ ਕੀ ਚੌਂਕੀ ੫-੧੫ ਵਜੇ ਤੋਂ ੭-੦ ਵਜੇ ਤੱਕ।
੧੦. ਕਲਜ਼ਾਨ ਦੀ ਚੌਂਕੀ ੮-੩੦ ਵਜੇ ਤੋਂ ੮-੪੫ ਵਜੇ ਤੱਕ।
੧੧. ਕੀਰਤਨ ਸੋਹਿਲੇ ਦੀ ਚੌਂਕੀ ੧੦-੦ ਵਜੇ ਤੋਂ ੧੦-੪੫ ਵਜੇ ਤੱਕ।

ਇਹ ਹਿਸਾਬ ਚੇਤਰ ਦੇ ਮਹੀਨੇ ਦਾ ਹੈ। ਅਗੋਂ ਹੋਰ ਮਹੀਨੇ ਸਭ ਚੌਂਕੀਆਂ ੧੫ ਮਿੰਟ ਅਗੇਤ੍ਰੀਆਂ ਹੁੰਦੀਆਂ ਜਾਣਗੀਆਂ, ਜੇਠ ਹਾੜ ਦਾ ਵਕਤ ਇਕੋ ਰਹੇਗਾ। ਅਰਥਾਤ ੨ ਵਜੇ ਅਰੰਭ। ਸਾਵਣ ਤੋਂ ਫਿਰ ਹਰ ਮਹੀਨੇ ੧੫ ਮਿੰਟ ਵਕਤ ਅਗਲੇ ਪਾਸੇ ਵਧੇਗਾ। ਅਰਥਾਤ ਸਾਵਣ ਵਿਚ ਅਰੰਭ ੨-੧੫ ਹੋਵੇਗਾ, ਪਰ ਕੱਤਕ ਮਘਰ ਪੋਹ ਮਾਘ ਫੇਰ ਇਕੋ ਵਕਤ ਰਹੇਗਾ। ਅਰਥਾਤ ਪਹਿਲੀ ਚੌਂਕੀ ੩ ਵਜੇ। ਫਗਣ ਨੂੰ ਫੇਰ ਪਿਛਲੇ ਪਾਸੇ ੧੫ ਮਿੰਟ ਘਟੇਗਾ, ਅਰਥਾਤ ੨-੪੫ ਤੋਂ ਅਰੰਭ ਹੋਵੇਗਾ।

ਕਰਿ ਅਰਦਾਸ ਜਾਹੁ ਨਿਜ ਘਰ ਮਗ
॥੩੫॥

ਧਰਮ ਕਿਰਤ ਕਰਿ ਕੂਰ ਨ ਕਹੀਅਹਿ।
ਪੁਨ ਰਹਰਾਸ ਸਮੋਂ ਜਬਿ ਲਹੀਅਹਿ।
ਜਾਮ ਨਿਸਾ ਲਗਿ ਕਿਰਤਨੁ ਕਰੀਅਹਿ।
ਅੰਤ ਸੋਹਿਲਾ ਪਢਿਬੋ ਲਹੀਅਹਿ ॥੩੬॥
ਜਾਮ ਨਿਸਾ ਤੇ ਕਰਹੁ ਸ਼ਨਾਨ।
ਪਠਹੁ ਕੰਠ ਬਾਨੀ ਸੁਖ ਖਾਨਿ।
ਛੁਧਿਤਿ ਨਗਨ ਸਿਖ ਦੇਖੋ ਜੋਇ।
ਭੋਜਨ ਬਸਤ੍ਰ ਦੇਹੁ ਸੁਖ ਹੋਇ ॥੩੭॥
ਪੁਰਬ ਅਮੱਸਜਾ ਅਰੁ ਸੰਗ੍ਰਾਂਦਿ।
ਦੀਪਮਾਲ ਬੈਸਾਖੀ ਆਦਿ।
ਗੁਰ ਕੀ ਕਾਰ ਇਕੱਤ੍ਰ ਕਰੀਜੈ।
ਤਬਿ ਪੰਚਾਂਮ੍ਰਿਤ ਕਰਿ ਬਰਤੀਜੈ ॥੩੮॥
ਤਜਿ ਹੌਮੈ ਧਾਰਹੁ ਮਨ ਨੀਵਾਂ।
ਇਮ ਸਤਿਸੰਗਤਿ ਕਰਹੁ ਸਦੀਵਾ।
-ਪਰੀ ਕੂਪ ਮਹਿਂ ਜਾਇ ਬਿਲਾਈ[1]।

[1]ਬਿੱਲੀ।

ਕਿਮ ਪਵਿੱਤ੍ਰ ਹੁਇ? -ਪੂਛਜੋ ਜਾਈ[1] ॥੩੯॥
ਪੰਡਤਿ ਕਹ੍ਯੋ -ਕਾਢਿ ਮੰਜਾਰੀ੧।
ਬਹੁਰ ਹਜ਼ਾਰ ਡੋਲ ਕਢਿ ਬਾਰੀ[1]।
ਹੁਇ ਪਵਿੱਤ੍ਰ- ਸੁਨਿ ਕੈ ਨਰ ਗਯੋ।
ਕਢਨਿ ਬਿਲਾਈ ਭੂਲਤਿ ਭਯੋ ॥੪੦॥
ਜਲ ਨਿਕਾਸਿ ਬਹੁ, ਗੰਧਿ ਨ ਗਈ।
ਪੰਡਤ ਨਿਕਟ ਜਾਇ ਸੁਧਿ ਦਈ।
-ਨਹਿਂ ਪਾਵਨਿ ਸੋ ਕੂਪ ਭਯੋ ਹੈ।
ਨੀਰ ਨਿਕਾਸਨਿ ਅਧਿਕ ਕਿਯੋ ਹੈ- ॥੪੧॥
ਸੁਨਿ ਪੰਡਤ ਨੇ ਪੁਨਹੁ ਬਖਾਨੀ।
-ਕਾਢਹੁ ਲੱਛ[1] ਡੋਲ ਭਰਿ ਪਾਨੀ-।
ਪੁਨ ਦੁਰਗੰਧਿ ਲਖੀ ਜਲ ਮਾਂਹੀ।
-ਨਹਿਂ ਪੁਨੀਤ- ਕਹਿ ਪੰਡਤ ਪਾਹੀ ॥੪੨॥
ਸੁਨਿ ਪੰਡਿਤ ਚਲਿ ਕੂਪਿ ਨਿਹਾਰਿ।
ਬੀਚ ਪਰੀ ਤਿਮ ਹੀ ਮੰਜਾਰਿ੧।
ਕਹਤਿ ਭਯੋ -ਇਹ ਕਜਾ ਤੁਮ ਕੀਨੀ।
ਮ੍ਰਿਤਕ ਬਿਲਾਈ ਬਿਚ ਰਿਖ ਲੀਨੀ ॥੪੩॥
ਜੌ ਲਗਿ ਇਸਹਿ ਨਿਕਾਸਹੁ ਨਾਂਹੀ।
ਕਿਮ ਪਾਵਨਤਾ ਹੁਇ ਜਲ ਮਾਂਹੀ? -।
ਤਿਮ ਜਾਨਹੁ ਤਨ ਹੌਮੈ ਬੁਰੀ।
ਅਣਹੋਵਤਿ ਜੋ ਤਨ ਮਹਿਂ ਧਰੀ ॥੪੪॥
ਜਬਿ ਲਗਿ ਇਸਹਿ ਬਿਸਾਰੋ ਨਾਂਹਿ।
ਤਬਿ ਲਗਿ ਸੰਸੈ ਮੁਕਤੀ ਮਾਂਹਿ।
ਯਾਂ ਤੇ ਹੌਮੈ ਤਜਿਬੇ ਹੇਤੁ।
ਕਰਹੁ ਜਤਨ ਨਿਤ ਹੋਇ ਸੁਚੇਤ ॥੪੫॥
ਸਨੈ ਸਨੈ ਇਹ ਹੋਇ ਬਿਨਾਸ।
ਹੋਇ ਆਤਮਾ ਗਜਾਨ ਪ੍ਰਕਾਸ਼। '
ਇਮ ਸੁਨਿ ਕੈ ਸਿੱਖਨਿ ਕੀ ਪੰਗਤਿ।

[1]ਕਿਸੇ ਨੇ) ਜਾਕੇ ਪੁਛਿਆ।
[1]ਜਲ ਦੇ।
[1]ਲੱਖ।

ਜੋ ਬੁਰਹਾਨਿ ਪੁਰੇ ਕੀ ਸੰਗਤਿ ॥੪੬॥
ਧਰਜੋ ਅਨੰਦ ਗਏ ਨਿਜ ਧਾਮੂ।
ਸਿਮਰਨਿ ਕਰਤਿ ਭਏ ਸਤਿਨਾਮੂ।
ਕਹਜੋ ਗੁਰੂ ਸੋ ਕੀਨਿ ਕਮਾਵਨਿ।
ਅੰਤਹਕਰਣ ਭਏ ਤਿਨ ਪਾਵਨਿ ॥੪੭॥
ਜੋ ਜੋ ਸਤਿਗੁਰ ਰਹਤਿ ਬਤਾਈ।
ਸੋਈ ਕਰਤਿ ਭਏ ਸਭਿ ਜਾਈ।
ਉਚਿਤ ਮੋਖ ਕੇ ਸਗਰੇ ਭਏ।
'ਸਤਿਗੁਰੁ ਧੰਨ ਧੰਨ ਸੁਖ ਦਏ' ॥੪੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਤੀਨ ਚਤਵਾਰਿੰਸਤੀ ਅੰਸੂ ॥੪੩॥

੪੪. [ਸਿੱਖਾਂ ਦੇ ਪ੍ਰਸੰਗ]

੪੩<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਮਾਈਆ[1] ਲੰਬ[2] ਸੁਹੰਡ[3] ਰਹਿ
ਸਤਿਸੰਗਤਿ ਨਿਤ ਜਾਇ।
ਪ੍ਰੇਮ ਗਾਇ ਗੁਰ ਸ਼ਬਦ ਕੋ
ਕਰਹਿ ਭਗਤਿ ਭਉ ਭਾਇ[1] ॥੧॥

[1]ਨਾਮ। [2]ਜਾਤ। [3]ਟਿਕਾਣੇ ਦਾ ਨਾਮ।

[1]ਭੈ ਧਾਰਕੇ ਪ੍ਰੇਮਾ ਭਗਤੀ ਨਾਲ।

ਚੌਪਈ:

ਸਤਿਗੁਰ ਕੇ ਦਰਸ਼ਨ ਹਿਤ ਆਯੋ।
ਪਗ ਪੰਗਜ ਪਰ ਸੀਸ ਝੁਕਾਯੋ।
ਰਹਿ ਕੇਤਿਕ ਦਿਨ ਬੂਝਨਿ ਕੀਨਿ।
'ਮੋਹਿ ਬਤਾਵਹੁ ਗੁਰੂ ਪ੍ਰਬੀਨ ॥੨॥
ਸਤਿਸੰਗਤਿ ਕੈ ਗੁਰੁ ਦਰਬਾਰ।
ਇਕ ਤੌਂ ਜਾਤਿ ਕਾਮਨਾ ਧਾਰਿ।
ਲੇਤਿ ਪਦਾਰਥ ਹਿਤ ਗੁਜ਼ਰਾਨ।
ਕਰਹਿਂ ਤਿਸੀ ਤੇ ਖਾਨ ਰੁ ਪਾਨ ॥੩॥
ਇਕ ਸਿਖ ਕਰਿ ਕੈ ਧਰਮ ਕਮਾਈ।
ਸਿੱਖਨਿ ਕੋ ਬਰਤਾਇ ਸੁ ਖਾਈਂ।
ਸਹਕਾਮੀ ਨਿਸ਼ਕਾਮੀ ਜੋਊ।
ਕਿਰਤਨ ਕਰਤਿ ਸੁਨਤਿ ਹੈਂ ਦੋਊ ॥੪॥
ਸਤਿ ਸੰਗਤਿ ਕਰਿ ਬੈਸ ਬਿਤਾਵੈਂ।
ਨਿਤ ਰਾਵਰ ਕੋ ਦਰਸ਼ਨ ਪਾਵੈਂ।
ਕਸਾ ਗਤਿ ਹੋਤਿ ਅਗਾਰੀ ਜਾਵੈਂ?
ਅੰਤਰ ਕਿਤਿਕ ਸੁ ਫਲ ਕੋ ਪਾਵੈਂ?[1] ॥੫॥

[1]ਸਕਾਮੀ ਤੇ ਨਿਸ਼ਕਾਮੀ) ਜੋ ਫਲ ਪਾਂਵਦੇ ਹਨ, ਤਿਨ੍ਹਾਂ ਵਿਚ ਕਿੰਨਾ ਕੁ ਫਰਕ ਹੈ?

ਸ਼੍ਰੀ ਹਰਿਗੋਵਿੰਦ ਤਬਹਿ ਸੁਨਾਏ।
'ਸਤਿ ਸੰਗਤਿ ਮਹਿਂ ਦੋਨੋ ਆਏ।
ਸਹਿਕਾਮੀ ਮਰਿ ਗੰਧ੍ਰਬ ਲੋਕ।
ਜਾਇ ਅਨੰਦ ਭੁਗਤਹਿ ਬਿਨ ਸ਼ੋਕ ॥੬॥
ਤਿਨ ਹੀ ਸੰਗ ਮੁਕਤਿ ਹੋ ਜਾਵੈ।
ਜਨਮ ਮਰਨ ਕੋ ਦੁਖ ਨਹਿਂ ਪਾਵੈ।
ਜੇ ਨਿਸ਼ਕਾਮਿ, ਗਜਾਨ ਕੋ ਪਾਇ।
ਝੂਠੇ ਲਖਿ ਜਗ ਸੁਖ ਸਮੁਦਾਇ ॥੭॥

ਪਰਾਰਬਧ ਪੁਰਵੇ[1] ਤਜਿ ਪ੍ਰਾਨ।
ਮਿਲਹਿਂ ਵਾਹਿਗੁਰੂ ਮਹਿਂ ਸੁਖਵਾਨ।
ਸਭਿ ਤੇ ਅਧਿਕ ਅਹੈ ਨਿਸ਼ਕਾਮ।
ਦੁਇ ਬਿਧਿ ਕੇ ਜਾਨਹੁ ਸਹਿਕਾਮ ॥੮॥
ਤਨ ਨਿਰਬਾਹ ਮਾਤ੍ਰ ਇਕ ਲੇਤਿ।
ਬਿਨ ਜਾਚੇ ਕਰਿ ਭਾਉ ਜੁ ਦੇਤਿ[1]।
ਸੋ ਲੇ ਕਰਿ ਹਰਖਹਿਂ ਉਰ ਮਾਂਹੀ।
ਲਖਹਿਂ -ਵਾਹਿਗੁਰੂ ਪਠਿ[1] ਹਮ ਪਾਹੀ- ॥੯॥
ਪ੍ਰਾਪਤਿ ਜੋ, ਬਰਤਾਇ ਸੁ[1] ਖਾਇਂ।
ਕਿਰਤਨੁ ਕਥਾ ਸ਼੍ਰੇਯ ਹਿਤ ਗਾਇ।
ਥੋਰੇ ਬਹੁਤ ਪਦਾਰਥ ਪਾਇ।
ਕਰਿ ਸੰਤੋਖ ਸਦਾ ਹਰਖਾਇ ॥੧੦॥
ਅਸ ਭੀ ਹੁਇ ਨਿਸ਼ਕਾਮ ਸਮਾਨ।
ਬਿਨਾ ਲੋਭ ਤੇ, ਕਰਹਿ ਜੁ ਆਨ[1]।
ਕਿੰਚਿਤ ਕਰਹਿ ਬਾਸਨਾ ਜੋਇ।
ਪੁਰਿ ਗੰਧ੍ਰਬ ਜਾਤਿ ਹੈ ਸੋਇ ॥੧੧॥
ਜੇ ਅਤਿ ਲੋਭੀ ਧਨ ਕੇ ਹੇਤੁ।
ਕਰਹਿ ਕੀਰਤਨ ਮਨ ਨਹਿਂ ਦੇਤਿ।
ਉਚਰਨਿ ਕਥਾ, ਅਪਰ ਸ਼ੁਭ ਕਰਮ।
ਕਰਹਿ ਦਰਬ ਹਿਤ, ਜਾਇ ਨ ਭਰਮ ॥੧੨॥
ਇਹਾਂ ਪਦਾਰਥ ਚਹੈ ਸੁ ਪਾਵੈ।
ਧਨ ਹਿਤ, ਸੰਗਤਿ ਮਿਲਜੋ ਰਹਾਵੈ।
ਮਰਹਿ ਬਹੁਰ ਨਰ ਤਨ ਕੋ ਪਾਇ।
ਸਿਮਰਹਿ ਪੁਨ ਸਤਿਗੁਰ ਅਧਿਕਾਇ ॥੧੩॥
ਜਨਮ ਅਨੇਕ ਪਾਇ ਮਲ ਖੋਇ।
ਲਹੈ ਮੋਖ ਨਿਸ਼ਕਾਮੀ ਹੋਇ।
ਯਾਂ ਤੇ ਤੁਮ ਬਨ ਕੈ ਨਿਸ਼ਕਾਮ।
ਕਿਰਤਨ ਕਰਹੁ, ਭਜਹੁ ਸਤਿਨਾਮ' ॥੧੪॥

[1]ਦੇ) ਪੂਰੇ ਹੋਇਆਂ।
[1]ਬਿਨਾਂ ਮੰਗੇ ਜੋ ਪ੍ਰੇਮ ਨਾਲ ਕੋਈ ਦੇਵੇ (ਸੋ ਲੈਂਦੇ ਹਨ)।
[1]ਭੇਜਦਾ ਹੈ।
[1]ਸੋ ਵਰਤਾਕੇ।
[1]ਬਿਨਾਂ ਲੋਭ ਤੋਂ ਜੋ (ਪਦਾਰਥ) ਆਵਣਾ ਕਰੇ।

ਸੁਨਿ ਉਪਦੇਸ਼ ਰਿਦੇ ਮਹਿਂ ਧਾਰਾ।
ਜਨਮ ਮਰਨ ਕੋ ਕਸ਼ਟ ਨਿਵਾਰਾ।
ਸਿਖ ਚੂਹੜ ਚੌਝੜ[1] ਗੁਨ ਧਾਰੀ। [1]ਖੱਤ੍ਰੀਆਂ ਦੀ ਇਕ ਜਾਤ।
ਰਹਤਿ ਨਗਰ ਲਖਨਊ ਮਝਾਰੀ ॥੧੫॥
ਊਠਤਿ, ਬੈਠਤਿ, ਪੌਢਤਿ, ਚਾਲਤਿ।
ਕਾਜਨ ਮਹਿਂ ਸਤਿਨਾਮ ਸੰਭਾਲਤਿ।
ਸੋ ਚਲਿ ਦਰਸ਼ਨ ਕੇ ਹਿਤ ਆਵਾ।
ਪਦ ਅਰਬਿੰਦਨ ਸੀਸ ਨਿਵਾਵਾ ॥੧੬॥
ਕਿਤਿਕ ਦਿਵਸ ਦਰਸ਼ਨ ਹਿਤ ਰਹਜੋ।
ਇਕ ਦਿਨ ਸਤਿਗੁਰ ਕੇ ਸੰਗ ਕਹਜੋ।
'ਸਿੱਖੀ ਲਤਾ ਮੂਲ ਕਜਾ ਅਹੈ?
ਬਰਨੋ ਰੂਪ ਕਿ ਜਿਮ ਸਭਿ ਲਹੈਂ' ॥੧੭॥
ਸ਼੍ਰੀ ਗੁਰੁ ਹਰਿਗੋਬਿੰਦ ਉਚਾਰਾ।
'ਮਨ ਨੰਮ੍ਰੀ ਧਰਯੋ ਸੁ ਕਿਦਾਰਾ[1]। [1](ਇਹ) ਖੇਤ ਹੈ।
ਗੁਰੁ ਸ਼ਰਧਾ ਜਿਸ ਕੋ ਅੰਕੂਰ।
ਗੁਰ ਪਦ ਪ੍ਰੀਤ ਮਹਾਂ ਦਿਢ ਮੂਰ[1] ॥੧੮॥ [1]ਪੱਕੀ ਜੜ।
ਸਤਿ ਸੰਗਤਿ ਸੋਂ ਕਰਨੋ ਮੇਲਿ।
ਇਹ ਬਰਧਨ[1] ਹੈ ਸਿੱਖੀ ਬੇਲਿ। [1]ਵਧਣਾ।
ਸੰਤਨਿ ਕੀ ਸੇਵਾ ਸੁਭ ਕਰਨੀ।
ਸਗਰੀ ਲਗਰੈਂ ਛੂਟਨਿ ਬਰਨੀ[1] ॥੧੯॥ [1]ਲਗਰਾਂ ਛੁਟ ਰਹੀਆਂ ਕਥਨ ਕਰਦੇ ਹਨ।
ਗੁਨ ਗਨ ਕੋ ਧਰਨੋ ਦਲ ਹਰੇ[1]। [1]ਗੁਣਾਂ ਦਾ ਧਾਰਨਾ ਹਰੇ ਪੱਤੇ (ਸਾਮਾਨ) ਹੈ।
ਦਿਨ ਪ੍ਰਤਿ ਘਨੇ ਹੋਨਿ ਅਨੁਸਰੈ[1]। [1](ਸਤਿ ਸੰਗਤ ਦੇ) ਅਨੁਸਾਰੀ ਹੋਣਾ ਦਿਨ ਦਿਨ ਪ੍ਰਤਿ (ਇਹ ਪੱਤਿਆਂ ਦਾ) ਬਹੁਤਾ ਹੋਣਾ ਹੈ।
ਕਿਰਤਨ ਕਰਨਿ ਕਿ ਸੁਨਿਬੋ ਕਰਨਿ।
ਇਹੀ ਨੀਰ ਕੋ ਸੇਂਚਨ ਕਰਨਿ ॥੨੦॥
ਸ਼ਬਦ ਬਿਚਾਰਨਿ ਸੁਮਨਸ ਫੂਲੇ।
ਕਿਰਤਨ ਸਰਬ ਸੁਗੰਧਿ ਅਨਕੂਲੇ[1]। [1]ਕੀਰਤਨ ਜੋ ਸਭ ਦੇ ਅਨੁਕੂਲ ਹੈ, ਇਹ ਸੁਗੰਧੀ ਹੈ।
ਉਕਤਿ ਜੁਗਤਿ ਲਖਿਬੋ ਮਕਰੰਦ[1]। [1]ਰਸ ਹੈ।
ਬਿਕਸਨ ਬਿਸ਼ਯ ਬਿਰਾਗ ਬਿਲੰਦ[1] ॥੨੧॥ [1]ਵਿਸ਼ਿਆਂ ਤੋਂ ਬਹੁਤਾ ਵੈਰਾਗ ਇਹ ਖਿੜਨਾ ਹੈ।
